**Reo-Bankowned Properties**
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067 Jassi Gill
CA DRE Lic.#01180969 CA DRE# 00966763

ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
www.011india.com
$25 2800 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ 'ਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrictions & Additional Fees Apply.
800-914-1013 408-659-9400

FARMERS INSURANCE
*Auto *Home *Life
*Business *Work Comp
Do You Drive with
Uber - Curb – Lyft - SideCar
Need Insurance?
We have Special Coverage for You!!
Call: 510-797-7989
Gurcharan S. Mann
License # 0C70672
Duabba Insurance Agency
2450 Peralta Blvd, Suite 203
Fremont CA 94536



Sixteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 22, May 30, 2015 20451 N Plum Grove Rd., Palatine, IL 60074 Ph:847-359-0746, Fax:847-705-9388


# ਆਰ.ਐਸ.ਐਸ. ਨੇ ਪੰਜਾਬੀ ਦਾ ਮੁੱਦਾ ਵੀ ਉਡਾਇਆ

## ਪੰਜਾਬੀ ਨਾਲ ਸਬੰਧਤ ਫਾਈਲਾਂ ਤੋਂ ਧੂੜ ਝਾੜੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਨੇ ਪੰਜਾਬ ਵਿਚ ਹੁਣ ਪੰਜਾਬੀ ਭਾਸ਼ਾ ਅਤੇ ਬੋਲੀ ਦਾ ਮੁੱਦਾ ਉਭਾਰਨ ਲਈ ਕਮਰ ਕੱਸ ਲਈ ਹੈ। ਇਸ ਜਥੇਬੰਦੀ ਦੇ ਸਿਆਸੀ ਵਿੰਗ ਜਨ ਸੰਘ ਜਿਸ ਦਾ ਨਾਂ ਬਾਅਦ ਵਿਚ ਬਦਲ ਕੇ ਭਾਰਤੀ ਜਨਤਾ ਪਾਰਟੀ (ਭਾਜਪਾ) ਰੱਖ ਦਿੱਤਾ ਗਿਆ ਸੀ, ਨੇ ਆਪਣੀਆਂ ਪੁਰਾਣੀਆਂ ਫਾਈਲਾਂ ਵਿਚੋਂ ਪੰਜਾਬੀ ਪੱਖੀ ਸਮੱਗਰੀ ਕੱਢ ਕੱਢ ਕੇ ਇਸ ਬਾਰੇ ਪ੍ਰਚਾਰ ਕਰਨਾ ਅਰੰਭ ਕਰ ਦਿੱਤਾ ਹੈ।

ਇਸ ਜਥੇਬੰਦੀ ਵੱਲੋਂ ਪੰਜਾਬ ਵਿਚ ਹੁਣ ਲੱਕ ਬੰਨ੍ਹ ਕੇ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ 1960ਵਿਆਂ ਦੇ ਅਖੀਰ ਵਿਚ ਜਨ ਸੰਘ ਨੇ ਜਿਹੜਾ ਮੈਨੀਫੈਸਟੋ ਜਾਰੀ ਕੀਤਾ ਸੀ, ਉਸ ਵਿਚ ਬਾਕਾਇਦਾ ਲਿਖਿਆ ਗਿਆ ਸੀ ਕਿ ਪੰਜਾਬ ਇਕ ਭਾਸ਼ੀ ਸੂਬਾ ਹੈ ਅਤੇ ਜਨ ਸੰਘ ਪ੍ਰਸ਼ਾਸਕੀ ਪੱਧਰ 'ਤੇ ਹਰ ਥਾਂ ਪੰਜਾਬੀ ਲਾਗੂ ਕਰੇਗੀ। ਉਂਜ ਇਸ ਮੈਨੀਫੈਸਟੋ ਵਿਚ ਇਹ ਵੀ ਨਾਲ ਹੀ ਕਿਹਾ ਗਿਆ ਸੀ ਕਿ ਹਿੰਦੀ ਦੀ ਵਰਤੋਂ ਉਤੇ ਕੋਈ ਪਾਬੰਦੀ ਨਹੀਂ ਹੋਵੇਗੀ, ਕਿਉਂਕਿ ਇਹ ਕੌਮੀ ਭਾਸ਼ਾ ਹੈ ਤੇ ਪੰਜਾਬ ਦੇ ਲੋਕਾਂ ਦਾ ਵੱਡਾ ਹਿੱਸਾ ਹਿੰਦੀ ਬੋਲਦਾ ਹੈ।

ਯਾਦ ਰਹੇ, ਪੰਜਾਬ ਨੂੰ ਦੋ ਭਾਸ਼ੀ ਸੂਬਾ ਐਲਾਨਣ ਦਾ ਆਧਾਰ ਵੀ ਇਸੇ ਨੁਕਤੇ ਨੂੰ ਬਣਾਇਆ ਗਿਆ ਸੀ ਕਿ ਪੰਜਾਬ ਦੇ ਲੋਕਾਂ ਦਾ ਵੱਡਾ ਹਿੱਸਾ ਹਿੰਦੀ ਬੋਲਦਾ ਹੈ। ਇਸੇ ਕਰ ਕੇ ਜਦੋਂ ਆਜ਼ਾਦੀ ਤੋਂ ਬਾਅਦ ਮੁਲਕ ਵਿਚ ਹੋਰ ਥਾਂਈਂ ਭਾਸ਼ਾ ਦੇ ਆਧਾਰ ਉਤੇ ਸੂਬੇ ਬਣਾਏ ਜਾ ਰਹੇ ਸਨ ਤਾਂ ਪੰਜਾਬ ਨੂੰ ਛੱਡ ਲਿਆ ਗਿਆ ਅਤੇ ਇਸ ਦੇ ਨਾਲ ਹੀ ਪੰਜਾਬ ਨਾਲ ਦੁਹਾਂਡ ਦਾ ਸਿਲਸਿਲਾ ਸ਼ੁਰੂ ਹੋ ਗਿਆ ਸੀ। ਆਰ.ਐਸ.ਐਸ. ਹੁਣ ਪੰਜਾਬੀਆਂ ਨੂੰ ਇਹ ਜਚਾਉਣ ਦਾ ਯਤਨ ਕਰ ਰਹੀ ਹੈ ਕਿ ਇਹ ਸੂਬੇ ਵਿਚ ਮਾਂ ਬੋਲੀ ਪੰਜਾਬੀ ਲਾਗੂ ਕਰਨ ਦੇ ਕਦੀ ਵੀ ਖਿਲਾਫ ਨਹੀਂ ਰਹੀ। ਕਿਹਾ ਜਾ ਰਿਹਾ ਹੈ ਕਿ ਪੰਜਾਬ ਦੇ ਪੁਨਰਗਠਨ ਵੇਲੇ ਜਨਸੰਘ ਅੱਗੇ ਇਹ ਮਸਲਾ ਆਣ ਖੜ੍ਹਾ ਹੋਇਆ ਸੀ। ਉਦੋਂ ਸੰਘ ਦੇ ਅੰਦਰ ਇਹ ਬਹਿਸ ਸ਼ੁਰੂ ਹੋ ਗਈ ਸੀ ਕਿ ਪੰਜਾਬ ਦੇ ਪੁਨਰਗਠਨ ਨਾਲ ਸਿੱਖ ਸਟੇਟ ਲਈ ਰਾਹ ਖੁੱਲ੍ਹ ਰਿਹਾ ਹੈ। ਸਿੱਟੇ ਵਜੋਂ ਜਨ ਸੰਘ ਦੀ ਪੰਜਾਬ ਇਕਾਈ ਨੇ ਪੰਜਾਬੀ ਦੇ ਖਿਲਾਫ ਪੈਂਤੜਾ ਮੱਲ ਲਿਆ। ਯਾਦ ਰਹੇ, ਇਹ ਮੁਹਿੰਮ ਲਾਲਾ ਜਗਤ ਨਰਾਇਣ ਤੇ ਹੋਰ ਆਗੂਆਂ ਨੇ ਬੜੇ ਜ਼ੋਰ-ਸ਼ੋਰ ਨਾਲ ਚਲਾਈ ਸੀ ਅਤੇ ਇਸੇ ਮੁਹਿੰਮ ਕਾਰਨ ਹਿੰਦੂਆਂ ਨੇ 1951 ਦੀ ਮਰਦਮਸ਼ੁਮਾਰੀ ਵੇਲੇ ਆਪਣੀ ਮਾਂ ਬੋਲੀ ਹਿੰਦੀ ਲਿਖਵਾਈ ਸੀ। ਲਾਲਾ ਜਗਤ ਨਰਾਇਣ ਦੇ ਪੋਤੇ ਅਸ਼ਵਨੀ ਮਿੰਨਾ ਨੇ ਹਰਿਆਣਾ ਵਿਚ ਇਕ ਸਮਾਗਮ ਦੌਰਾਨ ਮੰਨਿਆ ਸੀ ਕਿ ਅਜਿਹੀ ਮੁਹਿੰਮ ਚਲਾਉਣੀ ਗਲਤ ਸੀ। ਇਸੇ ਤਰ੍ਹਾਂ ਦੇ ਵਿਚਾਰ ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਦੇ

(ਬਾਕੀ ਸਫਾ 6 'ਤੇ)



ਆਰ.ਐਸ.ਐਸ. ਵੱਲੋਂ ਪਿਛਲੇ ਸਾਲ ਸਥਾਪਨਾ ਦਿਵਸ ਮੌਕੇ ਬਰਨਾਲਾ ਵਿਚ ਕੀਤੇ ਹਥਿਆਰਬੰਦ ਮਾਰਚ ਦੀ ਝਲਕ।

### ਪੰਜਾਬੀ ਪਰਚੇ 'ਯੁਗ ਬੋਧ' ਦਾ ਦਖਲ

**ਜਲੰਧਰ:** ਆਰ.ਐਸ.ਐਸ. ਆਪਣੇ ਪ੍ਰਚਾਰ ਅਤੇ ਪ੍ਰਸਾਰ ਲਈ ਪੰਜਾਬੀ ਵਿਚ ਸਾਹਿਤ ਵੱਡੇ ਪੱਧਰ ਉਤੇ ਛਾਪਿਆ ਅਤੇ ਵੰਡਿਆ ਜਾ ਰਿਹਾ ਹੈ। ਜਲੰਧਰ ਤੋਂ 'ਯੁਗ ਬੋਧ' ਨਾਂ ਦਾ ਪਰਚਾ ਛਪ ਤਾਂ ਪਹਿਲਾਂ ਵੀ ਰਿਹਾ ਸੀ, ਪਰ ਹੁਣ ਇਸ ਦਾ ਘੇਰਾ ਸੰਘ ਦੇ ਮੈਂਬਰਾਂ ਤੋਂ ਵਧਾ ਕੇ ਆਮ ਪਾਠਕਾਂ ਤੱਕ ਫੈਲਾ ਦਿੱਤਾ ਗਿਆ ਹੈ। ਪਰਚੇ ਦੇ ਹਰ ਅੰਕ ਵਿਚ ਸਿੱਖ ਗੁਰੂਆਂ ਅਤੇ ਹੋਰ ਸ਼ਖਸੀਅਤਾਂ ਬਾਰੇ ਵਿਸ਼ੇਸ਼ ਲੇਖ ਛਾਪੇ ਜਾ ਰਹੇ ਹਨ। ਇਸ ਸਮੱਗਰੀ ਦੇ ਨਾਲ ਨਾਲ ਆਰ.ਐਸ.ਐਸ. ਦੀ ਵਿਚਾਰਧਾਰਾ ਵਾਲੀ ਸਮੱਗਰੀ ਮੁੱਖ ਰੂਪ ਵਿਚ ਛਾਪ ਕੇ ਆਮ ਲੋਕਾਂ, ਖਾਸ ਕਰ ਕੇ ਸਿੱਖਾਂ ਤੱਕ ਪਹੁੰਚਾਈ ਜਾ ਰਹੀ ਹੈ।

## ਦਿੱਲੀ ਵਿਚ ਹੱਕਾਂ ਦੀ ਲੜਾਈ ਦਾ ਪਿਆ ਪੇਚਾ

**ਨਵੀਂ ਦਿੱਲੀ (ਗੁਰਵਿੰਦਰ ਸਿੰਘ ਵਿਰਕ):** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਉਪ ਰਾਜਪਾਲ ਨਜੀਬ ਜੰਗ ਵਿਚ ਚੱਲ ਰਹੀ 'ਹੱਕਾਂ' ਦੀ ਲੜਾਈ ਵਿਚ ਕੇਂਦਰ ਸਰਕਾਰ ਵੀ ਕੁੱਦ ਪਈ ਹੈ। ਕੇਂਦਰ ਨੇ ਨਜੀਬ ਜੰਗ ਦੀ ਪਿੱਠ ਥਾਪੜਦਿਆਂ ਗਜ਼ਟ ਨੋਟੀਫਿਕੇਸ਼ਨ ਜਾਰੀ ਕਰ ਕਹਿ ਦਿੱਤਾ ਹੈ ਕਿ ਸੇਵਾ, ਲੋਕ ਵਿਵਸਥਾ, ਪੁਲਿਸ ਤੇ ਜ਼ਮੀਨ ਬਾਰੇ ਮਾਮਲੇ ਉਪ ਰਾਜਪਾਲ ਦੇ ਅਧਿਕਾਰ ਖੇਤਰ ਵਿਚ ਆਉਂਦੇ ਹਨ ਤੇ ਇਸ ਵਿਚ ਫੇਰਬਦਲ ਲਈ ਉਸ ਨੂੰ ਦਿੱਲੀ ਸਰਕਾਰ ਦੀ ਸਲਾਹ ਦੀ ਲੋੜ ਨਹੀਂ। ਉਧਰ 'ਆਪ' ਸਰਕਾਰ ਨੇ ਕੇਂਦਰ ਦੇ ਨੋਟੀਫਿਕੇਸ਼ਨ ਨੂੰ ਸੰਘੀ ਢਾਂਚੇ ਤੇ ਸੰਵਿਧਾਨ ਦੀ ਅਵੱਗਿਆ ਕਰਾਰ ਦਿੰਦਿਆਂ ਇਸ ਖਿਲਾਫ਼ ਵਿਧਾਨ ਸਭਾ ਵਿਚ ਮਤਾ ਪੇਸ਼ ਕਰ ਦਿੱਤਾ ਹੈ।





ਦਿੱਲੀ ਸਰਕਾਰ ਨੇ ਕਿਹਾ ਕਿ ਇਸ ਨਾਲ ਭ੍ਰਿਸ਼ਟਾਚਾਰ ਵਿਰੋਧੀ ਬਰਾਂਚ ਨੂੰ ਕੇਂਦਰ ਸਰਕਾਰ ਦੇ ਮੁਲਾਜ਼ਮਾਂ ਨੂੰ ਹੱਥ ਪਾਉਣ ਤੋਂ ਰੋਕਿਆ ਜਾ ਰਿਹਾ ਸੀ। ਦਿੱਲੀ ਹਾਈਕੋਰਟ ਨੇ ਵੀ ਕੇਜਰੀਵਾਲ ਸਰਕਾਰ ਨੂੰ ਰਾਹਤ ਦਿੰਦਿਆਂ ਇਸ ਨੋਟੀਫਿਕੇਸ਼ਨ ਨੂੰ 'ਸ਼ੱਕੀ' ਕਰਾਰ ਦਿੱਤਾ ਹੈ।

(ਬਾਕੀ ਸਫਾ 6 'ਤੇ)


REAL ESTATE & HOME LOANS
✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ !
AMAN HUNDAL
Broker / Associate
Century 21
209.918.6464
ahundal@c21mm.com

Raja SWEETS & CATERING
Toll Free 1-866-FOR-RAJA
www.rajasweets.com
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chafing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com


Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorney At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਪੰਚਾਇਤੀ ਜ਼ਮੀਨਾਂ ਦੇ ਠੇਕਿਆਂ 'ਚ ਕਰੋੜਾਂ ਦਾ ਹੇਰ ਫੇਰ

**ਚੰਡੀਗੜ੍ਹ:** ਪੰਜਾਬ ਵਿਚ ਪੰਚਾਇਤੀ ਜ਼ਮੀਨਾਂ ਠੇਕੇ ਉਤੇ ਚੜ੍ਹਾਉਣ ਨਾਲ ਹੁੰਦੀ ਆਮਦਨ ਤੇ ਗਰਾਂਟਾਂ ਦੇ ਵੱਡੇ ਹਿੱਸੇ ਨੂੰ ਪੰਚਾਇਤੀ ਨੁਮਾਇੰਦਿਆਂ ਤੇ ਵਿਭਾਗ ਦੇ ਅਫ਼ਸਰਾਂ ਵੱਲੋਂ ਖੁਰਦ-ਬੁਰਦ ਕੀਤੇ ਜਾਣ ਦੇ ਪੁਖ਼ਤਾ ਸਬੂਤ ਮਿਲਣ ਲੱਗੇ ਹਨ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਇਕ ਅਫ਼ਸਰ ਵੱਲੋਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਦੇ ਇਕੋ ਪਿੰਡ ਮੁਹੱਦੀਪੁਰ ਵਿਚ ਸਾਲ 2008 ਤੋਂ 2013 ਤੱਕ ਮਿਲੀਆਂ ਗਰਾਂਟਾਂ ਤੇ ਪੰਚਾਇਤੀ ਜ਼ਮੀਨ ਦੀ ਆਮਦਨ ਦੀ ਵਿਸ਼ੇਸ਼ ਪੜਤਾਲ ਕੀਤੀ ਗਈ, ਜਿਸ ਦੌਰਾਨ ਭਾਰੀ ਘਪਲੇਬਾਜ਼ੀ ਸਾਹਮਣੇ ਆਈ ਹੈ।

ਵਿਭਾਗ ਦੇ ਐਸ.ਡੀ.ਓ. ਕੁਲਦੀਪ ਸਿੰਘ ਵੱਲੋਂ ਕੀਤੀ ਵਿਸ਼ੇਸ਼ ਪੜਤਾਲ ਦੌਰਾਨ ਖੁਲਾਸਾ ਹੋਇਆ ਕਿ ਪਿੰਡ ਨੂੰ ਪੰਚਾਇਤੀ ਜ਼ਮੀਨ ਬੋਲੀ ਉਤੇ ਦੇਣ ਪਿੱਛੋਂ ਪੰਜ ਸਾਲਾਂ ਦੌਰਾਨ ਜ਼ਮੀਨ ਦੇ ਠੇਕੇ, ਗਰਾਂਟਾਂ ਤੇ ਹੋਰ ਸਾਧਨਾਂ ਤੋਂ 46 ਲੱਖ 75 ਹਜ਼ਾਰ 772 ਰੁਪਏ ਹਾਸਲ ਹੋਏ ਜਦੋਂ ਕਿ ਕਾਗਜ਼ਾਂ ਵਿਚ 16 ਲੱਖ 15 ਹਜ਼ਾਰ 727 ਰੁਪਏ ਹੀ ਦਿਖਾਏ ਗਏ।

ਪੜਤਾਲੀਆ ਅਫ਼ਸਰ ਮੁਤਾਬਕ ਸਿੱਧੀ 30.60 ਲੱਖ ਰੁਪਏ ਦੇ ਫੰਡਾਂ ਦੀ ਦੁਰਵਰਤੋਂ ਹੋਈ ਹੈ। ਇਸ ਬਾਰੇ ਪੰਚਾਇਤੀ ਨੁਮਾਇੰਦਿਆਂ ਤੇ ਅਫ਼ਸਰਾਂ ਨੇ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਦਿੱਤਾ। ਇਸ ਵਿਚੋਂ 6.74 ਲੱਖ ਰੁਪਏ ਜ਼ਮੀਨ ਦੇ ਠੇਕੇ ਦੇ ਹਨ, ਜੋ ਬੈਂਕ ਵਿਚ ਜਮ੍ਹਾਂ ਹੀ ਨਹੀਂ ਕਰੋ ਗਏ। ਅਹਿਮ ਤੱਥ ਇਹ ਵੀ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਪਿਛਲੇ ਅੱਠ ਸਾਲਾਂ ਦੌਰਾਨ ਪਿੰਡਾਂ ਨੂੰ 50 ਕਰੋੜ ਰੁਪਏ ਦੇ ਕਰੀਬ ਦੀਆਂ ਗਰਾਂਟਾਂ ਵੰਡ ਚੁੱਕੇ ਹਨ। ਵਿਭਾਗ ਵੱਲੋਂ ਸਪਸ਼ਟ ਹਦਾਇਤ ਹੈ ਕਿ ਜਿਸ ਪਿੰਡ ਵਿਚ ਜ਼ਿਆਦਾ ਜ਼ਮੀਨ ਹੈ, ਉਥੇ ਬੋਲੀ ਦੀ ਵੀਡੀਓਗਰਾਫੀ ਕਰਾਈ ਜਾਵੇ। ਠੇਕੇ ਦੀ ਸਾਰੀ ਰਕਮ ਨਕਦ ਲੈ ਕੇ ਪੰਚਾਇਤ ਦੇ ਖਾਤੇ ਵਿਚ ਜਮ੍ਹਾਂ ਕਰਾਉਣੀ ਹੁੰਦੀ ਹੈ। ਵਿਭਾਗ ਦੇ ਸੂਤਰਾਂ ਮੁਤਾਬਕ ਗਰਾਂਟਾਂ ਤੇ ਪੰਚਾਇਤੀ ਜ਼ਮੀਨ ਦੀ ਆਮਦਨ ਦਾ ਮੋਟਾ ਹਿੱਸਾ ਅਫ਼ਸਰਾਂ ਤੇ ਪੰਚਾਇਤੀ ਨੁਮਾਇੰਦਿਆਂ ਦੀਆਂ ਜੇਬਾਂ ਵਿਚ ਹੀ ਜਾਂਦਾ ਹੈ।

Jammu Chiropractic
ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।
We Accept Personal Injury (PI) Cases
Medicare & Most Private Insurances Accepted

Contact: Dr. Baljit Jammu
Doctor of Chiropractic
Ph: 510-940-8236
1090 La Playa Dr., Hayward CA 94545

M.K. Nijjar DDS
Ruchi Nijjar DDS
Laser Dentistry
No shots, No Drill, No Pain.
Family Dentistry
Cosmetic Dentistry
Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome
510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

ONE | REALTYONEGROUP AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ
ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ
ਜਗਦੇਵ ਸਿੰਘ
ਫੋਨ: 510-689-4625

JAGDEV SINGH
Realtor
CalBre #01423409
42820 Albrae, St.,
Fremont, CA 94538
REALTOR EQUAL HOUSING OPPORTUNITY


The Anu Attorney Immigration Law Firm
Law offices of Anu Peshawaria
*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC

Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law
US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist
ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ
ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ
FAMILY LAW
*Divorce *Annulment
*International Custody
INCORPORATIONS
*International Contracts, Mergers
*Attorney Supreme Court of India
*Bankruptcy Consultation & Filing
Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com
46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India
Weekends & Evening Appointments Available

# ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਮਨਾਉਂਦੇ ਹੋਏ 1984 ਦੇ ਸਿੱਖ ਘੱਲੂਘਾਰੇ ਦੇ ਸ਼ਹੀਦਾਂ ਨੂੰ ਸਮਰਪਿਤ



# ਮਹਾਨ ਨਗਰ ਕੀਰਤਨ




## 7 ਜੂਨ 2015, ਐਤਵਾਰ

ਸਵੇਰੇ 11 ਤੋਂ ਸ਼ਾਮ 4 ਵਜੇ ਤੱਕ

## ਸਥਾਨ: ਸੈਨ ਫਰਾਂਸਿਸਕੋ ਡਾਊਨ ਟਾਊਨ

*ਨਗਰ ਕੀਰਤਨ ਸੈਕੰਡ ਸਟਰੀਟ ਅਤੇ ਮਾਰਕੀਟ ਸਟਰੀਟ ਤੋਂ ਸ਼ੁਰੂ ਹੋਵੇਗਾ ਤੇ ਸਿਵਿਕ ਸੈਂਟਰ-ਸਿਟੀ ਹਾਲ ਜਾ ਕੇ ਸੰਪੂਰਨ ਹੋਵੇਗਾ*



ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਜਿਹੜੀਆਂ ਕੌਮਾਂ ਆਪਣੇ ਇਤਿਹਾਸਕ ਵਿਰਸੇ ਦੇ ਸ਼ਹੀਦਾਂ ਤੇ ਸ਼ਹੀਦੀ ਸਾਕਿਆਂ ਨੂੰ ਭੁੱਲ ਜਾਂਦੀਆਂ ਨੇ, ਉਹ ਇਤਿਹਾਸ ਦੇ ਪੰਨਿਆਂ ਤੋਂ ਸਦਾ ਵਾਸਤੇ ਖਤਮ ਹੋ ਜਾਂਦੀਆਂ ਹਨ। ਗੁਰੂ ਨਾਨਕ ਸਾਹਿਬ ਦੇ ਨਿਰਮਲ ਪੰਥ ਦੀ ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਲਈ ਗੁਰੂ ਸਾਹਿਬਾਨ ਤੇ ਉਨ੍ਹਾਂ ਦੇ ਲੱਖਾਂ ਸਿੱਖਾਂ ਨੇ ਸ਼ਹਾਦਤਾਂ ਦਿੱਤੀਆਂ ਹਨ। ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸੈਨ ਫਰਾਂਸਿਸਕੋ ਡਾਊਨ ਟਾਊਨ ਵਿਚ ਸੈਕੰਡ ਸਟਰੀਟ ਅਤੇ ਮਾਰਕੀਟ ਸਟਰੀਟ ਤੋਂ ਸ਼ੁਰੂ ਹੋ ਕੇ ਸਿਵਿਕ ਸੈਂਟਰ ਦੇ ਸ਼ਾਨਦਾਰ ਮੈਦਾਨ ਤੱਕ ਇਕ ਮਹਾਨ ਨਗਰ ਕੀਰਤਨ ਦਾ ਪ੍ਰਬੰਧ ਕੀਤਾ ਗਿਆ ਹੈ, ਜਿਸ ਵਿਚ ਆਪ ਸਭ ਨੂੰ ਸ਼ਾਮਲ ਹੋਣ ਲਈ ਹਾਰਦਿਕ ਬੇਨਤੀ ਕੀਤੀ ਜਾਂਦੀ ਹੈ।

*ਸੰਗਤਾਂ ਕੇਸਰੀ ਦਸਤਾਰਾਂ-ਦੁੱਪਟੇ-ਪਟਕੇ ਸਜਾ ਕੇ ਆਉਣ ਜੀ।

*ਸਿਵਿਕ ਸੈਂਟਰ ਵਿਚ ਸਜ ਰਹੇ ਦੀਵਾਨ ਅਤੇ ਨਗਰ ਕੀਰਤਨ ਦੌਰਾਨ ਕੀਰਤਨੀ ਜਥੇ ਗੁਰ ਸ਼ਬਦ ਅਤੇ ਢਾਡੀ ਤੇ ਕਵੀਸ਼ਰੀ ਜਥੇ ਸੰਗਤਾਂ ਨੂੰ ਢਾਡੀ ਤੇ ਵੀਰ-ਰਸੀ ਵਾਰਾਂ ਰਾਹੀਂ ਨਿਹਾਲ ਕਰਨਗੇ। *ਪੰਥਕ ਬੁਲਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ। *ਇਹ ਨਗਰ ਕੀਰਤਨ ਵੱਡੇ ਬੱਚਿਆਂ ਤੇ ਨੌਜਵਾਨਾਂ ਲਈ ਸਿੱਖ ਇਤਿਹਾਸ ਦੀ ਵਡਮੁੱਲੀ ਜਾਣਕਾਰੀ ਨਾਲ ਭਰਪੂਰ ਹੋਵੇਗਾ। *ਗਤਕੇ ਦੇ ਸ਼ਾਨਦਾਰ ਜੌਹਰ ਵਿਖਾਏ ਜਾਣਗੇ। *ਲੰਗਰ ਅਤੁੱਟ ਵਰਤਣਗੇ। *ਨਗਰ ਕੀਰਤਨ ਦੇ ਸ਼ੁਰੂ ਹੋਣ ਵਾਲੀ ਥਾਂ ਪਹੁੰਚਣ ਲਈ ਕਿਤੋਂ ਵੀ ਬਾਰਟ ਰਾਹੀਂ ਮਿੰਟਗੁਮਰੀ ਸਟੇਸ਼ਨ ‘ਤੇ ਉਤਰਨਾ ਹੈ ਤੇ ਵਾਪਸੀ ਲਈ ਸਿਵਿਕ ਸੈਂਟਰ ਤੋਂ ਬਾਰਟ ਦਾ ਪ੍ਰਬੰਧ ਹੈ। ਸਭ ਗੁਰਦੁਆਰਿਆਂ ਤੋਂ ਬੱਸਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ, ਜਿਸ ਲਈ ਆਪਣੇ ਸ਼ਹਿਰ ਦੇ ਗੁਰਦੁਆਰਿਆਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।




### ਬੁਲਾਰੇ



*ਪ੍ਰੋ. ਇੰਦਰਾ ਪ੍ਰਸਤ*



*ਜਗਮੀਤ ਸਿੰਘ ਵਿਧਾਨ ਸਭਾ ਮੈਂਬਰ ਕੈਨੇਡਾ*



*ਬੀਬੀ ਨਵਕਿਰਨ ਕੌਰ ਖਾਲੜਾ*



*ਡਾ. ਸੇਵਕ ਸਿੰਘ*



*ਡਾ. ਕਰਾਮਾਤ ਚੀਮਾ*



*ਮਨਿੰਦਰ ਸਿੰਘ*

**ਬੇਨਤੀ ਕਰਤਾ:** ਗੁਰਦੁਆਰਾ ਸਾਹਿਬ ਸੈਨ ਹੋਜ਼ੇ, ਗੁਰਦੁਆਰਾ ਸਾਹਿਬ ਫਰੀਮਾਂਟ, ਗੁਰਦੁਆਰਾ ਸਾਹਿਬ ਐਲ ਸਬਰਾਂਟੇ, ਗੁਰਦੁਆਰਾ ਸਾਹਿਬ ਸਟਾਕਟਨ, ਗੁਰਦੁਆਰਾ ਸਾਹਿਬ ਟਰਲਕ, ਗੁਰਦੁਆਰਾ ਗੁਰਮਤਿ ਪ੍ਰਕਾਸ਼ ਮਨਟਿਕਾ, ਗੁਰਦੁਆਰਾ ਸਿੰਘ ਸਭਾ ਮਿਲਪੀਟਸ, ਗੁਰਦੁਆਰਾ ਸਾਹਿਬ ਬਰਾਡਸ਼ਾਅ ਸੈਕਰਾਮੈਂਟੋ, ਗੁਰਦੁਆਰਾ ਕੈਪੀਟਲ ਸਿੱਖ ਸੈਂਟਰ ਸੈਕਰਾਮੈਂਟੋ, ਗੁਰਦੁਆਰਾ ਸਾਹਿਬ ਡੈਲਹਾਈ, ਗੁਰਦੁਆਰਾ ਸਾਹਿਬ ਹੇਵਰਡ, ਗੁਰਦੁਆਰਾ ਸਾਹਿਬ ਸਾਊਥ ਸੈਨ ਫਰਾਂਸਿਸਕੋ, ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਟਰੇਸੀ, ਗੁਰਦੁਆਰਾ ਦਸ਼ਮੇਸ਼ ਦਰਬਾਰ ਲੋਡਾਈ, ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ, ਗੁਰਦੁਆਰਾ ਸਾਹਿਬ ਯੂਬਾ ਸਿਟੀ, ਗੁਰਦੁਆਰਾ ਸਾਹਿਬ ਸੈਨ ਮਟੀਓ, ਗੁਰਦੁਆਰਾ ਦਸ਼ਮੇਸ਼ ਦਰਬਾਰ ਟਰੇਸੀ, ਗੁਰਦੁਆਰਾ ਸਾਹਿਬ ਪਿਟਸਬਰਗ, ਗੁਰਦੁਆਰਾ ਸਾਹਿਬ ਮਾਡੈਸਟੋ, ਗੁਰਦੁਆਰਾ ਸਾਹਿਬ ਫੇਅਰਫੀਲਡ, ਗੁਰਦੁਆਰਾ ਸਾਹਿਬ ਰਿਵਰਸਾਈਡ।

## ਹੋਰ ਜਾਣਕਾਰੀ ਲਈ ਸੰਪਰਕ ਕਰੋ: 1-844-REM-1984

**www.remember84.com Facebook Page: June 84 Movement**

# ਕੈਲੰਡਰ ਵਿਵਾਦ ਨਾਲ ਸਿੱਖ ਸੰਗਤ ਵਿਚ ਫਿਰ ਪਈਆਂ ਵੰਡੀਆਂ

**ਅੰਮ੍ਰਿਤਸਰ:** ਕੈਲੰਡਰ ਵਿਵਾਦ ਨੇ ਸਿੱਖ ਸੰਗਤ ਵਿਚ ਇਕ ਵਾਰ ਫਿਰ ਭੰਬਲਭੂਸਾ ਪੈਦਾ ਕਰ ਦਿੱਤਾ ਹੈ। ਇਸ ਵਿਵਾਦ ਕਾਰਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਦੋ ਵਾਰ ਮਨਾਇਆ ਜਾਵੇਗਾ। ਸ਼੍ਰੋਮਣੀ ਕਮੇਟੀ ਤੇ ਦਿੱਲੀ ਕਮੇਟੀ ਵੱਲੋਂ ਨਵੇਂ ਨਾਨਕਸ਼ਾਹੀ ਕੈਲੰਡਰ ਅਨੁਸਾਰ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ 22 ਮਈ ਨੂੰ ਮਨਾਇਆ ਗਿਆ ਹੈ ਪਰ ਮੂਲ ਨਾਨਕਸ਼ਾਹੀ ਕੈਲੰਡਰ ਦੇ ਸਮਰਥਕਾਂ ਵੱਲੋਂ ਇਹ ਸ਼ਹੀਦੀ ਪੁਰਬ 16 ਜੂਨ ਨੂੰ ਮਨਾਇਆ ਜਾਵੇਗਾ।

ਮੂਲ ਨਾਨਕਸ਼ਾਹੀ ਕੈਲੰਡਰ ਦੇ ਸਮਰਥਕਾਂ ਵਿਚ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਅਮਰੀਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸਰਨਾ ਭਰਾਵਾਂ ਦੀ ਅਗਵਾਈ ਵਾਲਾ ਦਿੱਲੀ ਅਕਾਲੀ ਦਲ, ਵੱਖ-ਵੱਖ ਸਿੱਖ ਜਥੇਬੰਦੀਆਂ ਦਾ ਬਣਿਆ ਪੰਥਕ ਤਾਲਮੇਲ ਸੰਗਠਨ, ਦਲ ਖਾਲਸਾ ਤੇ ਹੋਰ ਸਿੱਖ ਜਥੇਬੰਦੀਆਂ ਸ਼ਾਮਲ ਹਨ। ਇਨ੍ਹਾਂ ਵੱਲੋਂ ਸ਼ਹੀਦੀ ਪੁਰਬ 16 ਜੂਨ ਨੂੰ ਮਨਾਇਆ ਜਾ ਰਿਹਾ ਹੈ। ਇਸੇ ਕਾਰਨ ਹੀ ਭਾਰਤ ਸਥਿਤ ਪਾਕਿਸਤਾਨੀ ਸਫ਼ਾਰਤਖਾਨੇ ਨੇ ਸ਼੍ਰੋਮਣੀ ਕਮੇਟੀ ਤੇ ਦਿੱਲੀ ਕਮੇਟੀ ਦੇ ਸਿੱਖ ਸ਼ਰਧਾਲੂਆਂ ਨੂੰ 22 ਮਈ ਨੂੰ ਸ਼ਹੀਦੀ ਪੁਰਬ ਮਨਾਉਣ ਵਾਸਤੇ ਪਾਕਿਸਤਾਨ ਜਾਣ ਵਾਸਤੇ ਵੀਜ਼ੇ ਵੀ ਨਹੀਂ ਦਿੱਤੇ ਹਨ। ਪੀ.ਜੀ.ਪੀ.ਸੀ. ਵੱਲੋਂ ਉਥੇ ਇਹ ਸ਼ਹੀਦੀ ਪੁਰਬ 16 ਜੂਨ ਨੂੰ ਮਨਾਉਣ ਦਾ ਐਲਾਨ ਕੀਤਾ



ਗਿਆ ਹੈ। 16 ਜੂਨ ਨੂੰ ਹੀ ਸ਼ਹੀਦੀ ਅਸਥਾਨ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੀ ਕਾਰ ਸੇਵਾ ਸ਼ੁਰੂ ਹੋਵੇਗੀ। ਇਸ ਵਿਚ ਸ਼ਾਮਲ ਹੋਣ ਲਈ ਸਰਨਾ ਭਰਾਵਾਂ ਦੀ ਅਗਵਾਈ ਹੇਠ 400 ਸਿੱਖ ਸ਼ਰਧਾਲੂਆਂ ਦਾ ਜਥਾ ਸੜਕ ਮਾਰਗ ਰਾਹੀਂ ਪਾਕਿਸਤਾਨ ਜਾਵੇਗਾ।

ਇਸੇ ਤਰ੍ਹਾਂ ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਤੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਵੀ ਇਸ ਮਾਮਲੇ ਵਿਚ ਪੀ.ਜੀ.ਪੀ.ਸੀ. ਦੇ ਫ਼ੈਸਲੇ ਦਾ ਸਮਰਥਨ ਕਰਦਿਆਂ ਸਿੱਖ ਜਥੇਬੰਦੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਸ਼ਹੀਦੀ ਪੁਰਬ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ 16 ਜੂਨ ਨੂੰ ਮਨਾਉਣ।

ਕੇਂਦਰੀ ਗੁਰੂ ਸਿੰਘ ਸਭਾ ਦੇ ਆਗੂ ਗੁਰਪ੍ਰੀਤ ਸਿੰਘ ਨੇ ਵੀ ਸਿੱਖ ਸੰਗਤ ਨੂੰ ਆਖਿਆ ਕਿ ਪੰਥ ਪ੍ਰਵਾਨਿਤ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੀ ਸ਼ਹੀਦੀ ਪੁਰਬ 16 ਜੂਨ ਨੂੰ ਮਨਾਇਆ ਜਾਵੇ। ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਸ ਵਰ੍ਹੇ ਨਵਾਂ ਕੈਲੰਡਰ ਜਾ ਕੀਤਾ ਗਿਆ ਸੀ ਜਿਸ ਨੂੰ ਭਾਰਤ ਸਮੇਤ ਵੱਡੀ ਗਿਣਤੀ ਵਿਦੇਸ਼ੀ ਸਿੱਖ ਜਥੇਬੰਦੀਆਂ ਨੇ ਰੱਦ ਕਰ ਦਿੱਤਾ ਹੈ। ਪੰਜ ਸਿੰਘ ਸਾਹਿਬਾਨ ਵੱਲੋਂ ਕੈਲੰਡਰ ਵਿਵਾਦ ਹੱਲ ਕਰਨ ਲਈ ਬਣਾਈ 18 ਮੈਂਬਰੀ ਕਮੇਟੀ ਵੀ ਵਿਵਾਦਾਂ ਵਿਚ ਘਿਰੀ ਹੋਈ ਹੈ। ਕਮੇਟੀ ਵਿਚ ਨਾਨਕਸ਼ਾਹੀ ਕੈਲੰਡਰ ਸਮਰਥਕ ਘੱਟ ਤੇ ਆਲੋਚਕ ਵਧੇਰੇ ਹਨ। ਇਸ ਕਮੇਟੀ ਵਿਚ ਸਮਰਥਕ ਵਜੋਂ ਇਕੱਲੇ ਪਾਲ ਸਿੰਘ ਪੁਰੇਵਾਲ ਨੂੰ ਹੀ ਸ਼ਾਮਲ ਕੀਤਾ ਗਿਆ ਹੈ। ਪੰਜ ਸਿੰਘ ਸਾਹਿਬਾਨਾਂ ਵੱਲੋਂ ਜੋ ਕੈਲੰਡਰ ਜਾਰੀ ਕੀਤਾ ਗਿਆ ਹੈ, ਉਹ ਨਾ ਤਾਂ 2003 ਵਾਲੇ ਮੂਲ ਨਾਨਕਸ਼ਾਹੀ ਕੈਲੰਡਰ ਤੇ ਨਾ ਹੀ 2010 ਵਾਲੇ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਨਾਲ ਮੇਲ ਖਾਂਦਾ ਹੈ

## ਪਾਕਿ ਨੇ 150 ਸਿੱਖ ਸ਼ਰਧਾਲੂਆਂ ਨੂੰ ਨਾ ਦਿੱਤੇ ਵੀਜ਼ੇ

**ਨਵੀਂ ਦਿੱਲੀ:** ਪਾਕਿਸਤਾਨ ਹਾਈ ਕਮਿਸ਼ਨਰ ਨੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮਾਂ ਵਿਚ ਪਾਕਿਸਤਾਨ ਜਾਣ ਦੇ ਚਾਹਵਾਨ 150 ਸ਼ਰਧਾਲੂਆਂ ਨੂੰ ਵੀਜ਼ਾ ਨਹੀਂ ਦਿੱਤਾ। ਸ਼ਹੀਦੀ ਦਿਵਸ ਮਨਾਏ ਜਾਣ ਦੀਆਂ ਤਰੀਕਾਂ ਵਿਚ ਫ਼ਰਕ ਆਉਣ ਕਾਰਨ ਵੀਜ਼ਾ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚਾਹੁੰਦੀ ਸੀ ਕਿ ਸ਼ਰਧਾਲੂਆਂ ਨੂੰ 22 ਜੂਨ ਲਈ ਵੀਜ਼ਾ ਦਿੱਤਾ ਜਾਵੇ ਪਰ ਪਾਕਿਸਤਾਨ ਹਾਈ ਕਮਿਸ਼ਨ ਦਾ ਕਹਿਣਾ ਸੀ ਕਿ ਪਾਕਿਸਤਾਨ ਸਰਕਾਰ 16 ਜੂਨ ਨੂੰ ਸ਼ਹੀਦੀ ਦਿਹਾੜਾ ਮਨਾ ਰਹੀ ਹੈ ਤੇ ਉਦੋਂ ਹੀ ਵੀਜ਼ੇ ਦਿੱਤੇ ਜਾਣਗੇ।

## ਅਕਾਲ ਤਖਤ ਵਾਲੇ ਕੈਲੰਡਰ ਨੂੰ ਮੰਨੇ ਪਾਕਿਸਤਾਨ ਕਮੇਟੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਕਿਹਾ ਹੈ ਕਿ ਪਾਕਿਸਤਾਨ ਸਿੱਖ ਗੁਰਦਵਾਰਾ ਕਮੇਟੀ ਅਕਾਲ ਤਖ਼ਤ ਵੱਲੋਂ ਜਾਰੀ ਕੀਤੇ ਗਏ ਕੈਲੰਡਰ ਮੁਤਾਬਕ ਹੀ ਸਿੱਖ ਗੁਰੂਆਂ ਦੇ ਸ਼ਹੀਦੀ ਤੇ ਜਨਮ ਦਿਹਾੜੇ ਮਨਾਵੇ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਸਿੱਖਾਂ ਦਾ ਸਰਵਉੱਚ ਸਥਾਨ ਹੈ ਤੇ ਇਸ ਵੱਲੋਂ ਕੀਤੇ ਗਏ ਹੁਕਮ ਦੀ ਹਰ ਸਿੱਖ ਨੂੰ ਪਾਲਣਾ ਕਰਨੀ ਚਾਹੀਦੀ ਹੈ। ਜਥੇਦਾਰ ਅਵਤਾਰ ਸਿੰਘ ਨੇ ਇਥੇ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਤੋਂ ਬਾਅਦ ਆਖਿਆ ਕਿ ਸ਼੍ਰੋਮਣੀ ਕਮੇਟੀ ਅਕਾਲ ਤਖ਼ਤ ਤੋਂ ਪ੍ਰਵਾਨਿਤ ਕੈਲੰਡਰ ਨੂੰ ਹੀ ਮਾਨਤਾ ਦੇਵੇਗੀ। ਇਸੇ ਕੈਲੰਡਰ ਅਨੁਸਾਰ ਗੁਰਪੁਰਬ ਤੇ ਸ਼ਹੀਦੀ ਪੁਰਬ ਮਨਾਇਆ ਜਾਵੇਗਾ। ਅਕਾਲ ਤਖ਼ਤ ਵੱਲੋਂ ਜੇਕਰ ਸ਼ਹੀਦੀ ਪੁਰਬ 22 ਮਈ ਨੂੰ ਮਨਾਉਣ ਦੇ ਹੁਕਮ ਦਿੱਤੇ ਗਏ ਹਨ ਤਾਂ ਇਹ ਕੌਮ ਨੂੰ ਮੰਨਣੇ ਚਾਹੀਦੇ ਹਨ।

# 'ਗੁੰਡਾ ਟੈਕਸ' ਮਾਮਲੇ 'ਚ ਪੁਲਿਸ ਦੇ ਹੱਥ ਖੜ੍ਹੇ

**ਚੰਡੀਗੜ੍ਹ:** ਪੰਜਾਬ ਪੁਲਿਸ ਰੇਤਾ ਬਜਰੀ ਦੀ ਨਾਜਾਇਜ਼ ਮਾਈਨਿੰਗ ਨੂੰ ਸੁਰੱਖਿਆ ਦੇਣ ਵਾਲੇ 'ਗੁੰਡਾ ਟੈਕਸ' ਦੇ ਮਾਮਲੇ ਵਿਚ ਰੋਪੜ ਜ਼ਿਲ੍ਹੇ ਵਿਚ ਐਫ.ਆਈ.ਆਰ. ਦਰਜ ਕਰਨ ਤੋਂ ਭੱਜ ਰਹੀ ਹੈ। ਇਸ ਮਾਮਲੇ ਵਿਚ ਸਮਾਜਿਕ ਕਾਰਜਕਰਤਾ ਐਡਵੋਕੇਟ ਦਿਨੇਸ਼ ਚੱਢਾ ਵੱਲੋਂ ਸ਼ਿਕਾਇਤ ਉਪ ਮੁੱਖ ਮੰਤਰੀ ਦੇ ਸਿੱਧੇ ਅਧੀਨ ਆਉਂਦੇ 'ਸ਼ਿਕਾਇਤ ਨਿਵਾਰਣ' ਵਿਭਾਗ ਵਿਚ ਕੀਤੀ ਗਈ ਸੀ।ਜਿਸ ਤੋਂ ਬਾਅਦ ਬਕਾਇਦਾ ਉਪ ਮੁੱਖ ਮੰਤਰੀ ਵੱਲੋਂ ਇਸ ਸ਼ਿਕਾਇਤ ਨੂੰ ਏ.ਡੀ.ਜੀ ਪੀ. (ਲਾਅ/ਆਰਡਰ) ਨੂੰ ਭੇਜਿਆ ਗਿਆ। ਜਿਨ੍ਹਾਂ ਨੇ ਅੱਗੇ ਮੁੜ ਤੋਂ ਐਸ.ਐਸ.ਪੀ. ਰੂਪਨਗਰ ਨੂੰ ਭੇਜ ਦਿੱਤਾ, ਪਰ ਇਕ ਮਹੀਨਾ ਬੀਤ ਜਾਣ ਉਤੇ ਵੀ ਕੋਈ ਕਾਰਵਾਈ ਨਹੀਂ ਹੋਈ ਹੈ। ਸ੍ਰੀ ਚੱਢਾ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਕੁਝ ਹੋਰ ਲੋਕਾਂ ਸਮੇਤ ਚਾਰ ਮਾਰਚ 2014 ਨੂੰ ਦਿੱਤੀ ਇਕ ਸ਼ਿਕਾਇਤ ਦੇ ਅਧਾਰ ਉਤੇ ਰੋਪੜ ਜ਼ਿਲ੍ਹੇ ਵਿਚ ਗੁੰਡਾ ਟੈਕਸ ਦੇ ਇਕ ਨਾਕੇ ਨੂੰ ਪੁਲਿਸ ਪਾਰਟੀ ਨੇ ਪ੍ਰੈਸ ਦੀ ਹਾਜ਼ਰੀ ਚ ਸ਼ਰੇਆਮ ਫੜਿਆ ਸੀ ਪਰ ਰੇਡ ਕਰਨ ਵਾਲੇ ਐਸ.ਐਚ.ਓ. ਨੂੰ ਕੁਝ ਘੰਟੇ ਵਿਚ ਹੀ ਪਿੱਠ ਦਰਦ ਦਾ ਬਹਾਨਾ ਬਣਾ ਕੇ ਲਾਇਨ ਹਾਜ਼ਰ ਕਰ ਦਿੱਤਾ ਗਿਆ ਸੀ। ਇਨ੍ਹਾਂ ਸਾਰੇ ਸਵਾਲਾਂ ਵਿਚ ਘਿਰੀ ਰੋਪੜ ਪੁਲਿਸ ਨੇ ਕਿਸੇ ਵੀ ਸਵਾਲ ਦਾ ਜਵਾਬ ਲੱਭਣ ਲਈ ਐਫ.ਆਈ.ਆਰ. ਕਰਕੇ ਜਾਂਚ ਕਰਨ ਦੀ ਬਜਾਏ ਉਪ ਮੁੱਖ ਮੰਤਰੀ ਨੂੰ ਨਵਾਂ ਬਹਾਨਾ ਭੇਜ ਦਿੱਤਾ ਹੈ ਕਿ ਸਬੰਧਤ ਮਾਮਲੇ ਵਿਚ ਮਾਣਯੋਗ ਹਾਈਕੋਰਟ ਵਿਚ ਰਿੱਟ ਪੈਂਡਿੰਗ ਹੈ ਜਦਕਿ ਇਸ ਮਾਮਲੇ ਵਿਚ ਕੋਈ ਵੀ ਰਿੱਟ ਪੈਂਡਿੰਗ ਨਹੀਂ ਹੈ।

## ਪਾਕਿਸਤਾਨ ਵਲੋਂ ਭਾਰਤੀ ਟਮਾਟਰ ਲੈਣ ਤੋਂ ਨਾਂਹ

**ਅੰਮ੍ਰਿਤਸਰ:** ਭਾਰਤ ਪਾਕਿਸਤਾਨੀ ਦੀ ਅਟਾਰੀ ਸਰਹੱਦ ਉਤੇ ਬਣੀ ਸਾਂਝੀ ਜਾਂਚ ਚੌਕੀ ਰਾਹੀਂ ਪਾਕਿਸਤਾਨ ਜਾਣ ਵਾਲਾ ਪਿਆਜ਼ ਪਾਕਿਸਤਾਨ ਨੇ ਪਿਛਲੇ ਮਹੀਨੇ ਤੋਂ ਲੈਣਾ ਬੰਦ ਕਰ ਦਿੱਤਾ ਹੈ ਤੇ ਹੁਣ ਭਾਰਤੀ ਟਮਾਟਰ ਤੇ ਅਦਰਕ ਵੀ ਲੈਣ ਤੋਂ ਵੀ ਇਨਕਾਰ ਕਰ ਦਿੱਤਾ ਹੈ।

ਪਾਕਿਸਤਾਨ ਵਿਚ ਸਬਜ਼ੀਆਂ ਲੈਣ ਵਾਲੀ ਸੰਸਥਾ ਨੇ ਇਹ ਕਹਿ ਕੇ ਟਮਾਟਰ ਲੈਣ ਤੋਂ ਇਨਕਾਰ ਕੀਤਾ ਹੈ ਕਿ ਭਾਰਤ ਵੱਲੋਂ ਭੇਜੇ ਜਾ ਰਹੇ ਟਮਾਟਰ ਦੀ ਕਿਸਮ ਚੰਗੀ ਨਹੀਂ ਹੈ। ਵਪਾਰੀਆਂ ਦਾ ਕਹਿਣਾ ਹੈ ਕੇ ਅਜਿਹਾ ਕਰਨ ਨਾਲ ਉਨ੍ਹਾਂ ਦਾ ਮਾਲੀ ਨੁਕਸਾਨ ਹੋ ਰਿਹਾ ਹੈ ਤੇ ਟਰੱਕਾਂ ਵਿਚ ਪਿਆ ਟਮਾਟਰ ਖਰਾਬ ਹੋ ਰਿਹਾ ਹੈ। ਘਾਟੇ ਨੂੰ ਪੂਰਾ ਕਰਨ ਲਈ ਟਮਾਟਰ ਅੰਮ੍ਰਿਤਸਰ ਦੀ ਸਬਜ਼ੀ ਮੰਡੀ ਵਿਚ ਸਸਤੇ ਰੇਟਾਂ ਉਤੇ ਵੇਚਣਾ ਪੈ ਰਿਹਾ ਹੈ। ਵਪਾਰੀਆਂ ਦੇ ਮੁਤਾਬਿਕ ਪਾਕਿਸਤਾਨ ਨੇ ਭਾਰਤ ਤੋਂ ਜਾਣ ਵਾਲੇ ਅਦਰਕ ਤੇ ਟਮਾਟਰ ਲਈ



ਪਰਮਿਟ ਦੇਣੇ ਵੀ ਬੰਦ ਕਰ ਦਿੱਤੇ ਹਨ ਤੇ ਜਿਨ੍ਹਾਂ ਵਪਾਰੀਆਂ ਕੋਲ ਪਰਮਿਟ ਹਨ, ਉਨ੍ਹਾਂ ਨੂੰ ਵੀ ਪਿਆਜ਼, ਟਮਾਟਰ ਤੇ ਅਦਰਕ ਭੇਜਣ ਲਈ ਮਨ੍ਹਾ ਕਰ ਦਿੱਤਾ ਹੈ।

# ਨੇਪਾਲ ਵਿਚ 89 ਵਿਦੇਸ਼ੀਆਂ ਸਮੇਤ 300 ਬੰਦੇ ਅਜੇ ਵੀ ਲਾਪਤਾ

**ਕਾਠਮੰਡੂ:** ਨੇਪਾਲ ਵਿਚ ਆਏ ਦੋ ਤਾਕਤਵਰ ਭੂਚਾਲਾਂ ਨੇ ਤਕਰੀਬਨ ਨੌਂ ਹਜ਼ਾਰ ਲੋਕਾਂ ਦੀ ਜਾਨ ਲੈ ਲਈ ਹੈ। ਭੂਚਾਲ ਤੋਂ ਬਾਅਦ 89 ਵਿਦੇਸ਼ੀਆਂ ਸਮੇਤ 300 ਤੋਂ ਵੱਧ ਲੋਕਾਂ ਦਾ ਅਜੇ ਤਕ ਕੁਝ ਵੀ ਪਤਾ ਨਹੀਂ ਲੱਗ ਸਕਿਆ ਹੈ। ਪੁਲਿਸ ਮੁਤਾਬਕ ਲਾਪਤਾ ਲੋਕਾਂ ਵਿਚ 240 ਨੇਪਾਲੀ ਤੇ 89 ਵਿਦੇਸ਼ੀ ਹਨ। ਪੁਲਿਸ ਵੱਲੋਂ ਜਾਰੀ ਕੀਤੇ ਗਏ ਬਿਆਨ ਵਿਚ ਕਿਹਾ ਗਿਆ ਹੈ ਕਿ 25 ਅਪਰੈਲ ਤੇ 12 ਮਈ ਨੂੰ ਆਏ ਭੂਚਾਲਾਂ ਵਿਚ 49 ਭਾਰਤੀਆਂ ਸਮੇਤ 79 ਵਿਦੇਸ਼ੀਆਂ ਦੀ ਮੌਤ ਹੋਈ ਹੈ।

ਨੇਪਾਲ ਫ਼ੌਜ ਵੱਲੋਂ ਜਾਰੀ ਬਿਆਨ ਵਿਚ ਦੱਸਿਆ ਗਿਆ ਹੈ ਕਿ ਬਚਾਅ ਤੇ ਰਾਹਤ ਕਾਰਜਾਂ ਲਈ 18 ਮੁਲਕਾਂ ਦੇ ਜਵਾਨਾਂ ਨੇ ਡੱਟ ਕੇ ਸਹਾਇਤਾ ਕੀਤੀ। ਇਨ੍ਹਾਂ ਵਿਚੋਂ 851 ਭਾਰਤੀਆਂ ਸਮੇਤ 2509 ਜਵਾਨ ਆਪਣੇ-ਆਪਣੇ ਮੁਲਕਾਂ ਨੂੰ ਪਰਤ ਚੁੱਕੇ ਹਨ। ਬਾਕੀ ਰਹਿੰਦੇ 564 ਭਾਰਤੀਆਂ ਸਮੇਤ 1807 ਜਵਾਨ ਛੇਤੀ ਹੀ ਨੇਪਾਲ ਤੋਂ ਰਵਾਨਾ ਹੋ ਜਾਣਗੇ।।

ਭਾਰਤ ਦੇ ਅੱਠ ਐਮ.ਆਈ.-17 ਤੇ 5 ਏ.ਐਲ.ਐਚ. ਹੈਲੀਕਾਪਟਰਾਂ, ਚੀਨ ਦੇ ਤਿੰਨ ਐਮ.ਆਈ.-17 ਹੈਲੀਕਾਪਟਰਾਂ ਤੇ ਅਮਰੀਕਾ ਦੇ ਤਿੰਨ ਯੂਐਚ।ਵਾਈ ਤੇ ਚਾਰ ਐਮਵੀ-228 ਹੈਲੀਕਾਪਟਰਾਂ ਨੇ ਦਿਨ ਰਾਤ ਇਕ ਕਰਕੇ ਰਾਹਤ ਕਾਰਜਾਂ ਦੇ ਨਾਲ-ਨਾਲ ਜ਼ਖ਼ਮੀ ਲੋਕਾਂ ਨੂੰ ਹਸਪਤਾਲਾਂ ਪਹੁੰਚਾਇਆ। ਇਨ੍ਹਾਂ ਹੈਲੀਕਾਪਟਰਾਂ ਨੇ ਮਲਬੇ ਨੂੰ ਹਟਾਉਣ ਤੇ ਭੂਚਾਲ ਪੀੜਤਾਂ ਨੂੰ ਰਾਹਤ ਸਮੱਗਰੀ ਵੰਡਣ ਵਿਚ ਵੀ ਅਹਿਮ ਯੋਗਦਾਨ ਪਾਇਆ। ਭੂਚਾਲ ਤੋਂ ਬਾਅਦ ਨੇਪਾਲ ਵਿਚ ਮਜ਼ਦੂਰਾਂ ਦੀ ਭਾਰੀ ਕਮੀ ਹੋ ਗਈ ਹੈ। ਪਿਛਲੇ ਇਕ ਮਹੀਨੇ ਦੌਰਾਨ ਕੋਈ 20 ਹਜ਼ਾਰ ਪਰਵਾਸੀ ਮਜ਼ਦੂਰ ਦੇਸ਼ ਛੱਡ ਕੇ ਜਾ ਚੁੱਕੇ ਹਨ। ਇਸ ਨਾਲ ਮੁੜ ਵਸੇਬੇ ਦੇ ਕੰਮਾਂ ਨੂੰ ਝਟਕਾ ਲੱਗਾ ਹੈ। ਕੁਝ ਬਾਹਰਲੇ ਮੁਲਕਾਂ ਦੇ ਮਜ਼ਦੂਰ ਵੀ ਡਰ ਦੇ ਮਾਰੇ ਆਪਣੇ ਆਪਣੇ ਵਤਨ ਪਰਤ ਰਹੇ ਹਨ ਜਿਸ ਕਾਰਨ ਸਰਕਾਰ ਨੂੰ ਆਪਣੀ ਯੋਜਨਾ ਲਾਗੂ ਕਰਨ ਵਿਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਭੂਚਾਲ ਪ੍ਰਭਾਵਿਤ ਜ਼ਿਲ੍ਹਿਆਂ ਦੀ ਮੁੜ ਉਸਾਰੀ ਲਈ ਇਕ ਲੱਖ ਤੋਂ ਵੱਧ ਵਲੰਟੀਅਰਾਂ ਦੀ ਲੋੜ ਹੈ ਪਰ ਉਨ੍ਹਾਂ ਨੂੰ ਇਹ ਮਜ਼ਦੂਰ ਨਹੀਂ ਮਿਲ ਰਹੇ।

# ਕਾਂਗਰਸੀ ਕਲੇਸ਼: ਪ੍ਰਤਾਪ ਬਾਜਵਾ ਨੇ ਮੈਦਾਨ ਛੱਡਿਆ?

**ਚੰਡੀਗੜ੍ਹ:** ਪੰਜਾਬ ਕਾਂਗਰਸ ਵਿਚ ਪ੍ਰਧਾਨਗੀ ਨੂੰ ਲੈ ਕੇ ਚੱਲ ਰਿਹਾ ਕਲੇਸ਼ ਹੁਣ ਕਿਸੇ ਬੰਨ੍ਹੇ ਲੱਗਣ ਦੀ ਆਸ ਬੱਝ ਗਈ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਆਖਿਆ ਹੈ ਕਿ ਉਹ ਪਾਰਟੀ ਦੀ ਬਿਹਤਰੀ ਲਈ ਕੈਪਟਨ ਅਮਰਿੰਦਰ ਸਿੰਘ ਸਮੇਤ ਕਿਸੇ ਆਗੂ ਦੀ ਅਗਵਾਈ ਹੇਠ ਚੱਲਣ ਲਈ ਤਿਆਰ ਹਨ। ਮੰਨਿਆ ਜਾ ਰਿਹਾ ਹੈ ਕਿ ਇਹ ਬੋਲ ਬਾਜਵਾ ਦੇ ਨਹੀਂ ਸਗੋਂ ਉਸ ਨੂੰ 'ਉਤੋਂ' ਇਸ਼ਾਰਾ ਹੋਇਆ ਹੈ। ਅਸਲ ਵਿਚ ਕਾਂਗਰਸ ਹਾਈਕਮਾਨ ਪੰਜਾਬ ਵਿਚ ਧੜਿਆਂ ਵਿਚ ਵੰਡੀ ਲੀਡਰਸ਼ਿਪ ਬਾਰੇ ਗੰਭੀਰਤਾ ਵਿਖਾਉਣ ਲੱਗੀ ਹੈ। 2017 ਵਿਚ ਪੰਜਾਬ ਵਿਧਾਨ ਸਭਾ ਚੋਣਾਂ ਹੋਣੀਆਂ ਹਨ ਤੇ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਵਿਰੋਧੀ ਚੱਲ ਰਹੀ ਹਵਾ ਦਾ ਪਾਰਟੀ ਪੂਰਾ ਫਾਇਦਾ ਚੁੱਕਣ ਦੀ ਤਾਕ ਵਿਚ ਹੈ। ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਸੀਨੀਅਰ ਆਗੂਆਂ ਦਾ ਵੱਡਾ ਧੜਾ ਪ੍ਰਤਾਪ ਸਿੰਘ ਬਾਜਵਾ ਦੀ ਪ੍ਰਧਾਨਗੀ ਵਿਰੁੱਧ ਖੜਿਆ ਹੋਇਆ ਹੈ। ਬਾਜਵਾ ਨੂੰ ਪ੍ਰਧਾਨਗੀ ਤੋਂ ਲਾਂਭੇ ਕਰਨ ਲਈ ਕੈਪਟਨ ਕਈ ਵਾਰ ਹਾਈਕਮਾਨ ਕੋਲ ਪਹੁੰਚ ਕਰ ਚੁੱਕੇ ਹਨ। ਹੁਣ ਬਾਜਵਾ ਵੱਲੋਂ ਕੈਪਟਨ ਦੀ ਅਗਵਾਈ ਮੰਨਣ ਬਾਰੇ ਦਿੱਤਾ ਬਿਆਨ ਸੂਬਾਈ ਲੀਡਰਸ਼ਿਪ ਵਿਚ ਵੱਡੇ

## ਕੈਪਟਨ ਨੂੰ ਪ੍ਰਧਾਨਗੀ ਦੇਣ ਬਾਰੇ ਵੀ ਇਤਰਾਜ਼ ਨਹੀਂ



ਫੇਰਬਦਲ ਵੱਲ ਇਸ਼ਾਰਾ ਕਰਦਾ ਹੈ। ਬਾਜਵਾ ਨੇ ਕਿਹਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਵਜ਼ਾਰਤ ਵਿਚ ਉਹ ਪੰਜ ਸਾਲ ਮੰਤਰੀ ਰਹੇ ਹਨ। ਪੰਜਾਬ ਨੂੰ ਅਕਾਲੀ-ਭਾਜਪਾ ਦੇ ਮਾੜੇ ਸ਼ਾਸਨ ਤੋਂ ਮੁਕਤੀ ਦਿਵਾਉਣ ਲਈ ਉਹ ਹਾਈਕਮਾਨ ਦਾ ਕੋਈ ਹੁਕਮ ਮੰਨਣ ਤੇ ਕਿਸੇ ਆਗੂ ਦੇ ਪਿੱਛੇ ਲੱਗਣ ਲਈ ਰਾਜ਼ੀ ਹਨ। ਦੱਸਣਯੋਗ ਹੈ ਕਿ ਪੰਜਾਬ ਤੇ ਹਰਿਆਣਾ ਦੋਵਾਂ ਸੂਬਿਆਂ ਦੇ ਕਾਂਗਰਸ ਵਿਧਾਇਕਾਂ ਦੀ ਵੱਡੀ ਗਿਣਤੀ ਸੂਬਾਈ ਪ੍ਰਧਾਨਾਂ ਦੇ ਹੱਕ ਵਿਚ ਨਹੀਂ ਹੈ ਤੇ ਸਮੇਂ-ਸਮੇਂ ਉਤੇ ਕਾਂਗਰਸ ਹਾਈਕਮਾਂਡ ਕੋਲ ਆਪਣੀਆਂ ਭਾਵਨਾਵਾਂ ਜ਼ਾਹਿਰ ਕਰਦੇ ਰਹਿੰਦੇ ਹਨ। ਬੀਤੇ ਦਿਨੀਂ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਤੇ ਕਾਂਗਰਸ ਪਾਰਟੀ ਦੇ ਕੇਂਦਰੀ ਆਗੂਆਂ ਦਾ ਵਫ਼ਦ ਬਾਦਲ ਸਰਕਾਰ ਨੂੰ ਬਰਖਾਸਤ ਤੇ ਸੂਬੇ ਵਿਚ ਵਿੱਤੀ ਐਮਰਜੰਸੀ ਲਾਗੂ ਕਰਨ ਦੀ ਮੰਗ ਨੂੰ ਲੈ ਕੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਮਿਲਿਆ ਸੀ ਤੇ ਉਸ ਵਫਦ ਵਿਚ ਸੂਬੇ ਦੇ 42 ਵਿਧਾਇਕਾਂ ਵਿਚੋਂ ਸਿਰਫ਼ ਸੱਤ ਹੀ ਸ਼ਾਮਲ ਸਨ। ਇਸ ਨਾਲ ਕਾਂਗਰਸ ਪਾਰਟੀ ਦੀ ਫੁੱਟ ਦਾ ਮੁਜ਼ਾਹਰਾ ਵੱਧ ਤੇ ਬਾਦਲ ਸਰਕਾਰ ਵਿਰੁੱਧ ਪ੍ਰਚਾਰ ਘੱਟ ਹੋ ਸਕਿਆ।

ਕਾਂਗਰਸ ਪਾਰਟੀ ਦੇ ਕੁਝ ਸੀਨੀਅਰ ਆਗੂਆਂ ਦਾ ਕਹਿਣਾ ਹੈ ਕਿ ਜੇਕਰ ਕਾਂਗਰਸ ਹਾਈਕਮਾਂਡ ਨੇ ਸੂਬੇ ਦੀ ਲੀਡਰਸ਼ਿਪ ਬਾਰੇ ਜਲਦੀ ਫੈਸਲਾ ਨਾ ਕੀਤਾ ਤਾਂ ਸਥਿਤੀ ਹੱਥੋਂ ਨਿਕਲ ਸਕਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸੂਬੇ ਦੇ ਲੋਕ ਅਕਾਲੀ ਭਾਜਪਾ ਸਰਕਾਰ ਦੀਆਂ ਨੀਤੀਆਂ ਕਰਕੇ ਬਹੁਤ ਪਰੇਸ਼ਾਨ ਹਨ ਤੇ ਪੰਜਾਬ ਕਾਂਗਰਸ 2017 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਇਸ ਦਾ ਫਾਇਦਾ ਚੁੱਕ ਸਕਦੀ ਹੈ। ਇਕ ਸੀਨੀਅਰ ਆਗੂ ਨੇ ਇਹ ਦਾਅਵਾ ਵੀ ਕੀਤਾ ਹੈ ਕਿ ਹਾਈਕਮਾਨ ਨੇ ਪੰਜਾਬ ਲੀਡਰਸ਼ਿਪ ਦੇ ਮਸਲੇ ਦਾ ਹੱਲ ਲੱਭ ਲਿਆ ਹੈ ਪਰ ਰੇੜਕਾ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਲੈ ਕੇ ਹੈ। ਹਾਈਕਮਾਨ ਕੈਪਟਨ ਅਮਰਿੰਦਰ ਸਿੰਘ ਨੂੰ ਨਰਾਜ਼ ਨਹੀਂ ਕਰਨਾ ਚਾਹੁੰਦੀ ਤੇ ਉਨ੍ਹਾਂ ਨੂੰ ਵੀ ਅਹਿਮ ਜ਼ਿੰਮੇਵਾਰੀ ਦੇਣਾ ਚਾਹੁੰਦੀ ਹੈ।

## ਦਸਤਾਰ ਨਾਲ ਬੱਚੇ ਦੀ ਮਦਦ ਕਰਨ ਵਾਲੇ ਨੌਜਵਾਨ ਨੂੰ ਮਿਲਿਆ ਤੋਹਫ਼ਾ

**ਮੈਲਬਰਨ:** ਨਿਊਜ਼ੀਲੈਂਡ ਵਿਚ ਜ਼ਖ਼ਮੀ ਬੱਚੇ ਦੀ ਆਪਣੀ ਦਸਤਾਰ ਨਾਲ ਸਹਾਇਤਾ ਕਰਨ ਵਾਲੇ ਸਿੱਖ ਨੌਜਵਾਨ ਹਰਮਨ ਸਿੰਘ ਨੂੰ ਟੀ.ਵੀ. ਸਟੇਸ਼ਨ ਨੇ ਨਵਾਂ ਫਰਨੀਚਰ ਦੇ ਕੇ ਨਿਵਾਜਿਆ ਹੈ। ਉਸ ਦੇ ਇਸ ਕਾਰਨਾਮੇ ਦੀ ਦੇਸ਼ ਵਿਦੇਸ਼ ਵਿਚ ਚਰਚਾ ਹੋਈ ਸੀ। ਇਸ ਤੋਂ ਬਾਅਦ ਨਿਊਜ਼ੀਲੈਂਡ ਦਾ 'ਵਨ ਨਿਊਜ਼' ਚੈਨਲ ਉਸ ਦੇ ਘਰ ਕਵਰੇਜ ਕਰਨ ਗਿਆ ਤਾਂ ਉਥੇ ਮਾੜੇ ਹਾਲਾਤ ਸਨ। ਉਸ ਦੀ ਰਿਪੋਰਟ ਜਦੋਂ ਨਸ਼ਰ ਹੋਈ ਤਾਂ ਦਰਸ਼ਕਾਂ ਨੇ ਘਰ ਦੀ ਖਸਤਾ ਹਾਲਤ ਦੇਖ ਕੇ ਅਫ਼ਸੋਸ ਪ੍ਰਗਟ ਕੀਤਾ। ਉਸ ਦੇ ਫਲੈਟ ਵਿਚ ਪਲਾਸਟਿਕ ਦੀਆਂ ਕੁਝ ਕੁਰਸੀਆਂ ਪਈਆਂ ਸਨ ਤੇ ਉਹ ਭੁੰਜੇ ਗੱਦੇ ਉਤੇ ਸੌਂਦਾ ਸੀ। ਹਰਮਨ ਸਿੰਘ ਜਦੋਂ ਸੁਰਖੀਆਂ ਵਿਚ ਆ ਗਿਆ ਤਾਂ ਚੈਨਲ ਵਾਲੇ ਮੁੜ ਉਸ ਦੀ ਖ਼ਬਰ ਸਾਰ ਲੈਣ ਗਏ। ਉਸ ਨੇ ਨਿਮਾਣਿਆਂ ਵਾਂਗ ਕਿਹਾ ਕਿ ਉਹ ਕੋਈ ਮਸ਼ਹੂਰ ਹਸਤੀ ਨਹੀਂ ਹੈ ਤੇ ਜੀਵਨ ਵਿਚ ਕੋਈ ਬਦਲਾਅ ਨਹੀਂ ਆਇਆ ਹੈ ਤੇ ਉਹ ਪਹਿਲਾਂ ਵਾਂਗ ਹੀ ਰਹਿ ਰਿਹਾ ਹੈ।

ਦੂਜੀ ਰਿਪੋਰਟ ਦੌਰਾਨ ਹੀ ਉਹ ਉਸ ਸਮੇਂ ਹੈਰਾਨ ਰਹਿ ਗਿਆ ਜਦੋਂ ਟੀ.ਵੀ. ਸਟੇਸ਼ਨ ਨੇ ਉਸ ਨੂੰ ਪੂਰੀ ਵੈਨ ਭਰ ਕੇ ਨਵਾਂ ਫਰਨੀਚਰ ਦਿੱਤਾ। ਉਸ ਵੱਲੋਂ ਦਿਖਾਈ ਗਈ ਦਰਿਆਦਿਲੀ ਦਾ ਇਹ ਤੋਹਫ਼ਾ ਸੀ।

# ਪੰਜਾਬ ਵਿਚ ਮਿਸ਼ਨ-2017 ਲਈ ਸਰਗਰਮ ਹੋਈ 'ਆਪ'

## ਪੰਜਾਬ 'ਚ ਵੀ ਦਿੱਲੀ ਵਰਗਾ ਇਤਿਹਾਸ ਦੁਹਰਾਉਣ ਦਾ ਦਾਅਵਾ



**ਪਟਿਆਲਾ:** ਪੰਜਾਬ ਵਿਚ ਆਮ ਆਦਮੀ ਪਾਰਟੀ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਉਤੇ ਨਿਗ੍ਹਾ ਟਿਕਾ ਲਈ ਹੈ। ਪਾਰਟੀ ਵੱਲੋਂ ਪੂਰੇ ਪੰਜਾਬ ਵਿਚ ਦੋ ਮਹੀਨਿਆਂ ਅੰਦਰ ਹੀ ਮਹਿਲਾ ਵਿੰਗ, ਯੂਥ ਵਿੰਗ ਤੇ ਵਿਦਿਆਰਥੀ ਵਿੰਗ ਦਾ ਗਠਨ ਕੀਤਾ ਜਾਵੇਗਾ ਜਦਕਿ ਚਾਰ ਮਹੀਨਿਆਂ ਵਿਚ ਪੰਜਾਬ ਬਾਡੀ ਦਾ ਐਲਾਨ ਕੀਤਾ ਜਾਵੇਗਾ। ਪਾਰਟੀਆਂ ਆਗੂਆਂ ਨੇ ਦਾਅਵਾ ਕੀਤਾ ਹੈ ਕਿ ਸੂਬੇ ਦੇ ਲੋਕਾਂ ਸਾਹਮਣੇ ਸੱਤਾ ਧਿਰ ਦਾ ਮਜ਼ਬੂਤ ਬਦਲ ਪੇਸ਼ ਕੀਤਾ ਜਾਵੇਗਾ।

2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦਾ ਮੁੱਖ ਮੰਤਰੀ ਲਈ ਚਿਹਰਾ ਪਾਰਟੀ ਦੀ ਪੀ.ਏ.ਸੀ. ਦੀ ਬੈਠਕ ਵਿਚ ਤੈਅ ਹੋਵੇਗਾ। ਆਮ ਆਦਮੀ ਪਾਰਟੀ ਦੇ ਕੌਮੀ ਆਗੂ ਤੇ ਪੰਜਾਬ ਵਿਚ ਆਬਜ਼ਰਵਰ ਸੰਜੇ ਸਿੰਘ ਦਾ ਕਹਿਣਾ ਹੈ ਕਿ ਆਮ ਆਦਮੀ ਪਾਰਟੀ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਦਿੱਲੀ ਵਰਗੀ ਜਿੱਤ ਹਾਸਲ ਕਰੇਗੀ। ਪਾਰਟੀ ਦਾ ਮੁੱਖ ਮੁੱਦਾ ਭ੍ਰਿਸ਼ਟਾਚਾਰ ਹੋਵੇਗਾ ਤੇ ਦਿੱਲੀ ਮਾਡਲ ਨੂੰ ਪੰਜਾਬ ਵਿਚ ਲਾਗੂ ਕਰਕੇ 'ਆਪ' ਦਾ ਝੰਡਾ ਬੁਲੰਦ ਕੀਤਾ ਜਾਵੇਗਾ। ਸੂਬੇ ਵਿਚ 'ਬੇਈਮਾਨ ਭਜਾਓ ਪੰਜਾਬ ਬਚਾਓ' ਯਾਤਰਾ ਨੂੰ ਮਿਲੇ ਹੁੰਗਾਰੇ ਪਿੱਛੋਂ ਪਾਰਟੀਆਂ ਆਗੂਆਂ ਦੇ ਹੌਸਲੇ ਬੁਲੰਦ ਹਨ। ਸ੍ਰੀ ਸੰਜੇ ਸਿੰਘ ਨੇ ਕਿਹਾ ਕਿ 1984 ਦੇ ਸਿੱਖ ਵਿਰੋਧੀ ਦੰਗਿਆਂ ਵਿਚ ਮਾਰੇ ਗਏ ਲੋਕਾਂ ਦੇ ਸਬੰਧੀਆਂ ਦੀ ਪੀੜ ਦਾ ਅਹਿਸਾਸ ਕਿਸੇ ਪਾਰਟੀ ਨੂੰ ਨਹੀਂ ਹੋਇਆ, 30 ਸਾਲ ਬਾਅਦ ਆਮ ਆਦਮੀ ਪਾਰਟੀ ਦੀ ਸਰਕਾਰ ਚਾਹੇ 49 ਦਿਨਾਂ ਲਈ ਬਣੀ ਪਰ ਐਸ.ਆਈ.ਟੀ ਦਾ ਗਠਨ ਕਰ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਕਦਮ ਚੁੱਕ ਅਹਿਮ ਭੂਮਿਕਾ ਅਦਾ ਕੀਤੀ ਸੀ। ਇਸ ਮਾਮਲੇ ਵਿਚ ਕੇਂਦਰ ਸਰਕਾਰ ਵੱਲੋਂ ਕੋਈ ਮਦਦ ਮਿਲੇ ਜਾਂ ਨਾ ਮਿਲੇ 'ਆਪ' ਦੀ ਸਰਕਾਰ ਬਗ਼ੈਰ ਮੋਹਤਾਜ਼ਗੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਤੇ ਪਰਿਵਾਰਾਂ ਨੂੰ ਸਹਾਇਤਾ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਅਗਾਮੀ ਚੋਣਾਂ ਵਿਚ ਪੰਜਾਬ ਵਿਚ ਦਿੱਲੀ ਵਾਲਾ ਇਤਿਹਾਸ ਦੁਹਰਾਉਂਦਿਆਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ। ਸੰਜੇ ਸਿੰਘ ਨੇ ਕਿਹਾ ਕਿ ਪੰਜਾਬ ਵਿਚ ਭ੍ਰਿਸ਼ਟਾਚਾਰ, ਨਸ਼ਾਖੋਰੀ, ਜ਼ਮੀਨ ਮਾਫ਼ੀਆ, ਟਰਾਂਸਪੋਰਟ ਮਾਫ਼ੀਆ, ਐਜੂਕੇਸ਼ਨ ਮਾਫ਼ੀਆ ਤੇ ਰੇਤਾ-ਬਜਰੀ ਮਾਫ਼ੀਆ ਨੇ ਲੋਕਾਂ ਨੂੰ ਪ੍ਰੇਸ਼ਾਨ ਕੀਤਾ ਹੋਇਆ ਹੈ। ਪੰਜਾਬ ਦੇ ਕਿਸਾਨਾਂ ਦੀ ਹਾਲਤ ਇੰਨੀ ਬੁਰੀ ਹੋ ਗਈ ਹੈ ਕਿ ਉਹ ਖ਼ੁਦਕੁਸ਼ੀਆਂ ਲਈ ਮਜਬੂਰ ਹਨ। ਮੋਗਾ ਕਾਂਡ ਨੇ ਸਾਬਤ ਕਰ ਦਿੱਤਾ ਹੈ ਕਿ ਸਰਕਾਰ ਔਰਤਾਂ ਦੀ ਸੁਰੱਖਿਆ ਨੂੰ ਲੈ ਕੇ ਗੰਭੀਰ ਨਹੀਂ ਹੈ। ਉਨ੍ਹਾਂ ਦਾਅਵਾ ਕੀਤਾ ਕਿ ਲੋਕ ਸਰਕਾਰ ਤੋਂ ਇਸ ਕਦਰ ਦੁਖੀ ਹਨ ਕਿ ਉਨ੍ਹਾਂ ਨੇ ਹੁਣ 2017 ਦੀਆਂ ਚੋਣਾਂ ਵਿਚ ਆਮ ਆਦਮੀ ਪਾਰਟੀ ਨੂੰ ਜਿਤਾਉਣ ਦਾ ਮਨ ਬਣਾ ਲਿਆ ਹੈ।

ਉਨ੍ਹਾਂ ਕਿਹਾ ਕਿ 'ਬੇਈਮਾਨ ਭਜਾਓ, ਪੰਜਾਬ ਬਚਾਓ' ਜਨ ਚੇਤਨਾ ਯਾਤਰਾ ਦੀ ਸਫ਼ਲਤਾ ਦਾ ਸਿਹਰਾ ਪੰਜਾਬ ਦੇ ਕਨਵੀਨਰ ਸਮੇਤ ਸਾਰੇ ਜ਼ਿਲ੍ਹਿਆਂ ਦੇ ਕਨਵੀਨਰਾਂ ਤੇ ਸਰਗਰਮ ਵਲੰਟੀਅਰਾਂ ਨੂੰ ਜਾਂਦਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਪੂਰੇ ਪੰਜਾਬ ਵਿਚ ਦੋ ਮਹੀਨਿਆਂ ਅੰਦਰ ਹੀ ਮਹਿਲਾ ਵਿੰਗ, ਯੂਥ ਵਿੰਗ ਤੇ ਵਿਦਿਆਰਥੀ ਵਿੰਗ ਦਾ ਗਠਨ ਕੀਤਾ ਜਾਵੇਗਾ ਜਦਕਿ ਚਾਰ ਮਹੀਨਿਆਂ ਵਿਚ ਪੰਜਾਬ ਬਾਡੀ ਦੀ ਐਲਾਨ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਮੋਗਾ ਕਾਂਡ ਵਰਗੀਆਂ ਘਿਨੌਣੀਆਂ ਵਾਰਦਾਤਾਂ ਖ਼ਿਲਾਫ਼ ਆਮ ਆਦਮੀ ਪਾਰਟੀ ਸੜਕਾਂ ਉਤੇ ਆ ਕੇ ਸੰਘਰਸ਼ ਕਰੇਗੀ।

ਆਮ ਆਦਮੀ ਪਾਰਟੀ ਦੇ ਪੰਜਾਬ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਕਿਹਾ ਕਿ ਅੱਜ ਪੰਜਾਬ ਦੇ ਬਹਾਦਰ, ਅਣਖੀ ਤੇ ਨਿਆਂਪਸੰਦ ਲੋਕ ਅਕਾਲੀ ਦਲ-ਭਾਜਪਾ ਸਰਕਾਰ ਅਤੇ ਕਾਂਗਰਸ ਦੀਆਂ ਲੋਕ ਵਿਰੋਧੀ ਨੀਤੀਆਂ ਤੇ ਧੱਕੇਸ਼ਾਹੀਆਂ ਤੋਂ ਤੰਗ ਆ ਚੁੱਕੇ ਹਨ, ਇਸ ਲਈ ਉਹ ਇਸ ਨਿਜ਼ਾਮ ਨੂੰ ਬਦਲਣ ਲਈ ਕਾਹਲੇ ਹਨ। ਸ. ਛੋਟੇਪੁਰ ਨੇ ਕਿਹਾ ਕਿ 2017 ਵਿਚ ਹੋਣ ਵਾਲੀਆਂ ਅਸੈਂਬਲੀ ਚੋਣਾਂ ਦੌਰਾਨ ਪੰਜਾਬ ਵਿਚ ਵੀ ਆਮ ਆਦਮੀ ਪਾਰਟੀ ਨੂੰ ਦਿੱਲੀ ਵਾਂਗ ਹੂੰਝਾਂ ਫੇਰ ਜਿੱਤ ਪ੍ਰਾਪਤ ਹੋਵੇਗੀ।

### ਯਾਦਵ ਧੜੇ ਵੱਲੋਂ ਵੀ ਪੈਰ ਜਮਾਉਣ ਲਈ ਮਸ਼ਕਾਂ ਤੇਜ਼

**ਚੰਡੀਗੜ੍ਹ:** ਪੰਜਾਬ ਦੀ ਸਿਆਸਤ ਵਿਚ ਨਵੀਂ ਹਿਲਜੁੱਲ ਹੋ ਰਹੀ ਹੈ। ਆਮ ਆਦਮੀ ਪਾਰਟੀ ਤੋਂ ਬਾਗੀ ਹੋਏ ਯੋਗੇਂਦਰ ਯਾਦਵ ਧੜਾ ਵੀ ਲੁਧਿਆਣਾ ਵਿਚ ਸਵਰਾਜ ਸੰਵਾਦ ਪ੍ਰੋਗਰਾਮ ਕਰਕੇ ਸੂਬੇ ਦੀ ਰਾਜਨੀਤੀ ਨੂੰ ਫੜਨ ਦੀ ਕੋਸ਼ਿਸ਼ ਕਰ ਰਹੇ। ਯਾਦਵ ਦਾ ਕਹਿਣਾ ਹੈ ਕਿ ਬਦਲਾਅ ਦੀ ਰਾਜਨੀਤੀ ਦਾ ਆਰੰਭ ਪੰਜਾਬ ਤੋਂ ਹੀ ਕੀਤਾ ਜਾ ਰਿਹਾ ਹੈ। ਪੰਜਾਬ ਵਿਚ 2017 ਦੀਆਂ ਵਿਧਾਨ ਸਭਾ ਚੋਣਾਂ ਲੜਨ ਬਾਰੇ ਯਾਦਵ ਦਾ ਕਹਿਣਾ ਹੈ ਕਿ ਸਵਰਾਜ ਲਹਿਰ ਦਾ ਮੁੱਖ ਏਜੰਡਾ ਹੀ ਦੇਸ਼ ਦੀ ਰਾਜਨੀਤੀ ਵਿਚ ਬਦਲਾਅ ਲੈ ਕੇ ਆਉਣਾ ਹੈ। ਪਹਿਲਾਂ ਪੰਜਾਬ ਦੇ ਲੋਕਾਂ ਨਾਲ ਥਾਂ-ਥਾਂ ਜਾ ਕੇ ਸੰਵਾਦ ਕੀਤਾ ਜਾਵੇਗਾ। ਫੇਰ ਲੋਕਾਂ ਦੀ ਰਾਏ ਅਨੁਸਾਰ ਹੀ ਚੋਣ ਲੜਨ ਬਾਰੇ ਰਣਨੀਤੀ ਬਣੇਗੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਅਕਾਲੀ ਦਲ ਦਾ ਨਹੀਂ ਸਗੋਂ ਬਾਦਲ ਪਰਿਵਾਰ ਦਾ ਰਾਜ ਹੈ ਜਿਸ ਤੋਂ ਪੰਜਾਬ ਨੂੰ ਮੁਕਤੀ ਮਿਲਣੀ ਜ਼ਰੂਰੀ ਹੈ।

# ਅਧਿਆਪਕਾਂ ਨੂੰ 6 ਮਹੀਨੇ ਤੋਂ ਤਨਖਾਹ ਹੀ ਨਾ ਦਿੱਤੀ

**ਚੰਡੀਗੜ੍ਹ:** ਸਿੱਖਿਆ ਵਿਭਾਗ ਪੰਜਾਬ ਵਿਚ ਸਰਵ ਸਿੱਖਿਆ ਅਭਿਆਨ ਤੇ ਰਮਸਾ ਅਧੀਨ ਕੰਮ ਕਰਦੇ 28 ਹਜ਼ਾਰ ਤੋਂ ਵੱਧ ਅਧਿਆਪਕ ਤੇ ਮੁਲਾਜ਼ਮ ਤਿੰਨ ਮਹੀਨਿਆਂ ਤੋਂ ਤਨਖਾਹਾਂ ਤੋਂ ਵਾਂਝੇ ਹਨ। ਇਨ੍ਹਾਂ ਵਿਚੋਂ ਤਕਰੀਬਨ 8800 ਅਧਿਆਪਕਾਂ ਨੂੰ ਛੇ ਮਹੀਨਿਆਂ ਤੋਂ ਤਨਖਾਹਾਂ ਨਸੀਬ ਨਹੀਂ ਹੋਈਆਂ। ਸਰਕਾਰ ਇਨ੍ਹਾਂ ਮੁਲਾਜ਼ਮਾਂ ਨੂੰ ਨਵਾਂ ਵਿੱਤੀ ਸਾਲ ਸ਼ੁਰੂ ਹੋਣ ਤੋਂ ਬਾਅਦ ਇਕ ਧੇਲਾ ਵੀ ਮੁਹੱਈਆ ਨਹੀਂ ਕਰ ਸਕੀ। 7500 ਦੇ ਕਰੀਬ ਅਧਿਆਪਕਾਂ ਨੂੰ ਤਾਂ ਪਿਛਲੇ ਵਿੱਤੀ ਸਾਲ ਵਿਚ ਪੈਂਦੇ ਫਰਵਰੀ ਮਹੀਨੇ ਦੀ ਤਨਖਾਹ ਵੀ ਨਹੀਂ ਦਿੱਤੀ ਗਈ।

ਅਧਿਆਪਕਾਂ ਦੀਆਂ ਤਨਖਾਹਾਂ ਦਾ ਮਾਮਲਾ ਪੰਜਾਬ ਦੇ ਵਿੱਤ ਵਿਭਾਗ ਵਿਚ ਹੀ ਅਟਕਿਆ ਪਿਆ ਹੈ। ਦੱਸਣਯੋਗ ਹੈ ਕਿ ਸਰਵ ਸਿੱਖਿਆ ਅਭਿਆਨ ਤੇ ਰਮਸਾ ਅਧੀਨ ਟੀਚਿੰਗ ਤੇ ਨਾਨ-ਟੀਚਿੰਗ ਮੁਲਾਜ਼ਮਾਂ ਦੀਆਂ ਤਨਖਾਹਾਂ ਲਈ ਕੇਂਦਰ ਸਰਕਾਰ ਵੱਲੋਂ 65 ਤੇ ਪੰਜਾਬ ਸਰਕਾਰ ਵੱਲੋਂ 35 ਫੀਸਦੀ ਗਰਾਂਟਾਂ ਜਾਰੀ ਕੀਤੀਆਂ ਜਾਂਦੀਆਂ ਹਨ। ਸੂਤਰਾਂ ਅਨੁਸਾਰ ਹਰੇਕ ਵਰ੍ਹੇ ਗਰਾਂਟਾਂ ਹਾਸਲ ਕਰਨ ਲਈ ਸਿੱਖਿਆ ਵਿਭਾਗ ਪੂਰੇ ਸਾਲ ਦਾ ਬਜਟ ਪਲਾਨ ਤਿਆਰ ਕਰਕੇ ਮੁੱਖ ਸਕੱਤਰ ਪੰਜਾਬ ਦੀ ਅਗਵਾਈ ਹੇਠ ਬਣੀ ਕਮੇਟੀ ਮੂਹਰੇ ਪੇਸ਼ ਕਰਦਾ ਹੈ। ਇਸ ਕਮੇਟੀ ਵੱਲੋਂ ਫਰਵਰੀ ਦੌਰਾਨ ਹੀ ਸਾਲ 2015-16 ਦਾ ਪ੍ਰੋਜੈਕਟ ਮਨਜ਼ੂਰ ਕਰਕੇ ਅਗਲੀ ਪ੍ਰਵਾਨਗੀ ਲਈ ਕੇਸ ਕੇਂਦਰ ਸਰਕਾਰ ਨੂੰ ਭੇਜਿਆ ਗਿਆ ਹੈ। ਕੇਂਦਰ ਵਿਚ ਸਮੂਹ ਰਾਜਾਂ ਨੂੰ ਇਨ੍ਹਾਂ ਸਕੀਮਾਂ ਅਧੀਨ ਗਰਾਂਟਾਂ ਮੁਹੱਈਆ ਕਰਨ ਲਈ ਪ੍ਰਾਜੈਕਟ ਅਪਰੂਵਲ ਬੋਰਡ ਗਠਿਤ ਕੀਤਾ ਗਿਆ ਹੈ। ਇਸ ਬੋਰਡ ਵੱਲੋਂ ਪ੍ਰਾਜੈਕਟ ਮਨਜ਼ੂਰ ਕਰਨ ਤੋਂ ਬਾਅਦ ਹੀ ਕੇਂਦਰ ਸਰਕਾਰ ਗਰਾਂਟ ਜਾਰੀ ਕਰਦੀ ਹੈ। ਸੂਤਰਾਂ ਅਨੁਸਾਰ ਇਸ ਵਰ੍ਹੇ ਪਹਿਲੀ ਵਾਰ ਕੇਂਦਰੀ ਗਰਾਂਟਾਂ ਇੰਨੀਆਂ ਲੰਮੀਆਂ ਲਟਕੀਆਂ ਹਨ। ਪਤਾ ਲੱਗਿਆ ਹੈ ਕਿ ਭਾਰਤ ਸਰਕਾਰ ਵੱਲੋਂ ਗਰਾਂਟਾਂ ਦੀ ਅਣਹੋਂਦ ਕਾਰਨ ਸਰਵ ਸਿੱਖਿਆ ਅਭਿਆਨ ਤੇ ਰਮਸਾ ਅਧੀਨ ਕੰਮ ਕਰਦੇ 10,500 ਅਧਿਆਪਕਾਂ, 7500 ਐਸ.ਟੀ.ਆਰ./ ਈ.ਜੀ.ਐਸ., 7000 ਸਿੱਖਿਆ ਪ੍ਰੋਵਾਈਡਰਾਂ, 1300 ਆਈ.ਈ.ਵੀ. ਤੇ 423 ਸਪੈਸ਼ਲ ਅਧਿਆਪਕਾਂ ਨੂੰ ਤਨਖਾਹਾਂ ਨਸੀਬ ਨਹੀਂ ਹੋਈਆਂ। 1400 ਦਫ਼ਤਰੀ ਮੁਲਾਜ਼ਮਾਂ ਨੂੰ ਮਾਰਚ 2015 ਤੋਂ ਤਨਖਾਹਾਂ ਨਹੀਂ ਮਿਲੀਆਂ, ਜਦੋਂ ਕਿ 10500 ਅਧਿਆਪਕਾਂ, 7000 ਸਿੱਖਿਆ ਪ੍ਰੋਵਾਈਡਰਾਂ ਤੇ 423 ਸਪੈਸ਼ਲ ਅਧਿਆਪਕਾਂ ਨੂੰ ਫਰਵਰੀ 2015 ਤੋਂ ਤਨਖਾਹਾਂ ਨਸੀਬ ਨਹੀਂ ਹੋਈਆਂ। 7500 ਐਸ.ਟੀ.ਆਰ./ਏ.ਆਈ.ਆਰ. ਵਲੰਟੀਅਰ ਤੇ 1300 ਦੇ ਕਰੀਬ ਆਈ.ਈ. ਵਲੰਟੀਅਰ ਨਵੰਬਰ 2014 ਤੋਂ ਤਨਖਾਹਾਂ ਬਿਨਾਂ ਗੁਜ਼ਾਰਾ ਕਰ ਰਹੇ ਹਨ। ਕੇਂਦਰ ਵੱਲੋਂ ਇਹ ਸਕੀਮਾਂ ਬੰਦ ਕਰਨ ਕਾਰਨ ਇਨ੍ਹਾਂ ਮੁਲਾਜ਼ਮਾਂ ਦੀ ਸਥਿਤੀ ਡਾਵਾਂਡੋਲ ਬਣੀ ਪਈ ਹੈ। ਸਰਵ ਸਿੱਖਿਆ ਅਭਿਆਨ/ਰਮਸਾ ਦਫ਼ਤਰੀ ਕਰਮਚਾਰੀ ਯੂਨੀਅਨ ਦੇ ਮੀਤ ਪ੍ਰਧਾਨ ਅਸ਼ੀਸ਼ ਜੁਲਾਹਾ ਨੇ ਕਿਹਾ ਕਿ ਸਰਕਾਰ ਮੁਲਾਜ਼ਮਾਂ ਨੂੰ ਨਿਗੂਣੀਆਂ ਤਨਖਾਹਾਂ ਦੇਣ ਤੋਂ ਵੀ ਅਸਮਰੱਥ ਹੈ।


ਇਸ ਬਜਟ ਵਿਚ ਸੂਬਾ ਸਰਕਾਰ ਵੀ ਹਿੱਸਾ ਪਾਉਂਦੀ ਹੈ ਪਰ ਅਧਿਕਾਰੀ ਤਨਖਾਹਾਂ ਦਾ ਕੋਈ ਪ੍ਰਬੰਧ ਨਾ ਕਰ ਸਕੇ। ਡਾਇਰੈਕਟਰ ਜਨਰਲ ਸਕੂਲ ਸਿੱਖਿਆ (ਡੀ.ਜੀ.ਐਸ.ਈ.) ਪ੍ਰਦੀਪ ਅਗਰਵਾਲ ਨੇ ਮੰਨਿਆ ਕਿ ਕੇਂਦਰੀ ਗਰਾਂਟਾਂ ਜਾਰੀ ਨਾ ਹੋਣ ਕਾਰਨ ਇਨ੍ਹਾਂ ਸਕੀਮਾਂ ਅਧੀਨ ਕੰਮ ਕਰਦੇ ਮੁਲਾਜ਼ਮਾਂ ਤੇ ਅਧਿਆਪਕਾਂ ਦੀਆਂ ਤਨਖਾਹਾਂ ਰੁਕੀਆਂ ਹਨ।

## ਆਈ.ਐਸ. ਦੀ ਅੱਖ ਪਾਕਿਸਤਾਨੀ ਪਰਮਾਣੂ ਹਥਿਆਰਾਂ ਉਤੇ

**ਵਾਸ਼ਿੰਗਟਨ:** ਇਸਲਾਮਿਕ ਸਟੇਟ ਜਥੇਬੰਦੀ ਨੇ ਆਪਣੇ ਆਨਲਾਈਨ ਐਡੀਸ਼ਨ 'ਦਾਬੋਕ' ਉਤੇ ਲਿਖੇ ਲੇਖ 'ਚ ਪਾਕਿਸਤਾਨ ਤੋਂ ਪਰਮਾਣੂ ਹਥਿਆਰ ਖ਼ਰੀਦ ਕੇ ਅਮਰੀਕਾ 'ਤੇ ਹਮਲਾ ਕਰਨ ਦਾ ਇਰਾਦਾ ਜਤਾਇਆ ਹੈ। ਲੇਖ 'ਚ ਅਮਰੀਕਾ ਪੁੱਜਣ ਦੀ ਵੀ ਪੂਰੀ ਜਾਣਕਾਰੀ ਦਿੱਤੀ ਹੈ।

## ਨੋਬਲ ਇਨਾਮ ਜੇਤੂ ਗਣਿਤ ਸ਼ਾਸਤਰੀ ਜੌਹਨ ਨੈਸ਼ ਦੀ ਹਾਦਸੇ 'ਚ ਮੌਤ

**ਨਿਊ ਜਰਸੀ (ਬਿਊਰੋ):** ਨੋਬਲ ਇਨਾਮ ਜੇਤੂ ਸ਼ਖਸੀਅਤ ਜੌਹਨ ਨੈਸ਼, ਜਿਸ ਨੇ 'ਏ ਬਿਊਟੀਫੁਲ ਮਾਈਂਡ' ਨਾਂ ਦੀ ਫਿਲਮ ਦੇ ਨਿਰਮਾਤਾ ਨੂੰ ਫਿਲਮ ਬਣਾਉਣ ਲਈ ਪ੍ਰੇਰਿਤ ਕੀਤਾ, ਦੀ



ਲੰਘੇ ਸਨਿਚਰਵਾਰ ਇਕ ਹਾਦਸੇ ਵਿਚ ਮੌਤ ਹੋ ਗਈ।

ਇਸ ਹਾਦਸੇ ਵਿਚ ਗਣਿਤ ਸ਼ਾਸਤਰੀ ਜੌਹਨ ਨੈਸ਼ ਅਤੇ ਉਨ੍ਹਾਂ ਦੀ ਪਤਨੀ ਵੀ ਮਾਰੀ ਗਈ। ਮੀਡੀਆ ਰਿਪੋਰਟਾਂ ਅਨੁਸਾਰ ਇਹ ਜੋੜਾ ਇਕ ਟੈਕਸੀ ਵਿਚ ਜਾ ਰਿਹਾ ਸੀ ਕਿ ਟੈਕਸੀ ਡਰਾਈਵਰ ਅਚਾਨਕ ਕੰਟਰੋਲ ਗਵਾ ਬੈਠਾ ਅਤੇ ਕਾਰ ਹਾਦਸੇ ਦਾ ਸ਼ਿਕਾਰ ਹੋ ਗਈ।


CITGO Gas Station For Sale

*in Benton Harbor, MI*

New Building and new pumps, good location near airport

Sale: inside grocery $80,000

Gas $55,000 gallons

Monthly lottery sale $30,000

Call: 269-921-3950 or 414-406-1737

ਗੈਸ ਸਟੇਸ਼ਨ ਵਿਕਾਊ ਹੈ

*ਬੈਨਟਨ ਹਾਰਬਰ, ਮਿਸ਼ੀਗਨ ਵਿਚ*

ਬਿਲਕੁਲ ਨਵੀਂ ਬਿਲਡਿੰਗ ਅਤੇ ਨਵੇਂ ਪੰਪ,

ਏਅਰਪੋਰਟ ਦੇ ਨਜ਼ਦੀਕ, ਵਧੀਆ ਲੋਕੇਸ਼ਨ

ਮੰਥਲੀ ਸੇਲ: ਗਰੌਸਰੀ $80,000

ਗੈਸ $55,000 ਗੈਲਨ; ਲਾਟਰੀ $30,000

ਫੋਨ: 269-921-3950 ਜਾਂ 414-406-1737



Upgrade your Security Cameras to High Definition at very reasonable prices




*For a Free Demo of our new HD Cameras Please Contact us*

Balbir S Sidhu

209-495-3905 (Cell)

www.dvrunlimited.com

Toll Free (888) 233-4566

DVRunlimited Inc.

Installation Available



Wanted Tanduria, Cook & Helper

Indian Restaurant in Indianapolis, IN needs Tanduria, Cook, Waiters & Helper immediately.

Good Salary, Free accommodation

Contact: Kulwinder Singh

Ph. 317-437-0367

ਤੰਦੂਰੀਏ, ਕੁੱਕ, ਹੈਲਪਰ ਦੀ ਲੋੜ ਹੈ

ਇੰਡੀਅਨਐਪੋਲਿਸ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਕੁੱਕ, ਹੈਲਪਰਾਂ ਅਤੇ ਵੇਟਰਾਂ ਦੀ ਤੁਰੰਤ ਜ਼ਰੂਰਤ ਹੈ

ਚੰਗੀ ਤਨਖਾਹ ਤੇ ਰਿਹਾਇਸ਼ ਮੁਫਤ

*ਸੰਪਰਕ ਕਰੋ: ਕੁਲਵਿੰਦਰ ਸਿੰਘ*

ਫੋਨ: 317-437-0367

19-22

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਗੁਰੂ ਗੋਬਿੰਦ ਸਿੰਘ ਦੀ ਕਲਗੀ ਬਾਰੇ ਮੁੜ ਵਿਵਾਦ

**ਅੰਮ੍ਰਿਤਸਰ:** ਗੁਰੂ ਸਾਹਿਬ ਦੇ ਸ਼ਸਤਰਾਂ, ਵਸਤਰਾਂ ਤੇ ਹੋਰ ਨਿਸ਼ਾਨੀਆਂ ਦੇ ਸੰਗਤਾਂ ਨੂੰ ਦਰਸ਼ਨ ਕਰਾਉਣ ਦੀ ਸ਼ੁਰੂ ਕੀਤੀ ਮੁਹਿੰਮ ਕਾਰਨ 2009 ਵਿਚ ਵਿਦੇਸ਼ ਤੋਂ ਲਿਆਂਦੀ ਗਈ ਗੁਰੂ ਗੋਬਿੰਦ ਸਿੰਘ ਦੀ ਕਲਗੀ ਦਾ ਮਾਮਲਾ ਮੁੜ ਉਭਰਿਆ ਹੈ। ਇਹ ਕਲਗੀ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧਕਾਂ ਦੇ ਪ੍ਰਬੰਧ ਹੇਠ ਰੱਖੇ ਅਹਿਮ ਖ਼ਜ਼ਾਨੇ ਵਿਚ ਸੰਭਾਲ ਕੇ ਰੱਖੀ ਹੋਈ ਹੈ ਤੇ ਹੁਣ ਤੱਕ ਇਸ ਦੀ ਪ੍ਰਮਾਣਿਕਤਾ ਦਾ ਫ਼ੈਸਲਾ ਨਹੀਂ ਹੋ ਸਕਿਆ ਹੈ। ਪੰਜਾਬ ਸਰਕਾਰ ਵੱਲੋਂ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਅੱਜ ਕੱਲ੍ਹ ਗੁਰੂ ਸਾਹਿਬ ਦੇ ਸ਼ਸਤਰ, ਵਸਤਰ ਤੇ ਹੋਰ ਅਹਿਮ ਨਿਸ਼ਾਨੀਆਂ ਦੇ ਸਿੱਖ ਸੰਗਤਾਂ ਨੂੰ ਦਰਸ਼ਨ ਕਰਾਉਣ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਨੂੰ ਸੰਗਤਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ। ਖਾਸ ਕਰਕੇ ਮਾਝੇ ਵਿਚ ਸ਼ਰਧਾਲੂਆਂ ਨੇ ਹੁੰਮਹੁਮਾ ਕੇ ਇਨ੍ਹਾਂ ਪੁਰਾਤਨ ਨਿਸ਼ਾਨੀਆਂ ਦੇ ਦਰਸ਼ਨ ਕੀਤੇ ਹਨ।



ਸਿੱਖ ਸੰਗਤਾਂ ਦੀ ਇਹ ਵੀ ਮੰਗ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਸਮੂਹ ਗੁਰਦੁਆਰਿਆਂ ਤੇ ਹੋਰ ਥਾਵਾਂ ਉਤੇ ਰੱਖੀਆਂ ਅਜਿਹੀਆਂ ਅਹਿਮ ਨਿਸ਼ਾਨੀਆਂ ਦੇ ਸੰਗਤਾਂ ਨੂੰ ਦਰਸ਼ਨ ਕਰਾਉਣ ਦਾ ਵੀ ਪ੍ਰਬੰਧ ਹੋਣਾ ਚਾਹੀਦਾ ਹੈ ਤਾਂ ਜੋ ਤਾਲੇ ਦੇ ਪਿੱਛੇ ਪਈਆਂ ਇਹ ਅਹਿਮ ਨਿਸ਼ਾਨੀਆਂ ਲੋਕਾਂ ਦੇ ਸਾਹਮਣੇ ਆ ਸਕਣ।

ਇਸੇ ਦੌਰਾਨ ਹੀ ਗੁਰੂ ਗੋਬਿੰਦ ਸਿੰਘ ਦੀ ਕਲਗੀ ਦਾ ਜ਼ਿਕਰ ਵੀ ਸਾਹਮਣੇ ਆਇਆ ਹੈ। ਇਹ ਕਲਗੀ 2009 ਵਿਚ ਪੰਜਾਬ ਪੁਲਿਸ ਦੇ ਇਕ ਉਚ ਅਧਿਕਾਰੀ ਤੇ ਇਕ ਹੋਰ ਅਹਿਮ ਸ਼ਖਸੀਅਤ ਵੱਲੋਂ ਇੰਗਲੈਂਡ ਤੋਂ ਲਿਆਂਦੀ ਗਈ ਸੀ, ਜਿਸ ਬਾਰੇ ਦਾਅਵਾ ਕੀਤਾ ਗਿਆ ਸੀ ਕਿ ਇਹ ਕਲਗੀ ਗੁਰੂ ਗੋਬਿੰਦ ਸਿੰਘ ਦੀ ਹੈ, ਜੋ ਉਹ ਆਪਣੀ ਦਸਤਾਰ 'ਤੇ ਸਜਾਉਂਦੇ ਹੁੰਦੇ ਸਨ ਪਰ ਉਸ ਵੇਲੇ ਹੀ ਇਸ ਕਲਗੀ ਦੀ ਪ੍ਰਮਾਣਿਕਤਾ ਨੂੰ ਲੈ ਕੇ ਵਿਵਾਦ ਉਭਰਿਆ ਸੀ, ਜਿਸ ਕਾਰਨ ਲੋਕਾਂ ਵਿਚ ਇਸ ਕਲਗੀ ਦੀ ਪ੍ਰਮਾਣਿਕਤਾ ਬਾਰੇ ਭੰਬਲਭੂਸਾ ਪੈਦਾ ਹੋ ਗਿਆ ਤੇ ਇਸ ਕਲਗੀ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਖ਼ਜ਼ਾਨੇ ਵਿਚ ਸੰਭਾਲ ਕੇ ਰੱਖ ਦਿੱਤਾ ਗਿਆ, ਜੋ ਕਿ ਹੁਣ ਵੀ ਉਥੇ ਮੌਜੂਦ ਹੈ। ਕਲਗੀ ਦੀ ਪ੍ਰਮਾਣਿਕਤਾ ਬਾਰੇ ਜਦੋਂ ਵਿਵਾਦ ਪੈਦਾ ਹੋਇਆ ਤਾਂ ਉਸ ਵੇਲੇ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਮਾਣਿਕਤਾ ਨੂੰ ਜਾਂਚਣ ਲਈ ਮਾਹਿਰਾਂ ਦੀ ਇਕ ਕਮੇਟੀ ਬਣਾਈ ਗਈ ਸੀ, ਜਿਸ ਵਿਚ ਪੁਰਾਤਤਵ ਵਿਭਾਗ ਨਾਲ ਸਬੰਧਤ ਮਾਹਿਰ, ਇਤਿਹਾਸਕਾਰ, ਸਿੱਖ ਬੁੱਧੀਜੀਵੀ ਆਦਿ ਸ਼ਾਮਲ ਸਨ। ਉਸ ਵੇਲੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਵੱਲੋਂ ਇਸ ਕਲਗੀ ਦਾ ਕੈਮੀਕਲ ਪ੍ਰੀਖਣ ਕਰਾਉਣ ਦੀ ਵੀ ਤਜਵੀਜ਼ ਰੱਖੀ ਗਈ ਸੀ ਤਾਂ ਜੋ ਇਸ ਦੀ ਪੁਰਾਤਨਤਾ ਸਾਹਮਣੇ ਆ ਸਕੇ ਪਰ ਇਸ ਨੂੰ ਲਿਆਉਣ ਵਾਲਿਆਂ ਨੇ ਉਸ ਵੇਲੇ ਅਜਿਹੇ ਪ੍ਰੀਖਣ ਦਾ ਵਿਰੋਧ ਕੀਤਾ ਸੀ। ਕਲਗੀ ਦੀ ਪ੍ਰਮਾਣਿਕਤਾ ਲਈ ਬਣਾਈ ਗਈ ਕਮੇਟੀ ਦੇ ਮੈਂਬਰ ਡਾ. ਬਲਵੰਤ ਸਿੰਘ ਢਿੱਲੋਂ ਨੇ ਦੱਸਿਆ ਕਿ ਉਸ ਵੇਲੇ ਕਮੇਟੀ ਦੀ ਇਕ ਮੀਟਿੰਗ ਹੋਈ ਸੀ, ਜਿਸ ਵਿਚ ਕਲਗੀ ਲਿਆਉਣ ਵਾਲਿਆਂ ਨੂੰ ਸਬੰਧਤ ਦਸਤਾਵੇਜ਼ ਸੌਂਪਣ ਲਈ ਆਖਿਆ ਗਿਆ ਸੀ ਪਰ ਉਨ੍ਹਾਂ ਵੱਲੋਂ ਲੋੜੀਂਦੇ ਦਸਤਾਵੇਜ਼ ਨਹੀਂ ਦਿੱਤੇ ਗਏ ਸਨ।

ਇਸ ਕਾਰਨ ਜਾਂਚ ਦਾ ਕੰਮ ਵਿਚਾਲੇ ਹੀ ਲਟਕ ਗਿਆ ਸੀ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਸ਼ੁਰੂ ਤੋਂ ਹੀ ਇਸ ਕਲਗੀ ਦੀ ਇਤਿਹਾਸਕਤਾ ਤੇ ਪੁਰਾਤਨਤਾ ਬਾਰੇ ਸੰਦੇਹ ਸਨ। ਇਸ ਦੀ ਪ੍ਰਮਾਣਿਕਤਾ ਸਾਬਤ ਨਹੀਂ ਹੋ ਸਕੀ ਸੀ। ਇਸੇ ਲਈ ਇਸ ਨੂੰ ਖ਼ਜ਼ਾਨੇ ਵਿਚ ਰੱਖ ਦਿੱਤਾ ਗਿਆ ਸੀ। ਭਵਿੱਖ ਵਿਚ ਜੇਕਰ ਇਸ ਦੀ ਪ੍ਰਮਾਣਿਕਤਾ ਦੀ ਜਾਂਚ ਕਰਨ ਦੀ ਮੰਗ ਮੁੜ ਉਭਰਦੀ ਹੈ ਤਾਂ ਇਸ ਦੀ ਮੁੜ ਜਾਂਚ ਬਾਰੇ ਵਿਚਾਰ ਕੀਤਾ ਜਾਵੇਗਾ।

## ਮੁੰਬਈ ਹਮਲਾ ਦਲੇਰਾਨਾ ਫਿਦਾਈਨ ਕਾਰਵਾਈ ਕਰਾਰ

**ਵਾਸ਼ਿੰਗਟਨ:** ਉਸਾਮਾ ਬਿਨ-ਲਾਦਿਨ ਦੇ ਐਬਟਾਬਾਦ ਵਿਚਲੇ ਟਿਕਾਣੇ ਤੋਂ ਅਮਰੀਕਾ ਦੇ ਸੀਲ ਕਮਾਂਡੋਜ਼ ਵੱਲੋਂ ਜ਼ਬਤ ਕੀਤੇ ਅਲ-ਕਾਇਦਾ ਦੇ ਦਸਤਾਵੇਜ਼ ਵਿਚ ਪਾਕਿਸਤਾਨ ਆਧਾਰਤ ਲਸ਼ਕਰ-ਏ-ਤੋਇਬਾ ਵੱਲੋਂ ਕੀਤੇ ਮੁੰਬਈ ਹਮਲੇ ਨੂੰ 'ਦਲੇਰਾਨਾ ਫਿਦਾਇਨ ਕਾਰਵਾਈ' ਦੱਸਿਆ ਗਿਆ। ਇਸ ਤੋਂ ਇਲਾਵਾ ਪੁਣੇ ਵਿਚ ਜਰਮਨ ਬੇਕਰੀ ਉਤੇ ਹੋਏ ਹਮਲੇ ਦੀ ਵੀ ਸ਼ਲਾਘਾ ਕੀਤੀ ਗਈ। ਮੂਲ ਰੂਪ ਵਿਚ ਅੰਗਰੇਜ਼ੀ ਵਿਚ ਲਿਖੇ ਪੰਦਰਾਂ ਪੰਨਿਆਂ ਦੇ ਇਸ ਦਸਤਾਵੇਜ਼ ਵਿਚ ਮੁੰਬਈ ਹਮਲੇ ਨੂੰ 'ਪਵਿੱਤਰ ਕਾਰਵਾਈਆਂ' ਦੀ ਸੂਚੀ ਵਿਚ ਰੱਖਿਆ ਗਿਆ।

# ਬਾਦਲ ਵਿਰੁਧ ਮਾਣਹਾਨੀ ਦਾ ਕੇਸ ਤਬਦੀਲ

**ਚੰਡੀਗੜ੍ਹ:** ਯੂ.ਟੀ. ਦੇ ਜ਼ਿਲ੍ਹਾ ਤੇ ਸੈਸ਼ਨ ਜੱਜ ਐਸ.ਕੇ.ਅਗਰਵਾਲ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਿਰੁੱਧ ਦਾਇਰ ਮਾਣਹਾਨੀ ਦਾ ਕੇਸ ਚੰਡੀਗੜ੍ਹ ਦੇ ਚੀਫ਼ ਜੁਡੀਸ਼ਲ ਮੈਜਿਸਟ੍ਰੇਟ ਦੀ ਅਦਾਲਤ ਵਿਚ ਸੁਣਵਾਈ ਲਈ ਤਬਦੀਲ ਕਰ ਦਿੱਤਾ ਹੈ। ਪਟੀਸ਼ਨਰ ਜਗਦੀਪ ਸਿੰਘ ਚੌਹਾਨ ਨੇ ਅਰਜ਼ੀ ਦੇ ਕੇ ਜੁਡੀਸ਼ਲ ਮੈਜਿਸਟ੍ਰੇਟ ਦਰਜਾ ਅੱਵਲ ਨਵਜੀਤ ਕਲੇਰ ਦੀ ਅਦਾਲਤ ਵਿਚ ਕੇਸ ਚਲਾਉਣ ਦਾ ਵਿਰੋਧ ਕੀਤਾ ਸੀ।



ਗਵਾਹੀਆਂ ਲਈ ਕੇਸ ਦੀ ਅਗਲੀ ਸੁਣਵਾਈ ਪਹਿਲੀ ਜੁਲਾਈ ਨੂੰ ਹੋਵੇਗੀ। ਗੌਰਤਲਬ ਹੈ ਕਿ ਪਟੀਸ਼ਨਰ ਤੇ ਲੋਕ ਸੰਪਰਕ ਵਿਭਾਗ ਦੇ ਸਾਬਕਾ ਅਫਸਰ ਜਗਦੀਪ ਸਿੰਘ ਚੌਹਾਨ ਵੱਲੋਂ ਪ੍ਰਕਾਸ਼ ਸਿੰਘ ਬਾਦਲ ਤੇ ਚਾਰ ਹੋਰਾਂ ਖ਼ਿਲਾਫ਼ ਦੋ ਕਰੋੜ ਦੀ ਮਾਣਹਾਨੀ ਦਾ ਕੇਸ ਪਾਇਆ ਗਿਆ ਹੈ। ਕੇਸ ਵਿਚ ਉਸ ਵੇਲੇ ਦੇ ਲੋਕ ਸੰਪਰਕ ਮੰਤਰੀ ਮਰਹੂਮ ਨੱਥਾ ਸਿੰਘ ਦਾਲਮ ਤੇ ਚੀਫ਼ ਸੈਕਟਰੀ ਸਰਵੇਸ਼ ਕੌਸ਼ਲ ਸਮੇਤ ਤੇਰਾਂ ਜਣਿਆਂ ਨੂੰ ਧਿਰ ਬਣਾਇਆ ਗਿਆ ਹੇ। ਕੇਸ ਦਾ ਇਕ ਲੱਖ 43 ਹਜ਼ਾਰ ਦਾ ਖਰਚਾ ਵੱਖਰਾ ਮੰਗਿਆ ਗਿਆ ਹੈ।

ਪਟੀਸ਼ਨ ਵਿਚ ਸ੍ਰੀ ਚੌਹਾਨ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਵੱਲੋਂ ਉਸ ਖ਼ਿਲਾਫ਼ ਭ੍ਰਿਸ਼ਟਾਚਾਰ ਦਾ ਕੇਸ ਦਰਜ ਕੀਤਾ ਗਿਆ ਸੀ ਜਿਸ ਨਾਲ ਉਸ ਦੇ ਵੱਕਾਰ ਨੂੰ ਭਾਰੀ ਸੱਟ ਵੱਜੀ ਹੈ। ਪਟੀਸ਼ਨ ਮੁਤਾਬਕ ਉਸ ਉਤੇ ਖਾਲਸਾ ਸਾਜਨਾ ਦੇ ਤਿੰਨ ਸੌ ਸਾਲਾ ਜਸ਼ਨਾਂ ਮੌਕੇ 84000 ਰੁਪਏ ਦੇ ਝੂਠੇ ਟੈਕਸੀ ਬਿੱਲ ਵਸੂਲ ਕਰਨ ਸਮੇਤ ਇਕ ਧਾਰਮਿਕ ਫਿਲਮ ਅਲਾਟ ਕਰਨ ਵੇਲੇ ਸ਼ੱਕੀ ਭੂਮਿਕਾ ਨਿਭਾਏ ਜਾਣ ਦੇ ਦੋਸ਼ ਲਾਏ ਗਏ ਸਨ।

## ਆਰ.ਐਸ.ਐਸ. ਨੇ ਪੰਜਾਬੀ ਦਾ ਮੁੱਦਾ ਵੀ ਉਡਾਇਆ

*(ਸਫਾ ਇਕ ਦੀ ਬਾਕੀ)*

ਪ੍ਰਧਾਨ ਕਮਲ ਸ਼ਰਮਾ ਨੇ ਜਲੰਧਰ ਵਿਚ ਲੇਖਕਾਂ ਦੀ ਕਨਵੈਨਸ਼ਨ ਦੌਰਾਨ ਪ੍ਰਗਟ ਕੀਤੇ ਸਨ। ਵਿਸ਼ਲੇਸ਼ਣਕਾਰਾਂ ਦਾ ਕਹਿਣਾ ਹੈ ਕਿ ਅਜਿਹਾ ਪੈਂਤੜਾ ਪੰਜਾਬ ਵਿਚ ਵੱਡੀ ਭੂਮਿਕਾ ਨਿਭਾਉਣ ਲਈ ਪਿੜ ਤਿਆਰ ਕਰਨ ਲਈ ਮੱਲਿਆ ਜਾ ਰਿਹਾ ਹੈ। ਇਹੀ ਨਹੀਂ ਸਿੱਖ ਮਸਲਿਆਂ ਬਾਰੇ ਵੀ ਹੁਣ ਉਚੇਚ ਕੀਤੀ ਜਾਣ ਲੱਗੀ ਹੈ। ਦੱਸਣਾ ਬਣਦਾ ਹੈ ਕਿ ਆਰ.ਐਸ.ਐਸ. ਨੇ ਪੰਜਾਬ ਵਿਚ ਸਿੱਖਾਂ ਉਤੇ ਧਿਆਨ ਕੇਂਦਰਤ ਕਰਨ ਲਈ ਰਾਸ਼ਟਰੀ ਸਿੱਖ ਸੰਗਤ (ਆਰ.ਐਸ.ਐਸ.) ਵੀ ਬਣਾਈ ਹੋਈ ਹੈ ਅਤੇ ਇਸ ਜਥੇਬੰਦੀ ਦੀ ਅਗਵਾਈ ਵਿਚ ਸਿੱਖ ਮੈਂਬਰਾਂ ਨੂੰ ਪਾਠ ਕਰਨ ਦੀ ਉਚੇਚੀ ਸਿਖਲਾਈ ਵੀ ਦਿੱਤੀ ਜਾ ਰਹੀ ਹੈ। ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਵੱਲੋਂ ਸ਼ਹਿਰਾਂ ਵਿਚ ਹੀ ਨਹੀਂ, ਕਸਬਿਆਂ ਅਤੇ ਪਿੰਡਾਂ ਵਿਚ ਵੀ ਇਕਾਈਆਂ ਕਾਇਮ ਕੀਤੀਆਂ ਜਾ ਰਹੀਆਂ ਹਨ। ਇਸ ਕਾਰਜ ਨੂੰ ਸਿਹਤ ਨਾਲ ਜੋੜ ਕੇ ਪ੍ਰਚਾਰਿਆ ਜਾ ਰਿਹਾ ਹੈ ਅਤੇ ਯੋਗ ਨੂੰ ਮੁੱਖ ਹਥਿਆਰ ਬਣਾਇਆ ਜਾ ਰਿਹਾ ਹੈ। ਆਰ. ਐਸ. ਐਸ. ਦੇ ਆਗੂਆਂ ਦਾ ਕਹਿਣਾ ਹੈ ਕਿ ਹੁਣ ਜਦੋਂ ਕੇਂਦਰ ਅਤੇ ਪੰਜਾਬ ਵਿਚ ਉਨ੍ਹਾਂ ਦੀਆਂ ਸਰਕਾਰਾਂ ਹਨ ਤਾਂ ਜਥੇਬੰਦੀ ਦੇ ਫੈਲਾਓ ਲਈ ਇਸ ਦਾ ਪੂਰਾ ਲਾਹਾ ਲਿਆ ਜਾਵੇਗਾ।

# ਦਿੱਲੀ ਵਿਚ ਹੱਕਾਂ ਦੀ ਲੜਾਈ ਦਾ ਪਿਆ ਪੇਚਾ

*(ਸਫਾ ਇਕ ਦੀ ਬਾਕੀ)*

'ਆਪ' ਵਿਚੋਂ ਛੇਕੇ ਗਏ ਸੀਨੀਅਰ ਆਗੂ ਯੋਗੇਂਦਰ ਯਾਦਵ ਨੇ ਕੇਂਦਰ ਤੇ ਉਪ ਰਾਜਪਾਲ ਦੀਆਂ ਇਨ੍ਹਾਂ ਕਾਰਵਾਈਆਂ ਨੂੰ ਕੇਜਰੀਵਾਲ ਦੀ ਢਿੱਲ੍ਹ ਦਾ ਨਤੀਜਾ ਦੱਸਿਆ ਹੈ।

ਕੇਜਰੀਵਾਲ ਸਰਕਾਰ ਨੇ ਕੇਂਦਰ ਦੀ ਇਸ 'ਦਾਦਾਗਿਰੀ' ਨੂੰ ਸੂਬਾ ਸਰਕਾਰ ਦੇ ਕੰਮਾਂ ਵਿਚ ਅੜਿੱਕਾ ਡਾਹੁਣ ਤੁਲ ਦੱਸਦਿਆਂ ਕਿਹਾ ਹੈ ਕਿ ਪਿਛਲੀ ਵਾਰ ਜਦੋਂ ਉਨ੍ਹਾਂ ਦੀ 49 ਦਿਨਾਂ ਦੀ ਸਰਕਾਰ ਸੀ ਤਾਂ ਉਨ੍ਹਾਂ ਵੱਡੇ ਸਨਅਤਕਾਰ ਮੁਕੇਸ਼ ਅੰਬਾਨੀ ਖ਼ਿਲਾਫ਼ ਕੇਸ ਪਾਇਆ ਸੀ, ਪਰ ਜਿਵੇਂ ਹੀ ਉਨ੍ਹਾਂ ਅਹੁਦਾ ਛੱਡਿਆ, ਕੇਂਦਰ ਨੇ ਹੁਕਮ ਜਾਰੀ ਕਰ ਕੇ ਏ.ਸੀ.ਬੀ. ਨੂੰ ਸਿਰਫ਼ ਦਿੱਲੀ ਸਰਕਾਰ ਦੇ ਅਧਿਕਾਰੀਆਂ ਤੱਕ ਸੀਮਤ ਕਰ ਦਿੱਤਾ।

ਇਹ ਮਾਮਲਾ ਦਰਅਸਲ ਕੇਂਦਰ ਤੇ ਰਾਜ ਦੇ ਸਬੰਧਾਂ ਨਾਲ ਜੁੜਿਆ ਹੋਇਆ ਹੈ। ਬਹੁਤ ਸਾਰੀਆਂ ਖੇਤਰੀ ਪਾਰਟੀਆਂ, ਕੇਂਦਰ ਤੇ ਰਾਜਾਂ ਦਰਮਿਆਨ ਸ਼ਕਤੀਆਂ ਦੀ ਵੰਡ ਦਾ ਮੁੱਦਾ ਵਾਰ-ਵਾਰ ਉਠਾਉਂਦੀਆਂ ਰਹੀਆਂ ਹਨ ਪਰ ਤਾਕਤਾਂ ਦੇ ਵਿਕੇਂਦਰੀਕਰਨ ਦੇ ਬਜਾਏ ਮਜ਼ਬੂਤ ਕੇਂਦਰ ਦੇ ਪੱਖ ਵਾਲੀਆਂ ਰਾਸ਼ਟਰੀ ਪਾਰਟੀਆਂ ਰਾਜਾਂ ਨੂੰ ਜ਼ਿਆਦਾ ਅਧਿਕਾਰ ਦੇਣ ਦੇ ਮਾਮਲੇ ਉਤੇ ਸਹਿਮਤ ਨਹੀਂ ਹੋ ਰਹੀਆਂ। ਦਿੱਲੀ ਵਿਧਾਨ ਸਭਾ ਦੀ ਚੋਣ ਤੋਂ ਪਹਿਲਾਂ ਆਮ ਆਦਮੀ ਪਾਰਟੀ, ਭਾਰਤੀ ਜਨਤਾ ਪਾਰਟੀ ਤੇ ਕਾਂਗਰਸ ਨੇ ਚੋਣ ਮਨੋਰਥ ਪੱਤਰਾਂ ਵਿਚ ਦਿੱਲੀ ਨੂੰ ਪੂਰਨ ਰਾਜ ਦਾ ਦਰਜਾ ਦੇਣ ਦੇ ਵਾਅਦੇ ਕੀਤੇ ਸਨ ਪਰ ਦਿੱਲੀ ਵਿਚ 'ਆਪ' ਦੀ ਸਰਕਾਰ ਬਣਨ ਪਿੱਛੋਂ ਕੇਂਦਰ ਨੇ ਚੁੱਪ ਧਾਰ ਲਈ।

ਸ਼ਕਤੀਆਂ ਦੀ ਇਸ ਵੰਡ ਵਿਚ ਪੂਰੀ ਸਪਸ਼ਟਤਾ ਨਾ ਹੋਣ ਦੇ ਕਾਰਨ ਕੇਂਦਰ ਦੇ ਨੁਮਾਇੰਦੇ ਉਪ ਰਾਜਪਾਲ ਤੇ ਲੋਕਾਂ ਦੇ ਚੁਣੇ ਨੁਮਾਇੰਦੇ ਮੁੱਖ ਮੰਤਰੀ ਦਰਮਿਆਨ ਵਿਵਾਦ ਚੱਲ ਰਿਹਾ ਹੈ। ਕੇਜਰੀਵਾਲ ਦੀ 49 ਦਿਨ ਦੀ ਸਰਕਾਰ ਮੌਕੇ ਵੀ ਜਨ ਲੋਕਪਾਲ ਬਿਲ ਲਿਆਉਣ ਦੇ ਮਾਮਲੇ ਉਤੇ ਇਸ ਅਸਪਸ਼ਟਤਾ ਕਾਰਨ ਟਕਰਾਅ ਪੈਦਾ ਹੋਇਆ ਸੀ। ਨਿਯਮ ਉਪ ਰਾਜਪਾਲ ਨੂੰ ਸ਼ਕਤੀ ਦਿੰਦੇ ਹਨ ਪਰ ਉਪ ਰਾਜਪਾਲ ਤੇ ਮੰਤਰੀ ਦਰਮਿਆਨ ਵਿਵਾਦ ਹੋ ਜਾਣ ਉਤੇ ਮੰਤਰੀ ਮੰਡਲ ਦੀ ਸਲਾਹ ਲੈਣੀ ਜ਼ਰੂਰੀ ਹੈ। ਇਸੇ ਤਰ੍ਹਾਂ ਉਪ ਰਾਜਪਾਲ ਕਿਸੇ ਵੀ ਵਿਭਾਗ ਨਾਲ ਸਬੰਧਿਤ ਫਾਈਲ ਮੰਗਵਾ ਸਕਦਾ ਹੈ। ਸਬੰਧਤ ਵਿਭਾਗ ਦਾ ਸਕੱਤਰ ਉਸ ਦੇ ਹੁਕਮ ਨੂੰ ਮੰਨੇਗਾ ਪਰ ਤੁਰੰਤ ਸਬੰਧਤ ਮੰਤਰੀ ਨੂੰ ਸੂਚਿਤ ਕਰੇਗਾ।

ਕੇਜਰੀਵਾਲ ਤੇ ਨਜੀਬ ਜੰਗ ਦਰਮਿਆਨ ਰੱਸਾਕਸ਼ੀ, 14 ਫਰਵਰੀ, 2015 ਨੂੰ ਸਰਕਾਰ ਬਣਦਿਆਂ ਹੀ ਸ਼ੁਰੂ ਹੋ ਗਈ ਸੀ, ਕਿਉਂਕਿ ਕੇਜਰੀਵਾਲ ਨੇ ਉਪ ਰਾਜਪਾਲ ਕੋਲ ਜਾਣ ਵਾਲੀ ਹਰ ਫਾਈਲ ਮੰਤਰੀ ਰਾਹੀਂ ਭੇਜਣ ਦਾ ਹੁਕਮ ਜਾਰੀ ਕਰ ਦਿੱਤਾ ਸੀ। ਹੁਣ ਨਜੀਬ ਜੰਗ ਨੇ ਮੁੱਖ ਸਕੱਤਰ ਖ਼ੁਦ ਲਗਾ ਦਿੱਤਾ ਤੇ ਕੇਜਰੀਵਾਲ ਨੇ ਆਪਣੇ ਪੱਧਰ ਉਤੇ ਨਿਯੁਕਤੀਆਂ ਕਰ ਦਿੱਤੀਆਂ। ਉਪ ਰਾਜਪਾਲ ਨੇ ਇਹ ਰੱਦ ਕਰਨ ਦਾ ਆਦੇਸ਼ ਦੇ ਦਿੱਤਾ।

**ਕੇਜਰੀਵਾਲ ਵੱਲੋਂ ਸੌ ਦਿਨਾਂ ਦੇ ਕੰਮ 'ਤੇ ਤਸੱਲੀ:** ਦਿੱਲੀ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੇ 100 ਦਿਨ ਦੇ ਕੰਮ 'ਤੇ ਤਸੱਲੀ ਪ੍ਰਗਟਾਈ ਹੈ। ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਾਅਵਾ ਕੀਤਾ ਹੈ ਕਿ ਸਰਕਾਰ ਨੇ ਮੁੱਖ ਤੌਰ ਉਤੇ ਭ੍ਰਿਸ਼ਟਾਚਾਰ ਨੂੰ ਠੱਲ੍ਹ ਪਾਉਣ ਲਈ ਕੰਮ ਕੀਤਾ ਹੈ ਤੇ ਇਸ ਬਾਰੇ ਬਹੁਤ ਹੱਦ ਤੱਕ ਸਫ਼ਲਤਾ ਵੀ ਮਿਲੀ ਹੈ। 100 ਦਿਨਾਂ ਦੌਰਾਨ ਭ੍ਰਿਸ਼ਟਾਚਾਰ ਵਿਰੋਧੀ ਬਰਾਂਚ ਨੇ ਚੰਗਾ ਕੰਮ ਕੀਤਾ ਹੈ ਤੇ ਦਿੱਲੀ ਸਰਕਾਰ ਆਪਣੇ ਅਧਿਕਾਰਾਂ ਬਾਰੇ ਚੁੱਪ ਨਹੀਂ ਬੈਠੇਗੀ। ਉਨ੍ਹਾਂ ਕਿਹਾ ਕਿ ਇਹ ਵਿਧਾਨ ਸਭਾ ਸਿਰਫ਼ 70 ਵਿਅਕਤੀਆਂ ਦੇ ਬੈਠਣ ਲਈ ਨਹੀਂ ਬਣਾਈ ਗਈ, ਸਗੋਂ ਦਿੱਲੀ ਦੇ ਲੱਖਾਂ ਲੋਕਾਂ ਲਈ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਜੂਨ 84 ਦੇ ਘੱਲੂਘਾਰੇ ਦੀ ਯਾਦ 'ਚ ਰੋਸ ਮੁਜ਼ਾਹਰਾ ਪਹਿਲੀ ਨੂੰ

**ਸੈਨ ਫਰਾਂਸਿਸਕੋ (ਬਿਊਰੋ):** ਇਥੇ ਸਥਿਤ ਭਾਰਤੀ ਕੌਂਸਲਖਾਨੇ ਅੱਗੇ ਜੂਨ 1984 ਦੇ ਘੱਲੂਘਾਰੇ ਦੀ 31ਵੀਂ ਦੁਖਦਾਈ ਯਾਦ ਵਿਚ ਪਹਿਲੀ ਜੂਨ, ਸੋਮਵਾਰ ਨੂੰ ਦੁਪਹਿਰ 12 ਤੋਂ ਬਾਅਦ ਦੁਪਹਿਰ 3 ਵਜੇ ਤੱਕ ਰੋਸ ਮੁਜ਼ਾਹਰਾ ਕੀਤਾ ਜਾਵੇਗਾ। ਪ੍ਰਬੰਧਕਾਂ ਨੇ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਪੰਥਕ ਜਥੇਬੰਦੀਆਂ ਦੀ ਤਰਫੋਂ ਸੰਗਤ ਨੂੰ ਇਸ ਮੁਜ਼ਾਹਰੇ ਵਿਚ ਵਧ ਚੜ੍ਹ ਕੇ ਪਹੁੰਚਣ ਦੀ ਅਪੀਲ ਕੀਤੀ ਹੈ।

ਪ੍ਰਬੰਧਕਾਂ ਅਨੁਸਾਰ ਭਾਰਤੀ ਹਕੂਮਤ ਦੇ ਵਹਿਸ਼ੀ ਸੁਭਾਅ ਨੇ ਹਜ਼ਾਰਾਂ ਸਿੱਖਾਂ ਨੂੰ ਸ਼ਹੀਦ ਕੀਤਾ ਸੀ ਪਰ ਜ਼ਬਰਦਸਤ ਵਿਰੋਧ ਹੋਣ ਕਰਕੇ ਭਾਰਤ ਸਰਕਾਰ ਨੂੰ ਆਪਣੀ ਇਹ ਸਿੱਖ ਮਾਰਨ ਦੀ ਨੀਤੀ ਤਿਆਗਣੀ ਪਈ, ਜੋ ਹੁਣ ਮਾਨਸਿਕ ਨਸਲਘਾਤ ਦਾ ਰੂਪ ਅਖਤਿਆਰ ਕਰ ਚੁੱਕੀ ਹੈ, ਜਿਸ ਵਿਚ ਬਿਨਾਂ ਆਵਾਜ਼ ਤੇ ਰੌਲੇ ਤੋਂ ਸਿੱਖ ਕੌਮ ਨੂੰ ਵੱਡੇ ਪੱਧਰ 'ਤੇ ਗੁਲਾਮ ਕਰਕੇ ਸਿੱਖਾਂ ਵਿਰੁਧ ਵਰਤਣ ਦੀ ਨੀਤੀ ਅਪਨਾਈ ਜਾ ਰਹੀ ਹੈ।


## Liquor Store Sale by Owner

**Liquor store with Grocery, Beer, Wine and lottery in Kalamazoo, Michigan is on sale.**
**Very good location, 2 acres of land, Huge building for extra business or storage, huge parking lot and**
**Monthly Sale: $85,000+**
**For more info, Call (972) 838-8370**

**ਕੈਲਮਜ਼ੂ, ਮਿਸ਼ੀਗਨ ਵਿਚ ਲਿੱਕਰ ਸਟੋਰ ਵਿਕਾਊ ਹੈ, ਜਿਸ ਵਿਚ ਗਰੌਸਰੀ, ਬੀਅਰ, ਵਾਈਨ ਅਤੇ ਲਾਟਰੀ-ਸਭ ਕੁਝ ਹੈ।**
**ਬਹੁਤ ਵਧੀਆ ਲੋਕੇਸ਼ਨ, ਦੋ ਏਕੜ ਦਾ ਪਲਾਟ, ਬਹੁਤ ਵੱਡੀ ਬਿਲਡਿੰਗ, ਜਿਸ ਵਿਚ ਹੋਰ ਬਿਜਨਸ ਖੋਲ੍ਹਿਆ ਜਾ ਸਕਦਾ ਹੈ।**
**ਬਹੁਤ ਖੁੱਲ੍ਹੀ ਪਾਰਕਿੰਗ**
**ਮਾਸਿਕ ਵਿਕਰੀ $85,000+**
**ਸੰਪਰਕ ਕਰੋ, ਫੋਨ (972) 838-8370**
21-23


# ਜਥੇਦਾਰ ਵੱਲੋਂ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਮਨਮਤ ਦਾ ਸਾਥ ਦੇਣ ਵਿਰੁਧ ਤਾੜਨਾ

**ਅੰਮ੍ਰਿਤਸਰ:** ਕਬਰਾਂ, ਸਮਾਧਾਂ, ਜਠੇਰਿਆਂ, ਮਨਮੱਤੀ ਸਥਾਨਾਂ ਆਦਿ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਜਾਂ ਅਖੰਡ ਪਾਠ ਕਰਵਾਉਣ ਉਤੇ ਪਾਬੰਦੀ ਨੂੰ ਮੁੜ ਦੁਹਰਾਉਂਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਇਨ੍ਹਾਂ ਆਦੇਸ਼ਾਂ ਦੀ ਉਲੰਘਣਾ ਕਰਨ ਵਿਚ ਸਾਥ ਦੇਣ ਵਾਲੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਵੀ ਸਖਤ ਤਾੜਨਾ ਕੀਤੀ।

ਗਿਆਨੀ ਗੁਰਬਚਨ ਸਿੰਘ ਨੇ ਦਫ਼ਤਰ ਸਕੱਤਰੇਤ ਵਿਖੇ ਨਿਰਦੇਸ਼ ਦਿੱਤੇ ਕਿ ਸੰਗਤਾਂ ਆਪਣੇ ਘਰ ਜਾਂ ਗੁਰਦੁਆਰਾ ਸਾਹਿਬ ਵਿਖੇ ਹੀ ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣ। ਉਨ੍ਹਾਂ ਇਸ ਵਿਸ਼ੇ ਸਬੰਧੀ ਪਿਛਲੇ ਦਿਨੀਂ ਜਲੰਧਰ ਜ਼ਿਲ੍ਹੇ ਵਿਚ ਜਠੇਰਿਆਂ ਉਤੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣ ਮਗਰੋਂ ਚਰਚਾ ਵਿਚ ਆਏ ਮਾਮਲੇ ਬਾਰੇ ਦੱਸਿਆ ਕਿ ਖੇਤਰ ਦੇ ਸ਼੍ਰੋਮਣੀ ਕਮੇਟੀ ਮੈਂਬਰ ਸ਼ਿੰਗਾਰਾ ਸਿੰਘ ਲੋਹੀਆਂ ਦੀ ਇਸ ਵਿਚ ਭੂਮਿਕਾ ਮਗਰੋਂ ਉਨ੍ਹਾਂ ਸਮੇਤ ਜ਼ਿਲ੍ਹਾ ਜਲੰਧਰ ਦੇ ਸਮੂਹ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਹੋਈ ਵਿਚਾਰ ਚਰਚਾ ਮਗਰੋਂ ਸਪਸ਼ਟ ਕੀਤਾ ਗਿਆ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਹੋਏ ਆਦੇਸ਼ਾਂ ਨੂੰ ਪ੍ਰਪੱਕਤਾ ਨਾਲ ਨਿਸ਼ਚਿਤ ਕੀਤਾ ਜਾਵੇ ਤੇ ਮਨਮਤੀ ਅਸਥਾਨਾਂ 'ਤੇ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਨਾ ਲਿਜਾਇਆ ਜਾਵੇ।

ਜਥੇਦਾਰ ਨੇ ਕਿਹਾ ਕਿ ਗ੍ਰੰਥੀ ਸਿੰਘਾਂ ਦਾ ਫ਼ਰਜ਼ ਬਣਦਾ ਹੈ ਕਿ ਗੁਰਬਾਣੀ ਦਾ ਪ੍ਰਚਾਰ ਸਿੱਖ ਸੰਗਤਾਂ ਵਿਚ ਕਰਨ ਤੇ ਮਨਮੱਤ ਨੂੰ ਰੋਕਣ ਲਈ ਸੰਗਤ ਨੂੰ ਪ੍ਰੇਰਨ। ਉਨ੍ਹਾਂ ਤਾਕੀਦ ਕੀਤੀ ਕਿ ਗ੍ਰੰਥੀ ਸਿੰਘ ਮਨਮੱਤੀ ਅਸਥਾਨਾਂ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਨਾ ਲੈ ਕੇ ਜਾਣ ਤੇ ਸੰਗਤਾਂ ਨੂੰ ਗੁਰਮਤਿ ਅਨੁਸਾਰ ਪ੍ਰਚਾਰ ਕਰਕੇ ਇਸ ਤਰ੍ਹਾਂ ਦੀਆਂ ਕਾਰਵਾਈਆਂ ਤੋਂ ਰੋਕਣ।

# ਅਸੀਂ ਅਨੰਦ ਕਾਰਜ ਨੂੰ ਅਨੰਦ ਕਾਰਜ ਨਹੀਂ ਰਹਿਣ ਦਿੱਤਾ-ਭਾਈ ਮਲਕੀਤ ਸਿੰਘ

**ਫਰਿਜ਼ਨੋ (ਅਵਤਾਰ ਗੋਂਦਾਰਾ):** "ਅਸੀਂ ਅਨੰਦ ਕਾਰਜ ਨੂੰ ਅਨੰਦ ਕਾਰਜ ਹੀ ਨਹੀਂ ਰਹਿਣ ਦਿੱਤਾ, ਇਸ ਵਾਸਤੇ ਸਾਨੂੰ ਸਿੱਖ ਰਹਿਤ ਮਰਿਆਦਾ ਪੜ੍ਹਨੀ ਪਵੇਗੀ।" ਅਰਦਾਸ ਤੋਂ ਪਹਿਲਾਂ ਹੀ ਦਰਬਾਰ ਹਾਲ ਵਿਚੋਂ, ਕਾਫੀ ਵੱਡੀ ਗਿਣਤੀ ਵਿਚ ਲੰਗਰ ਹਾਲ ਵੱਲ ਚਲੀਆਂ ਗਈਆਂ ਸੰਗਤਾਂ 'ਤੇ ਟਿੱਪਣੀ ਕਰਦਿਆਂ ਭਾਈ ਮਲਕੀਤ ਸਿੰਘ ਨੇ ਇਸ ਨੂੰ 'ਡਰਾਮੇਬਾਜੀ' ਕਰਾਰ ਦਿੱਤਾ। ਡਾਕਟਰਾਂ ਦੇ ਗੁਰਦੁਆਰੇ ਵਜੋਂ ਜਾਣੇ ਜਾਂਦੇ ਗੁਰਦੁਆਰਾ ਸਿੰਘ ਸਭਾ ਵਿਚ ਲੰਘੇ ਸਨਿਚਰਵਾਰ ਕਰਮਨ ਨਿਵਾਸੀ ਸਰਬਜੀਤ ਸਿੰਘ ਸਰਾਂ ਦੀ ਲੜਕੀ ਰਮਨਜੀਤ ਅਤੇ ਜਗਜੀਤ ਚਾਹਲ ਦੇ ਲੜਕੇ ਗੁਰਜੋਤ ਸਿੰਘ ਦੇ ਅਨੰਦ ਕਾਰਜ ਮੌਕੇ ਵਡੀ ਗਿਣਤੀ ਵਿਚ ਸਿੱਖ ਸੰਗਤ ਤੇ ਕੁਝ ਗੈਰ ਸਿੱਖ ਸੱਜਣ ਹਾਜਰ ਸਨ।

ਭਾਈ ਸਾਹਿਬ ਨੇ ਸੰਗਤ ਨਾਲ ਗਿਲਾ ਕਰਦਿਆਂ ਕਿਹਾ ਕਿ ਜੇ ਅਸੀਂ ਮੁਸਲਮਾਨਾਂ ਦੇ ਵਿਆਹ 'ਤੇ ਜਾਈਏ ਤਾਂ ਉਨ੍ਹਾਂ ਦੀ ਆਪਣੀ ਮਰਿਆਦਾ ਨਿਭਦੀ ਹੈ, ਹਿੰਦੂ ਆਪਣੀ ਮਰਿਆਦਾ ਨਿਭਾਉਂਦੇ ਹਨ, ਇਸਾਈ ਚਰਚ ਵਿਚ ਆਪਣੀ ਮਰਿਆਦਾ ਹੁੰਦੀ ਹੈ।

ਉਨ੍ਹਾਂ ਕਿਹਾ ਕਿ ਸਾਡਾ ਦੁਖਾਂਤ ਇਹ ਹੈ ਕਿ ਅਸੀਂ ਗੁਰਦੁਆਰੇ ਵਿਚ ਚਰਚ ਵਾਲੀ ਮਰਿਆਦਾ ਵੀ ਨਿਭਾਉਂਦੇ ਹਾਂ, ਮਸਜਿਦ ਵਾਲੀ ਵੀ ਤੇ ਹਿੰਦੂ ਰਹੁ ਰੀਤਾਂ ਵੀ ਨਿਭਾਉਂਦੇ ਹਾਂ। ਇਉਂ ਕਹਿ ਲਓ ਕਿ ਅਸੀਂ ਅਨੰਦ ਕਾਰਜ ਨੂੰ ਅਨੰਦ ਕਾਰਜ ਨਹੀਂ ਰਹਿਣ ਦਿਤਾ। ਉਨ੍ਹਾਂ ਨੇ ਹਾਜਰ ਸੰਗਤ ਨੂੰ ਮਰਿਆਦਾ ਭੰਗ ਕਰਨ ਵਾਲਿਆਂ ਨੂੰ ਨਿਜੀ ਤੌਰ 'ਤੇ ਮਿਲ ਕੇ ਗੁਰੂ ਮਰਿਆਦਾ ਅਨੁਸਾਰ ਚੱਲਣ ਦੀ ਬੇਨਤੀ ਕਰਨ ਲਈ ਆਖਿਆ।

## Matrimonial

### ਵਰ ਦੀ ਲੋੜ ਹੈ

Suitable match sought for Jatt Sikh U.S. Citizen girl, 27 yrs, 5'-6", Master's in Science & employed. The boy should be Jatt Sikh, well-educated, professionally employed from a well-settled family in California, preferably from Bay Area. Contact 510-331-4868 or email: kaur125@yahoo.com 21-24

Jatt Sikh parents seek match for US Citizen daughter, 28, 5'10", bachelors in marketing & employed. Family well settled in Wisconsin, US since 25 years. Boy should Jatt Sikh atleast 6", well-settled in career, preferably from the US or Canada. Contact: 1-414-982-5188 or wisconsinkaur@gmail. com.

### ਕੰਨਿਆ ਦੀ ਲੋੜ ਹੈ

Ramgariah family looking for a suitable match for their son 31 years old, Sr. financial analyst. Please contact: v.singh.hawks.united@gmail.com 20/26

Wanted suitable match for Sikh Ramgharia handsome clean shaven boy, working as software engineer 28, 5'-10" making six figures. Caste no bar. Contact 425-773-9030 or garys4351@gmail.com 22


## Pinnacle Carriers, Inc

# Now Hiring Drivers

## ਡਰਾਈਵਰਾਂ ਦੀ ਲੋੜ ਹੈ



***Team or Solo***
**$2000 starting to Midwest**
**$300 quarterly driver safety bonus**
**$50 dot inspection bonus**
**$1000 sign in bonus (1 year)**

***Requirements:***
***2 year old licensee *Reefer experience**
***Clean DMV printout**
**Year round dedicated 1 pick 1 drop**
**Make $6000 - $7000 per month**
**$70,000 to $80,000 per year**
**Brand new equipment**

**Please Contact**

# Ph: (916) 833-5022

April



*"Ask us about the...*
**AARP® Auto Insurance Program from The Hartford."**

***NOW AVAILABLE IN YOUR AREA!***

**Find out more about the Special Benefits of The Hartford's Program for AARP members and our Competitive Rates!**



*Satwant Singh*

**You'll also enjoy a Six-Point Claim Commitment– designed to exceed your expectations from the moment you report your claim, to the moment your settlement check is issued! This auto insurance is designed exclusively for AARP members – and is now available through.**
***-Satwant Singh!***

**Call today for your FREE, no-obligation quote:**

**+1-408-771-2438**

**Satwant Singh: 2774 Aborn Rd, San Jose, CA 95121**
**satwant@satwantins.com**
**www.satwantins.com**
**CA License# 0H11256**

AARP | Auto Insurance Program from THE HARTFORD

**The AARP Automobile Insurance Program from The Hartford is underwritten by Hartford Fire Insurance Company and its affiliates, One Hartford Plaza, Hartford CT 06155. CA license number 5152. In Washington, the Program is underwritten by Trumbull Insurance Company. AARP does not employ or endorse agents or brokers. AARP and its affiliates are not insurers. Paid endorsement. The Hartford pays royalty fees to AARP for the use of its intellectual property. These fees are used for the general purposes of AARP. AARP membership is required for Program eligibility in most states. Applicants are individually underwritten and some may not qualify. Specific features, credits, and discounts may vary and may not be available in all states in accordance with state filings and applicable law. You have the option of purchasing a policy directly from The Hartford. Your price, however, could vary, and you will not have the advice, counsel or services of your independent agent.**

*107792 2nd Rev*

# ਫਿਰ ਉਲਝਾਇਆ ਜਾ ਰਿਹੈ ਬੰਦੀ ਸਿੰਘਾਂ ਦੀ ਰਿਹਾਈ ਦਾ ਮਸਲਾ

**ਚੰਡੀਗੜ੍ਹ:** ਬੇਅੰਤ ਸਿੰਘ ਹੱਤਿਆ ਕਾਂਡ ਸਮੇਤ ਹੋਰ ਕੇਸਾਂ ਵਿਚ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਨਜ਼ਰਬੰਦ ਸਿੰਘਾਂ ਦੀ ਰਿਹਾਈ ਦਾ ਮਸਲਾ ਹੱਲ ਹੋਣ ਦੀ ਥਾਂ ਹੋਰ ਉਲਝਦਾ ਜਾ ਰਿਹਾ ਹੈ। ਇਨ੍ਹਾਂ ਸਿੰਘਾਂ ਦੀ ਰਿਹਾਈ ਲਈ 84 ਸਾਲਾ ਬਾਪੂ ਸੂਰਤ ਸਿੰਘ ਖਾਲਸਾ ਵੱਲੋਂ ਸ਼ੁਰੂ ਕੀਤੀ ਭੁੱਖ ਹੜਤਾਲ ਨੂੰ ਤਕਰੀਬਨ ਸਵਾ ਚਾਰ ਮਹੀਨੇ ਹੋ ਗਏ ਹਨ ਤੇ ਉਨ੍ਹਾਂ ਦੀ ਸਿਹਤ ਲਗਾਤਾਰ ਵਿਗੜਦੀ ਜਾ ਰਹੀ ਹੈ। ਬਾਪੂ ਸੂਰਤ ਸਿੰਘ ਦੇ ਇਸ ਸੰਘਰਸ਼ ਵਿਚ ਗਰਮਖਿਆਲੀ ਸਿੱਖ ਜਥੇਬੰਦੀਆਂ ਵੀ ਕੁੱਦ ਪਈਆਂ ਹਨ। ਬੀਤੇ ਦਿਨੀਂ ਇਨ੍ਹਾਂ ਜਥੇਬੰਦੀਆਂ ਵੱਲੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰੀ ਕੋਠੀ ਦਾ ਘਿਰਾਓ ਕਰਨ ਦਾ ਪ੍ਰੋਗਰਾਮ ਬਣਾਇਆ ਸੀ ਜੋ ਪੁਲਿਸ ਦੀ ਸਖਤੀ ਕਾਰਨ ਸਫਲ ਨਾ ਹੋ ਸਕਿਆ। ਸ਼੍ਰੋਮਣੀ ਕਮੇਟੀ ਨੇ ਵੀ ਪ੍ਰਦਰਸ਼ਨਕਾਰੀ ਸਿੱਖਾਂ ਨੂੰ ਇਤਿਹਾਸਕ ਗੁਰਦੁਆਰਾ ਅੰਬ ਸਾਹਿਬ ਦੇ ਮੁੱਖ ਗੇਟ ਤੋਂ ਅੰਦਰ ਦਾਖ਼ਲ ਹੋਣ ਤੋਂ ਰੋਕਣ ਲਈ ਟਾਸਕ ਫੋਰਸ ਦੀ ਵਰਤੋਂ ਕੀਤੀ।

ਇਸ ਮੌਕੇ ਬੁਲਾਰਿਆਂ ਨੇ ਅਕਾਲੀ ਦਲ, ਭਾਜਪਾ ਤੇ ਕਾਂਗਰਸ ਨੂੰ ਸੱਤਾ ਤੋਂ ਲਾਂਭੇ ਕਰਕੇ ਖਾਲਿਸਤਾਨ ਬਣਾਉਣ ਦੀ ਲੋੜ ਉਤੇ ਜ਼ੋਰ ਦਿੱਤਾ ਤੇ ਸਿੱਖ ਮਸਲਿਆਂ ਦੇ ਸਥਾਈ ਹੱਲ ਲਈ ਸਾਰੀਆਂ ਸਿੱਖ ਜਥੇਬੰਦੀਆਂ ਨੂੰ ਇਕਜੁਟ ਹੋ ਕੇ ਹੰਭਲਾ ਮਾਰਨ ਦੀ ਅਪੀਲ ਕੀਤੀ। ਇਸ ਮੌਕੇ ਇਹ ਚਿਤਾਵਨੀ ਵੀ ਦਿੱਤੀ ਗਈ ਕਿ ਜੇਕਰ ਸੰਘਰਸ਼ ਦੌਰਾਨ ਬਾਪੂ ਸੂਰਤ ਸਿੰਘ ਸ਼ਹੀਦ ਹੋ ਗਏ ਤਾਂ ਸੂਬਾ ਸਰਕਾਰ ਤੇ ਸਿੱਖ ਲੀਡਰਸ਼ਿਪ ਨੂੰ ਨਤੀਜੇ ਭੁਗਤਣੇ ਪੈਣਗੇ। ਅਖੰਡ ਕੀਰਤਨੀ ਜਥੇ ਦੇ ਆਗੂ ਆਰ.ਪੀ. ਸਿੰਘ ਨੇ ਸ਼੍ਰੋਮਣੀ ਕਮੇਟੀ ਅਤੇ ਸੂਬਾ ਸਰਕਾਰ ਤੇ ਅਕਾਲੀ ਦਲ (ਬਾਦਲ) ਉਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਦੋਹਰੇ ਮਾਪਦੰਡ ਅਪਨਾਉਣ ਦਾ ਦੋਸ਼ ਲਾਇਆ। ਉਨ੍ਹਾਂ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰਾਂ ਨੇ ਬੰਦੀ ਸਿੰਘਾਂ ਨੂੰ ਰਿਹਾਅ ਨਾ ਕੀਤਾ ਤਾਂ ਸਿੱਖ ਚੁੱਪ ਨਹੀਂ ਬੈਠਣਗੇ। ਦਮਦਮੀ ਟਕਸਾਲ ਦੇ ਅਮਰੀਕ ਸਿੰਘ ਅਜਨਾਲਾ ਨੇ ਮੁੱਖ ਮੰਤਰੀ ਬਾਦਲ ਉਤੇ ਆਰ.ਐਸ.ਐਸ. ਦੇ ਪ੍ਰਭਾਵ ਹੇਠ ਕੰਮ ਕਰਨ ਦਾ ਦੋਸ਼ ਲਾਇਆ। ਸਿੱਖ ਯੂਥ ਯੂਨਾਈਟਿਡ ਦੇ ਪ੍ਰਧਾਨ ਪਰਮਜੀਤ ਸਿੰਘ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਸੰਘਰਸ਼ ਦੀ ਹਮਾਇਤ ਦਾ ਐਲਾਨ ਕਰਦਿਆਂ ਹਰ ਜ਼ਿੰਮੇਵਾਰੀ ਨਿਭਾਉਣ ਦੀ ਗੱਲ ਕਹੀ।

ਇਸ ਮੁੱਦੇ ਤੋਂ ਇਲਾਵਾ ਵੀ ਬਾਦਲ ਸਰਕਾਰ ਨੂੰ ਘੇਰਨ ਲਈ ਭਵਿੱਖ ਵਿਚ ਸਾਂਝਾ ਮੰਚ ਤਿਆਰ ਕੀਤਾ ਜਾਵੇਗਾ।

ਜਥੇਬੰਦੀਆਂ ਨੇ ਬੰਦੀ ਸਿੱਖਾਂ ਦੀ ਰਿਹਾਈ ਲਈ ਲੁਧਿਆਣਾ ਵਿਚ ਮਰਨ ਵਰਤ 'ਤੇ ਬੈਠੇ ਭਾਈ ਸੂਰਤ ਸਿੰਘ ਖਾਲਸਾ ਦੀ ਨਾਜ਼ੁਕ ਹਾਲਤ ਨੂੰ ਮੁੱਖ ਰੱਖਦਿਆਂ ਮੀਟਿੰਗ ਕੀਤੀ। ਇਸ ਵਿਚ ਦੋਸ਼ ਲਾਇਆ ਕਿ ਕੇਂਦਰ ਤੇ ਪੰਜਾਬ ਸਰਕਾਰਾਂ ਦਹਾਕਿਆਂ ਤੋਂ ਜੇਲ੍ਹਾਂ ਵਿਚ ਡੱਕੇ ਬੰਦੀ ਸਿੱਖਾਂ ਦੀ ਰਿਹਾਈ ਲਈ ਕੋਈ ਕਦਮ ਨਾ ਚੁੱਕ ਕੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰ ਰਹੀਆਂ ਹਨ। ਸਮੂਹ ਜਥੇਬੰਦੀਆਂ ਨੇ ਦੋਸ਼ ਲਾਇਆ ਕਿ ਸਜ਼ਾਵਾਂ ਪੂਰੀਆਂ ਹੋਣ ਦੇ ਬਾਵਜੂਦ ਸਰਕਾਰ ਸਿੱਖਾਂ ਨੂੰ ਰਿਹਾਅ ਕਰਨ ਤੋਂ ਇਨਕਾਰੀ ਹੈ। ਹੁਣ ਇਸ ਗੰਭੀਰ ਮੁੱਦੇ ਉਪਰ ਸਮੂਹ ਸਿੱਖ ਸੰਗਠਨ ਇਕਜੁੱਟ ਹੋ ਕੇ ਸੰਘਰਸ਼ ਕਰਨਗੇ। ਭਾਈ ਸੂਰਤ ਸਿੰਘ ਖਾਲਸਾ ਦੇ ਸੰਘਰਸ਼ ਦੇ ਕੋਆਰਡੀਨੇਟਰ ਗੁਰਦੀਪ ਸਿੰਘ ਬਠਿੰਡਾ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਭਾਈ ਖਾਲਸਾ ਦੇ ਮੂੰਹ ਨੂੰ ਜਬਰੀ ਅੰਨ ਲਾਉਣ ਤੋਂ ਗੁਰੇਜ਼ ਕੀਤਾ ਜਾਵੇ।



## ਪੰਥਕ ਮੁੱਦਿਆਂ ਤੋਂ ਟਲਦੀ ਰਹੀ ਹੈ ਸ਼੍ਰੋਮਣੀ ਕਮੇਟੀ

ਅੰਮ੍ਰਿਤਸਰ: ਬੰਦੀ ਸਿੰਘਾਂ ਦੀ ਰਿਹਾਈ ਸਮੇਤ ਹੋਰ ਪੰਥਕ ਮੁੱਦਿਆਂ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਦੇ ਵੀ ਗੰਭੀਰਤਾ ਨਹੀਂ ਵਿਖਾਈ। ਸ਼੍ਰੋਮਣੀ ਕਮੇਟੀ ਇਹ ਮੁੱਦੇ ਉਦੋਂ ਹੀ ਚੁੱਕਦੀ ਹੈ ਜਦੋਂ ਇਨ੍ਹਾਂ ਦੇ ਹੱਲ ਲਈ ਕੋਈ ਵੱਡਾ ਸੰਘਰਸ਼ ਛਿੜਦਾ ਹੈ। ਜਦੋਂ ਪਿਛਲੇ ਸਾਲ ਬੰਦੀ ਸਿੰਘਾਂ ਦੀ ਰਿਹਾਈ ਲਈ ਭਾਈ ਗੁਰਬਖਸ਼ ਸਿੰਘ ਖਾਲਸਾ ਨੇ ਭੁੱਖ ਹੜਤਾਲ ਕੀਤੀ ਸੀ ਤਾਂ ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਮੱਕੜ ਸਮੇਤ ਹੋਰ ਆਗੂਆਂ ਨੇ ਕੇਂਦਰੀ ਮੰਤਰੀਆਂ ਨਾਲ ਇਕ ਤੋਂ ਬਾਅਦ ਇਕ ਮੁਲਾਕਾਤ ਕੀਤੀ ਤੇ ਮਸਲੇ ਦੇ ਹੱਲ ਦਾ ਭਰੋਸਾ ਵੀ ਮਿਲਿਆ ਪਰ ਬਾਅਦ ਵਿਚ ਸਭ ਭੁਲਾ ਦਿੱਤਾ ਗਿਆ।

## ਸਰਕਾਰ ਦਾ ਕਾਨੂੰਨੀ ਅੜਿੱਕਿਆਂ ਵਾਲਾ ਬਹਾਨਾ

**ਚੰਡੀਗੜ੍ਹ:** ਪੰਜਾਬ ਸਰਕਾਰ ਜੇਲ੍ਹਾਂ ਵਿਚ ਬੰਦ ਸਿੰਘਾਂ ਦੀ ਰਿਹਾਈ ਵਿਚ ਕਾਨੂੰਨੀ ਅੜਿੱਕੇ ਦੱਸ ਕੇ ਆਪਣਾ ਪੱਲਾ ਝਾੜਦੀ ਰਹੀ ਹੈ। ਸਰਕਾਰ ਦਾ ਤਰਕ ਹੈ ਕਿ ਸੁਪਰੀਮ ਕੋਰਟ ਨੇ ਸੂਬਾ ਸਰਕਾਰਾਂ ਤੋਂ ਇਹ ਹੱਕ ਖੋਹ ਲਏ ਹਨ। ਪੰਜਾਬ ਪੁਲਿਸ ਦੇ ਮੁਖੀ ਸੁਮੇਧ ਸੈਣੀ ਦਾ ਕਹਿਣਾ ਹੈ ਕਿ ਕਾਨੂੰਨ ਮੁਤਾਬਕ ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕੀਤਾ ਜਾ ਸਕਦਾ। ਸੂਰਤ ਸਿੰਘ ਖਾਲਸਾ ਨੇ 82 ਸਿੰਘਾਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ ਹੈ ਤੇ ਇਨ੍ਹਾਂ ਵਿਚੋਂ 25 ਵਿਅਕਤੀਆਂ ਨੂੰ ਹਾਲੇ ਤੱਕ ਸਜ਼ਾ ਨਹੀਂ ਮਿਲੀ। ਸੂਚੀ ਵਿਚ 16 ਅਜਿਹੇ ਕੈਦੀ ਹਨ, ਜਿਨ੍ਹਾਂ ਨੂੰ ਉਮਰ ਕੈਦ ਤੋਂ ਘੱਟ ਸਜ਼ਾ ਹੋਈ ਹੈ। ਸਜ਼ਾ ਪੂਰੀ ਹੋਣ ਤੋਂ ਬਾਅਦ ਉਨ੍ਹਾਂ ਨੇ ਆਪਣੇ ਆਪ ਰਿਹਾਅ ਹੋ ਜਾਣਾ ਹੈ। ਖ਼ਾਲਸਾ ਵੱਲੋਂ ਜਿਹੜੇ ਅੱਠ ਸੀਨੀਅਰ ਨਾਗਰਿਕਾਂ ਦੀ ਰਿਹਾਈ ਮੰਗੀ ਗਈ ਹੈ ਉਹ ਵਿਅਕਤੀ ਸਾਲ 1987 ਵਿਚ ਲੁਧਿਆਣੇ ਦੇ ਬੈਂਕ ਵਿਚ ਡਾਕਾ ਮਾਰਨ ਦੇ ਦੋਸ਼ ਹੇਠ ਸਜ਼ਾ ਭੁਗਤ ਰਹੇ ਹਨ। ਇਨ੍ਹਾਂ ਨੂੰ 7 ਤੋਂ 10 ਸਾਲ ਦੀ ਸਜ਼ਾ ਮਿਲੀ ਹੈ। ਇਸ ਸੂਚੀ ਵਿਚ ਸ਼ਾਮਲ ਇਕ ਵਿਅਕਤੀ ਨੂੰ ਮੌਤ ਦੀ ਸਜ਼ਾ ਮਿਲੀ ਹੈ, ਜੋ ਚੰਡੀਗੜ੍ਹ ਨਾਲ ਸਬੰਧਤ ਹੈ। ਉਨ੍ਹਾਂ ਦਾ ਇਹ ਵੀ ਦਾਅਵਾ ਹੈ ਕਿ ਪੰਜਾਬ ਦੀਆਂ ਜੇਲ੍ਹਾਂ ਵਿਚ ਇਸ ਵੇਲੇ 3665 ਉਮਰ ਕੈਦੀ ਹਨ ਤੇ ਫਿਲਹਾਲ 223 ਕੈਦੀ ਹੀ ਅਜਿਹੇ ਹਨ ਜੋ ਰਿਹਾਅ ਕੀਤੇ ਜਾਣ ਲਈ ਨਿਰਧਾਰਤ ਸ਼ਰਤਾਂ ਪੂਰੀਆਂ ਕਰਦੇ ਹਨ।




ਬੰਦੀ ਸਿੰਘ ਦੀ ਰਿਹਾਈ ਲਈ ਇਸ ਤੋਂ ਪਹਿਲਾਂ ਭਾਈ ਗੁਰਬਖਸ਼ ਸਿੰਘ ਲੰਬਾ ਸਮਾਂ ਭੁੱਖ ਹੜਤਾਲ 'ਤੇ ਬੈਠ ਚੁੱਕੇ ਹਨ ਪਰ ਸਰਕਾਰ ਕਾਨੂੰਨੀ ਅੜਿੱਕੇ ਦੱਸ ਕੇ ਆਪਣਾ ਪੱਲਾ ਝਾੜਦੀ ਰਹੀ ਹੈ। ਭਾਈ ਗੁਰਬਖ਼ਸ਼ ਸਿੰਘ ਦੇ ਜਿਨ੍ਹਾਂ ਸੱਤ ਬੰਦੀ ਸਿੱਖਾਂ ਦੀ ਪੱਕੀ ਰਿਹਾਈ ਦੀ ਉਹ ਮੰਗ ਕੀਤੀ ਸੀ, ਉਨ੍ਹਾਂ ਵਿਚ ਭਾਈ ਵਰਿਆਮ ਸਿੰਘ (ਬਰੇਲੀ ਜੇਲ੍ਹ, ਯੂ.ਪੀ. ਵਿਚ 1990 ਤੋਂ ਬੰਦ ਹੈ), ਭਾਈ ਲਾਲ ਸਿੰਘ (ਨਾਭਾ ਜੇਲ੍ਹ, ਪੰਜਾਬ ਵਿਚ 1992 ਤੋਂ ਬੰਦ ਹੈ), ਭਾਈ ਗੁਰਦੀਪ ਸਿੰਘ ਖੈਰਾ (ਗੁਲਬਰਗ ਜੇਲ੍ਹ, ਕਰਨਾਟਕ ਵਿਚ 1990 ਤੋਂ ਬੰਦ ਹੈ), ਭਾਈ ਗੁਰਮੀਤ ਸਿੰਘ, ਭਾਈ ਲਖਵਿੰਦਰ ਸਿੰਘ ਤੇ ਭਾਈ ਸ਼ਮਸ਼ੇਰ ਸਿੰਘ (ਬੁੜੈਲ ਜੇਲ੍ਹ, ਚੰਡੀਗੜ੍ਹ ਵਿਚ 1995 ਤੋਂ ਬੰਦ ਹਨ) ਤੇ ਪ੍ਰੋ. ਦਵਿੰਦਰ ਪਾਲ ਸਿੰਘ ਭੁੱਲਰ (ਤਿਹਾੜ ਜੇਲ੍ਹ, ਦਿੱਲੀ ਵਿਚ 1995 ਤੋਂ ਬੰਦ) ਸ਼ਾਮਲ ਹਨ। ਇਨ੍ਹਾਂ ਸਾਰੇ ਸੱਤ ਬੰਦੀ ਸਿੱਖਾਂ ਨੂੰ ਉਮਰ ਕੈਦ ਦੀ ਸਜ਼ਾ ਹੋਈ ਸੀ, ਜਦਕਿ ਉਹ 19-24 ਸਾਲਾਂ ਤੋਂ ਜੇਲ੍ਹਾਂ ਵਿਚ ਬੰਦ ਹਨ।

# ਸਰਕਾਰੀ ਮਿਹਰਬਾਨੀਆਂ ਸਦਕਾ ਗੁਰਮੀਤ ਪਿੰਕੀ ਕੈਟ ਤੋਂ ਬਣਿਆ ਸ਼ੇਰ

**ਚੰਡੀਗੜ੍ਹ:** ਪੰਜਾਬ ਵਿਚ ਖਾੜਕੂਵਾਦ ਸਮੇਂ ਪੁਲਿਸ ਕੈਟ ਤੋਂ ਇੰਸਪੈਕਟਰ ਬਣਿਆ ਗੁਰਮੀਤ ਸਿੰਘ ਪਿੰਕੀ ਅੱਜ ਕੱਲ੍ਹ ਮੁੜ ਚਰਚਾ ਵਿਚ ਹੈ। ਪਿੰਕੀ ਦੀ ਕਤਲ ਕੇਸ ਵਿਚ ਬਰਖਾਸਤਗੀ ਉਪਰੰਤ ਮੁੜ ਬਹਾਲੀ ਦੇ ਮਾਮਲੇ ਨੇ ਹਾਕਮ ਧਿਰ ਤੇ ਪੁਲਿਸ ਦੀ ਕਾਰਗੁਜ਼ਾਰੀ 'ਤੇ ਸਵਾਲ ਖੜੇ ਕਰ ਦਿੱਤੇ ਹਨ। ਪਿੰਕੀ ਨੂੰ ਲੁਧਿਆਣਾ ਦੇ ਡੀ.ਆਈ.ਜੀ. ਜੀ.ਐਸ ਢਿੱਲੋਂ ਨੇ ਹੈੱਡ ਕਾਂਸਟੇਬਲ ਵਜੋਂ 16 ਮਈ ਨੂੰ ਬਹਾਲ ਕਰ ਦਿੱਤਾ ਸੀ ਪਰ ਜਲੰਧਰ ਦੇ ਜ਼ੋਨਲ ਆਈ.ਜੀ. ਲੋਕਨਾਥ ਆਂਗਰਾ ਨੇ ਰਾਤੋਂ ਰਾਤ ਪਿੰਕੀ ਦੀ ਬਹਾਲੀ ਦੇ ਹੁਕਮਾਂ ਨੂੰ ਵਾਪਸ ਲੈ ਲਿਆ ਸੀ। ਸਰਕਾਰ ਦੀ ਪਿੰਕੀ 'ਤੇ ਇਹ ਮਿਹਰਬਾਨੀ ਕੋਈ ਨਵੀਂ ਗੱਲ ਨਹੀਂ ਹੈ, 2001 ਵਿਚ ਉਸ ਨੇ ਲੁਧਿਆਣਾ ਵਿਚ ਨੌਜਵਾਨ ਨੂੰ ਸਿਰਫ ਰਸਤਾ ਮੰਗਣ ਦੀ 'ਗੁਸਤਾਖੀ' ਬਦਲੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਸੀ। ਇਸ ਮਾਮਲੇ ਵਿਚ ਉਸ ਨੂੰ ਉਮਰ ਕੈਦ ਹੋਈ ਸੀ, ਪਰ ਪੁਲਿਸ ਤੰਤਰ ਤੇ ਸਰਕਾਰ ਉਸ ਉਪਰ ਇੰਨੀ ਮਿਹਰ ਹੋਈ ਕਿ ਉਸ ਨੂੰ ਜੂਨ 2014 ਨੂੰ ਖੁੱਲ੍ਹੀ ਜੇਲ੍ਹ ਨਾਭਾ ਵਿਚ 'ਸਾਊ' ਵਤੀਰੇ ਨੂੰ ਆਧਾਰ ਬਣਾ ਕੇ ਰਾਤੋ-ਰਾਤ ਹੀ ਅਗੇਤੀ ਰਿਹਾਈ ਦੇ ਦਿੱਤੀ ਗਈ। ਉਸ ਵੇਲੇ ਵੀ ਬੰਦੀ ਸਿੰਘਾਂ ਦੀ ਰਿਹਾਈ ਲਈ ਜੱਦੋ-ਜਹਿਦ ਕਰ ਰਹੀਆਂ ਪੰਥਕ ਜਥੇਬੰਦੀਆਂ ਨੇ ਇਸ ਰਿਆਇਤ 'ਤੇ ਉਂਗਲ ਉਠਾਈ ਸੀ ਕਿ ਜੇਕਰ ਕਤਲ ਕੇਸ ਦਾ ਦੋਸ਼ੀ ਅਗਾਊਂ ਰਿਹਾਅ ਕੀਤਾ ਜਾ ਸਕਦਾ ਹੈ ਤਾਂ ਆਪਣੀ ਸਜ਼ਾ ਪੂਰੀ ਕਰ ਚੁੱਕੇ ਸਿੱਖਾਂ ਦੀ ਰਿਹਾਈ ਕਿਉਂ ਨਹੀਂ ਕੀਤੀ ਜਾ ਸਕਦੀ? ਪੰਜਾਬ ਸਰਕਾਰ ਹੁਣ ਦਾਅਵਾ ਕਰ ਰਹੀ ਹੈ ਕਿ ਪਿੰਕੀ ਨੂੰ ਮੁੜ ਬਹਾਲ ਕਰਨ ਬਾਰੇ ਉਸ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਪਰ ਪਿੰਕੀ ਵੱਲੋਂ ਆਪਣੀ ਬਹਾਲੀ ਲਈ ਦਾਇਰ ਕੀਤੀ ਅਪੀਲ ਬਾਰੇ ਪੰਜਾਬ ਪੁਲਿਸ ਦੇ ਸਿਖਰਲੇ ਅਫ਼ਸਰਾਂ ਤੇ ਗ੍ਰਹਿ ਵਿਭਾਗ ਤੱਕ ਨੂੰ ਪੂਰੀ ਜਾਣਕਾਰੀ ਸੀ। ਦੱਸਣਯੋਗ ਹੈ ਕਿ ਸਰਕਾਰ ਨੇ ਬਹਾਲੀ ਦੇ ਹੁਕਮਾਂ ਨੂੰ ਅੱਧੀ ਰਾਤ ਨੂੰ ਖਾਰਜ ਕਰ ਦਿੱਤਾ ਸੀ।

ਪੰਜਾਬ ਡੀ.ਜੀ.ਪੀ. ਦੇ ਦਫ਼ਤਰ ਤੇ ਪੰਜਾਬ ਦੇ ਗ੍ਰਹਿ ਤੇ ਨਿਆਂ ਵਿਭਾਗ ਨੂੰ ਇਸ ਅਪੀਲ ਬਾਰੇ ਨਾ ਸਿਰਫ ਜਾਣਕਾਰੀ ਸੀ, ਸਗੋਂ ਉਨ੍ਹਾਂ ਨੇ ਇਸ ਮੁਤੱਲਕ ਖਤੋ-ਖਿਤਾਬਤ ਵੀ ਕੀਤੀ। ਗ੍ਰਹਿ ਵਿਭਾਗ ਨੇ ਬੀਤੀ 15 ਅਪਰੈਲ ਨੂੰ ਇਕ ਪੱਤਰ ਲੁਧਿਆਣਾ ਦੇ ਡੀ.ਆਈ.ਜੀ. ਜੀ.ਐਸ. ਢਿੱਲੋਂ ਨੂੰ ਭੇਜ ਕੇ ਪਿੰਕੀ ਦੀ ਅਪੀਲ ਬਾਰੇ ਟਿੱਪਣੀ ਲਈ ਆਖਿਆ ਸੀ। ਇਸ ਵਿਚ ਪਿੰਕੀ ਦਾ ਬੈਲਟ ਨੰਬਰ ਤੇ ਉਸ ਦਾ ਚੰਡੀਗੜ੍ਹ ਵਿਚਲਾ ਸਿਰਨਾਵਾਂ ਵੀ ਲਿਖਿਆ ਸੀ। ਫਿਰ ਡੀ.ਜੀ.ਪੀ. ਦਫ਼ਤਰ ਨੇ 23 ਅਪਰੈਲ ਨੂੰ ਆਈ.ਜੀ. ਜਲੰਧਰ ਨੂੰ ਭੇਜੀ ਚਿੱਠੀ ਰਾਹੀਂ ਪਿੰਕੀ ਦੀ ਅਪੀਲ ਬਾਰੇ ਪੈਰਾ ਵਾਰ ਰਿਪੋਰਟ ਤੇ ਟਿੱਪਣੀ ਦੇ ਨਾਲ ਹੀ ਉਸ ਦੀ ਪੇਸ਼ੇਵਰ ਸਮਰੱਥਾ ਤੇ ਸਰਵਿਸ ਰਿਕਾਰਡ ਦੇ ਵੇਰਵੇ ਮੰਗੇ ਸਨ। ਡੀ.ਜੀ.ਪੀ. ਦਫ਼ਤਰ ਵੱਲੋਂ ਯਕੀਨਨ ਇਹ ਕੰਮ ਤੇਜ਼ੀ ਨਾਲ ਕੀਤਾ ਜਾ ਰਿਹਾ ਸੀ, ਕਿਉਂਕਿ ਇਸ ਨੇ ਡੀ.ਆਈ.ਜੀ. ਲੁਧਿਆਣਾ ਨੂੰ ਆਪਣੀ ਰਿਪੋਰਟ 10 ਦਿਨਾਂ ਵਿਚ ਦੇਣ ਲਈ ਕਿਹਾ ਸੀ। ਇਸ ਨੇ ਇਹ ਵੀ ਪੁੱਛਿਆ ਸੀ ਕਿ ਕੀ ਪਿੰਕੀ ਨੇ ਪਹਿਲਾਂ ਵੀ ਕੋਈ ਅਪੀਲ ਕੀਤੀ ਸੀ।





## ਕੌਣ ਹੈ ਕੈਟ ਗੁਰਮੀਤ ਸਿੰਘ ਪਿੰਕੀ?

ਗੁਰਮੀਤ ਸਿੰਘ ਪਿੰਕੀ ਪੰਜਾਬ ਵਿਚ ਖਾੜਕੂਵਾਦ ਸਮੇਂ ਪੁਲਿਸ ਦਾ ਸੂਹੀਆ ਸੀ ਜਿਸ ਨੂੰ ਬਾਅਦ ਵਿਚ ਪੁਲਿਸ ਇੰਸਪੈਕਟਰ ਬਣਾ ਦਿੱਤਾ ਗਿਆ। ਇਸ ਤੋਂ ਬਾਅਦ ਉਸ ਨੇ ਲੁਧਿਆਣਾ ਦੇ ਇਕ ਨੌਜਵਾਨ ਅਵਤਾਰ ਸਿੰਘ ਉਰਫ ਗੋਲਾ ਨੂੰ ਰਾਸਤਾ ਮੰਗਣ 'ਤੇ ਗੋਲੀ ਮਾਰ ਦਿੱਤੀ ਸੀ। ਇਸ ਦੋਸ਼ ਵਿਚ ਉਸ ਨੂੰ ਉਮਰ ਕੈਦ ਦੀ ਸਜ਼ਾ ਹੋਈ ਸੀ ਪਰ ਉਹ ਸਰਕਾਰੀ ਮਿਹਰ ਨਾਲ ਸੱਤ ਸਾਲਾਂ ਬਾਅਦ ਹੀ ਰਿਹਾਅ ਹੋ ਗਿਆ। ਪਿੰਕੀ ਪੰਜਾਬ ਦੇ ਡਾਇਰੈਕਟਰ ਜਨਰਲ ਪੁਲਿਸ ਸੁਮੇਧ ਸੈਣੀ ਦਾ ਚਹੇਤਾ ਹੈ ਤੇ ਉਹ ਸੁਮੇਧ ਸੈਣੀ ਨੂੰ 'ਬਾਪੂ' ਕਹਿ ਕੇ ਬੁਲਾਉਂਦਾ ਹੈ। ਡੀ.ਆਈ.ਜੀ. ਲੁਧਿਆਣਾ ਰੇਂਜ ਗੁਰਿੰਦਰ ਸਿੰਘ ਢਿੱਲੋਂ ਨੇ 16 ਮਈ ਨੂੰ ਪਿੰਕੀ ਨੂੰ ਮੁੜ ਪੁਲਿਸ ਦੀ ਨੌਕਰੀ 'ਤੇ ਬਹਾਲ ਕਰ ਦਿੱਤਾ ਸੀ ਪਰ ਮੀਡੀਆ ਵਿਚ ਖਬਰ ਆਉਣ ਪਿੱਛੋਂ ਰਾਤੋਂ ਰਾਤ ਉਸ ਨੂੰ ਬਰਖਾਸਤ ਕਰ ਦਿੱਤਾ ਗਿਆ।

## ਚਾਰ ਸਾਲਾਂ ਵਿਚ 486 ਦਿਨ ਪੈਰੋਲ 'ਤੇ ਰਿਹਾ ਸੀ ਪਿੰਕੀ

ਪਿੰਕੀ ਨੂੰ ਕਤਲ ਕੇਸ ਵਿਚ ਉਮਰ ਕੈਦ ਦੀ ਸਜ਼ਾ ਹੋਈ ਸੀ ਪਰ ਉਸ ਨੂੰ ਸਰਕਾਰੀ ਮਿਹਰ ਸਦਕਾ ਸੱਤ ਸਾਲ ਤੇ ਸੱਤ ਮਹੀਨਿਆਂ ਬਾਅਦ ਰਿਹਾਅ ਕਰ ਦਿੱਤਾ ਗਿਆ। ਇਸ ਸਮੇਂ ਵਿਚ ਵੀ ਉਹ 486 ਦਿਨ ਪੈਰੋਲ 'ਤੇ ਜੇਲ੍ਹ ਵਿਚੋਂ ਬਾਹਰ ਰਿਹਾ। ਆਰ.ਟੀ.ਆਈ. ਤਹਿਤ ਹਾਸਲ ਸੂਚਨਾ ਮੁਤਾਬਕ ਪਹਿਲੀ ਵਾਰ ਪਿੰਕੀ ਚਾਰ ਅਪਰੈਲ 2008 ਨੂੰ ਦੋ ਹਫਤਿਆਂ ਲਈ ਪੈਰੋਲ 'ਤੇ ਆਇਆ ਜਿਸ ਵਿਚ 52 ਦਿਨ ਦਾ ਵਾਧਾ ਕਰ ਦਿੱਤਾ ਗਿਆ ਤੇ ਉਹ 31 ਮਈ 2008 ਨੂੰ ਜੇਲ੍ਹ ਪਰਤਿਆ। 25 ਮਈ 2009 ਨੂੰ ਉਹ ਮੁੜ ਚਾਰ ਹਫਤਿਆਂ ਦੀ ਪੈਰੋਲ 'ਤੇ ਬਾਹਰ ਆਇਆ ਜਿਸ ਵਿਚ ਦੋ ਵਾਰ ਵਾਧਾ ਕਰ ਦਿੱਤਾ ਗਿਆ ਤੇ ਉਹ 18 ਅਕਤੂਬਰ 2009 ਨੂੰ 143 ਦਿਨਾਂ ਬਾਅਦ ਜੇਲ੍ਹ ਪਰਤਿਆ। ਇਸ ਤੋਂ ਬਾਅਦ 2011 ਤੋਂ 2012 ਉਸ ਨੂੰ ਤਿੰਨ ਵਾਰ ਜ਼ਮਾਨਤ ਦਿੱਤੀ ਗਈ ਤੇ ਉਹ 112 ਦਿਨ ਜੇਲ੍ਹ ਤੋਂ ਬਾਹਰ ਰਿਹਾ।

## ਪਿੰਕੀ ਵਲੋਂ ਵੱਡੇ ਅਫਸਰਾਂ ਨੂੰ ਬੇਨਕਾਬ ਕਰਨ ਦਾ ਦਾਅਵਾ

**ਚੰਡੀਗੜ੍ਹ:** ਪੰਜਾਬ ਦੇ ਵਿਵਾਦਤ ਪੁਲਿਸ ਅਧਿਕਾਰੀ ਗੁਰਮੀਤ ਸਿੰਘ ਪਿੰਕੀ ਨੇ ਕਿਹਾ ਹੈ ਕਿ ਉਹ ਪੰਜਾਬ ਪੁਲਿਸ ਦੇ ਕਈ ਆਈ.ਪੀ.ਐਸ. ਤੇ ਪੀ.ਪੀ.ਐਸ. ਅਧਿਕਾਰੀਆਂ ਬਾਰੇ ਅਜਿਹੇ ਖੁਲਾਸੇ ਕਰੇਗਾ ਜਿਸ ਨਾਲ ਪੁਲਿਸ ਅਧਿਕਾਰੀ ਬੇਨਕਾਬ ਹੋਣਗੇ ਤੇ ਲੋਕਾਂ ਦੀਆਂ ਅੱਖਾਂ ਖੁੱਲ੍ਹ ਜਾਣਗੀਆਂ। ਦਰਅਸਲ ਪਿੰਕੀ ਆਪਣੇ ਪੁਲਿਸ ਜੀਵਨ ਦੌਰਾਨ ਵਾਪਰੀਆਂ ਅਹਿਮ ਘਟਨਾਵਾਂ ਉਤੇ ਸਵੈ ਜੀਵਨੀ ਲਿਖਣ ਦੀ ਗੱਲ ਕਹਿ ਰਿਹਾ ਹੈ। ਪਿੰਕੀ ਨੇ ਇਹ ਵੀ ਕਿਹਾ ਕਿ ਮੈਂ ਪੰਜਾਬ ਪੁਲਿਸ ਦੇ ਹੈਡਕੁਆਟਰ ਸਾਹਮਣੇ ਜਾ ਕੇ ਆਪਣੇ ਆਪ ਨੂੰ ਮੌਤ ਦੇ ਘਾਟ ਉਤਾਰ ਲਵਾਂਗਾ ਜੇ ਇੰਸਪੈਕਟਰ ਜਨਰਲ ਆਫ ਪੁਲਿਸ ਕੁਲਦੀਪ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੀ ਸਹੁੰ ਖਾ ਨਾ ਦੱਸਿਆ ਕਿ ਲੁਧਿਆਣਾ ਕਤਲ ਕੇਸ ਵਿਚ ਮੈਨੂੰ ਫਸਾਉਣ ਲਈ ਉਨ੍ਹਾਂ ਉਤੇ ਕਿਹੜੇ ਸੀਨੀਅਰ ਅਫ਼ਸਰਾਂ ਦਾ ਦਬਾਅ ਸੀ। ਕੁਲਦੀਪ ਸਿੰਘ ਉਸ ਮੌਕੇ ਲੁਧਿਆਣਾ ਦੇ ਐਸ.ਐਸ.ਪੀ. ਸਨ।

## ਬਹਾਲੀ ਬਾਰੇ ਮੈਨੂੰ ਜਾਣਕਾਰੀ ਨਹੀਂ ਸੀ: ਬਾਦਲ

**ਜਲੰਧਰ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਪੁਲਿਸ ਦੇ ਹੌਲਦਾਰ ਪਿੰਕੀ ਦੀ ਬਹਾਲੀ ਬਾਰੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਹੋਣ ਤੋਂ ਇਨਕਾਰ ਕਰਦਿਆਂ ਕਿਹਾ ਇਹ ਸਾਰਾ ਕੁਝ ਹੇਠਲੇ ਪੱਧਰ ਉਤੇ ਹੀ ਹੋਇਆ ਸੀ। ਹੁਣ ਉਹ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਵਾ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਸਾਬਕਾ ਪੁਲਿਸ ਮੁਲਾਜ਼ਮ ਗੁਰਮੀਤ ਸਿੰਘ ਪਿੰਕੀ ਦੀ ਬਹਾਲੀ ਦੇ ਮਾਮਲੇ ਉਤੇ ਲਗਾਤਾਰ ਨਜ਼ਰ ਰੱਖੀ ਹੋਈ ਹੈ।

## ਪੀੜਤ ਧਿਰ ਵਲੋਂ ਪਿੰਕੀ 'ਤੇ ਧਮਕਾਉਣ ਦਾ ਦੋਸ਼

**ਚੰਡੀਗੜ੍ਹ:** ਗੁਰਮੀਤ ਸਿੰਘ ਉਰਫ਼ ਪਿੰਕੀ ਨੂੰ ਭਾਵੇਂ ਚੰਗੇ ਵਤੀਰੇ ਕਰਕੇ ਜੂਨ 2014 ਵਿਚ ਅਗੇਤੀ ਰਿਹਾਈ ਦਿੱਤੀ ਗਈ ਹੈ, ਪਰ ਪਿੰਕੀ ਖਿਲਾਫ਼ ਪੀੜਤ ਧਿਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੀ ਗੰਭੀਰ ਸ਼ਿਕਾਇਤ ਵੀ ਲੁਧਿਆਣਾ ਪੁਲਿਸ ਕੋਲ ਦਰਜ ਕਰਵਾਈ ਜਾ ਚੁੱਕੀ ਹੈ। ਗੋਲਾ ਦੇ ਪਿਤਾ ਅਮਰੀਕ ਸਿੰਘ ਨੇ ਦੋਸ਼ ਲਾਇਆ ਹੈ ਉਸ ਨੂੰ ਹਾਈਕੋਰਟ ਵਿਚ ਪਿੰਕੀ ਦੀ ਅਗੇਤੀ ਰਿਹਾਈ ਵਿਰੁੱਧ ਦਾਇਰ ਰਿੱਟ ਪਟੀਸ਼ਨ ਵਾਪਸ ਲੈਣ ਲਈ ਦਬਾਅ ਪਾਇਆ ਜਾ ਰਿਹਾ ਹੈ। ਅਮਰੀਕ ਸਿੰਘ ਦਾ ਦਾਅਵਾ ਹੈ ਕਿ ਉਹ ਆਪਣੀ ਸ਼ਿਕਾਇਤ ਨੂੰ ਲੈ ਕੇ ਸਬੰਧਤ ਥਾਣੇ ਦੇ ਗੇੜੇ ਮਾਰ ਚੁੱਕਾ ਹੈ ਪਰ ਕਿਸੇ ਨੇ ਅਜੇ ਤਾਈਂ ਹੱਥ ਪੱਲਾ ਨਹੀਂ ਫੜਾਇਆ।

## ਪਿੰਕੀ ਵਲੋਂ ਖਾੜਕੂਵਾਦ ਸਮੇਂ ਨਿਭਾਈ ਭੂਮਿਕਾ ਦਾ ਵਾਸਤਾ

**ਚੰਡੀਗੜ੍ਹ:** ਪੁਲਿਸ ਅਧਿਕਾਰੀ ਵਜੋਂ ਮੁੜ ਬਹਾਲੀ ਪਿੱਛੋਂ ਬਰਖਾਸਤੀ ਨੂੰ ਲੈ ਕੇ ਪਿੰਕੀ ਨੇ ਦਿੱਲੀ ਦਾ ਰੁਖ ਕਰ ਲਿਆ। ਉਸ ਨੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਸਮੇਤ ਭਾਜਪਾ ਦੇ ਕਈ ਸੀਨੀਅਰ ਮੰਤਰੀਆਂ ਤੇ ਪੰਜਾਬ ਦੇ ਖਾਸ ਸੰਸਦ ਮੈਂਬਰਾਂ ਤੇ ਆਰ.ਐਸ.ਐਸ. ਆਗੂਆਂ ਕੋਲ ਆਪਣਾ ਕੇਸ ਰੱਖਿਆ। ਪਿੰਕੀ ਨੇ ਆਪਣੀ ਫਰਿਆਦ ਵਿਚ ਕਿਹਾ ਹੈ ਕਿ ਉਸ ਨੇ ਅਤਿਵਾਦ ਦੇ ਦਿਨਾਂ ਵਿਚ ਜਾਨ ਜੋਖਮ ਵਿਚ ਪਾ ਕੇ ਕਈ ਬੇਕਸੂਰ ਲੋਕਾਂ ਖਾਸ ਕਰਕੇ ਹਿੰਦੂਆਂ ਨੂੰ ਬਚਾਇਆ ਸੀ।

# ਗੁੰਡਾਗਰਦੀ ਦਾ ਅੱਡਾ ਬਣ ਗਈਆਂ ਪੰਜਾਬ ਦੀਆਂ ਬਹੁਤੀਆਂ ਜੇਲ੍ਹਾਂ

**ਨਾਭਾ:** ਪੰਜਾਬ ਦੀਆਂ ਜੇਲ੍ਹਾਂ ਗੁੰਡਾਗਰਦੀ ਦਾ ਅੱਡਾ ਬਣਦੀਆਂ ਜਾ ਰਹੀਆਂ ਹਨ। ਮਹੀਨਾ ਪਹਿਲਾਂ ਬਠਿੰਡਾ ਜੇਲ੍ਹ ਵਿਚ ਕੈਦੀਆਂ ਦੇ ਦੋ ਗਰੁੱਪਾਂ ਦਰਮਿਆਨ ਚੱਲੀ ਗੋਲੀਬਾਰੀ ਦੀ ਘਟਨਾ ਪਿੱਛੋਂ ਜੇਲ੍ਹ ਪ੍ਰਸ਼ਾਸਨ ਨੇ ਇਸ ਮਾਮਲੇ ਨੂੰ ਕਿੰਨੀ ਗੰਭੀਰਤਾ ਨਾਲ ਲਿਆ ਇਸ ਦੀ ਪੋਲ ਨਾਭਾ ਜੇਲ੍ਹ ਵਿਚ ਵੀ ਇਸੇ ਤਰ੍ਹਾਂ ਦੀ ਵਾਪਰੀ ਘਟਨਾ ਨੇ ਖੋਲ ਦਿੱਤੀ ਹੈ। ਉੱਚ ਸੁਰੱਖਿਆ ਵਾਲੀ ਜੇਲ੍ਹ ਨਾਭਾ ਵਿਚ ਕੈਦੀਆਂ ਦੇ ਦੋ ਧੜਿਆਂ ਨੇ ਆਪਸੀ ਭਿੜਤ ਵਿਚ ਖੁੱਲ੍ਹ ਕੇ ਮਾਰੂ ਹਥਿਆਰ ਵਰਤੇ।

ਹਮਲੇ ਦੌਰਾਨ ਤਿੰਨ ਕੈਦੀ ਗੰਭੀਰ ਜ਼ਖ਼ਮੀ ਹੋ ਗਏ। ਦੋਵੇਂ ਧੜਿਆਂ ਦਰਮਿਆਨ ਲੜਾਈ ਪੁਰਾਣੀ ਰੰਜਿਸ਼ ਨੂੰ ਲੈ ਕੇ ਹੋਈ। ਦੂਜੇ ਧੜੇ ਦੇ ਵੀ ਤਿੰਨ ਜਣੇ ਜ਼ਖ਼ਮੀ ਹੋਏ ਹਨ। ਸਾਬਕਾ ਵਿਧਾਇਕ ਮਲਕੀਤ ਸਿੰਘ ਕੀਤੂ ਕਤਲ ਕਾਂਡ ਦੇ ਦੋਸ਼ੀ ਜਸਪ੍ਰੀਤ ਸਿੰਘ ਉਰਫ਼ ਜੱਸਾ ਦੇ ਧੜੇ ਨੇ ਦੂਜੇ ਧੜੇ ਉਤੇ ਲੋਹੇ ਦੀਆਂ ਪਾਈਪਾਂ ਨਾਲ ਹਮਲਾ ਕਰ ਦਿੱਤਾ। ਜੱਸਾ ਨਾਭਾ ਜੇਲ੍ਹ ਦੇ 20-ਬੀ-9 ਨੰਬਰ ਚੱਕੀਆਂ ਵਿਚ ਬੰਦ ਹੈ।

ਜੱਸਾ ਤੇ ਖਾੜਕੂ ਸੁਖਵਿੰਦਰ ਸਿੰਘ ਉਰਫ ਬੋਕਸਰ ਸਮੇਤ ਸੱਤ ਹੋਰ ਕੈਦੀਆਂ ਦੀ ਜਗਪਾਲ ਸਿੰਘ, ਸੁਖਵਿੰਦਰ ਸਿੰਘ ਤੇ ਸੁਖਕਿਰਨ ਸਿੰਘ ਨਾਲ ਕਿਸੇ ਪੁਰਾਣੀ ਰੰਜਿਸ਼ ਨੂੰ ਲੈ ਕੇ ਤਕਰਾਰ ਹੋ ਗਈ। ਇਸ ਤਕਰਾਰਬਾਜ਼ੀ ਨੇ ਲੜਾਈ ਦਾ ਰੂਪ ਲੈ ਲਿਆ। ਇਸ ਹਮਲੇ ਤੋਂ ਭੜਕੇ ਦੂਜੇ ਗੁੱਟ ਨੇ 9 ਕੈਦੀਆਂ ਉਤੇ ਜਵਾਬੀ ਹਮਲਾ ਕਰ ਦਿੱਤਾ। ਉਨ੍ਹਾਂ ਸਰ੍ਹੋਂ ਦਾ ਤੇਲ ਉਬਾਲ ਕੇ ਕੈਦੀਆਂ ਉਪਰ ਸੁੱਟ ਦਿੱਤਾ ਤੇ ਟੁੱਟੀਆਂ ਪਾਈਪਾਂ ਨਾਲ ਹਮਲਾ ਕਰਕੇ ਵਿਰੋਧੀਆਂ ਦੀਆਂ ਲੱਤਾਂ ਤੇ ਬਾਂਹਾਂ ਤੋੜ ਦਿੱਤੀਆਂ।

ਜੇਲ੍ਹ ਵਿਚ ਨਿਰੰਤਰ ਇਨ੍ਹਾਂ ਲੜਾਈ ਝਗੜਿਆਂ ਨੇ ਜੇਲ੍ਹ ਪ੍ਰਸ਼ਾਸਨ ਦੀ ਅਣਗਹਿਲੀ ਸਾਹਮਣੇ ਲਿਆਂਦੀ ਹੈ। ਸੁੱਖਾ ਕਾਹਲਵਾਂ ਦੇ ਦੋ ਮਹੀਨੇ ਪਹਿਲਾਂ ਪੇਸ਼ੀ ਭੁਗਤਣ ਜਾਣ ਸਮੇਂ ਪੁਲਿਸ ਦੀ ਹਾਜ਼ਰੀ ਵਿਚ ਕਤਲ ਨੇ ਪੁਲਿਸ ਪ੍ਰਬੰਧਾਂ ਦੀ ਕਾਰਗੁਜਾਰੀ ਉਤੇ ਸਵਾਲ ਖੜ੍ਹੇ ਕਰ ਦਿੱਤੇ ਸਨ। ਪਿਛਲੇ ਹਫਤੇ ਮਾਡਰਨ ਜੇਲ੍ਹ ਕਪੂਰਥਲਾ ਵਿਚ ਦੋ ਹਵਾਲਾਤੀਆਂ ਵੱਲੋਂ ਫਾਹਾ ਲੈ ਕੇ ਖ਼ੁਦਕੁਸ਼ੀ ਦੀ ਘਟਨਾ ਨੇ ਵੀ ਸੂਬੇ ਵਿਚ ਜੇਲ੍ਹ ਪ੍ਰਬੰਧਾਂ ਉਤੇ ਸਵਾਲੀਆ ਚਿੰਨ੍ਹ ਲਗਾ ਦਿੱਤਾ ਹੈ। ਜੇਲ੍ਹ ਪ੍ਰਸ਼ਾਸਨ ਨੇ ਇਨ੍ਹਾਂ ਦੋਵਾਂ ਹਵਾਲਾਤੀਆਂ ਦੀ ਮੌਤ ਬਾਰੇ ਅਜੇ ਖ਼ਾਮੋਸ਼ੀ ਧਾਰੀ ਹੋਈ ਹੈ ਪਰ ਮ੍ਰਿਤਕਾਂ ਦੇ ਪਰਿਵਾਰਾਂ ਨੇ ਲਾਪਰਵਾਹੀ ਦਾ ਦੋਸ਼ ਲਾਉਂਦਿਆਂ ਜੇਲ੍ਹ ਪ੍ਰਸ਼ਾਸਨ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਸੂਬੇ ਦੀਆਂ ਜੇਲ੍ਹਾਂ ਵਿਚ ਹਵਾਲਾਤੀਆਂ ਵੱਲੋਂ ਖ਼ੁਦਕੁਸ਼ੀ ਜਾਂ ਮੌਤਾਂ ਦੀ ਇਹ ਪਹਿਲੀ ਘਟਨਾ ਨਹੀਂ ਹੈ। ਪਿਛਲੇ ਪੰਜ ਸਾਲਾਂ ਦੌਰਾਨ ਪੰਜਾਬ ਦੀਆਂ ਜੇਲ੍ਹਾਂ ਵਿਚ 556 ਨਜ਼ਰਬੰਦ ਆਪਣੀ ਜ਼ਿੰਦਗੀ ਗੁਆ ਚੁੱਕੇ ਹਨ। ਇਸੇ ਸਾਲ ਪਹਿਲੀ ਫਰਵਰੀ ਨੂੰ ਸੈਂਟਰਲ ਜੇਲ੍ਹ ਲੁਧਿਆਣਾ ਵਿਚ ਇਕ ਹਵਾਲਾਤੀ ਨੇ ਖ਼ੁਦਕੁਸ਼ੀ ਕਰ ਲਈ ਸੀ ਤੇ ਇਸ ਤੋਂ ਬਾਅਦ 23 ਫਰਵਰੀ ਨੂੰ ਸੈਂਟਰਲ ਜੇਲ੍ਹ ਪਟਿਆਲਾ ਵਿਚ ਵੀ ਇਕ ਕੈਦੀ ਦੀ ਭੇਤਭਰੀ ਹਾਲਤ ਵਿਚ ਮੌਤ ਹੋ ਗਈ ਸੀ। ਇਨ੍ਹਾਂ ਵਿਚੋਂ ਬਹੁਤੀਆਂ ਮੌਤਾਂ ਦੇ ਕਾਰਨਾਂ ਦਾ ਭਾਵੇਂ ਹਾਲੇ ਤੱਕ ਖ਼ੁਲਾਸਾ ਨਹੀਂ ਹੋ ਸਕਿਆ ਪਰ ਇਨ੍ਹਾਂ ਵਿਚੋਂ ਬਹੁਤੀਆਂ ਜੇਲ੍ਹ ਅਧਿਕਾਰੀਆਂ ਦੀ ਅਣਗਹਿਲੀ ਤੇ ਲੋੜੀਂਦੀਆਂ ਸਿਹਤ ਸਹੂਲਤਾਂ ਨਾ ਮਿਲਣ ਕਾਰਨ ਹੋਈਆਂ। ਪੁਲਿਸ ਸਟੇਸ਼ਨਾਂ ਤੇ ਪੁਲਿਸ ਹਿਰਾਸਤ ਦੌਰਾਨ ਵੀ ਮੌਤਾਂ ਤੇ ਫਰਾਰ ਹੋਣ ਦਾ ਸਿਲਸਿਲਾ ਬਰਕਰਾਰ ਹੈ। ਨਿਆਇਕ ਹਿਰਾਸਤ ਵਿਚ ਖ਼ੁਦਕੁਸ਼ੀਆਂ, ਮੌਤਾਂ ਤੇ ਲੜਾਈ-ਝਗੜਿਆਂ ਤੋਂ ਇਲਾਵਾ ਜੇਲ੍ਹਾਂ ਵਿਚ ਨਸ਼ੇ, ਮੋਬਾਈਲ ਤੇ ਹਥਿਆਰ ਪਹੁੰਚਣੇ ਆਮ ਗੱਲ ਹੋ ਗਈ ਹੈ। ਸਰਕਾਰ ਬਹੁਤ ਸਾਰੇ ਹਵਾਲਾਤੀਆਂ ਨੂੰ ਉਨ੍ਹਾਂ ਉਤੇ ਚੱਲ ਰਹੇ ਮੁਕੱਦਮਿਆਂ ਦੀਆਂ ਤਰੀਕਾਂ ਉਤੇ ਵੀ ਅਦਾਲਤ ਸਾਹਮਣੇ ਪੇਸ਼ ਨਹੀਂ ਕਰ ਰਹੀ।

## 'ਸਾਂਝੀ ਸੋਚ' ਅਖਬਾਰ ਦਾ ਸੰਪਾਦਕ ਹਮਲੇ ਵਿਚ ਜਖਮੀ

**ਸੈਲੀਡਾ, ਕੈਲੀਫੋਰਨੀਆ (ਬਿਊਰੋ):** ਕੈਲੀਫੋਰਨੀਆ ਤੋਂ ਛਪਦੇ ਪੰਜਾਬੀ ਹਫਤਾਵਾਰ 'ਸਾਂਝੀ ਸੋਚ' ਦੇ ਪ੍ਰਕਾਸ਼ਕ ਤੇ ਮੁਖ ਸੰਪਾਦਕ ਬੂਟਾ ਬਾਸੀ ਨੂੰ ਲੰਘੀ 19 ਮਈ ਮੰਗਲਵਾਰ ਨੂੰ ਕੁਝ ਅਣਪਛਾਤੇ ਹਮਲਾਵਰਾਂ ਨੇ ਉਸ ਦੇ ਘਰ ਹੀ ਹਮਲਾ ਕਰਕੇ ਜ਼ਖਮੀ ਕਰ ਦਿਤਾ। ਬੂਟਾ ਬਾਸੀ ਦੀਆਂ ਬਾਹਾਂ, ਲੱਤਾਂ ਅਤੇ ਸਰੀਰ ਦੇ ਹੋਰਨਾਂ ਹਿੱਸਿਆਂ 'ਤੇ ਸੱਟਾਂ ਲੱਗੀਆਂ ਹਨ।

ਸਟੈਨਿਸਲਾਸ ਕਾਉਂਟੀ ਸ਼ੈਰਿਫ ਪੁਲਿਸ ਵਿਭਾਗ ਵਲੋਂ ਦਿਤੀ ਗਈ ਜਾਣਕਾਰੀ ਅਨੁਸਾਰ ਬੂਟਾ ਬਾਸੀ ਨੇ ਪੁਲਿਸ ਨੂੰ ਦਸਿਆ ਕਿ ਰਾਤੀਂ ਕਰੀਬ 8.30 ਵਜੇ ਕਿਸੇ ਨੇ ਉਸ ਦੇ ਘਰ ਦੀ ਘੰਟੀ ਖੜਕਾਈ। ਜਦੋਂ ਉਸ ਨੇ ਦਰਵਾਜਾ ਖੋਲ੍ਹਿਆ ਤਾਂ ਚਾਰ-ਪੰਜ ਵਿਅਕਤੀਆਂ ਨੇ ਅਚਾਨਕ ਬੇਸਬਾਲ ਬੈਟ ਜਿਹੇ ਹਥਿਆਰਾਂ ਨਾਲ ਉਸ ਉਤੇ ਹਮਲਾ ਕਰ ਦਿਤਾ ਜਿਸ ਨਾਲ ਉਸ ਦੀਆਂ ਬਾਹਾਂ ਅਤੇ ਗੋਡਿਆਂ ਉਪਰ ਸੱਟਾਂ ਲੱਗੀਆਂ।

ਬਾਸੀ ਨੇ ਪੁਲਿਸ ਅਫਸਰਾਂ ਨੂੰ ਦਸਿਆ ਕਿ ਉਹ ਆਪਣੇ ਅਖਬਾਰ ਵਿਚ ਸੱਚ ਨੂੰ ਉਜਾਗਰ ਕਰਦੇ ਅਕਸਰ ਅਜਿਹੀਆਂ ਖਬਰਾਂ ਤੇ ਲੇਖ ਛਾਪਦਾ ਰਹਿੰਦਾ ਹੈ ਜੋ ਕਈ ਲੋਕਾਂ, ਜਿਨ੍ਹਾਂ ਦਾ ਪਰਦਾ ਫਾਸ਼ ਹੁੰਦਾ ਹੈ, ਨੂੰ ਚੰਗੇ ਨਹੀਂ ਲਗਦੇ। ਉਸ ਨੇ ਸ਼ਕ ਜਾਹਰ ਕੀਤਾ ਕਿ ਹਮਲਾਵਰ 'ਸਾਂਝੀ ਸੋਚ' ਵਿਚ ਛਪੀਆਂ ਅਜਿਹੀਆਂ ਖਬਰਾਂ ਤੋਂ ਪਰੇਸ਼ਾਨ ਕੋਈ ਲੋਕ ਹੋ ਸਕਦੇ ਹਨ ਪਰ ਉਹ ਧਰਮ ਦੇ ਨਾਂ 'ਤੇ ਪੈਸੇ ਇਕੱਠੇ ਕਰਨ ਵਾਲਿਆਂ ਅਤੇ ਹੋਰ ਠੱਗੀਆਂ ਲਾਉਣ ਵਾਲੇ ਲੋਕਾਂ ਦਾ ਪਰਦਾ ਫਾਸ਼ ਕਰਦਾ ਹੀ ਰਹੇਗਾ। ਪੁਲਿਸ ਨੇ ਇਲਾਜ ਲਈ ਉਸ ਨੂੰ ਤੁਰਤ ਹਸਪਤਾਲ ਪਹੁੰਚਾਇਆ। ਬਾਸੀ ਨੇ ਪੁਲਿਸ ਨੂੰ ਹਮਲਾਵਰਾਂ ਦਾ ਹੁਲੀਆ ਅਤੇ ਗਡੀ ਦੀ ਨੰਬਰ ਪਲੇਟ ਦਾ ਅਧੂਰਾ ਵੇਰਵਾ ਦਿਤਾ ਹੈ। ਪੁਲਿਸ ਮਾਮਲੇ ਦੀ ਪੜਤਾਲ ਕਰ ਰਹੀ ਹੈ।


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)

Cell: (510)-677-9942
Shop: (510)-505-9605
www.princebarbershop.com



Golden State Realty
9912 Kapalua Ln., Elk Grove, CA 95624

Please Contact For
Commercial
or
Residential
Needs
Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
Call: Sohanpreet 'Sam' Chahal
Ph: 916-612-5773
email: samchahal@hotmail.com
Serving all over California



Reliable and Experienced Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869
*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay *Mountainhouse
ਮਾਊਂਟਨਹਾਊਸ ਵਿਚ ਨਵਾਂ/ਪੁਰਾਣਾ ਘਰ ਲੈਣਾ ਜਾਂ ਵੇਚਣਾ ਹੋਵੇ ਤਾਂ ਜ਼ਰੂਰ ਸੰਪਰਕ ਕਰੋ
For Sale & Purchase of Residential, Commercial Property and AG-Land
Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ
COLDWELL BANKER VALLEY CENTRAL
EQUAL HOUSING OPPORTUNITY
REALTOR

Gurbans Singh Gill
Realtor
DRE#01227109
17 Years Experiance in Real Estate
e-mail: gurbans@gotracy.com
Fax: 209-836-0706
www.gotracy.com
Gurbans Gill
Office 209-835-4545
Direct 209-815-1869
1486 W 11th Street, Tracy, CA 95376

# ਬਾਦਲ ਸਰਕਾਰ ਦੇ 'ਵਿਕਾਸ' ਨੇ ਮਹਿੰਗਾ ਕੀਤਾ ਪੰਜਾਬ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਕਰ ਮੁਕਤ ਬਜਟ ਪੇਸ਼ ਕਰਨ ਤੋਂ ਦੋ ਮਹੀਨੇ ਦੇ ਅੰਦਰ ਹੀ ਸੂਬਾ ਸਰਕਾਰ ਨੇ ਲੋਕਾਂ ਉਤੇ ਤਕਰੀਬਨ 1600 ਕਰੋੜ ਰੁਪਏ ਦੇ ਨਵੇਂ ਟੈਕਸ ਲਾਉਣ ਦਾ ਫੈਸਲਾ ਕਰ ਲਿਆ ਹੈ। ਇਸ ਨਾਲ ਸੂਬੇ ਵਿਚ ਪੈਟਰੋਲ, ਡੀਜ਼ਲ, ਖੰਡ, ਬਿਜਲੀ ਤੇ ਜ਼ਮੀਨਾਂ ਦੀਆਂ ਰਜਿਸਟਰੀਆਂ ਮਹਿੰਗੀਆਂ ਹੋ ਜਾਣਗੀਆਂ। ਪੈਟਰੋਲ ਤੇ ਡੀਜ਼ਲ ਉਤੇ ਇਕ ਰੁਪਏ ਪ੍ਰਤੀ ਲੀਟਰ ਸੈੱਸ ਵਧਾ ਦਿੱਤਾ ਹੈ ਜਦੋਂਕਿ ਬਿਜਲੀ ਡਿਊਟੀ 13 ਤੋਂ ਵਧਾ ਕੇ ਅਠਾਰਾਂ ਫ਼ੀਸਦੀ ਕਰ ਦਿੱਤੀ ਹੈ। ਰਜਿਸਟਰੀਆਂ ਉਤੇ ਸਟੈਂਪ ਡਿਊਟੀ ਇਕ ਫ਼ੀਸਦੀ ਵਧਾ ਦਿੱਤੀ ਹੈ। ਬਾਹਰੋਂ ਆਉਣ ਵਾਲੀ ਖੰਡ ਉਤੇ 11 ਫ਼ੀਸਦੀ ਐਂਟਰੀ ਟੈਕਸ ਲਗਾ ਦਿੱਤਾ ਹੈ ਜਿਸ ਨਾਲ ਸੂਬੇ ਵਿਚ ਖੰਡ ਢਾਈ ਰੁਪਏ ਕਿੱਲੋ ਤੱਕ ਮਹਿੰਗੀ ਹੋ ਜਾਵੇਗੀ। ਇਹ ਫੈਸਲੇ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਬਾਅਦ ਲਾਗੂ ਹੋਣੇ ਹਨ ਪਰ ਕਈ ਵਪਾਰੀਆਂ ਨੇ ਇਨ੍ਹਾਂ ਨੂੰ ਪਹਿਲਾਂ ਹੀ ਲਾਗੂ ਕਰ ਦਿੱਤਾ ਹੈ। ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਵੱਲੋਂ ਹਾਲ ਹੀ ਵਿਚ ਬਿਜਲੀ ਦਰਾਂ ਨਾ ਵਧਾਉਣ ਦੇ ਹੁਕਮਾਂ ਨਾਲ ਖਪਤਕਾਰਾਂ ਨੇ ਰਾਹਤ ਮਹਿਸੂਸ ਕੀਤੀ ਸੀ। ਹੁਣ ਸਰਕਾਰ ਨੇ ਪੰਜ ਫ਼ੀਸਦੀ ਬਿਜਲੀ ਡਿਊਟੀ ਲਗਾ ਕੇ ਖਪਤਕਾਰਾਂ ਉਤੇ 985 ਕਰੋੜ ਰੁਪਏ ਦਾ ਨਵਾਂ ਬੋਝ ਪਾ ਦਿੱਤਾ ਹੈ। ਇਸ ਤੋਂ ਪਹਿਲਾਂ ਹੀ 13 ਫ਼ੀਸਦੀ ਬਿਜਲੀ ਡਿਊਟੀ ਨਾਲ ਸਰਕਾਰ ਨੂੰ 2050 ਕਰੋੜ ਰੁਪਏ ਮਿਲਣ ਦਾ ਅਨੁਮਾਨ ਹੈ। ਡੀਜ਼ਲ ਤੇ ਪੈਟਰੋਲ ਵਿਚ ਵਾਧੇ ਤੋਂ ਤਕਰੀਬਨ 490 ਕਰੋੜ ਰੁਪਏ ਵੱਧ ਵਸੂਲੇ ਜਾਣ ਦੀ ਉਮੀਦ ਹੈ।

ਪਿਛਲੇ ਸੱਤ ਸਾਲਾਂ ਦੌਰਾਨ ਪੰਜਾਬ ਸਰਕਾਰ ਨੂੰ ਤੇਲ ਤੋਂ ਦੁੱਗਣੀ ਆਮਦਨ ਹੋਣ ਲੱਗੀ ਹੈ ਕਿਉਂਕਿ ਪੈਟਰੋਲੀਆਂ ਵਸਤਾਂ ਦੇ ਰੇਟ ਘਟਣ ਦੇ ਬਾਵਜੂਦ ਟੈਕਸ ਘਟਾਉਣ ਦੀ ਬਜਾਏ ਵਧਾਏ ਜਾਂਦੇ ਰਹੇ ਹਨ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਲਗਾਤਾਰ ਇਹ ਬਿਆਨ ਦੇ ਰਹੇ ਹਨ ਕਿ ਕੇਂਦਰ ਸਰਕਾਰ ਨੂੰ ਇਸ ਸੰਕਟ ਦੀ ਘੜੀ ਕਿਸਾਨਾਂ ਦੀ ਬਾਂਹ ਫੜਨੀ ਚਾਹੀਦੀ ਹੈ ਪਰ ਸੂਬਾ ਸਰਕਾਰ ਖ਼ੁਦ ਕੋਈ ਰਾਹਤ ਨਹੀਂ ਦੇ ਰਹੀ। ਪੰਜਾਬ ਦੇ ਕਿਸਾਨ ਨੂੰ ਪਿਛਲੇ ਝੋਨੇ ਦੇ ਸੀਜ਼ਨ ਦੌਰਾਨ ਆਮ ਨਾਲੋਂ ਘੱਟ ਬਰਸਾਤ ਹੋਣ ਦਾ ਵੀ ਕੋਈ ਪੈਸਾ ਨਹੀਂ ਮਿਲਿਆ। ਬੇਮੌਸਮੀ ਬਰਸਾਤ ਕਾਰਨ ਕਣਕ ਦੇ ਝਾੜ ਵਿਚ ਤਕਰੀਬਨ ਵੀਹ ਫ਼ੀਸਦੀ ਕਮੀ ਦੇ ਬਾਵਜੂਦ ਕਿਸੇ ਨੇ ਇਸ ਦੀ ਸਹਾਇਤਾ ਨਹੀਂ ਕੀਤੀ। ਸਰਕਾਰੀ ਤੇਲ ਕੰਪਨੀਆਂ ਨੇ ਪੰਦਰਾਂ ਦਿਨਾਂ ਅੰਦਰ ਡੀਜ਼ਲ ਤੇ ਪੈਟਰੋਲ ਦੀਆਂ ਕੀਮਤਾਂ ਵਧਾ ਦਿੱਤੀਆਂ ਹਨ ਤੇ ਹੁਣ ਰਹਿੰਦੀ ਕਸਰ ਪੰਜਾਬ ਸਰਕਾਰ ਵੱਲੋਂ ਡੀਜ਼ਲ ਉਤੇ ਇਕ ਰੁਪਏ ਪ੍ਰਤੀ ਲਟਰ ਸੈੱਸ ਲਗਾ ਕੇ ਪੂਰੀ ਕਰ ਦਿੱਤੀ ਗਈ ਹੈ। ਇਸ ਨਾਲ ਸੂਬੇ ਦੇ ਕਿਸਾਨਾਂ ਉਤੇ ਡੇਢ ਸੌ ਕਰੋੜ ਰੁਪਏ ਦਾ ਵਾਧੂ ਬੋਝ ਪੈਣ ਦਾ ਅਨੁਮਾਨ ਹੈ।

ਸਰਕਾਰ ਨੇ ਵਿੱਤੀ ਸੰਕਟ ਦੀ ਗੱਲ ਨੂੰ ਸਵੀਕਾਰ ਕਰਕੇ ਕੋਈ ਠੋਸ ਕਦਮ ਚੁੱਕਣ ਦੀ ਬਜਾਏ ਤਕਰੀਬਨ ਅੱਠ ਸਾਲ ਝੂਠੇ ਦਾਅਵਿਆਂ ਦੇ ਸਹਾਰੇ ਕੱਢ ਦਿੱਤੇ। ਆਪਣੇ ਗੈਰ ਉਪਜਾਊ ਖ਼ਰਚੇ ਘਟਾਉਣ ਦੇ ਬਜਾਏ ਦਰਜਨਾਂ ਮੁੱਖ ਸੰਸਦੀ ਸਕੱਤਰ, ਚਹੇਤਿਆਂ ਨੂੰ ਕੈਬਨਿਟ ਰੈਂਕ ਜਾਂ ਰਾਜ ਮੰਤਰੀ ਦੇ ਅਹੁਦਿਆਂ ਨਾਲ ਨਿਵਾਜਣਾ ਤੇ ਆਪਣੀਆਂ ਤਨਖਾਹਾਂ ਵਧਾਉਣ ਦੇ ਫ਼ੈਸਲੇ ਝੱਟ-ਪੱਟ ਕਰ ਲੈਣ ਦੇ ਫ਼ੈਸਲੇ ਲੈਣਾ ਸਰਕਾਰੀ ਮਿਜ਼ਾਜ ਦਾ ਹਿੱਸਾ ਬਣਾਇਆ ਹੈ। ਦੂਜੇ ਪਾਸੇ ਸੂਬੇ ਵਿਚ 250 ਰੁਪਏ ਦੀ ਮਾਮੂਲੀ ਪੈਨਸ਼ਨ ਨਾ ਮਿਲਣ ਕਾਰਨ ਬਜ਼ੁਰਗ ਵੱਲੋਂ ਕੀਤਾ ਆਤਮਦਾਹ, ਮਨਰੇਗਾ ਮਜ਼ਦੂਰਾਂ ਦੇ ਛੇ-ਛੇ ਮਹੀਨੇ ਤੋਂ ਪੈਸੇ ਨਾ ਮਿਲਣ, ਸਕੂਲ, ਹਸਪਤਾਲ ਤੇ ਹੋਰ ਜ਼ਰੂਰੀ ਸੰਸਥਾਵਾਂ ਰਾਮ ਭਰੋਸੇ ਚੱਲਣ ਦੇ ਪ੍ਰਤੱਖ ਦ੍ਰਿਸ਼ ਨੂੰ ਸਰਕਾਰ ਦੀ ਕਾਰਗੁਜ਼ਾਰੀ ਉਤੇ ਪ੍ਰਸ਼ਨ-ਚਿੰਨ੍ਹ ਲਾ ਰਹੇ ਹਨ।

## ਕਰ ਮੁਕਤ ਬਜਟ ਪਿੱਛੋਂ ਲੋਕਾਂ 'ਤੇ 1600 ਕਰੋੜ ਦਾ ਬੋਝ



### ਕਿਵੇਂ ਹੋਵੇਗਾ ਵਿਕਾਸ?

ਪੰਜਾਬ ਸਰਕਾਰ ਵੱਲੋਂ ਪੈਟਰੋਲ, ਡੀਜ਼ਲ ਤੇ ਬਿਜਲੀ ਦੇ ਬਿੱਲ ਉਤੇ ਨਵੇਂ ਸੈੱਸ ਵਧਾ ਕੇ ਇਹ ਦਾਅਵਾ ਕੀਤਾ ਗਿਆ ਹੈ ਕਿ ਸਰਕਾਰ ਇਸ ਤੋਂ ਹੋਣ ਵਾਲੀ ਆਮਦਨ ਨੂੰ ਵਿਕਾਸ ਕਾਰਜਾਂ ਲਈ ਖਰਚ ਕਰੇਗੀ। ਇਹ ਵਿਕਾਸ ਕਾਰਜ ਕਦੋਂ ਸ਼ੁਰੂ ਹੋਣੇ ਹਨ ਤੇ ਕਦੋਂ ਖ਼ਤਮ ਹੋਣੇ ਹਨ, ਬੁਨਿਆਦੀ ਸਹੂਲਤਾਂ ਲੋਕਾਂ ਨੂੰ ਸੰਤੁਸ਼ਟੀਜਨਕ ਢੰਗ ਨਾਲ ਕਦੋਂ ਮਿਲਣੀਆਂ ਹਨ, ਇਸ ਬਾਰੇ ਤਾਂ ਕੋਈ ਸਮਾਂ ਜਾਂ ਮਿਤੀ ਨਿਸਚਿਤ ਨਹੀਂ ਹੈ ਪਰ ਇਨਖ਼ਾਂ ਵਿਕਾਸ ਯੋਜਨਾਵਾਂ ਤੇ ਬੁਨਿਆਦੀ ਸਹੂਲਤਾਂ ਦੇ ਨਾਲ ਜੇਕਰ ਹੁਣ ਤੋਂ ਹੀ ਜੇਬਾਂ ਹੋਰ ਹਲਕੀਆਂ ਹੋਣ ਲੱਗਣਗੀਆਂ ਤਾਂ ਇਸ ਦਾ ਪ੍ਰਤੀਕਰਮ ਕਿਸੇ ਵੀ ਤਰ੍ਹਾਂ ਸੁਖਾਵਾਂ ਨਹੀਂ ਹੋ ਸਕਦਾ।

### ਇਕੱਲੇ ਕਿਸਾਨਾਂ ਨੂੰ ਡੇਢ ਸੌ ਕਰੋੜ ਦੀ ਮਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪੇਂਡੂ ਬੁਨਿਆਦੀ ਢਾਂਚੇ ਦੇ ਨਾਂ ਉਤੇ ਪੇਂਡੂ ਅਰਥਵਿਵਸਥਾ ਨੂੰ ਚੋਖੀ ਮਾਰ ਪਾਈ ਹੈ। ਮੌਸਮੀ ਸੰਕਟ ਦੀ ਝੰਬੇ ਕਿਸਾਨਾਂ ਨੂੰ ਹੁਣ ਡੀਜ਼ਲ ਉਤੇ 1.13 ਰੁਪਏ ਪ੍ਰਤੀ ਲਿਟਰ ਵਾਧੂ ਦੇਣੇ ਪੈਣਗੇ। ਕਿਸਾਨਾਂ ਉਤੇ ਹੁਣ ਤਕਰੀਬਨ ਡੇਢ ਸੌ ਕਰੋੜ ਰੁਪਏ ਦੀ ਵਾਧੂ ਮਾਰ ਪਵੇਗੀ। ਬਿਜਲੀ ਸੈੱਸ ਤੇ ਸਟੈਂਪ ਡਿਊਟੀ ਵਿਚ ਕੀਤਾ ਵਾਧਾ ਇਸ ਤੋਂ ਵੱਖ ਹੈ। ਪੰਜਾਬ ਵਿਚ ਤਕਰੀਬਨ 9 ਲੱਖ ਲੀਟਰ ਡੀਜ਼ਲ ਦੀ ਰੋਜ਼ਾਨਾ ਖਪਤ ਹੈ। ਸੀਜ਼ਨ ਦੌਰਾਨ ਖੇਤੀ ਸੈਕਟਰ ਵਿਚ 50 ਫ਼ੀਸਦ ਤੇ ਬਾਕੀ ਸਮੇਂ 35 ਤੋਂ 40 ਫ਼ੀਸਦ ਡੀਜ਼ਲ ਦੀ ਖਪਤ ਹੁੰਦੀ ਹੈ। ਇਸ ਅਨੁਮਾਨ ਅਨੁਸਾਰ ਸਾਲਾਨਾ ਤਕਰੀਬਨ 328 ਕਰੋੜ ਰੁਪਏ ਦਾ ਵਾਧੂ ਬੋਝ ਪਵੇਗਾ ਤੇ ਡੇਢ ਸੌ ਕਰੋੜ ਰੁਪਏ ਦੀ ਮਾਰ ਇਕੱਲੇ ਕਿਸਾਨਾਂ ਨੂੰ ਹੀ ਝੱਲਣੀ ਪਵੇਗੀ। ਪਿਛਲੇ ਝੋਨੇ ਦੇ ਸੀਜ਼ਨ ਵਿਚ ਆਮ ਨਾਲੋਂ ਘੱਟ ਬਰਸਾਤ ਪੈਣ ਕਾਰਨ ਪੰਜਾਬ ਸਰਕਾਰ ਨੇ ਕੇਂਦਰ ਤੋਂ 2300 ਕਰੋੜ ਰੁਪਏ ਮੰਗੇ ਸਨ।

### ਵਿਕਾਸ ਲਈ ਟੈਕਸ ਜ਼ਰੂਰੀ: ਬਾਦਲ

**ਤਲਵਾੜਾ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੈਟਰੋਲ ਤੇ ਡੀਜ਼ਲ ਉਤੇ ਸੈੱਸ ਲਾਉਣ ਸਮੇਤ 1600 ਕਰੋੜ ਰੁਪਏ ਦੇ ਲਾਏ ਟੈਕਸਾਂ ਨੂੰ ਸਹੀ ਠਹਿਰਾਉਂਦਿਆਂ ਕਿਹਾ ਹੈ ਕਿ ਸੂਬੇ ਵਿਚ ਵੱਡੇ ਪੱਧਰ ਉਤੇ ਚੱਲ ਰਹੇ ਵਿਕਾਸ ਕਾਰਜਾਂ ਨੂੰ ਹੁਲਾਰਾ ਦੇਣ ਲਈ ਸਰਕਾਰ ਨੇ ਇਹ ਕਦਮ ਚੁੱਕਿਆ ਹੈ। ਉਨ੍ਹਾਂ ਸੂਬੇ ਉਤੇ ਵਿੱਤੀ ਬੋਝ ਪਾਉਣ ਲਈ ਸਿੱਧੇ ਤੌਰ ਉਤੇ ਕਾਂਗਰਸ ਪਾਰਟੀ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਕਾਂਗਰਸ ਨੂੰ ਇਸ ਮੁੱਦੇ 'ਤੇ 'ਵਾਈਟ ਪੇਪਰ' ਮੰਗਣ ਦਾ ਕੋਈ ਨੈਤਿਕ ਅਧਿਕਾਰ ਨਹੀਂ ਰਹਿ ਜਾਂਦਾ।

### ਸੁਖਬੀਰ ਤੇ ਕੈਰੋਂ ਆਹਮੋ-ਸਾਹਮਣੇ

**ਚੰਡੀਗੜ੍ਹ:** ਪੰਜਾਬ ਵਿਚ ਨਵੇਂ ਗੁਦਾਮਾਂ ਦੀ ਉਸਾਰੀ ਦੇ ਮੁੱਦੇ ਉਤੇ ਬਾਦਲ ਪਰਿਵਾਰ ਦੇ ਦੋ ਅਹਿਮ ਜੀਆਂ- ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਉਨ੍ਹਾਂ ਦੇ ਜੀਜਾ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦਰਮਿਆਨ ਤਣਾਅ ਪੈਦਾ ਹੋ ਗਿਆ ਹੈ। ਸੂਤਰਾਂ ਮੁਤਾਬਕ ਉਪ ਮੁੱਖ ਮੰਤਰੀ ਵੱਲੋਂ ਨਵੇਂ ਗੁਦਾਮਾਂ ਦੀ ਉਸਾਰੀ ਪੰਜਾਬ ਵੇਅਰਹਾਊਸਿੰਗ ਕਾਰਪੋਰੇਸ਼ਨ ਰਾਹੀਂ ਕਰਵਾਏ ਜਾਣ ਦੀ ਪੈਰਵੀ ਕੀਤੀ ਜਾ ਰਹੀ ਹੈ, ਜਦੋਂ ਕਿ ਮੁੱਖ ਮੰਤਰੀ ਦੇ ਜਵਾਈ ਸ੍ਰੀ ਕੈਰੋਂ ਪਨਗਰੇਨ ਤੋਂ ਕਰਾਉਣ ਜ਼ੋਰ ਦੇ ਰਹੇ ਹਨ। ਸੂਬਾਈ ਵਜ਼ਾਰਤ ਦੀ ਬੀਤੇ ਦਿਨੀਂ ਹੋਈ ਮੀਟਿੰਗ ਦੌਰਾਨ ਵੀ ਦੋਵੇਂ ਰਿਸ਼ਤੇਦਾਰਾਂ ਦੇ ਇਸ ਰੱਫੜ ਦਾ ਪਰਛਾਵਾਂ ਦੇਖਣ ਨੂੰ ਮਿਲਿਆ। ਰਾਜਸੀ ਤੇ ਪ੍ਰਸ਼ਾਸਕੀ ਹਲਕਿਆਂ ਵੱਲੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸ੍ਰੀ ਕੈਰੋਂ (ਦੋਹਾਂ) ਦੀ ਮੀਟਿੰਗ ਵਿਚੋਂ ਗੈਰਹਾਜ਼ਰੀ ਨੂੰ ਇਸੇ ਵਿਵਾਦ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ, ਹਾਲਾਂਕਿ ਅਧਿਕਾਰਤ ਤੌਰ ਉਤੇ ਇਹੋ ਕਿਹਾ ਗਿਆ ਕਿ ਸ੍ਰੀ ਬਾਦਲ ਬਿਮਾਰ ਤੇ ਸ੍ਰੀ ਕੈਰੋਂ ਦੇ ਸ਼ਹਿਰ ਤੋਂ ਬਾਹਰ ਹੋਣ ਕਾਰਨ ਮੀਟਿੰਗ ਵਿਚ ਹਾਜ਼ਰ ਨਹੀਂ ਹੋ ਸਕੇ।

### ਸੁਖਬੀਰ ਬਾਦਲ ਦੀਆਂ 'ਗੱਪਾਂ' ਦੀ ਚਰਚਾ

**ਲੁਧਿਆਣਾ:** ਆਪਣੇ ਭਾਸ਼ਣਾਂ ਦੌਰਾਨ ਕਦੇ ਪਾਣੀ ਵਿਚ ਬੱਸਾਂ ਚਲਾਉਣ ਤੇ ਕਦੇ ਮੰਗਲ ਗ੍ਰਹਿ ਉਤੇ ਯੂਥ ਅਕਾਲੀ ਦਲ ਦੀ ਮੀਟਿੰਗ ਕਰਨ ਦੀ ਗੱਲ ਕਹਿਣ ਵਾਲੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ 'ਗੱਪੀ' ਕਹਿ ਕੇ ਪਿਛਲੇ ਕਈ ਦਿਨਾਂ ਤੋਂ ਸੋਸ਼ਲ ਮੀਡੀਆ ਉਤੇ ਉਨ੍ਹਾਂ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ। ਸੁਖਬੀਰ ਬਾਦਲ ਨੇ ਉਨ੍ਹਾਂ ਦੇ ਭਾਸ਼ਣ ਨੂੰ 'ਗੱਪ' ਕਹਿਣ ਦੀ ਟਿੱਪਣੀ ਕਰਨ ਵਾਲੇ ਲੋਕਾਂ ਨੂੰ ਉਨ੍ਹਾਂ ਦੇ ਸਟਾਈਲ ਵਿਚ ਹੀ ਫੇਸਬੁੱਕ ਉਤੇ ਜਵਾਬ ਦਿੱਤਾ ਹੈ ਤੇ ਕਿਹਾ ਹੈ ਕਿ ਗੱਲਾਂ ਕੋਈ ਗੱਪ ਨਹੀਂ ਬਲਕਿ ਉਨ੍ਹਾਂ ਦੇ ਸੁਫ਼ਨਿਆਂ ਦਾ ਪੰਜਾਬ ਹੈ।

# ਬੱਸ ਰੂਟ ਪਰਮਿਟਾਂ ਵਿਚ ਵੀ ਬਾਦਲ ਪਰਿਵਾਰ ਦੀ ਸਰਦਾਰੀ

**ਚੰਡੀਗੜ੍ਹ:** ਪੰਜਾਬ ਵਿਚ ਪ੍ਰਾਈਵੇਟ ਬੱਸ ਟਰਾਂਸਪੋਰਟ ਦੀ ਧੱਕੇਸ਼ਾਹੀ ਦੇ ਇਕ ਤੋਂ ਬਾਅਦ ਇਕ ਖੁਲਾਸੇ ਹੋ ਰਹੇ ਹਨ। ਸਰਕਾਰੀ ਦਸਤਾਵੇਜ਼ਾਂ ਵਿਚ ਖੁਲਾਸਾ ਹੋਇਆ ਹੈ ਕਿ ਹੁਕਮਰਾਨ ਅਕਾਲੀ ਆਗੂਆਂ ਦੀਆਂ ਕੰਪਨੀਆਂ ਦਾ ਕਈ ਰੂਟਾਂ ਉਤੇ ਪੂਰਾ ਦਬਦਬਾ ਹੈ। ਬਠਿੰਡਾ, ਪਟਿਆਲਾ, ਮੁਕਤਸਰ ਤੇ ਨੇੜਲੇ ਇਲਾਕਿਆਂ ਵਿਚ ਇਕ ਕੰਪਨੀ ਨੂੰ 100 ਤੋਂ 150 ਪਰਮਿਟ ਮਿਲੇ ਹੋਏ ਹਨ। ਹੋਰ ਟਰਾਂਸਪੋਰਟਰਾਂ ਨੂੰ ਸਿਰਫ਼ ਇਕ ਜਾਂ ਦੋ ਰੂਟ ਹੀ ਅਲਾਟ ਕੀਤੇ ਗਏ ਹਨ।

ਸੂਬੇ ਵਿਚ ਜਿੰਨੀਆਂ ਬੱਸਾਂ ਨੂੰ ਰੂਟ ਪਰਮਿਟ ਦਿੱਤੇ ਗਏ ਹਨ, ਉਨ੍ਹਾਂ ਤੋਂ ਵੱਧ ਬੱਸਾਂ ਸੜਕਾਂ ਉਤੇ ਦੌੜ ਰਹੀਆਂ ਹਨ। ਸਿਆਸੀ ਦਿੱਗਜ ਆਗੂਆਂ ਦੇ ਪਰਿਵਾਰ ਤੇ ਉਨ੍ਹਾਂ ਨਾਲ ਸਬੰਧਤ ਹੋਰ ਆਗੂਆਂ ਕੋਲ 50 ਟਰਾਂਸਪੋਰਟ ਕੰਪਨੀਆਂ ਹਨ ਤੇ ਜਾਰੀ ਕੀਤੇ ਗਏ 2885 ਪਰਮਿਟਾਂ ਵਿਚੋਂ 35 ਤੋਂ 40 ਫ਼ੀਸਦੀ ਇਨ੍ਹਾਂ ਟਰਾਂਸਪੋਰਟਰਾਂ ਕੋਲ ਹਨ। ਬਾਕੀ ਦੇ 60 ਫ਼ੀਸਦੀ ਪਰਮਿਟ ਹੋਰ ਤਕਰੀਬਨ 900 ਟਰਾਂਸਪੋਰਟਰਾਂ ਦੇ ਹਿੱਸੇ ਆਉਂਦੇ ਹਨ। ਕਈ ਕਾਂਗਰਸ ਆਗੂਆਂ ਸਮੇਤ ਹੋਰ ਪ੍ਰਾਈਵੇਟ ਟਰਾਂਸਪੋਰਟਰਾਂ ਦਾ ਜਲੰਧਰ, ਹੁਸ਼ਿਆਰਪੁਰ ਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿਚ ਅਸਰ ਹੈ। ਇਹ ਅੰਕੜੇ ਅਹਿਮ ਹਨ ਕਿਉਂਕਿ ਪੰਜਾਬ ਹਰਿਆਣਾ ਹਾਈ ਕੋਰਟ ਨੇ ਸਰਕਾਰ ਤੋਂ ਬੱਸ ਰੂਟ ਪਰਮਿਟਾਂ ਦਾ ਬਿਉਰਾ ਮੰਗਿਆ ਹੈ। ਅਦਾਲਤ ਨੇ ਉਨ੍ਹਾਂ ਸਾਰੇ ਟਰਾਂਸਪੋਰਟਰਾਂ ਦੇ ਵੀ 27 ਰਿਕਾਰਡ ਮੰਗੇ ਹਨ ਜਿਨ੍ਹਾਂ ਕੋਲ 10 ਤੋਂ ਵੱਧ ਰੂਟ ਪਰਮਿਟ ਹਨ।

ਸੂਬਾ ਸਰਕਾਰ ਨੇ ਕੇਸ ਦੀ ਪਿਛਲੀ ਸੁਣਵਾਈ ਦੌਰਾਨ ਰਿਕਾਰਡ ਜਮ੍ਹਾਂ ਨਹੀਂ ਕਰਵਾਇਆ ਸੀ। ਇਸ ਦੇ ਅੰਕੜੇ ਵੈਬਸਾਈਟ ਸਮੇਤ ਕਿਤੇ ਵੀ ਨਸ਼ਰ ਨਹੀਂ ਕੀਤੇ ਗਏ ਕਿਉਂਕਿ ਟਰਾਂਸਪੋਰਟ ਦੇ ਕਾਰੋਬਾਰ ਵਿਚ ਲੱਗੇ ਕੁਝ ਆਗੂਆਂ ਦੀ ਹੀ ਚੜ੍ਹਤ ਹੈ। ਸਰਕਾਰ ਨੇ 16 ਮਈ ਨੂੰ ਸੁਣਵਾਈ ਦੌਰਾਨ ਹਾਈਕੋਰਟ ਵਿਚ ਦੱਸਿਆ ਸੀ ਕਿ ਰਾਜ ਵਿਚ 3543 ਪ੍ਰਾਈਵੇਟ ਬੱਸਾਂ ਚੱਲ ਰਹੀਆਂ ਹਨ।

ਦਸਤਾਵੇਜ਼ਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ 2885 ਰੂਟ ਪਰਮਿਟ ਜਾਰੀ ਕੀਤੇ ਗਏ ਹਨ। ਇਸ ਦਾ ਮਤਲਬ ਇਹ ਹੋਇਆ ਕਿ ਸੜਕਾਂ ਉਤੇ 558 ਵਾਧੂ ਬੱਸਾਂ ਦੌੜ ਰਹੀਆਂ ਹਨ। ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ ਹਰਮੇਲ ਸਿੰਘ ਦਾ ਕਹਿਣਾ ਹੈ ਕਿ ਕੰਪਨੀਆਂ ਨੂੰ ਪਰਮਿਟ ਜਾਂ ਕਾਫਲੇ ਵਿਚ ਮੌਜੂਦ ਬੱਸਾਂ ਤੋਂ 10 ਫ਼ੀਸਦੀ ਵਾਧੂ ਬੱਸਾਂ ਚਲਾਉਣ ਦੀ ਇਜਾਜ਼ਤ ਹੈ। ਇਸ ਤਰਕ ਮੁਤਾਬਕ ਵੱਧ ਤੋਂ ਵੱਧ 300 ਹੋਰ ਪ੍ਰਾਈਵੇਟ ਬੱਸਾਂ ਜੋੜੀਆਂ ਜਾ ਸਕਦੀਆਂ ਹਨ। ਦਿਲਚਸਪ ਗੱਲ ਇਹ ਹੈ ਕਿ ਸਟੇਟ ਟਰਾਂਸਪੋਰਟ ਕਮਿਸ਼ਨ ਦੇ ਦਫ਼ਤਰ ਨੇ ਵੱਖ-ਵੱਖ ਮੀਡੀਆ ਰਿਪੋਰਟਾਂ ਵਿਚ ਕਿਹਾ ਹੈ ਕਿ ਸੂਬੇ ਵਿਚ ਤਕਰੀਬਨ ਪੰਜ ਹਜ਼ਾਰ ਪ੍ਰਾਈਵੇਟ ਬੱਸਾਂ ਚੱਲ ਰਹੀਆਂ ਹਨ। ਰੂਟ ਪਰਮਿਟ ਦੇ ਇਕ ਕਾਗਜ਼ ਉਤੇ 30 ਤੋਂ 40 ਪ੍ਰਾਈਵੇਟ ਟਰਾਂਸਪੋਰਟਰਾਂ ਦੇ ਨਾਂ ਦਰਜ ਹਨ ਜਦਕਿ ਬਾਦਲਾਂ ਨਾਲ ਜੁੜੇ ਹੋਏ ਪ੍ਰਾਈਵੇਟ ਟਰਾਂਸਪੋਰਟਰਾਂ ਦੇ ਪਰਮਿਟਾਂ ਦੀ ਗਿਣਤੀ 'ਤੇ ਸਿਰਫ਼ ਇਕ ਨਾਂ ਹੀ ਨਜ਼ਰ ਆਉਂਦਾ ਹੈ। ਇਸ ਦਾ ਮੁੱਖ ਉਦਾਹਰਣ ਬਠਿੰਡੇ ਤੇ ਮੁਕਤਸਰ ਜ਼ਿਲੇ ਹਨ। ਬਠਿੰਡਾ ਵਿਚ ਜਾਰੀ ਪਰਮਿਟਾਂ ਦੀ ਕੁੱਲ ਗਿਣਤੀ 295 ਹੈ ਜੋ ਲੜੀਵਾਰ ਨੰਬਰ 464 ਤੋਂ 759 ਉਤੇ ਦਰਜ ਹਨ। 144 ਪਰਮਿਟ ਬਾਦਲ ਪਰਿਵਾਰ ਦੀਆਂ ਤਿੰਨ ਕੰਪਨੀਆਂ ਔਰਬਿਟ ਏਵੀਏਸ਼ਨ, ਤਾਜ ਟਰੈਵਲਜ਼ ਤੇ ਡਬਵਾਲੀ ਟਰਾਂਸਪੋਰਟ ਦੇ ਨਾਂ ਉਤੇ ਜਾਰੀ ਕੀਤੇ ਗਏ ਹਨ। ਬਾਕੀ ਦੇ 141 ਪਰਮਿਟ 65 ਪ੍ਰਾਈਵੇਟ ਟਰਾਂਸਪੋਰਟਰਾਂ ਨੂੰ ਦਿੱਤੇ ਗਏ ਹਨ।

ਇਸੇ ਤਰ੍ਹਾਂ ਮੁਕਤਸਰ ਵਿਚ 147 ਬੱਸ ਪਰਮਿਟ ਜਾਰੀ ਕੀਤੇ ਗਏ ਹਨ ਜਿਨ੍ਹਾਂ ਵਿਚੋਂ 76 ਨਿਊ ਦੀਪ ਬੱਸ ਸਰਵਿਸ ਤੇ ਨਿਊ ਦੀਪ ਮੋਟਰਸ ਨੂੰ ਦਿੱਤੇ ਗਏ ਹਨ। ਇਹ ਕੰਪਨੀਆਂ ਗਿੱਦੜਬਾਹਾ ਦੇ ਉਘੇ ਅਕਾਲੀ ਆਗੂ ਦੀਆਂ ਹਨ। ਬਾਕੀ ਦੇ 71 ਪਰਮਿਟ ਤਕਰੀਬਨ 25 ਹੋਰ ਟਰਾਂਸਪੋਰਟਰਾਂ ਦੇ ਨਾਂ ਉਤੇ ਹਨ।




## ਪਰਮਿਟ ਵਿਹੂਣੀਆਂ ਬੱਸਾਂ ਲਾਉਂਦੀਆਂ ਨੇ ਸਰਕਾਰੀ ਖਜ਼ਾਨੇ ਨੂੰ ਕਰੋੜਾਂ ਦਾ ਰਗੜਾ

ਪੰਜਾਬ ਸਰਕਾਰ ਭਾਵੇਂ ਸੂਬੇ ਦੇ ਆਰਥਿਕ ਹਾਲਾਤ ਠੀਕ ਨਾ ਦੱਸ ਕੇ ਲੋਕਾਂ 'ਤੇ ਕਰੋੜਾਂ ਰੁਪਏ ਦਾ ਟੈਕਸ ਬੋਝ ਪਾ ਰਹੀ ਹੈ ਪਰ ਸਰਕਾਰ ਦੀਆਂ ਆਪਣੀਆਂ ਨੀਤੀਆਂ ਹੀ ਸੂਬੇ ਸਿਰ ਕਰਜ਼ੇ ਦੀ ਪੰਡ ਨੂੰ ਭਾਰਾ ਕਰ ਰਹੀਆਂ ਹਨ। ਪੰਜਾਬ ਵਿਚ 3543 ਪ੍ਰਾਈਵੇਟ ਬੱਸਾਂ ਚੱਲ ਰਹੀਆਂ ਹਨ ਤੇ 2885 ਰੂਟ ਪਰਮਿਟ ਜਾਰੀ ਕੀਤੇ ਗਏ ਹਨ। ਇਸ ਦਾ ਮਤਲਬ ਇਹ ਹੋਇਆ ਕਿ ਸੜਕਾਂ ਉਤੇ 558 ਵਾਧੂ ਬੱਸਾਂ ਦੌੜ ਰਹੀਆਂ ਹਨ। ਜਿਸ ਕਾਰਨ ਕਰੋੜਾਂ ਦਾ ਟੈਕਸ ਬਚਾ ਲਿਆ ਜਾਂਦਾ ਹੈ।

ਪਰਮਿਟ ਦੇ ਹਿਸਾਬ ਨਾਲ ਹਰ ਟਰਾਂਸਪੋਰਟ ਨੂੰ 3.03 ਪਾਸੇ ਪ੍ਰਤੀ ਕਿਲੋਮੀਟਰ ਟੈਕਸ ਲੱਗਦਾ ਹੈ ਤੇ ਇਕ ਮੋਟੇ ਅੰਦਾਜ਼ੇ ਮੁਤਾਬਕ ਇਕ ਬੱਸ ਰੋਜ਼ਾਨਾ 100 ਕਿਲੋਮੀਟਰ ਦਾ ਸਫਰ ਤੈਅ ਕਰਦੀ ਹੈ। ਇਸ ਹਿਸਾਬ ਨਾਲ ਪਰਮਿਟ ਵਿਹੂਣੀਆਂ ਬੱਸਾਂ ਹਰ ਰੋਜ਼ ਖਜ਼ਾਨੇ ਨੂੰ ਦੋ ਲੱਖ ਤੇ ਸਲਾਨਾ ਸੱਤ ਕਰੋੜ ਦਾ ਚੂਨਾ ਲਾ ਰਹੀਆਂ ਹਨ।

| ਬਾਦਲ ਟਰਾਂਸਪੋਰਟ | |
|---|---|
| ਔਰਬਿਟ ਏਵੀਏਸ਼ਨ | 62 |
| ਤਾਜ ਟਰੈਵਲਜ਼ | 37 |
| ਡੱਬਵਾਲੀ ਟਰਾਂਸਪੋਰਟ | 64 |
| ਕੁੱਲ | 163 |
| ਪਰਮਿਟ | 116 |
| ਪਾੜਾ | 47 |
| ਪ੍ਰਤੀ ਦਿਨ ਟੈਕਸ ਚੋਰੀ | 14000 |

| ਬਾਦਲ ਪਰਿਵਾਰ ਦੇ ਨਜ਼ਦੀਕੀ ਗੁਰਦੀਪ ਸਿੰਘ | |
|---|---|
| ਜੁਝਾਰ ਕਨਸਟ੍ਰੈਕਸ਼ਨ ਐਂਡ ਟਰੈਵਲਜ਼ | 51 |
| ਜੁਝਾਰ ਪਸੰਜਰ ਬੱਸ ਸਰਵਿਸ | 32 |
| ਕੁੱਲ | 83 |
| ਪਰਮਿਟ | 18 |
| ਪਾੜਾ | 65 |
| ਪ੍ਰਤੀ ਦਿਨ ਟੈਕਸ ਚੋਰੀ | 20000 |

| ਕਾਂਗਰਸੀ ਆਗੂ ਅਵਤਾਰ ਹੈਨਰੀ | |
|---|---|
| ਕਰਤਾਰ ਬੱਸ ਸਰਵਿਸ | 65 |
| ਜਲੰਧਰ ਐਂਡ ਕਰਤਾਰ ਟੂਰਿਸਟ ਬੱਸ ਸਰਵਿਸ | 9 |
| ਕੁੱਲ ਬੱਸਾਂ | 74 |
| ਪਰਮਿਟ | 35 |
| ਪਾੜਾ | 39 |
| ਪ੍ਰਤੀ ਦਿਨ ਟੈਕਸ ਚੋਰੀ | 12000 |

| ਅਕਾਲੀ ਆਗੂ ਡਿੰਪੀ ਢਿੱਲੋਂ | |
|---|---|
| ਨਿਊ ਦੀਪ ਬੱਸ ਸਰਵਿਸ | 55 |
| ਨਿਊ ਦੀਪ ਮੋਟਰਜ਼ | 59 |
| ਕੁੱਲ ਬੱਸਾਂ | 114 |
| ਪਰਮਿਟ | 60 |
| ਪਾੜਾ | 54 |
| ਪ੍ਰਤੀ ਦਿਨ ਟੈਕਸ ਚੋਰੀ | 17000 |

# ‘ਆਪ’ ਦੀ ਪੰਜਾਬ ਇਕਾਈ ਦੇ ਗਠਨ ਨੂੰ ਹਰੀ ਝੰਡੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਆਮ ਆਦਮੀ ਪਾਰਟੀ (ਆਪ) ਦੀ ਪੰਜਾਬ ਇਕਾਈ ਕਿਸੇ ਵੇਲੇ ਵੀ ਸਥਾਪਤ ਹੋ ਸਕਦੀ ਹੈ। ਹਾਈਕਮਾਨ ਵੱਲੋਂ ‘ਆਪ’ ਦੀ ਪੰਜਾਬ ਇਕਾਈ ਦੇ ਢਾਂਚੇ ਦਾ ਖਾਕਾ ਤਿਆਰ ਕਰ ਲਿਆ ਗਿਆ ਹੈ। ਸੂਤਰਾਂ ਅਨੁਸਾਰ ‘ਆਪ’ ਵੱਲੋਂ ਪੰਜਾਬ ਵਿਚ ਚਲਾਈ ਮੁਹਿੰਮ ਦੌਰਾਨ ਕਈ ਦਿਨ ਇਥੇ ਰਹੇ ਪੰਜਾਬ ਇਕਾਈ ਦੇ ਇੰਚਾਰਜ ਸੰਜੇ ਸਿੰਘ ਨੇ ਜਥੇਬੰਦਕ ਢਾਂਚੇ ਦਾ ਮੋਟੇ ਤੌਰ ਉਤੇ ਖਾਕਾ ਤਿਆਰ ਕਰ ਲਿਆ ਹੈ।

ਇਸ ਬਾਰੇ ਪੰਜਾਬ ਦੀ ਲੀਡਰਸ਼ਿਪ ਨਾਲ ਵੀ ਚਰਚਾ ਕੀਤੀ ਗਈ ਹੈ। ਇਸ ਵੇਲੇ ‘ਆਪ’ ਦੀ ਪੰਜਾਬ ਇਕਾਈ ਦੇ ਸਿਰਫ ਕਨਵੀਨਰ ਹੀ ਨਿਯੁਕਤ ਕੀਤੇ ਗਏ ਹਨ ਪਰ ਜਥੇਬੰਦਕ ਢਾਂਚੇ ਬਾਰੇ ਫ਼ੈਸਲਾ ਨਹੀਂ ਲਿਆ ਗਿਆ। ਪਿਛਲੇ ਦਿਨੀਂ ਪੰਜਾਬ ਕਾਰਜਕਾਰਨੀ ਦੇ ਅੱਠ ਮੈਂਬਰਾਂ ਵਿਚੋਂ ਤਿੰਨ ਸੰਸਦ ਮੈਂਬਰਾਂ ਸਮੇਤ ਪੰਜ ਮੈਂਬਰਾਂ ਨੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੂੰ ਅਹੁਦੇ ਤੋਂ ਲਾਹੁਣ ਦਾ ਮਤਾ ਪਾਸ ਕਰ ਕੇ ਹਲਚਲ ਪੈਦਾ ਕਰ ਦਿੱਤੀ ਸੀ ਤੇ ਹਾਈਕਮਾਨ ਨੂੰ ਇਸ ਘਟਨਾਕ੍ਰਮ ਬਾਰੇ ਹੰਗਾਮੀ ਕਦਮ ਚੁੱਕਣੇ ਪਏ ਸਨ।

ਪਾਰਟੀ ਵੱਲੋਂ ਪਿਛਲੇ ਦਿਨੀਂ ਰਾਜ ਵਿਚ ਅਕਾਲੀ ਦਲ-ਭਾਜਪਾ ਸਰਕਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਪਟਿਆਲਾ ਤੋਂ ਸੰਸਦ ਮੈਂਬਰ ਡਾਕਟਰ ਧਰਮਵੀਰ ਗਾਂਧੀ ਨੂੰ ਛੱਡ ਕੇ ਬਾਕੀ ਤਿੰਨੋਂ ਸੰਸਦ ਮੈਂਬਰਾਂ ਤੇ ਅਨੁਸ਼ਾਸਨੀ ਕਮੇਟੀ ਪੰਜਾਬ ਦੇ ਚੇਅਰਮੈਨ ਡਾਕਟਰ ਦਲਜੀਤ ਸਿੰਘ ਸਮੇਤ ਸਮੁੱਚੀ ਲੀਡਰਸ਼ਿਪ ਸ਼ਾਮਲ ਹੋਈ ਸੀ। ਇਸ ਤੋਂ ਸੰਕੇਤ ਮਿਲੇ ਹਨ ਕਿ ਸੰਜੇ ਸਿੰਘ ਨੇ ਪਾਰਟੀ ਵਿਚਲੀ ਫੁੱਟ ਨੂੰ ਕੁਝ ਹੱਦ ਤੱਕ ਖ਼ਤਮ ਕੀਤਾ ਹੈ। ਸ੍ਰੀ ਛੋਟੇਪੁਰ ਨੇ ਪਾਰਟੀ ਦਾ ਜਥੇਬੰਦਕ ਢਾਂਚਾ ਜਲਦ ਕਾਇਮ ਕਰਨ ਦੀ ਪੁਸ਼ਟੀ ਕੀਤੀ। ਉਨ੍ਹਾਂ ਦੱਸਿਆ ਕਿ ਅਗਲੇ ਦੋ ਮਹੀਨਿਆਂ ਦੌਰਾਨ ਪਾਰਟੀ ਦੇ ਮਹਿਲਾ ਵਿੰਗ, ਯੂਥ ਵਿੰਗ ਤੇ ਵਿਦਿਆਰਥੀ ਵਿੰਗ ਸਥਾਪਤ ਕੀਤੇ ਜਾਣਗੇ।

# ਐਂਟਰੀ ਟੈਕਸ ਦੇ ਮਾਮਲੇ ‘ਤੇ ਭਾਜਪਾ ਦਾ ਯੂ-ਟਰਨ

**ਜਲੰਧਰ:** ਪੰਜਾਬ ਭਾਜਪਾ ਦੇ ਪ੍ਰਧਾਨ ਕਮਲ ਸ਼ਰਮਾ ਨੇ ਖੰਡ ਉਤੇ ਲੱਗੇ 11 ਫ਼ੀਸਦੀ ਐਂਟਰੀ ਟੈਕਸ ਮਾਮਲੇ ‘ਤੇ ਯੂ-ਟਰਨ ਲੈਂਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਇਹ ਟੈਕਸ ਲਾਉਣ ਲੱਗਿਆਂ ਭਾਜਪਾ ਲੀਡਰਸ਼ਿਪ ਨੂੰ ਭਰੋਸੇ ਵਿਚ ਨਹੀਂ ਲਿਆ। ਉਨ੍ਹਾਂ ਕਿਹਾ ਕਿ ਦੂਜੇ ਸੂਬਿਆਂ ਤੋਂ ਆਉਣ ਵਾਲੀ ਖੰਡ ‘ਤੇ ਲੱਗਣ ਵਾਲੇ 11 ਫ਼ੀਸਦੀ ਟੈਕਸ ਬਾਰੇ ਭਾਜਪਾ ਨਾਲ ਕੋਈ ਸਲਾਹ ਮਸ਼ਵਰਾ ਨਹੀਂ ਕੀਤਾ ਗਿਆ ਤੇ ਇਸ ਟੈਕਸ ਨੂੰ ਵਾਪਸ ਕਰਾਉਣ ਲਈ ਮੁੱਖ ਮੰਤਰੀ ਪੰਜਾਬ ਨਾਲ ਗੱਲਬਾਤ ਕੀਤੀ ਜਾਵੇਗੀ।

ਉਧਰ ਭਾਜਪਾ ਦੇ ਮੰਤਰੀ ਮਦਨ ਮੋਹਨ ਮਿੱਤਲ ਨੇ ਕਿਹਾ ਕਿ ਖੰਡ ਉਤੇ ਲਾਏ ਗਏ 11 ਫ਼ੀਸਦੀ ਐਂਟਰੀ ਟੈਕਸ ਦੇ ਮਤੇ ਨੂੰ ਉਹ ਹੀ ਮੰਤਰੀ ਮੰਡਲ ਵਿਚ ਲੈ ਕੇ ਆਏ ਸਨ। ਉਨ੍ਹਾਂ ਇਹ ਵੀ ਮੰਨਿਆ ਕਿ ਪੰਜਾਬ ਵਿਚ ਲੱਗੇ ਪ੍ਰਾਪਰਟੀ ਟੈਕਸ ਨੂੰ ਵੀ ਭਾਜਪਾ ਹੀ ਲੈ ਕੇ ਆਈ ਸੀ। ਜ਼ਿਕਰਯੋਗ ਹੈ ਕਿ 20 ਮਈ ਨੂੰ ਪੰਜਾਬ ਮੰਤਰੀ ਮੰਡਲ ਦੀ ਹੋਈ ਮੀਟਿੰਗ ਵਿਚ ਭਾਜਪਾ ਦੇ ਮੰਤਰੀ ਹਾਜ਼ਰ ਸਨ, ਜਦੋਂ ਸੂਬੇ ਵਿਚ 1600 ਕਰੋੜ ਦੇ ਪੈਟਰੋਲ, ਡੀਜ਼ਲ, ਖੰਡ ਤੇ ਹੋਰ ਵਸਤਾਂ ਉਤੇ ਲਾਏ ਜਾ ਰਹੇ ਸਰਚਾਰਜ ਲਾਉਣ ਦਾ ਮਤਾ ਪਾਸ ਕੀਤਾ ਗਿਆ। ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਕਮਲ ਸ਼ਰਮਾ ਨੂੰ ਜਦੋਂ ਇਹ ਸਵਾਲ ਕੀਤਾ ਗਿਆ ਕਿ ਖੰਡ ਦੇ ਐਂਟਰੀ ਟੈਕਸ ਬਾਰੇ ਤਾਂ ਮੁੱਖ ਮੰਤਰੀ ਪੰਜਾਬ ਨਾਲ ਲੀਡਰਸ਼ਿਪ ਗੱਲਬਾਤ ਕਰੇਗੀ ਪਰ ਪੈਟਰੋਲ ਤੇ ਡੀਜ਼ਲ ਉਤੇ ਲਾਏ ਗਏ ਸੈੱਸ ਬਾਰੇ ਉਨ੍ਹਾਂ ਦੀ ਪਾਰਟੀ ਦਾ ਕੀ ਸਟੈਂਡ ਹੈ? ਇਸ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਸੂਬੇ ਦੇ ਵਿਕਾਸ ਨੂੰ ਲੀਹ ‘ਤੇ ਤੋਰਨ ਵਾਸਤੇ ਇਹ ਸੈੱਸ ਲਾਉਣਾ ਜ਼ਰੂਰੀ ਹੋ ਗਿਆ ਸੀ। ਇਸੇ ਦੌਰਾਨ ਕਮਲ ਸ਼ਰਮਾ ਨੇ ਐਲਾਨ ਕੀਤਾ ਕਿ ਕੇਂਦਰ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਰਹਿਨੁਮਾਈ ਵਾਲੀ ਸਰਕਾਰ ਦਾ ਇਕ ਸਾਲ ਦਾ ਕਾਰਜਕਾਲ ਪੂਰਾ ਹੋਣ ਉਤੇ ਭਾਜਪਾ ਇਸ ਮੌਕੇ ਨੂੰ ‘ਜਨ ਕਲਿਆਣ ਪਰਵ’ ਦੇ ਰੂਪ ਵਿਚ ਮਨਾਏਗੀ ਤੇ ਪੰਜਾਬ ਦੇ ਸਾਰੇ 117 ਵਿਧਾਨ ਸਭਾ ਹਲਕਿਆਂ ਅੰਦਰ ਜਨ ਸਭਾਵਾਂ ਕਰੇਗੀ।

# ਅਮਰੀਕੀ ਮੀਡੀਆ ਵੱਲੋਂ ਮੋਦੀ ਸਰਕਾਰ ਦੀ ਆਲੋਚਨਾ

**ਨਿਊ ਯਾਰਕ:** ਅਮਰੀਕੀ ਮੀਡੀਆ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੇ ਇਕ ਸਾਲ ਬਾਰੇ ਰਤਾ ਕੁ ਖਿੱਚ ਕੇ ਟਿੱਪਣੀਆਂ ਕੀਤੀਆਂ ਹਨ। ਬਹੁਤੀਆਂ ਅਖ਼ਬਾਰਾਂ ਨੇ ‘ਮੇਕ ਇਨ ਇੰਡੀਆ’ ਨੂੰ ਫਿਲਹਾਲ ਪ੍ਰਚਾਰ ਹੀ ਕਰਾਰ ਦਿੱਤਾ ਹੈ ਤੇ ਕਿਹਾ ਹੈ ਕਿ ਇਸ ਦੀ ਸਫਲਤਾ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ।

‘ਵਾਲ ਸਟ੍ਰੀਟ ਜਰਨਲ’ ਨੇ ਲਿਖਿਆ ਹੈ ਕਿ ਸਰਕਾਰ ਦਾ ਇਕ ਸਾਲ ਮੁੱਕ ਗਿਆ ਹੈ ਤੇ ਨਾਲ ਹੀ ਪਹਿਲਾ ਪੜਾਅ ਵੀ ਖ਼ਤਮ ਹੋ ਗਿਆ ਹੈ। ਭਾਰਤੀ ਵੋਟਰਾਂ ਵੱਲੋਂ ਤਬਦੀਲੀ ਤੇ ਆਰਥਿਕ ਸੁਰਜੀਤੀ ਲਈ ਦਿੱਤੀਆਂ ਵੋਟਾਂ ਤੋਂ ਇਕ ਸਾਲ ਬਾਅਦ ਹੁਣ ਸਰਕਾਰ ਦਾ ਹਕੀਕਤਾਂ ਨਾਲ ਮੱਥਾ ਲੱਗਣਾ ਸ਼ੁਰੂ ਹੋਇਆ ਹੈ। ‘ਮੇਕ ਇਨ ਇੰਡੀਆ’ ਦਾ ਜਿੰਨਾ ਪ੍ਰਚਾਰ ਹੈ, ਉਨਾ ਕੰਮ ਅਜੇ ਦਿੱਸ ਨਹੀਂ ਰਿਹਾ ਹੈ। ਆਰਥਿਕਤਾ ਦਾ ਹਾਲ ਵੀ ਪਹਿਲਾਂ ਨਾਲੋਂ ਕੋਈ ਵੱਖਰਾ ਨਹੀਂ ਹੈ। ‘ਨਿਊ ਯਾਰਕ ਟਾਈਮਜ਼’ ਨੇ ਆਪਣੀ ਪੁਣ-ਛਾਣ ’ਚ ਕਿਹਾ ਹੈ ਕਿ ਸ੍ਰੀ ਮੋਦੀ ਨੂੰ ਹੁਣ ਹਕੀਕਤਾਂ ਦਾ ਸਾਹਮਣਾ ਕਰਨਾ ਹੀ ਪਵੇਗਾ। ਅਜੇ ਤੱਕ ਉਨ੍ਹਾਂ ਦੇ ਏਜੰਡੇ ਨੇ ਕੋਈ ਖਾਸ ਪੁਲਾਂਘ ਨਹੀਂ ਪੁੱਟੀ ਹੈ।

ਸੰਸਾਰ ਦੇ ਤਕਰੀਬਨ ਸਾਰੇ ਦੇਸ਼ ਤਵੱਕੋ ਕਰ ਰਹੇ ਹਨ ਕਿ ਭਾਰਤ ਇਸ ਸਾਲ ਚੀਨ ਨੂੰ ਪਛਾੜ ਕੇ ਅੱਗੇ ਲੰਘ ਜਾਵੇਗਾ, ਪਰ ਘਰੇਲੂ ਹਾਲਤ ਅਜੇ ਮਾੜੀ ਹੈ। ਰੁਜ਼ਗਾਰ ਵਾਲਾ ਫਰੰਟ ਬੜਾ ਢਿੱਲਾ-ਮੱਠਾ ਹੈ। ਕਾਰੋਬਾਰ ਦਾ ਹਾਲ ਫਿਲਹਾਲ ‘ਉਡੀਕੋ ਤੇ ਦੇਖੋ’ ਮੁਤਾਬਕ ਹੀ ਚੱਲ ਰਿਹਾ ਹੈ। ਸਿਆਸੀ ਫਰੰਟ ਉਤੇ ਸ੍ਰੀ ਮੋਦੀ ਨੂੰ ਪੈਰ-ਪੈਰ ਉਤੇ ਮੁਖ਼ਾਲਫ਼ਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਉਤੇ ਗਰੀਬ-ਵਿਰੋਧੀ ਤੇ ਕਿਸਾਨ-ਵਿਰੋਧੀ ਹੋਣ ਦੇ ਲਾਏ ਜਾ ਰਹੇ ਦੋਸ਼ ਉਨ੍ਹਾਂ ਦਾ ਪਿੱਛਾ ਨਹੀਂ ਛੱਡ ਰਹੇ। ‘ਨਿਊਯਾਰਕ ਟਾਈਮਜ਼’ ਵਿਚ ਹੀ ਛਪੇ ਇਕ ਲੇਖ ਵਿਚ ਕਿਹਾ ਗਿਆ ਹੈ ਕਿ ਲੋਕਾਂ ਨੂੰ ਸ੍ਰੀ ਮੋਦੀ ਤੋਂ ਆਸਾਂ ਬਹੁਤ ਹਨ, ਪਰ ਉਨ੍ਹਾਂ ਆਪਣੇ ਲਈ ਰਾਹ ਅਜੇ ਬਣਾਉਣਾ ਹੈ।

# ਨਰਾਇਣ ਸਾਈਂ ਨੂੰ ਆਰਜ਼ੀ ਜ਼ਮਾਨਤ ਮਿਲੀ

**ਅਹਿਮਦਾਬਾਦ:** ਆਸਾਰਾਮ ਦੇ ਪੁੱਤਰ ਨਰਾਇਣ ਸਾਈਂ ਜੋ ਕਿ ਜਬਰ ਜਨਾਹ ਦੇ ਮਾਮਲੇ ਵਿਚ ਸਜ਼ਾ ਭੁਗਤ ਰਿਹਾ ਹੈ, ਨੂੰ ਆਪਣੀ ਬਿਮਾਰ ਮਾਤਾ ਨੂੰ ਮਿਲਣ ਲਈ ਗੁਜਰਾਤ ਹਾਈ ਕੋਰਟ ਨੇ ਤਿੰਨ ਹਫ਼ਤਿਆਂ ਲਈ ਆਰਜ਼ੀ ਜ਼ਮਾਨਤ ਦਿੱਤੀ ਹੈ।

ਜਸਟਿਸ ਵੀ.ਐਮ. ਪੰਚੋਲੀ ਨੇ ਸਾਈਂ ਦੀ ਆਰਜ਼ੀ ਜਮਾਨਤ ਮਨਜ਼ੂਰ ਕਰਦੇ ਹੋਏ ਕਿਹਾ ਕਿ ਇਸ ਸਮੇਂ ਦੌਰਾਨ ਸਾਈਂ ਨੂੰ ਪੁਲਿਸ ਦੀ ਨਿਗਰਾਨੀ ਵਿਚ ਰਹਿਣਾ ਪਏਗਾ।

**Philips-66 Truck Stop Convenience Store**

*For Sale or Lease*

11 Pumps, 30 Trucks Parking
Diesel & Gas With Restaurant, Liquor, Lottery
*Good Profit Margin*
Prime Location (4 States Traffic Area on State Hwy I-44/I-49 in Missouri)

Also available commercial bulding (SCF), partially rented in Mohali, India. Commercial plot in business growing area (in Walmart, Home Office area)

Serious Parties Only, Please.
**Contact: 417-825-7602**
Email: shaanmann5@gmail.com

*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*

**Are You Tired Of All Treatments?**
**Try Homeopathic Natural Medicines (HNM)**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply


*Gurdip Singh Sandhu*

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
*The California Homeopathic Society*
National Center For Homeopathy- USA

Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com

*Toll Free: 1-877-OK-HOMEO (1-877-654-6636)*



ਪੰਜਾਬ ਟਾਈਮਜ਼

*ਸਨਿਚਰਵਾਰ, 30 ਮਈ 2015*

## ਘੱਟ-ਗਿਣਤੀਆਂ ਦਾ ਇਕ ਸਾਲ

ਭਾਰਤ ਨੂੰ ਹਿੰਦੂ ਰਾਸ਼ਟਰ ਵਜੋਂ ਪ੍ਰਚਾਰ ਰਹੀ ਜਥੇਬੰਦੀ ਆਰ.ਐਸ.ਐਸ. ਦੇ ਸਿਆਸੀ ਵਿੰਗ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਦੀ ਕਾਇਮੀ ਦੇ ਇਕ ਸਾਲ ਦੇ ਜਸ਼ਨਾਂ ਵਿਚ ਖਿੱਚ-ਧੂਹ ਕੇ ਸਾਰੇ ਦੇਸ਼ ਨੂੰ ਹੀ ਸ਼ਾਮਲ ਕਰ ਲਿਆ ਗਿਆ ਹੈ। ਅਖਬਾਰਾਂ ਵਿਚ ਰਿਪੋਰਟਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਲੋਂ ਲੋਕਾਂ ਦੇ ਨਾਂ ਲਿਖੀਆਂ ਛਪਵਾਈਆਂ ਜਾ ਰਹੀਆਂ ਹਨ, ਸਰਕਾਰ ਦੀਆਂ ਪ੍ਰਾਪਤੀਆਂ ਦੀ ਸੂਚੀ ਬਣਾ ਕੇ ਹਰ ਪੱਧਰ ਉਤੇ ਵਿਚਾਰੀ ਤੇ ਪ੍ਰਚਾਰੀ ਜਾ ਰਹੀ ਹੈ। ਟੀ.ਵੀ. ਚੈਨਲਾਂ ਵਾਲਿਆਂ ਨੂੰ ਵੀ ਚੋਖਾ ਕੰਮ ਮਿਲ ਗਿਆ ਹੈ ਅਤੇ ਇਹ ਆਪੋ-ਆਪਣੇ ਚੈਨਲਾਂ ਦੇ ਪ੍ਰਸਾਰਨ ਦਾ ਬਹੁਤਾ ਸਮਾਂ ਅੱਜ ਕੱਲ੍ਹ ਸਰਕਾਰ ਦੇ ਇਕ ਸਾਲ ਬਾਰੇ ਬਹਿਸਾਂ-ਵਟਾਂਦਰਿਆਂ ਉਤੇ ਹੀ ਲਾ ਰਹੇ ਹਨ। ਬਹਿਸਾਂ ਦੌਰਾਨ ਹਰ ਪੱਖ ਬਾਰੇ ਚਰਚਾ ਕੀਤੀ ਜਾ ਰਹੀ ਹੈ। ਇਸ ਬਹਿਸ ਵਿਚੋਂ ਜੇ ਕੋਈ ਮਸਲਾ ਛੱਡ ਦਿੱਤਾ ਗਿਆ ਹੈ, ਤਾਂ ਉਹ ਘੱਟ-ਗਿਣਤੀਆਂ ਨਾਲ ਸਬੰਧਤ ਮਸਲਾ ਹੈ। ਇਥੇ ਇਹ ਵਿਚਾਰ ਕਰਨ ਦੀ ਲੋੜ ਨਹੀਂ ਹੈ ਕਿ ਇਹ ਮਸਲਾ ਜਾਣ-ਬੁੱਝ ਕੇ ਪਾਸੇ ਕਰ ਦਿੱਤਾ ਹੋਵੇਗਾ। ਅਸਲ ਮੁੱਦਾ ਤਾਂ ਹੈ ਹੀ ਇਹ ਕਿ ਇਸ ਮਸਲੇ ਨੂੰ ਕਦੀ ਉਸ ਨੁਕਤਾ-ਨਿਗ੍ਹਾ ਤੋਂ ਵਿਚਾਰਿਆ ਹੀ ਨਹੀਂ ਗਿਆ ਜਿਸ ਕੋਣ ਤੋਂ ਇਸ ਬਾਬਤ ਵਿਚਾਰ-ਵਟਾਂਦਰਾ ਚੱਲਣਾ ਚਾਹੀਦਾ ਹੈ। ਇਸ ਦੇ ਹੋਰ ਕਾਰਨਾਂ ਦੇ ਨਾਲ ਨਾਲ ਸਿਆਸੀ ਕਾਰਨ ਵਧੇਰੇ ਹਨ। ਵੋਟਾਂ ਦੀ ਸਿਆਸਤ ਨੇ ਘੱਟ-ਗਿਣਤੀਆਂ ਦੀ ਹੋਂਦ ਸਿਰਫ ਵੋਟ ਤੱਕ ਘਟਾ ਕੇ ਰੱਖ ਦਿੱਤੀ। ਕੱਲ੍ਹ ਤੱਕ ਕਾਂਗਰਸ ਸੱਤਾ ਵਿਚ ਸੀ ਅਤੇ ਇਸ ਨੇ ਘੱਟ-ਗਿਣਤੀਆਂ ਨੂੰ ਵੋਟ-ਬੈਂਕ ਤੋਂ ਵੱਧ ਕਦੀ ਅਹਿਮੀਅਤ ਨਹੀਂ ਦਿੱਤੀ। ਮੋਦੀ ਸਰਕਾਰ ਨੇ ਤਾਂ ਆਰੰਭ ਤੋਂ ਹੀ ਇਨ੍ਹਾਂ ਨੂੰ ਨਿਸ਼ਾਨੇ ਉਤੇ ਰੱਖਿਆ ਹੈ। ਮੁਸਲਮਾਨਾਂ ਵੱਲ ਇਨ੍ਹਾਂ ਦਾ ਵਿਹਾਰ ਕਿਸੇ ਤੋਂ ਲੁਕਿਆ ਹੋਇਆ ਨਹੀਂ ਹੈ। ਈਸਾਈਆਂ ਬਾਰੇ ਵੀ ਇਸ ਨੇ ਆਪਣੀ ਨੀਤੀ-ਰਣਨੀਤੀ ਸਪਸ਼ਟ ਕਰ ਦਿੱਤੀ ਹੋਈ ਹੈ। ਇਹ ਮੋਦੀ ਸਰਕਾਰ ਦੀ ਨੀਤੀ-ਰਣਨੀਤੀ ਹੀ ਹੋਵੇਗੀ ਕਿ ਸਰਕਾਰ ਦੀ ਕਾਇਮੀ ਤੋਂ ਤੁਰੰਤ ਬਾਅਦ ਘੱਟ-ਗਿਣਤੀਆਂ ਉਤੇ ਹਮਲੇ ਤੇਜ਼ ਹੋ ਗਏ ਸਨ। ਮੁਸਲਮਾਨਾਂ ਨੂੰ ਜਿਸ ਤਰ੍ਹਾਂ ਇਕੱਲਿਆਂ ਕਰ ਕਰ ਕੇ ਨਿਸ਼ਾਨਾ ਬਣਾਇਆ ਗਿਆ ਅਤੇ ਦਿੱਲੀ ਤੇ ਹੋਰ ਥਾਂਈਂ ਜਿਸ ਤਰ੍ਹਾਂ ਗਿਰਜਾ ਘਰਾਂ ਉਤੇ ਲਗਾਤਾਰ ਹਮਲੇ ਕੀਤੇ/ਕਰਵਾਏ ਗਏ, ਇਸ ਤੋਂ ਬਾਅਦ ਜਿਸ ਪ੍ਰਕਾਰ ਘੇਸਲ ਮਾਰਨ ਦੀ ਕੋਸ਼ਿਸ਼ ਕੀਤੀ ਗਈ, ਇਸ ਤੋਂ ਐਨ ਜ਼ਾਹਿਰ ਹੋ ਗਿਆ ਕਿ ਘੱਟ-ਗਿਣਤੀਆਂ ਨਾਲ ਆਉਣ ਵਾਲੇ ਸਾਲਾਂ ਵਿਚ ਕੀ ਵਿਹਾਰ ਹੋਣਾ ਬਾਕੀ ਹੈ। ਸਿੱਖਾਂ ਨੂੰ ਆਰ.ਐਸ.ਐਸ. ਅਜੇ ਤੱਕ ਕਿਉਂਕਿ ਹਿੰਦੂਆਂ ਦਾ ਹਿੱਸਾ ਮੰਨ ਕੇ ਚੱਲਦੀ ਹੈ, ਸ਼ਾਇਦ ਇਸੇ ਲਈ ਸਿੱਖਾਂ ਵੱਲ ਉਸ ਤਰ੍ਹਾਂ ਦਾ ਹਮਲਾਵਰ ਰੁਖ ਨਹੀਂ ਅਪਨਾਇਆ ਗਿਆ ਜਿਸ ਤਰ੍ਹਾਂ ਦਾ ਰੁਖ ਮੁਸਲਮਾਨਾਂ ਤੇ ਈਸਾਈਆਂ ਵੱਲ ਅਪਨਾਇਆ ਗਿਆ ਹੈ। ਇਹੀ ਕਾਰਨ ਹੈ ਕਿ ਆਰ.ਐਸ.ਐਸ. ਨੇ ਪੰਜਾਬ ਨੂੰ ਆਪਣੇ ਖਾਸ ਪ੍ਰੋਗਰਾਮ ਦੇ ਏਜੰਡੇ ਉਤੇ ਸਭ ਤੋਂ ਉਪਰ ਰੱਖਿਆ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਿਆਸੀ ਗਠਜੋੜ ਨਾਲ ਇਸ ਨੇ ਆਪਣੇ ਇਸੇ ਮੰਤਵ ਦੀ ਸਿੱਧੀ ਵੱਲ ਪੁਲਾਂਘ ਭਰਨ ਦਾ ਯਤਨ ਕੀਤਾ ਹੈ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸਰਪ੍ਰਸਤੀ ਵਾਲੇ ਸ਼੍ਰੋਮਣੀ ਅਕਾਲੀ ਦਲ ਵਲੋਂ ਹੁਣ ਤੱਕ ਭਾਰਤੀ ਜਨਤਾ ਪਾਰਟੀ ਨੂੰ ਕੇਂਦਰ ਵਿਚ ਬਿਨਾਂ ਸ਼ਰਤ ਹਮਾਇਤ ਦਿੱਤੀ ਗਈ ਹੈ। ਸ. ਬਾਦਲ ਜਿਹੜੇ ਕਾਂਗਰਸ ਵਲੋਂ ਪੰਜਾਬ ਨਾਲ ਕੀਤੇ ਵਿਤਕਰੇ ਦੀ ਗੱਲਾਂ ਅਕਸਰ ਕਰਦੇ ਰਹਿੰਦੇ ਹਨ, ਨੇ ਪੰਜਾਬ ਜਾਂ ਪੰਜਾਬੀ ਦਾ ਮੁੱਦਾ ਕੇਂਦਰ ਕੋਲ ਕਦੀ ਢੰਗ ਨਾਲ ਉਠਾਇਆ ਹੀ ਨਹੀਂ ਹੈ। ਇਸ ਤੋਂ ਪਹਿਲਾਂ ਭਾਜਪਾ ਆਗੂ ਅਟਲ ਬਿਹਾਰੀ ਵਾਜਪਈ ਦੀ ਸਰਕਾਰ ਵਾਲੇ ਛੇ ਸਾਲ ਲੰਘ ਗਏ। ਇਨ੍ਹਾਂ ਛੇ ਸਾਲਾਂ ਦੌਰਾਨ ਸ. ਬਾਦਲ ਨੂੰ ਕਦੀ ਪੰਜਾਬ ਦੇ ਮਸਲਿਆਂ ਦਾ ਚੇਤਾ ਨਹੀਂ ਆਇਆ। ਉਨ੍ਹਾਂ ਆਪਣੇ ਪਰਿਵਾਰ ਦੇ ਲਾਹੇ ਨੂੰ ਹੀ ਮੁੱਖ ਰੱਖਿਆ ਅਤੇ ਅੱਜ ਉਹ ਸੂਬੇ ਦੀਆਂ ਤਕਰੀਬਨ ਸਾਰੀਆਂ ਧਾਰਮਿਕ-ਸਿਆਸੀ-ਸਮਾਜਕ ਸੰਸਥਾਵਾਂ ਉਤੇ ਕੁੰਡਲੀ ਮਾਰੀ ਬੈਠੇ ਹਨ। ਲੋਕ ਸਭਾ ਚੋਣਾਂ ਵੇਲੇ ਉਨ੍ਹਾਂ ਆਪਣੇ ਪ੍ਰਚਾਰ ਦੀ ਸੁਰ ਵੀ ਇਹੀ ਰੱਖੀ ਸੀ ਕਿ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਗਠਜੋੜ ਦੀ ਸਰਕਾਰ ਹੈ, ਜੇ ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣ ਗਈ ਤਾਂ ਪੰਜਾਬ ਦੇ ਵਾਰੇ-ਨਿਆਰੇ ਹੋ ਜਾਣਗੇ। ਕਾਂਗਰਸ ਦੀਆਂ ਆਪਣੀਆਂ ਕੀਤੀਆਂ ਅਤੇ ਕਮਜ਼ੋਰੀਆਂ ਕਾਰਨ ਕੇਂਦਰ ਵਿਚ ਸਰਕਾਰ ਭਾਰਤੀ ਜਨਤਾ ਪਾਰਟੀ ਦੀ ਹੀ ਬਣੀ ਅਤੇ ਇਸ ਵਿਚ ਸ. ਬਾਦਲ ਦੀ ਨੂੰਹ ਮੰਤਰੀ ਵੀ ਬਣ ਗਈ, ਪਰ ਇਸ ਇਕ ਸਾਲ ਦੌਰਾਨ ਪੰਜਾਬ ਦੇ ਵਾਰੇ-ਨਿਆਰੇ ਨਾ ਹੋ ਸਕੇ, ਸਗੋਂ ਇਸ ਸਮੇਂ ਦੌਰਾਨ ਭਾਰਤੀ ਜਨਤਾ ਪਾਰਟੀ ਵਲੋਂ ਪੰਜਾਬ ਵਿਚ ਵੱਖਰੇ ਤੌਰ 'ਤੇ ਚੋਣਾਂ ਲੜਨ ਬਾਰੇ ਵਿਚਾਰ ਸਾਹਮਣੇ ਆਉਣ ਲੱਗੇ। ਭਾਰਤੀ ਜਨਤਾ ਪਾਰਟੀ ਦੇ ਲੀਡਰ ਭਾਵੇਂ ਇਸ ਗੱਲ ਤੋਂ ਦੱਬਵੀਂ ਜੀਭੇ ਲਗਾਤਾਰ ਇਨਕਾਰ ਕਰ ਰਹੇ ਹਨ, ਪਰ ਜਿਸ ਤਰ੍ਹਾਂ ਦੀ ਸਰਗਰਮੀ ਆਰ.ਐਸ.ਐਸ. ਅਤੇ ਪਾਰਟੀ ਵਲੋਂ ਪਿੰਡ ਪੱਧਰ ਤੱਕ ਕੀਤੀ ਜਾ ਰਹੀ ਹੈ, ਉਸ ਤੋਂ ਸਾਫ ਸੰਕੇਤ ਮਿਲ ਰਹੇ ਹਨ ਕਿ ਇਸ ਏਜੰਡੇ ਵਿਚ ਸ਼੍ਰੋਮਣੀ ਅਕਾਲੀ ਦਲ ਲਈ ਕੋਈ ਥਾਂ ਨਹੀਂ ਛੱਡੀ ਗਈ। ਇਹੀ ਨਹੀਂ, ਕਾਂਗਰਸ ਅਤੇ ਅਕਾਲੀ ਦਲ ਦੀ ਨਾ-ਅਹਿਲੀਅਤ ਕਾਰਨ ਪੰਜਾਬ ਵਿਚ ਆਮ ਆਦਮੀ ਪਾਰਟੀ ਦੇ ਉਭਾਰ ਨਾਲ ਸਿਆਸੀ ਸਮੀਕਰਨਾਂ ਕੁਝ ਕੁ ਬਦਲ ਗਈਆਂ ਹਨ। ਆਪਣੀਆਂ ਸੀਮਾਵਾਂ ਅਤੇ ਸਮੱਸਿਆਵਾਂ ਦੇ ਬਾਵਜੂਦ ਇਸ ਸਮੇਂ ਦੌਰਾਨ ਆਮ ਆਦਮੀ ਪਾਰਟੀ ਨੇ ਲੋਕਾਂ ਦੇ ਦਿਲਾਂ ਅੰਦਰ ਚੰਗੀ ਥਾਂ ਬਣਾ ਲਈ ਹੈ। ਜੇ ਇਸ ਪਾਰਟੀ ਦਾ ਲੀਡਰਸ਼ਿਪ ਵਾਲਾ ਮਾਮਲਾ ਸਹੀ ਸਮੇਂ 'ਤੇ ਨਜਿੱਠਿਆ ਗਿਆ ਤਾਂ ਇਸ ਦੇ ਹੱਕ ਵਿਚ ਉਠਿਆ ਲੋਕ-ਉਭਾਰ ਸੂਬੇ ਦੀ ਸਿਆਸਤ ਬਦਲਣ ਦੇ ਸਮਰੱਥ ਹੋ ਸਕਦਾ ਹੈ। ਕੌਮੀ ਪੱਧਰ ਉਤੇ ਤਾਂ ਅਜਿਹਾ ਉਭਾਰ ਫਿਲਹਾਲ ਨਜ਼ਰ ਨਹੀਂ ਆ ਰਿਹਾ, ਪਰ ਜਿਸ ਤਰ੍ਹਾਂ ਲੋਕਾਂ ਨੇ ਕਾਂਗਰਸ ਤੋਂ ਮੂੰਹ ਮੋੜਿਆ ਹੈ ਅਤੇ ਇਕ ਸਾਲ ਦੌਰਾਨ ਭਾਰਤੀ ਜਨਤਾ ਪਾਰਟੀ ਤੋਂ ਮੋਹ-ਭੰਗ ਹੋਇਆ ਹੈ, ਸੰਭਵ ਹੈ ਕਿ ਆਉਂਦੇ ਸਾਲਾਂ ਵਿਚ ਭਾਰਤ ਦੀ ਸਿਆਸਤ ਕੋਈ ਨਵਾਂ ਤੇ ਨਰੋਆ ਮੋੜ ਕੱਟੇ। ਦੇਖਣਾ ਇਹ ਹੈ ਕਿ ਇਸ ਨਵੇਂ ਮੋੜ ਵਿਚ ਘੱਟ-ਗਿਣਤੀਆਂ ਦਾ ਕੀ ਰੋਲ ਹੋਵੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਪੰਜਾਬ ਸਿੰਗਰਾਂ ਦਾ?*

ਮੱਥੇ ਲੱਗਾ ਸੀ ਟਿੱਕਾ ਜੋ 'ਅਣਖੀਆਂ' ਦਾ, ਢਾਹ ਕੇ ਢੇਰੀਆਂ ਉਹਨੂੰ ਹੁਣ ਧੋਣ ਲੱਗੇ।
ਮੰਤਰ ਸਿਦਕ ਤੇ ਸਿਰੜ ਦਾ ਧਾਰੀਏ ਵੀ, ਨਹੀਂਓਂ ਸੋਚਦੇ ਝੂਰ ਕੇ ਰੋਣ ਲੱਗੇ।
ਲੈਂਦੇ ਸਬਕ ਨਾ ਵਿਰਸੇ ਤੋਂ ਨਾਬਰੀ ਦਾ, ਛੱਡ ਚਾਨਣਾ 'ਹਨੇਰ' ਨੂੰ ਢੋਣ ਲੱਗੇ।
'ਹੋਊ ਪਰੇ' ਦੀ ਨੀਤੀ ਦਾ ਰਾਹ ਫੜਿਆ, ਕਹਿ ਕੇ 'ਮੈਨੂੰ ਕੀ?' ਸੁਰਖਰੂ ਹੋਣ ਲੱਗੇ।
ਝੋਨੇ ਅਤੇ ਸਫੈਦੇ ਦੀ 'ਮਿਹਰ' ਹੋ ਗਈ, 'ਹਰਾ ਦੇਸ਼' ਹੁਣ ਬਣ ਗਿਆ ਖਿੰਗਰਾਂ ਦਾ।
ਬੇਰੁਜ਼ਗਾਰੀ ਤੇ ਰੀਸਾਂ ਦਾ ਪੱਟਿਆ ਜੀ, ਬਣਿਆ ਸਾਰਾ ਪੰਜਾਬ ਹੁਣ ਸਿੰਗਰਾਂ ਦਾ!

# ਮਲੇਰਕੋਟਲਾ ਵਿਚ 'ਹਾਅ ਦੇ ਨਾਅਰੇ' ਦਾ ਪਿੜ

**ਪੰਜਾਬ ਵਿਚ ਸੱਤਾਧਾਰੀਆਂ ਦੀ ਅੱਜ ਕੱਲ੍ਹ ਚੜ੍ਹ ਮੱਚੀ ਹੋਈ ਹੈ। ਆਮ ਲੋਕਾਂ ਦੇ ਹੱਕਾਂ ਉਤੇ ਦਿਨ-ਦਿਹਾੜੇ ਡਾਕੇ ਪੈ ਰਹੇ ਹਨ, ਆਮ ਬੰਦੇ ਨਾਲ ਵਧੀਕੀ-ਦਰ-ਵਧੀਕੀ ਹੋ ਰਹੀ ਹੈ, ਤੇ ਸੁਣਨ-ਗਿਣਨ ਵਾਲਾ ਕਿਤੇ ਕੋਈ ਬਹੁੜ ਨਹੀਂ ਰਿਹਾ। ਸਾਡੇ ਕਾਲਮਨਵੀਸ ਦਲਜੀਤ ਅਮੀ ਵਲੋਂ ਇਸੇ ਨੁਕਤਾ-ਨਿਗ੍ਹਾ ਤੋਂ ਆਪਣੇ ਲੇਖ ਬੀੜੇ ਹੁੰਦੇ ਹਨ। ਇਸ ਲੇਖ ਵਿਚ ਉਨ੍ਹਾਂ ਮਨਦੀਪ ਕੌਰ ਦੇ ਬਹਾਨੇ ਆਵਾਮ ਨਾਲ ਹੋ ਰਹੇ ਧੱਕੇ ਦੀ ਗੱਲ ਕੀਤੀ ਹੈ ਜਿਸ ਤੋਂ 1200 ਰੁਪਏ ਮਹੀਨਾ ਦੀ ਕੱਚੀ ਨੌਕਰੀ ਵੀ ਖੋਹ ਲਈ ਗਈ। ਉਸ ਦਾ 'ਕਸੂਰ' ਸਿਰਫ ਇੰਨਾ ਹੀ ਸੀ ਕਿ ਉਹਨੇ ਭਰੀ ਮਹਿਫਿਲ ਵਿਚ ਮੰਤਰੀ ਨੂੰ ਸਵਾਲ ਕਰਨ ਦਾ ਜੇਰਾ ਕੀਤਾ ਸੀ। -ਸੰਪਾਦਕ**

**ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਦਾ ਢੁਕਵਾਂ ਅੰਦਾਜ਼ਾ ਲਗਾਉਣ ਲਈ ਪੰਜਾਬੀਆਂ ਨੂੰ ਕੁਝ ਦਿਨ ਉਤਰ ਪ੍ਰਦੇਸ਼ ਜਾਂ ਬਿਹਾਰ ਵਿਚ ਗੁਜ਼ਾਰਨੇ ਚਾਹੀਦੇ ਹਨ। ਇਨ੍ਹਾਂ ਸੂਬਿਆਂ ਵਿਚ ਲੋਕ ਸਰਕਾਰਾਂ ਦੀ ਬਦਇੰਤਜ਼ਾਮੀ ਕਾਰਨ ਬੇ-ਆਸ ਹੋ ਚੁੱਕੇ ਹਨ। -ਸੁਖਬੀਰ ਸਿੰਘ ਬਾਦਲ**
*(23 ਮਈ 2015, ਟਾਈਮਜ਼ ਆਫ਼ ਇੰਡੀਆ)*

ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਤਕਰੀਬਨ ਪੰਜਾਹ ਹਜ਼ਾਰ ਬੀਬੀਆਂ ਦੁਪਹਿਰ ਦਾ ਖਾਣਾ ਪਕਾਉਂਦੀਆਂ ਅਤੇ ਵਰਤਾਉਂਦੀਆਂ ਹਨ। ਇਨ੍ਹਾਂ ਬੀਬੀਆਂ ਨੂੰ 1200 ਰੁਪਏ ਮਹੀਨਾ ਤਨਖ਼ਾਹ (20 ਡਾਲਰ ਮਹੀਨਾ) ਮਿਲਦੀ ਹੈ। ਇਹ ਤਨਖਾਹ 2012 ਵਿਚ ਤੈਅ ਹੋਈ ਸੀ। ਇਸ ਤੋਂ ਪਹਿਲਾਂ ਪੰਜ ਸਾਲ ਹਜ਼ਾਰ ਰੁਪਏ ਮਹੀਨਾ ਤਨਖ਼ਾਹ ਮਿਲਦੀ ਸੀ। ਉਸ ਤੋਂ ਪਹਿਲਾਂ ਇਨ੍ਹਾਂ ਨੂੰ 40 ਪੈਸੇ ਪ੍ਰਤੀ ਬੱਚਾ ਰੋਜ਼ ਦਾ ਮਿਹਨਤਾਨਾ ਮਿਲਦਾ ਸੀ। ਹੁਣ ਇਨ੍ਹਾਂ ਨੂੰ ਸਾਲ ਵਿਚ ਦਸ ਮਹੀਨੇ ਤਨਖ਼ਾਹ ਮਿਲਦੀ ਹੈ। ਇਸ ਤੋਂ ਇਲਾਵਾ ਇਨ੍ਹਾਂ ਬੀਬੀਆਂ ਨੂੰ ਬੀਮੇ ਵਰਗੀ ਕੋਈ ਸਹੂਲਤ ਨਹੀਂ ਮਿਲਦੀ। ਕੱਚੀ ਨੌਕਰੀ ਅਤੇ ਨਿਗੂਣੀ ਤਨਖ਼ਾਹ ਕਾਰਨ ਇਹ ਕੰਮ ਸਮਾਜ ਦੇ ਸਭ ਤੋਂ ਗ਼ਰੀਬ ਤਬਕੇ ਦੇ ਹਿੱਸੇ ਆਇਆ ਹੈ। ਨਤੀਜੇ ਵਜੋਂ ਕੁੱਕ ਵਜੋਂ ਕੰਮ ਕਰਦੀਆਂ ਬੀਬੀਆਂ ਵਿਚ ਦਲਿਤ ਤਬਕੇ ਦਾ ਵੱਡਾ ਹਿੱਸਾ ਹੈ। ਇਸ ਦੇ ਨਾਲ ਹੀ ਇਨ੍ਹਾਂ ਵਿਚ ਵੱਡੀ ਗਿਣਤੀ ਵਿਧਵਾਵਾਂ ਦੀ ਹੈ।



**ਦਲਜੀਤ ਅਮੀ**
**ਫੋਨ: +91-97811-21873**

ਸਰਕਾਰੀ ਸਕੂਲਾਂ ਵਿਚ ਕੁੱਕ ਦੀ ਹਾਲਤ ਕਈ ਕੁਝ ਬਿਆਨ ਕਰਦੀ ਹੈ। ਇਕ ਪਾਸੇ ਸਰਕਾਰ ਮੰਨਦੀ ਹੈ ਕਿ ਸਮਾਜ ਵਿਚ ਅਜਿਹਾ ਤਬਕਾ ਹੈ ਜੋ ਦੁਪਹਿਰ ਦੀ ਰੋਟੀ ਦੇ ਲਾਲਚ ਵਿਚ ਬੱਚਿਆਂ ਨੂੰ ਸਕੂਲ ਭੇਜਦਾ ਹੈ। ਦੂਜੇ ਪਾਸੇ ਸਾਡੇ ਸਮਾਜ ਵਿਚ ਅਜਿਹਾ ਤਬਕਾ ਹੈ ਜੋ ਨਿਗੂਣੀ ਤਨਖ਼ਾਹ ਉਤੇ ਕੰਮ ਕਰਨ ਨੂੰ ਤਿਆਰ ਹੈ। ਇਸ ਤਨਖ਼ਾਹ ਦਾ ਅੰਦਾਜ਼ਾ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਇਸ ਨਾਲ ਪੰਜ ਜੀਆਂ ਦੇ ਪਰਿਵਾਰ ਲਈ ਘਿਉ ਅਤੇ ਚੀਨੀ ਵਰਗੀਆਂ ਚੀਜ਼ਾਂ ਬਾਹਰ ਕੱਢ ਕੇ ਵੀ ਸੁੱਕੀ ਰਸਦ ਨਹੀਂ ਖਰੀਦੀ ਜਾ ਸਕਦੀ। ਇਨ੍ਹਾਂ ਹਾਲਾਤ ਵਿਚ ਕੰਮ ਕਰਦੀਆਂ ਬੀਬੀਆਂ ਨੂੰ ਜਥੇਬੰਦ ਕਰਨਾ ਤਾਂ ਮੁਸ਼ਕਿਲ ਕੰਮ ਹੈ। ਕੱਚੀ ਨੌਕਰੀ ਅਤੇ ਨਿਗੂਣੀ ਤਨਖ਼ਾਹ ਕਿਸੇ ਵੀ ਮੁਲਾਜ਼ਮ ਨੂੰ ਜਥੇਬੰਦ ਹੋਣ ਤੋਂ ਰੋਕਣ ਦਾ ਕੰਮ ਕਰਦੀ ਹੈ। ਡੈਮੋਕਰੇਟਿਕ ਮਿੱਡ ਡੇਅ ਮੀਲ ਕੁੱਕ ਫਰੰਟ ਨੇ ਇਹ ਔਖਾ ਕੰਮ ਕਰ ਦਿਖਾਇਆ ਹੈ। ਪਿਛਲੇ ਸਾਲਾਂ ਦੌਰਾਨ ਗ਼ਰੀਬ ਤਬਕੇ ਦੀਆਂ ਬੀਬੀਆਂ ਦੀ ਸ਼ਾਇਦ ਇਹ ਸਭ ਤੋਂ ਅਹਿਮ ਜਥੇਬੰਦੀ ਬਣ ਕੇ ਉਭਰੀ ਹੈ। ਜਥੇਬੰਦੀ ਨੇ ਆਪਣੇ ਮੰਗਾਂ-ਮਸਲਿਆਂ ਤੋਂ ਇਲਾਵਾ ਕਈ ਤਰ੍ਹਾਂ ਦੇ ਸੁਆਲ ਕੀਤੇ ਹਨ ਜੋ ਮੌਜੂਦਾ ਨਿਜ਼ਾਮ ਨਾਲ ਆਵਾਮ ਦੇ ਰਿਸ਼ਤੇ ਲਈ ਅਹਿਮ ਹੈ। ਲੰਘੀਆਂ ਲੋਕ ਸਭਾ ਚੋਣਾਂ ਦੌਰਾਨ ਇਨ੍ਹਾਂ ਬੀਬੀਆਂ ਨੇ ਆਪਣੇ ਅਸਰ ਵਾਲੇ ਹਲਕਿਆਂ ਵਿਚ ਇਕੱਠ ਕੀਤੇ ਅਤੇ ਸਾਰੇ ਉਮੀਦਵਾਰਾਂ ਨੂੰ ਸੱਦਾ ਦਿੱਤਾ। ਇਨ੍ਹਾਂ ਦੀ ਦਲੀਲ ਸੀ ਕਿ ਜੇ ਚੋਣਾਂ, ਜਮਹੂਰੀਅਤ ਦੀ ਸਭ ਤੋਂ ਅਹਿਮ ਸਰਗਰਮੀ ਹਨ ਤਾਂ ਸਾਰੇ ਉਮੀਦਵਾਰਾਂ ਨੂੰ ਆਪਣਾ-ਆਪਣਾ ਪੱਖ ਪੇਸ਼ ਕਰਨਾ ਚਾਹੀਦਾ ਹੈ। ਜ਼ਿਆਦਾਤਰ ਵੱਡੀਆਂ ਪਾਰਟੀਆਂ ਦੇ ਉਮੀਦਵਾਰ ਆਪਣੇ 'ਰੁਝੇਵਿਆਂ' ਕਾਰਨ ਇਨ੍ਹਾਂ ਦੇ ਇਕੱਠਾਂ ਉਤੇ ਨਹੀਂ ਪਹੁੰਚੇ। ਇਨ੍ਹਾਂ ਕੁੱਕ ਬੀਬੀਆਂ ਨੇ ਫ਼ੈਸਲਾ ਕੀਤਾ ਕਿ ਆਪਣੇ-ਆਪਣੇ ਪਿੰਡਾਂ ਵਿਚ ਚੋਣ ਪ੍ਰਚਾਰ ਲਈ ਆਏ ਉਮੀਦਵਾਰਾਂ ਨੂੰ ਸੁਆਲ ਪੁੱਛੇ ਜਾਣ।

ਮਲੇਰਕੋਟਲਾ ਲਾਗੇ ਪਿੰਡ ਦਰੋਗੇਵਾਲ ਵਿਚ ਪੰਜਾਬ ਦੇ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੂੰ ਮਨਦੀਪ ਕੌਰ ਨੇ ਸੁਆਲ ਪੁੱਛੇ। ਆਪਣੀ ਬੇਬਾਕੀ ਲਈ ਜਾਣੀ ਜਾਂਦੀ ਮਨਦੀਪ ਕੌਰ ਡੈਮੋਕਰੇਟਿਕ ਮਿੱਡ ਡੇਅ ਮੀਲ ਕੁੱਕ ਫਰੰਟ ਦੀ ਸੂਬਾ ਜਨਰਲ ਸਕੱਤਰ ਹੈ। ਮਨਦੀਪ ਕੌਰ ਨੂੰ ਨੌਕਰੀ ਤੋਂ ਕੱਢਣ ਦੀਆਂ ਧਮਕੀਆਂ ਤਾਂ ਮੌਕੇ ਉਤੇ ਹੀ ਮੁਕਾਮੀ ਅਕਾਲੀ ਆਗੂਆਂ ਨੇ ਦੇ ਦਿੱਤੀਆਂ ਸਨ। ਹੁਣ 22 ਮਾਰਚ ਤੋਂ ਮਨਦੀਪ ਕੌਰ ਮਾਣਕ ਮਾਜਰਾ ਦੇ ਸਰਕਾਰੀ ਸਕੂਲ ਦੇ ਬਾਹਰ ਧਰਨੇ ਉਤੇ ਬੈਠੀ ਹੈ। ਇਸੇ ਸਕੂਲ ਵਿਚ ਮਨਦੀਪ ਕੌਰ ਦੇ ਧੀ-ਪੁੱਤ ਪੜ੍ਹਦੇ ਹਨ ਅਤੇ ਇਸੇ ਵਿਚ ਉਹ ਕੁੱਕ ਵਜੋਂ ਨੌਕਰੀ ਕਰਦੀ ਸੀ। ਦਰੋਗੇਵਾਲ ਦੀ ਮਨਦੀਪ ਕੌਰ ਜੁਲਾਈ 2007 ਤੋਂ ਮਾਣਕ ਮਾਜਰਾ ਕੰਮ ਕਰਨ ਜਾਂਦੀ ਹੈ। ਮਨਦੀਪ ਕੌਰ ਨੂੰ 21 ਫਰਵਰੀ ਨੂੰ ਕੰਮ ਤੋਂ ਹਟਾ ਦਿੱਤਾ ਗਿਆ ਸੀ। ਬਹਾਲੀ ਲਈ ਇਕ ਮਹੀਨਾ ਵੱਖ ਵੱਖ ਦਫ਼ਤਰਾਂ ਵਿਚ ਅਰਜ਼ੀਆਂ ਦੇਣ ਅਤੇ ਅਫ਼ਸਰਾਂ-ਸਿਆਸਤਦਾਨਾਂ ਨੂੰ ਮਿਲਣ ਤੋਂ ਬਾਅਦ ਉਹ ਧਰਨੇ ਉਤੇ ਬੈਠ ਗਈ। ਕਈ ਮੁਲਾਜ਼ਮ, ਮਜ਼ਦੂਰ, ਕਿਸਾਨ ਤੇ ਸਿਆਸੀ ਜਥੇਬੰਦੀਆਂ ਨੇ ਉਸ ਦੇ ਪੱਖ ਵਿਚ ਐਕਸ਼ਨ ਕਮੇਟੀ ਬਣਾ ਕੇ ਹਮਾਇਤ ਕੀਤੀ ਹੈ।

ਮਨਦੀਪ ਕੌਰ ਦਾ ਸੰਘਰਸ਼ ਪੰਜਾਬ ਦੇ ਸਿਆਸੀ-ਸਮਾਜਕ ਨਿਜ਼ਾਮ ਅਤੇ ਇੰਤਜ਼ਾਮੀਆ ਦੇ ਗੱਠਜੋੜ ਦੀਆਂ ਕਈ ਪਰਤਾਂ ਖੋਲ੍ਹਦਾ ਹੈ। ਇਕ ਪਾਸੇ 'ਵਿੱਤ ਮੰਤਰੀ ਦੀ ਬੇਇੱਜ਼ਤੀ ਦਾ ਹਿਸਾਬ ਕਰਨ' ਵਾਲੇ ਪੰਚ-ਸਰਪੰਚ-ਅਧਿਆਪਕ ਕਾਰਵਾਈ ਕਰਦੇ ਹਨ। ਦੂਜੇ ਪਾਸੇ ਕੋਈ ਸ਼ਰਾਬੀ ਧਰਨੇ ਉਤੇ ਬੈਠੀ ਮਨਦੀਪ ਕੌਰ ਉਤੇ ਹਮਲਾ ਕਰਦਾ ਹੈ ਅਤੇ ਤੀਜੇ ਪਾਸੇ ਇੰਤਜ਼ਾਮੀਆ 'ਸਿਆਸੀ ਫ਼ੈਸਲਿਆਂ ਨੂੰ ਕਾਨੂੰਨੀ ਰੂਪ' ਦਿੰਦਾ ਹੈ। ਪਿੰਡ ਦੇ ਸ਼ਰਾਬੀ ਤੋਂ ਵਿੱਤ ਮੰਤਰੀ ਤੱਕ ਦੀ ਲੜੀ ਮਨਦੀਪ ਕੌਰ ਖ਼ਿਲਾਫ਼ ਕਿਉਂ ਸਰਗਰਮ ਹੁੰਦੀ ਹੈ? ਮਨਦੀਪ ਦੇ ਹਵਾਲੇ ਨਾਲ ਇਹ ਸਮਝਣਾ ਜ਼ਰੂਰੀ ਹੈ। ਜਦੋਂ ਸਰਕਾਰ ਆਪਣੇ ਆਪ ਨੂੰ ਬਿਹਤਰੀਨ ਹੋਣ ਦਾ ਖ਼ਿਤਾਬ ਦੇ ਚੁੱਕੀ ਹੈ ਤਾਂ ਉਸ ਨੂੰ ਸੁਆਲ ਕਰਨਾ ਤਾਂ ਵੱਡੀ ਕੁਤਾਹੀ ਹੀ ਮੰਨੀ ਜਾਵੇਗੀ। ਇਹੋ ਮੌਕਾ ਹੈ ਜਦੋਂ ਪਿੰਡ ਦੇ ਚੌਧਰੀ ਆਪਣੀ ਵਫ਼ਾਦਾਰੀ ਦਾ ਸਬੂਤ ਦਿੰਦੇ ਹਨ। ਇਹੋ ਮੌਕਾ ਹੈ ਜਦੋਂ ਬੇਮੁਹਾਰ ਗ਼ੈਰ-ਸਮਾਜਕ ਤੱਤ ਗ਼ਾਲਿਬ ਧਿਰ ਦੇ ਪੱਖ ਵਿਚ ਭੁਗਤਦੇ ਹਨ।

ਇਸੇ ਵੇਲੇ ਇਹ ਸੁਆਲ ਵੀ ਪੁੱਛਣਾ ਬਣਦਾ ਹੈ ਕਿ ਮਨਦੀਪ ਕੌਰ ਵਰਗੀ 1200 ਮਹੀਨਾ ਤਨਖ਼ਾਹ ਲੈਣ ਵਾਲੀ ਬੀਬੀ ਇਸ ਸੰਘਰਸ਼ ਨੂੰ ਕਿਵੇਂ ਤੋਰਦੀ ਹੈ? ਉਹ ਇਸ ਸੰਘਰਸ਼ ਲਈ ਜੇਰਾ ਕਿਵੇਂ ਕਰਦੀ ਹੈ? ਸਰਕਾਰੀ-ਸਿਆਸੀ ਧਿਰ ਦਲੀਲ ਦਿੰਦੀ ਹੈ ਕਿ ਮਨਦੀਪ ਕੌਰ ਦੇ ਨਾਮ ਉਤੇ ਸਿਆਸਤ ਕੀਤੀ ਜਾ ਰਹੀ ਹੈ। ਐਕਸ਼ਨ ਕਮੇਟੀ ਵਿਚ ਸ਼ਾਮਿਲ ਜਥੇਬੰਦੀਆਂ ਤੋਂ ਬਾਅਦ ਇਸ ਤੱਥ ਦੀ ਤਸਦੀਕ ਹੋ ਜਾਂਦੀ ਹੈ ਕਿ ਮਨਦੀਪ ਕੌਰ ਦੇ ਨਾਮ ਉਤੇ ਸਿਆਸਤ ਕੀਤੀ ਜਾ ਰਹੀ ਹੈ। ਜਦੋਂ ਮਨਦੀਪ ਕੌਰ ਨੂੰ ਸਿਆਸੀ ਫ਼ੈਸਲੇ ਤਹਿਤ ਹਟਾਇਆ ਗਿਆ ਹੈ ਤਾਂ ਉਸ ਦਾ ਜੁਆਬ ਗ਼ੈਰ-ਸਿਆਸੀ ਕਿਵੇਂ ਹੋ ਸਕਦਾ ਹੈ ਭਲਾ? ਮੌਜੂਦਾ ਦੌਰ ਵਿਚ ਜੇ ਮਨਦੀਪ ਕੌਰ ਨੂੰ ਨੌਕਰੀ ਤੋਂ ਕੱਢ ਕੇ ਨਿਜ਼ਾਮ ਆਪਣੇ 'ਫ਼ਾਲਿਆਂ ਤੋਂ ਤਿੱਖੇ ਦੰਦ' ਦਿਖਾ ਰਿਹਾ ਹੈ ਤਾਂ ਉਸ ਦੇ ਪੱਖ ਵਿਚ ਨਿਤਰੀਆਂ ਜਥੇਬੰਦੀਆਂ ਸਿਆਸਤ ਵਿਚ 'ਹਾਅ ਦੇ ਨਾਅਰੇ' ਦੀ ਅਹਿਮੀਅਤ ਨੂੰ ਉਘਾੜ ਰਹੀਆਂ ਹਨ। ਮਲੇਰਕੋਟਲਾ ਤੋਂ ਚਾਰ ਕਿਲੋਮੀਟਰ ਦੂਰ ਮਾਣਕ ਮਾਜਰਾ 'ਹਾਅ ਦੇ ਨਾਅਰੇ' ਦੀ ਸਿਆਸਤ ਦਾ ਢੁਕਵਾਂ ਪਿੜ ਤਾਂ ਬਣਦਾ ਹੀ ਹੈ।

ਮੌਜੂਦਾ ਦੌਰ ਵਿਚ ਜ਼ਿਆਦਾਤਰ ਸਿਆਸੀ ਧਿਰਾਂ ਆਪਣੀ ਵੋਟ-ਸਿਆਸਤ ਦਾ ਧਿਆਨ ਰੱਖ ਕੇ ਹੀ ਕੰਮ ਕਰਦੀਆਂ ਹਨ। ਇਹ ਮੁਹਾਵਰਾ ਆਮ ਹੋ ਗਿਆ ਹੈ ਕਿ ਸਿਆਸਤ 'ਜਣੇ-ਖਣੇ' ਦੀ ਖੇਡ ਨਹੀਂ ਹੈ। ਇਸੇ ਲਈ ਪਿੰਡ ਦੇ ਚੌਧਰੀਆਂ ਤੋਂ ਲੈ ਕੇ ਮੰਤਰੀ-ਸੰਤਰੀ ਆਵਾਮ ਨੂੰ 'ਔਕਾਤ ਯਾਦ ਕਰਵਾਉਣ' ਦੀ ਮਸ਼ਕ ਕਰਦੇ ਰਹਿੰਦੇ ਹਨ। ਜਦੋਂ ਸਿਆਸੀ-ਸਮਾਜਕ ਨਿਜ਼ਾਮ ਉਤੇ ਸੁਆਲ ਕੀਤਾ ਜਾਂਦਾ ਹੈ ਤਾਂ ਇਹ 'ਸਬਕ ਸਿਖਾਉਣ' ਦੀ ਮਸ਼ਕ ਤੇਜ਼ ਕਰਦਾ ਹੈ। ਮੌਜੂਦਾ ਦੌਰ ਵਿਚ ਹਮੀਰਗੜ੍ਹ ਤੋਂ ਮੋਗੇ ਤੱਕ ਇਸ ਦੀਆਂ ਮਿਸਾਲਾਂ ਫੈਲੀਆਂ ਹੋਈਆਂ ਹਨ। ਇਹ ਹੋ ਸਕਦਾ ਹੈ ਕਿ ਮਨਦੀਪ ਕੌਰ ਦੇ ਹਵਾਲੇ ਨਾਲ ਚੱਲਦਾ ਸੰਘਰਸ਼ ਕੋਈ ਵੱਡੀ ਪ੍ਰਾਪਤੀ ਨਾ ਹਾਸਲ ਕਰ ਸਕੇ, ਪਰ ਇਸ ਦੇ ਆਪਣੇ ਮਾਅਨੇ ਹਨ। ਇਹ ਸੁਆਲ ਮਨਦੀਪ ਕੌਰ ਦੀ ਪਛਾਣ ਨਾਲ ਜੁੜੇ ਹੋਏ ਹਨ। ਮਨਦੀਪ ਕੌਰ ਗ਼ਰੀਬ ਤਬਕੇ ਦੀ ਪੇਂਡੂ ਔਰਤ ਹੈ ਜੋ ਨਿਗੂਣੀ ਤਨਖ਼ਾਹ ਵਾਲੀ ਕੱਚੀ ਨੌਕਰੀ ਤੋਂ ਹਟਾਈ ਗਈ ਹੈ। ਔਰਤ, ਗ਼ਰੀਬ ਅਤੇ ਕੱਚੀ ਮੁਲਾਜ਼ਮ ਹੋਣਾ ਉਸ ਦੀ ਪਛਾਣ ਬਣਦੀ ਹੈ। ਇਸੇ ਤਬਕੇ ਨੂੰ ਹਰ ਸਹੂਲਤ, ਮਾਣ-ਸਤਿਕਾਰ ਅਤੇ ਸੇਵਾ ਤੋਂ ਮਹਿਰੂਮ ਕੀਤਾ ਜਾ ਰਿਹਾ ਹੈ। ਇਸ ਤੋਂ ਸਿਰਫ ਸੀਲ ਕਾਮਾ ਹੋਣ ਦੀ ਤਵੱਕੋ ਕੀਤੀ ਜਾਂਦੀ ਹੈ। ਆਸ ਕੀਤੀ ਜਾਂਦੀ ਹੈ ਕਿ 'ਥੋੜ੍ਹੇ' ਨੂੰ ਬਹੁਤਾ ਕਰ ਕੇ ਜਾਣੇ' ਅਤੇ ਸਰਕਾਰਾਂ ਦੇ ਗੁਣ ਗਾਵੇ। ਇਸ ਤਬਕੇ ਦੇ ਪੱਖ ਵਿਚ ਕੀਤੀ ਸਿਆਸਤ ਦਰਦਮੰਦੀ ਦਾ ਹੋਕਾ ਹੈ ਜੋ ਅਕਾਲੀ-ਭਾਜਪਾ-ਕਾਂਗਰਸ ਖ਼ਾਸੇ ਵਿਚੋਂ ਗ਼ੈਰ-ਹਾਜ਼ਰ ਹੈ।

ਮਨਦੀਪ ਕੌਰ ਵਾਲਾ ਮਸਲਾ ਸਿਆਸਤ ਵਿਚ ਸੰਘਰਸ਼ ਦੀ ਅਹਿਮੀਅਤ ਨੂੰ ਉਘਾੜਦਾ ਹੈ। ਮੌਜੂਦਾ ਸਿਆਸੀ ਮੁਹਾਵਰਾ ਇਕ ਧਿਰ ਦੀ ਸਰਕਾਰ ਹਰਾਉਣ ਅਤੇ ਦੂਜੀ ਧਿਰ ਦੀ ਸਰਕਾਰ ਬਣਾਉਣ ਤੱਕ ਮਹਿਦੂਦ ਹੁੰਦਾ ਜਾ ਰਿਹਾ ਹੈ। ਦਰਅਸਲ ਇਸ ਦੌਰ ਵਿਚ ਆਵਾਮ ਦੀ ਸੁਣਵਾਈ ਲਗਾਤਾਰ ਘਟਦੀ ਗਈ ਹੈ ਅਤੇ ਸਿਆਸੀ ਪਤਵੰਤਸ਼ਾਹੀ ਭਾਰੂ ਹੋਈ ਹੈ। ਜੇ ਹੁਣ ਅਕਾਲੀ-ਭਾਜਪਾ ਦੀ ਪਤਵੰਤਸ਼ਾਹੀ ਹੈ ਤਾਂ ਕੱਲ੍ਹ ਕਿਸੇ ਹੋਰ ਦੀ ਸੀ ਅਤੇ ਭਲਕੇ ਕਿਸੇ ਹੋਰ ਦੀ ਹੋਵੇਗੀ। ਮਨਦੀਪ ਕੌਰ ਵਾਲਾ ਮਸਲਾ ਇਸ ਰੁਝਾਨ ਨੂੰ ਵੱਢ ਮਾਰਨ ਦਾ ਤਰੱਦਦ ਹੈ। ਜੇ ਆਵਾਮ ਦੇ ਪੱਖ ਤੋਂ ਸੁਆਲ ਕਰਨ ਦੀ ਰੀਤ ਮਜ਼ਬੂਤ ਹੁੰਦੀ ਹੈ ਤਾਂ ਇਹ ਸਿਆਸੀ-ਸਮਾਜਕ ਨਿਜ਼ਾਮ ਦੇ ਗ਼ਲਬੇ ਨੂੰ ਖੋਰਾ ਲਗਾਉਂਦੀ ਹੈ। ਇਹ ਨਿਜ਼ਾਮ ਦੇ ਮੁਕਾਬਲੇ ਆਵਾਮ ਨੂੰ ਸਮਰੱਥ ਬਣਾਉਂਦੀ ਹੈ ਜੋ ਸਰਕਾਰੀ ਰਿਆਇਤਾਂ ਦੀ ਥਾਂ ਹਕੂਕ ਦੀ ਗੱਲ ਕਰਦਾ ਹੈ।

ਮਨਦੀਪ ਕੌਰ ਦੀ ਹੋਣੀ ਜੇ ਕੋਟਲੇ ਵਾਲੀ ਹਰਦੀਪ ਕੌਰ ਨਾਲ ਜੁੜਦੀ ਹੈ ਤਾਂ ਹਮੀਰਗੜ੍ਹ ਵਾਲੀ ਅੰਗਰੇਜ਼ ਕੌਰ ਨਾਲ ਵੀ ਜੁੜਦੀ ਹੈ। ਇਨ੍ਹਾਂ ਦੀ ਕੋਈ ਤੰਦ ਵਰ੍ਹਦੀਆਂ ਗੋਲੀਆਂ ਵਿਚ ਇਰਾਕ ਕਮਾਈ ਕਰਨ ਗਏ ਨਛੱਤਰ ਨਾਲ ਵੀ ਜੁੜਦੀ ਹੈ। ਜੇ ਮਨਦੀਪ ਕੌਰ 20 ਡਾਲਰ ਮਹੀਨੇ ਦੀ ਤਨਖ਼ਾਹ ਵਾਲੀ ਨੌਕਰੀ ਲਈ ਸੰਘਰਸ਼ ਕਰ ਰਹੀ ਹੈ ਤਾਂ 30 ਡਾਲਰ ਦੀ ਦਿਹਾੜੀ ਕਰਨ ਨਛੱਤਰ ਇਰਾਕ ਪਰਤ ਗਿਆ ਹੈ। ਨਛੱਤਰ ਦੇ ਜਾਣ ਉਤੇ ਪੰਜਾਬ ਨੇ ਸੁਆਲ ਨਹੀਂ ਕੀਤਾ, ਪਰ ਇਹ ਬੀਬੀਆਂ ਸੁਆਲ ਕਰ ਰਹੀਆਂ ਹਨ। ਮਨਦੀਪ ਦੇ ਮਾਮਲੇ ਵਿਚ ਪਿੰਡ ਦੇ ਚੌਧਰੀਆਂ, ਸਰਕਾਰੀ ਮੁਲਾਜ਼ਮਾਂ ਅਤੇ ਸਿਆਸਤਦਾਨਾਂ ਤੋਂ ਮੰਤਰੀ ਤੱਕ ਇਕੋ ਦਲੀਲ ਦਿੰਦੇ ਹਨ ਕਿ 'ਇਹ ਬੋਲਦੀ ਬਹੁਤ ਹੈ'। ਦਰਦਮੰਦ ਸਿਆਸਤ ਮਨਦੀਪ ਦੇ ਬੋਲਾਂ ਨੂੰ ਦਲੇਰੀ ਕਰਾਰ ਦਿੰਦੀ ਹੈ। ਮੌਜੂਦਾ ਨਿਜ਼ਾਮ ਮਨੁੱਖ ਤੋਂ ਇਹੋ ਦਲੇਰੀ ਖੋਹਣਾ ਚਾਹੁੰਦਾ ਹੈ ਤਾਂ ਜੋ ਸ਼ਹਿਰੀ ਮਹਿਜ਼ ਸ਼ਰਧਾਲੂ ਬਣ ਕੇ ਰਹਿ ਜਾਵੇ। ਇਸੇ ਲਈ ਤਾਂ ਸਲਾਹ ਦਿੱਤੀ ਜਾਂਦੀ ਹੈ ਕਿ ਕਿਸੇ ਹੋਰ ਸੂਬੇ ਦੀ ਬਦਤਰ ਹਾਲਤ ਦੇਖ ਕੇ ਸਬਰ ਕੀਤਾ ਜਾਵੇ। ਮਨਦੀਪ ਇਸੇ ਸਲਾਹ ਨੂੰ ਧਮਕੀ ਵਜੋਂ ਪ੍ਰਵਾਨ ਕਰਨ ਦਾ ਨਾਮ ਹੈ। ਮਨਦੀਪ ਸ਼ਹਿਰੀ ਨੂੰ ਸ਼ਰਧਾਲੂ ਦੀ ਥਾਂ ਦਲੀਲਮੰਦ ਮਨੁੱਖ ਵਜੋਂ ਪ੍ਰਵਾਨ ਕਰਨ ਦਾ ਸੰਘਰਸ਼ ਹੈ। ਮਨਦੀਪ ਪੰਜਾਬ ਅੰਦਰਲੇ 'ਉਤਰ ਪ੍ਰਦੇਸ਼' ਜਾਂ 'ਬਿਹਾਰ' ਨੂੰ ਬੇਪਰਦ ਕਰਨ ਦੀ ਮਸ਼ਕ ਹੈ।

# ਪ੍ਰੋਫੈਸਰ: ਪ੍ਰਿਜ਼ਨਰ ਆਫ ਵਾਰ

## ਪ੍ਰੋਫੈਸਰ ਸਾਈਬਾਬਾ ਤੋਂ ਡਰਦੀ ਕਿਉਂ ਹੈ ਸਰਕਾਰ?

*ਸਰਕਾਰ ਦੀਆਂ ਨੀਤੀਆਂ ਨੂੰ ਵੰਗਾਰਨ ਵਾਲਾ ਹਰ ਬੰਦਾ ਪੁਲਿਸ ਅਤੇ ਪ੍ਰਸ਼ਾਸਨ ਲਈ ਮਾਓਵਾਦੀ ਹੈ। ਅਪਰੇਸ਼ਨ ਗ੍ਰੀਨ ਹੰਟ ਖਿਲਾਫ ਲਾਮਬੰਦੀ ਕਰਨ ਵਾਲੇ ਪ੍ਰੋਫੈਸਰ ਜੀ.ਐਨ. ਸਾਈਬਾਬਾ ਨੂੰ ਸਾਲ ਪਹਿਲਾਂ ਮਹਾਰਾਸ਼ਟਰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਸੀ। ਅੱਜ ਤੱਕ ਉਸ ਖਿਲਾਫ ਕੋਈ ਕਾਰਵਾਈ ਸ਼ੁਰੂ ਨਹੀਂ ਕੀਤੀ ਗਈ ਹੈ ਅਤੇ ਨਾ ਹੀ ਜ਼ਮਾਨਤ ਦਿੱਤੀ ਜਾ ਰਹੀ ਹੈ, ਹਾਲਾਂਕਿ ਉਹ 90% ਅਪਾਹਜ ਹੈ। ਚਰਚਿਤ ਵਿਦਵਾਨ ਲੇਖਕਾ ਅਰੁੰਧਤੀ ਰਾਏ ਨੇ ਪ੍ਰੋ. ਸਾਈਬਾਬਾ ਦੇ ਹੱਕ ਵਿਚ 'ਹਾਅ ਦਾ ਨਾਅਰਾ' ਮਾਰਿਆ ਹੈ। ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਉਨ੍ਹਾਂ ਦੇ ਇਸ ਲੇਖ ਦਾ ਅਨੁਵਾਦ ਕਰ ਕੇ ਸਾਨੂੰ ਭੇਜਿਆ ਹੈ। ਇਹ ਲੰਮਾ ਲੇਖ ਰਤਾ ਕੁ ਸੰਖੇਪ ਕਰ ਕੇ ਛਾਪਿਆ ਜਾ ਰਿਹਾ ਹੈ। -ਸੰਪਾਦਕ*



*ਦਿੱਲੀ ਵਿਚ ਆਪਣੇ ਘਰ ਅੱਗੇ ਪ੍ਰੋਫੈਸਰ ਜੀ.ਐਨ. ਸਾਈਬਾਬਾ।*

ਦਿੱਲੀ ਯੂਨੀਵਰਸਿਟੀ ਦੇ ਰਾਮਲਾਲ ਆਨੰਦ ਕਾਲਜ ਵਿਚ ਅੰਗਰੇਜ਼ੀ ਦੇ ਲੈਕਚਰਾਰ ਡਾ. ਜੀ.ਐਨ. ਸਾਈਬਾਬਾ ਨੂੰ ਘਰ ਮੁੜਦੇ ਸਮੇਂ ਅਣਪਛਾਤੇ ਲੋਕਾਂ ਵਲੋਂ ਅਗਵਾ ਕੀਤੇ ਜਾਣ ਨੂੰ 9 ਮਈ 2015 ਨੂੰ ਇਕ ਵਰ੍ਹਾ ਹੋ ਗਿਆ। ਜਦੋਂ ਪਤੀ ਲਾਪਤਾ ਹੋ ਗਿਆ, ਤੇ ਫੋਨ ਵੀ ਨਹੀਂ ਸੀ ਲੱਗ ਰਿਹਾ, ਤਾਂ ਡਾ. ਸਾਈਬਾਬਾ ਦੀ ਪਤਨੀ ਵਸੰਤਾ ਨੇ ਗੁੰਮਸ਼ੁਦਗੀ ਦੀ ਰਿਪੋਰਟ ਦਰਜ ਕਰਾਈ। ਛੇਤੀ ਹੀ ਅਣਪਛਾਤੇ ਅਗਵਾਕਾਰਾਂ ਨੇ ਆਪਣੀ ਸ਼ਨਾਖ਼ਤ ਮਹਾਰਾਸ਼ਟਰ ਪੁਲਿਸ ਵਜੋਂ ਕਰਵਾ ਦਿੱਤੀ। ਦੱਸਿਆ ਗਿਆ ਕਿ ਇਹ ਤਾਂ ਗ੍ਰਿਫ਼ਤਾਰੀ ਸੀ।

ਇਸ ਪ੍ਰੋਫੈਸਰ (ਜੋ ਵ੍ਹੀਲ ਚੇਅਰ ਉਪਰ ਹੈ; ਉਹ ਪੰਜ ਵਰ੍ਹਿਆਂ ਦਾ ਸੀ ਜਦੋਂ ਤੋਂ ਉਸ ਦਾ ਲੱਕ ਤੋਂ ਹੇਠਲਾ ਹਿੱਸਾ ਨਕਾਰਾ ਹੈ), ਨੂੰ ਰਸਮੀ ਤੌਰ 'ਤੇ ਵੀ ਗ੍ਰਿਫ਼ਤਾਰ ਕੀਤਾ ਜਾ ਸਕਦਾ ਸੀ। ਫਿਰ ਉਸ ਨੂੰ ਇਉਂ ਅਗਵਾ ਕਿਉਂ ਕਰਨਾ ਪਿਆ? ਦੋ ਕਾਰਨ ਹਨ- ਪਹਿਲਾ, ਪੁਲਿਸ ਵਾਲੇ ਆਪਣੇ ਪਹਿਲੇ ਹੀਲਿਆਂ ਤੋਂ ਜਾਣਦੇ ਸਨ ਕਿ ਜੇ ਉਹ ਦਿੱਲੀ ਯੂਨੀਵਰਸਿਟੀ ਵਿਚ



**ਅਰੁੰਧਤੀ ਰਾਏ**
**ਅਨੁਵਾਦ: ਬੂਟਾ ਸਿੰਘ**

ਉਸ ਨੂੰ ਘਰੋਂ ਚੁੱਕਣਗੇ ਤਾਂ ਲੋਕਾਂ ਦੇ ਹਜੂਮ ਦਾ ਸਾਹਮਣਾ ਕਰਨਾ ਪਵੇਗਾ ਕਿਉਂਕਿ ਪ੍ਰੋਫੈਸਰ, ਕਾਰਕੁਨ ਅਤੇ ਵਿਦਿਆਰਥੀ, ਪ੍ਰੋ. ਸਾਈਬਾਬਾ ਨਾਲ ਲਗਾਓ ਰੱਖਦੇ ਹਨ; ਇਸ ਲਈ ਨਹੀਂ ਕਿ ਉਹ ਸਮਰਪਿਤ ਅਧਿਆਪਕ ਹੈ, ਸਗੋਂ ਇਸ ਦੀ ਇਕ ਵਜ੍ਹਾ ਇਹ ਹੈ ਕਿ ਉਸ ਦਾ ਦੁਨੀਆਂ ਬਾਰੇ, ਬੇਖ਼ੌਫ਼ ਸਿਆਸੀ ਨਜ਼ਰੀਆ ਹੈ। ਦੂਜਾ, ਅਗਵਾ ਕਰਨ ਨਾਲ ਇਹ ਪ੍ਰਭਾਵ ਬਣੇਗਾ ਜਿਵੇਂ ਆਪਣੀ ਮੁਸਤੈਦੀ ਅਤੇ ਦਲੇਰੀ ਨਾਲ ਖ਼ਤਰਨਾਕ ਦਹਿਸ਼ਤਗਰਦ ਨੂੰ ਦਬੋਚ ਲਿਆ ਹੋਵੇ, ਪਰ ਸੱਚਾਈ ਹੋਰ ਹੀ ਹੈ। ਲੰਮੇ ਸਮੇਂ ਤੋਂ ਖ਼ਦਸ਼ਾ ਸੀ ਕਿ ਪ੍ਰੋ. ਸਾਈਬਾਬਾ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

### ਪ੍ਰੋ. ਸਾਈਬਾਬਾ ਦਾ ਜੁਰਮ ਕੀ ਸੀ?

ਸਤੰਬਰ 2009 ਵਿਚ ਤਤਕਾਲੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਰੈਡ ਕਾਰੀਡੋਰ ਵਜੋਂ ਜਾਣੇ ਜਾਂਦੇ ਇਲਾਕੇ ਵਿਚ, ਆਪਰੇਸ਼ਨ ਗ੍ਰੀਨ ਹੰਟ ਨਾਂ ਦੀ ਜੰਗ ਦਾ ਐਲਾਨ ਕੀਤਾ ਸੀ। ਕਿਹਾ ਗਿਆ ਕਿ ਇਹ ਮੱਧ ਭਾਰਤ ਦੇ ਜੰਗਲਾਂ ਵਿਚ ਮਾਓਵਾਦੀ 'ਦਹਿਸ਼ਤਗਰਦਾਂ' ਖ਼ਿਲਾਫ਼ ਨੀਮ-ਫ਼ੌਜੀ ਬਲਾਂ ਦੀ ਸਫ਼ਾਇਆ ਮੁਹਿੰਮ ਹੈ। ਦਰਅਸਲ, ਇਹ ਉਸ ਲੜਾਈ ਦਾ ਸਰਕਾਰੀ ਨਾਂ ਸੀ ਜੋ ਸਟੇਟ ਦੇ ਬਣਾਏ ਕਾਤਲ ਗਰੋਹਾਂ (ਬਸਤਰ ਵਿਚ ਸਲਵਾ ਜੁਡਮ ਅਤੇ ਹੋਰ ਸੂਬਿਆਂ ਵਿਚ ਬੇਨਾਮ) ਵਲੋਂ ਅਰੰਭੀ ਗਈ ਸੀ। ਉਨ੍ਹਾਂ ਨੂੰ ਹੁਕਮ ਦਿੱਤਾ ਗਿਆ ਕਿ ਜੰਗਲ ਨੂੰ ਇਸ ਦੇ ਖ਼ਰੂਦੀ ਬਾਸ਼ਿੰਦਿਆਂ ਤੋਂ ਖਾਲੀ ਕਰਾਇਆ ਜਾਵੇ, ਤਾਂ ਕਿ ਖਾਣਾਂ ਅਤੇ ਬੁਨਿਆਦੀ ਢਾਂਚੇ ਦੀ ਉਸਾਰੀ ਦੇ ਕੰਮਾਂ ਵਿਚ ਲੱਗੀਆਂ ਕਾਰਪੋਰੇਸ਼ਨਾਂ ਆਪਣੇ ਰੁਕੇ ਹੋਏ ਪ੍ਰਾਜੈਕਟ ਅੱਗੇ ਵਧਾ ਸਕਣ। ਉਦੋਂ ਦੀ ਯੂ.ਪੀ.ਏ. ਹਕੂਮਤ ਨੇ ਕੋਈ ਪ੍ਰਵਾਹ ਨਹੀਂ ਕੀਤੀ ਕਿ ਆਦਿਵਾਸੀ ਜ਼ਮੀਨ ਨੂੰ ਪ੍ਰਾਈਵੇਟ ਕੰਪਨੀਆਂ ਨੂੰ ਵੇਚਣਾ ਗ਼ੈਰ-ਕਾਨੂੰਨੀ ਅਤੇ ਗ਼ੈਰ-ਸੰਵਿਧਾਨਕ ਹੈ। (ਮੌਜੂਦਾ ਹਕੂਮਤ ਦਾ ਨਵਾਂ ਭੂਮੀ ਗ੍ਰਹਿਣ ਬਿੱਲ ਇਸ ਗ਼ੈਰ-ਕਾਨੂੰਨੀ ਕਾਰਵਾਈ ਨੂੰ ਜਾਇਜ਼ ਠਹਿਰਾਉਣ ਦੀ ਤਜਵੀਜ਼ ਹੀ ਹੈ)। ਕਾਤਲ ਗਰੋਹਾਂ ਦੇ ਨਾਲ-ਨਾਲ ਹਜ਼ਾਰਾਂ ਨੀਮ-ਫ਼ੌਜੀ ਬਲਾਂ ਨੇ ਹਮਲਾ ਕੀਤਾ, ਪਿੰਡ ਸਾੜੇ, ਪੇਂਡੂਆਂ ਦੇ ਕਤਲ ਕੀਤੇ ਅਤੇ ਔਰਤਾਂ ਨਾਲ ਜਬਰ-ਜਨਾਹ ਕੀਤੇ। ਦਹਿ-ਹਜ਼ਾਰਾਂ ਆਦਿਵਾਸੀਆਂ ਨੂੰ ਆਪਣੇ ਘਰ-ਬਾਰ ਛੱਡ ਕੇ ਜੰਗਲਾਂ ਵਿਚ ਖੁੱਲ੍ਹੇ ਆਸਮਾਨ ਹੇਠ ਪਨਾਹ ਲੈਣ ਲਈ ਮਜਬੂਰ ਕੀਤਾ ਗਿਆ। ਇਸ ਬੇਰਹਿਮੀ ਦੇ ਖਿਲਾਫ ਜਵਾਬੀ ਕਾਰਵਾਈ ਕਰਦੇ ਹੋਏ ਸੈਂਕੜੇ ਸਥਾਨਕ ਲੋਕ ਪੀਪਲਜ਼ ਲਿਬਰੇਸ਼ਨ ਗੁਰੀਲਾ ਆਰਮੀ ਵਿਚ ਜਾ ਰਲੇ ਜੋ ਸੀ.ਪੀ.ਆਈ. (ਮਾਓਵਾਦੀ) ਨੇ ਬਣਾਈ ਹੈ। ਇਹ ਉਹ ਪਾਰਟੀ ਹੈ ਜਿਸ ਨੂੰ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਹਿੰਦੁਸਤਾਨ ਦੀ 'ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਦੱਸਿਆ ਸੀ।

2010 ਅਤੇ 2011 ਵਿਚ ਜਦੋਂ ਅਪਰੇਸ਼ਨ ਗ੍ਰੀਨ ਹੰਟ ਦਾ ਸਭ ਤੋਂ ਬੇਰਹਿਮ ਦੌਰ ਚੱਲ ਰਿਹਾ ਸੀ, ਇਸ ਦੇ ਖਿਲਾਫ ਮੁਹਿੰਮ ਵਿਚ ਤੇਜ਼ੀ ਆਈ। ਕਈ ਸ਼ਹਿਰਾਂ ਵਿਚ ਜਨਤਕ ਇਕੱਠ ਅਤੇ ਰੈਲੀਆਂ ਹੋਈਆਂ। ਜਿਉਂ ਜਿਉਂ ਜੰਗਲ ਵਿਚ ਹੋਣ ਵਾਲੀਆਂ ਘਟਨਾਵਾਂ ਦੀ ਖ਼ਬਰ ਫੈਲਣ ਲੱਗੀ, ਕੌਮਾਂਤਰੀ ਮੀਡੀਆ ਨੇ ਇਸ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਡਾ. ਸਾਈਬਾਬਾ ਉਨ੍ਹਾਂ ਲੋਕਾਂ ਵਿਚੋਂ ਇਕ ਸਨ ਜਿਨ੍ਹਾਂ ਨੇ ਅਪਰੇਸ਼ਨ ਗ੍ਰੀਨ ਹੰਟ ਖਿਲਾਫ ਲਾਮਬੰਦੀ ਕੀਤੀ। ਘੱਟੋ-ਘੱਟ ਆਰਜ਼ੀ ਤੌਰ 'ਤੇ ਹੀ, ਇਹ ਮੁਹਿੰਮ ਕਾਮਯਾਬ ਹੋਈ ਸੀ। ਹਕੂਮਤ ਨੂੰ ਇਹ ਢੋਂਗ ਰਚਣਾ ਪਿਆ ਕਿ ਅਪਰੇਸ਼ਨ ਗ੍ਰੀਨ ਹੰਟ ਨਾਂ ਦੀ ਕੋਈ ਸ਼ੈਅ ਨਹੀਂ ਹੈ, ਇਹ ਮਹਿਜ਼ ਮੀਡੀਆ ਦੀ ਬਣਾਈ ਹੋਈ ਗੱਲ ਹੈ।

ਇਸ ਬੇਨਾਮ ਅਪਰੇਸ਼ਨ ਬਾਰੇ ਜਿਹੜਾ ਵੀ ਕੋਈ ਬੰਦਾ ਸਟੇਟ ਦੀ ਨੀਤੀ ਦੀ ਆਲੋਚਨਾ ਕਰਦਾ ਹੈ, ਜਾਂ ਉਸ ਨੂੰ ਲਾਗੂ ਕਰਨ ਵਿਚ ਅੜਿੱਕਾ ਖੜ੍ਹਾ ਕਰਦਾ ਹੈ, ਉਸ ਨੂੰ ਮਾਓਵਾਦੀ ਕਿਹਾ ਜਾਂਦਾ ਹੈ। ਇਸ ਤਰ੍ਹਾਂ ਮਾਓਵਾਦੀ ਕਰਾਰ ਦਿੱਤੇ ਗਏ ਹਜ਼ਾਰਾਂ ਦਲਿਤ ਅਤੇ ਆਦਿਵਾਸੀ, ਦੇਸ਼ ਧ੍ਰੋਹ ਅਤੇ ਸਟੇਟ ਖਿਲਾਫ ਜੰਗ ਛੇੜਨ ਵਰਗੇ ਜੁਰਮਾਂ ਦੇ ਬੇਸਿਰ-ਪੈਰ ਇਲਜ਼ਾਮਾਂ ਨਾਲ ਗ਼ੈਰ-ਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਤਹਿਤ ਜੇਲ੍ਹ ਵਿਚ ਬੰਦ ਹਨ। ਗ੍ਰਹਿ ਮੰਤਰਾਲੇ ਨੇ 2013 ਵਿਚ ਸੁਪਰੀਮ ਕੋਰਟ ਵਿਚ ਦਾਖ਼ਿਲ ਆਪਣੇ ਹਲਫ਼ਨਾਮੇ ਵਿਚ ਆਪਣੇ ਇਰਾਦੇ ਸਾਫ਼ ਸਾਫ਼ ਜ਼ਾਹਿਰ ਕੀਤੇ ਸਨ। ਇਸ ਵਿਚ ਕਿਹਾ ਗਿਆ ਸੀ, "ਕਸਬਿਆਂ ਤੇ ਸ਼ਹਿਰਾਂ ਵਿਚ ਸੀ.ਪੀ.ਆਈ. (ਮਾਓਵਾਦੀ) ਦੇ ਵਿਚਾਰਕਾਂ ਤੇ ਹਮਾਇਤੀਆਂ ਨੇ ਸਟੇਟ ਦਾ ਨਕਸ਼ਾ ਵਿਗਾੜ ਕੇ ਪੇਸ਼ ਕਰਨ ਲਈ ਜਥੇਬੰਦ ਤੇ ਸਿਲਸਿਲੇਵਾਰ ਪ੍ਰਚਾਰ ਵਿੱਢਿਆ ਹੋਇਆ ਹੈ... ਇਹ ਉਹ ਵਿਚਾਰਕ ਹਨ ਜਿਨ੍ਹਾਂ ਨੇ ਮਾਓਵਾਦੀ ਲਹਿਰ ਨੂੰ ਜ਼ਿੰਦਾ ਰੱਖਿਆ ਹੋਇਆ ਹੈ ਤੇ ਕਈ ਪੱਖਾਂ ਤੋਂ ਤਾਂ ਇਹ ਪੀਪਲ'ਜ਼ ਲਿਬਰੇਸ਼ਨ ਗੁਰੀਲਾ ਆਰਮੀ ਦੇ ਕਾਡਰਾਂ ਤੋਂ ਵੀ ਜ਼ਿਆਦਾ ਖ਼ਤਰਨਾਕ ਹਨ।"

### ਡਾ. ਸਾਈਬਾਬਾ ਹਾਜ਼ਿਰ ਹੋ

ਜਦੋਂ ਉਸ ਬਾਰੇ ਵਿਚ ਮਨਘੜਤ ਅਤੇ ਵਧਾ-ਚੜ੍ਹਾ ਕੇ ਅਨੇਕਾਂ ਖ਼ਬਰਾਂ ਛਪਣ ਲੱਗੀਆਂ, ਉਦੋਂ ਹੀ ਖੁੜਕ ਗਈ ਸੀ ਕਿ ਪ੍ਰੋ. ਸਾਈਬਾਬਾ ਦੀ ਨਿਸ਼ਾਨਦੇਹੀ ਹੋ ਚੁੱਕੀ ਹੈ। ਅਗਲਿਆਂ ਕੋਲ ਪੁਖਤਾ ਸਬੂਤ ਤਾਂ ਨਹੀਂ ਸਨ, ਪਰ ਅਜ਼ਮਾਇਆ ਹੋਇਆ ਸਭ ਤੋਂ ਬਿਹਤਰ ਤਰੀਕਾ ਸੀ- ਆਪਣੇ ਸ਼ਿਕਾਰ ਬਾਰੇ ਸ਼ੱਕੀ ਮਾਹੌਲ ਬਣਾ ਦਿਓ। ਸੋ, 12 ਸਤੰਬਰ 2013 ਨੂੰ ਉਸ ਦੇ ਘਰ 50 ਪੁਲਿਸ ਕਰਮੀਆਂ ਨੇ ਛਾਪਾ ਮਾਰਿਆ। ਉਨ੍ਹਾਂ ਕੋਲ ਮਹਾਰਾਸ਼ਟਰ ਦੇ ਨਿੱਕੇ ਜਿਹੇ ਸ਼ਹਿਰ ਅਹੇਰੀ ਦੇ ਮੈਜਿਸਟਰੇਟ ਵਲੋਂ ਚੋਰੀ ਕੀਤਾ ਸਮਾਨ ਬਰਾਮਦ ਕਰਨ ਲਈ ਜਾਰੀ ਕੀਤੇ ਤਲਾਸ਼ੀ ਵਾਰੰਟ ਸਨ। ਚੋਰੀ ਦਾ ਕੋਈ ਸਮਾਨ ਤਾਂ ਉਨ੍ਹਾਂ ਨੂੰ ਨਹੀਂ ਮਿਲਿਆ, ਸਗੋਂ ਉਹ ਉਨ੍ਹਾਂ ਦਾ ਸਮਾਨ ਚੁੱਕ ਕੇ ਲੈ ਗਏ। ਉਨ੍ਹਾਂ ਦਾ ਲੈਪਟਾਪ, ਹਾਰਡ ਡਿਸਕ ਅਤੇ ਪੈਨ ਡਰਾਈਵਾਂ। ਦੋ ਹਫ਼ਤਿਆਂ ਪਿਛੋਂ ਮਾਮਲੇ ਦੇ ਤਫ਼ਤੀਸ਼ੀ ਅਧਿਕਾਰੀ ਸੁਹਾਸ ਬਵਾਚੇ ਨੇ ਡਾ. ਸਾਈਬਾਬਾ ਨੂੰ ਫੋਨ ਕੀਤਾ ਅਤੇ ਹਾਰਡ ਡਿਸਕ ਖੋਲ੍ਹਣ ਲਈ ਉਸ ਤੋਂ ਪਾਸਵਰਡ ਪੁੱਛੇ। ਡਾ. ਸਾਈਬਾਬਾ ਨੇ ਉਨ੍ਹਾਂ ਨੂੰ ਪਾਸਵਰਡ ਦੱਸ ਦਿੱਤੇ। 9 ਜਨਵਰੀ 2014 ਨੂੰ ਪੁਲਿਸ ਦੀ ਟੋਲੀ ਨੇ ਉਸ ਦੇ ਘਰ ਆ ਕੇ ਘੰਟਿਆਂ ਬੱਧੀ ਤਫ਼ਤੀਸ਼ ਕੀਤੀ। ਫਿਰ 9 ਮਈ ਨੂੰ ਉਸ ਨੂੰ ਅਗਵਾ ਕਰ ਲਿਆ ਗਿਆ। ਉਸੇ ਰਾਤ ਉਹ ਉਸ ਨੂੰ ਪਹਿਲਾਂ ਨਾਗਪੁਰ ਅਤੇ ਫਿਰ ਅਹੇਰੀ ਲੈ ਗਏ, ਫਿਰ ਨਾਗਪੁਰ ਮੋੜ ਲਿਆਏ। ਸੈਂਕੜੇ ਪੁਲਸੀਆਂ, ਜੀਪਾਂ ਅਤੇ ਬਾਰੂਦੀ ਸੁਰੰਗ ਵਿਰੋਧੀ ਗੱਡੀਆਂ ਦੇ ਕਾਫ਼ਲੇ ਦੇ ਪਹਿਰੇ ਹੇਠ। ਉਸ ਨੂੰ ਨਾਗਪੁਰ ਕੇਂਦਰੀ ਜੇਲ੍ਹ ਵਿਚ, ਇਸ ਦੇ ਬਦਨਾਮ ਆਂਡਾ ਸੈਲ ਵਿਚ ਕੈਦ ਕੀਤਾ ਗਿਆ। ਉਸ ਦਾ ਨਾਂ ਮੁਲਕ ਦੇ ਜੇਲ੍ਹਾਂ ਵਿਚ ਡੱਕੇ, ਸੁਣਵਾਈ ਦੀ ਉਡੀਕ ਕਰ ਰਹੇ ਤਿੰਨ ਲੱਖ ਲੋਕਾਂ ਦੇ ਹਜੂਮ ਵਿਚ ਸ਼ੁਮਾਰ ਹੋ ਗਿਆ। ਹੰਗਾਮੇ ਭਰੇ ਇਸ ਪੂਰੇ ਨਾਟਕ ਦੌਰਾਨ ਉਸ ਦੀ ਵ੍ਹੀਲ ਚੇਅਰ ਟੁੱਟ ਗਈ। ਡਾ. ਸਾਈਬਾਬਾ ਦੀ ਜਿਸ ਤਰ੍ਹਾਂ ਦੀ ਹਾਲਤ ਹੈ, ਉਸ ਨੂੰ '90 ਫ਼ੀਸਦੀ ਅਪਾਹਜ' ਕਿਹਾ ਜਾਂਦਾ ਹੈ। ਸਿਹਤ ਹੋਰ ਨਾ ਵਿਗੜੇ, ਇਸ ਤੋਂ ਬਚਾਓ ਲਈ ਉਸ ਨੂੰ ਲਗਾਤਾਰ ਦੇਖ-ਰੇਖ, ਫਿਜ਼ਿਓਥੈਰੇਪੀ ਅਤੇ ਦਵਾਈਆਂ ਦੀ ਜ਼ਰੂਰਤ ਰਹਿੰਦੀ ਹੈ। ਇਸ ਦੇ ਬਾਵਜੂਦ, ਉਸ ਨੂੰ ਇਕਾਂਤ ਕੋਠੜੀ ਵਿਚ ਸੁੱਟ ਦਿੱਤਾ ਗਿਆ (ਹੁਣ ਵੀ ਉਹ ਉਥੇ ਹੀ ਹੈ), ਜਿਥੇ ਟੱਟੀ-ਪੇਸ਼ਾਬ ਜਾਣ






*'ਆਊਟਲੁੱਕ' ਦਾ ਪ੍ਰੋ. ਸਾਈਬਾਬਾ (ਸੱਜੇ) ਦੀ ਕਵਰ ਸਟੋਰੀ ਵਾਲਾ ਅੰਕ।*

ਵਿਚ ਉਸ ਨੂੰ ਸਹਾਰਾ ਦੇਣ ਵਾਲਾ ਕੋਈ ਨਹੀਂ। ਉਸ ਨੂੰ ਆਪਣੇ ਹੱਥਾਂ ਤੇ ਪੈਰਾਂ ਦੇ ਸਹਾਰੇ ਰੀਂਗਣਾ ਪੈਂਦਾ ਹੈ, ਪਰ ਇਸ ਵਿਚੋਂ ਕੁਝ ਵੀ ਤਸੀਹਿਆਂ ਦੇ ਘੇਰੇ ਵਿਚ ਨਹੀਂ ਆਵੇਗਾ।

ਅਗਲੀ ਸਵੇਰ ਨਾਗਪੁਰ ਦੇ ਅਖ਼ਬਾਰਾਂ ਦੇ ਪਹਿਲੇ ਸਫ਼ੇ ਉਪਰ ਜੋ ਤਸਵੀਰਾਂ ਛਪੀਆਂ, ਉਨ੍ਹਾਂ ਵਿਚ ਮਹਾਰਾਸ਼ਟਰ ਪੁਲਿਸ ਦੀ ਭਾਰੀ ਹਥਿਆਰਬੰਦ ਪਾਰਟੀ ਨੇ ਆਪਣੀ ਜਿੱਤ ਦੀ ਟਰਾਫੀ- ਆਪਣੀ ਟੁੱਟੀ ਹੋਈ ਵ੍ਹੀਲ ਚੇਅਰ ਉਪਰ ਬੈਠੇ ਖ਼ਤਰਨਾਕ ਦਹਿਸ਼ਤਗਰਦ, ਪ੍ਰਿਜ਼ਨਰ ਆਫ ਵਾਰ ਪ੍ਰੋਫੈਸਰ, ਨਾਲ ਪੋਜ਼ ਦਿੱਤੇ ਹੋਏ ਸਨ। ਉਸ ਉਪਰ ਯੂ.ਏ.ਪੀ.ਏ. ਦੇ ਇਨ੍ਹਾਂ ਸੈਕਸ਼ਨਾਂ ਤਹਿਤ ਇਲਜ਼ਾਮ ਲਗਾਏ ਗਏ: ਸੈਕਸ਼ਨ 13 (ਗ਼ੈਰ-ਕਾਨੂੰਨੀ ਕਾਰਵਾਈਆਂ ਵਿਚ ਹਿੱਸਾ ਲੈਣਾ/ਉਸ ਦੀ ਹਮਾਇਤ ਕਰਨਾ/ਉਕਸਾਉਣਾ/ਉਸ ਨੂੰ ਅਮਲ ਵਿਚ ਲਿਆਉਣ ਲਈ ਭੜਕਾਉਣਾ), ਸੈਕਸ਼ਨ 18 (ਦਹਿਸ਼ਤਗਰਦ ਕਾਰਵਾਈ ਦੀ ਸਾਜ਼ਿਸ਼/ਕੋਸ਼ਿਸ਼ ਕਰਨਾ), ਸੈਕਸ਼ਨ 20 (ਦਹਿਸ਼ਤਗਰਦ ਗਰੋਹ ਜਾਂ ਜਥੇਬੰਦੀ ਦਾ ਮੈਂਬਰ ਹੋਣਾ), ਸੈਕਸ਼ਨ 38 (ਦਹਿਸ਼ਤਗਰਦ ਜਥੇਬੰਦੀ ਦੀਆਂ ਸਰਗਰਮੀਆਂ ਨੂੰ ਅੱਗੇ ਵਧਾਉਣ ਦੇ ਇਰਾਦੇ ਨਾਲ ਉਸ ਨਾਲ ਜੁੜਨਾ) ਅਤੇ ਸੈਕਸ਼ਨ 39 (ਦਹਿਸ਼ਤਗਰਦ ਜਥੇਬੰਦੀ ਦੀ ਹਮਾਇਤ ਵਧਾਉਣ ਦੇ ਮਕਸਦ ਨਾਲ ਮੀਟਿੰਗਾਂ ਕਰਨ 'ਚ ਮਦਦ ਕਰਨਾ ਜਾਂ ਉਨ੍ਹਾਂ ਨੂੰ ਸੰਬੋਧਨ ਕਰਨਾ)। ਉਸ ਉਪਰ ਇਲਜ਼ਾਮ ਲਗਾਇਆ ਗਿਆ ਕਿ ਉਸ ਨੇ ਸੀ.ਪੀ.ਆਈ. (ਮਾਓਵਾਦੀ) ਦੀ ਕਾਮਰੇਡ ਨਰਮਦਾ ਨੂੰ ਦੇਣ ਲਈ, ਜੇ.ਐਨ.ਯੂ. ਦੇ ਵਿਦਿਆਰਥੀ ਹੇਮ ਮਿਸ਼ਰਾ ਨੂੰ ਕੰਪਿਊਟਰ ਚਿੱਪ ਦਿੱਤੀ ਸੀ। ਹੇਮ ਨੂੰ ਅਗਸਤ 2013 ਵਿਚ ਬਲਾਰਸ਼ਾਹ ਰੇਲਵੇ ਸਟੇਸ਼ਨ ਤੋਂ ਗ੍ਰਿਫ਼ਤਾਰ ਕੀਤਾ ਗਿਆ, ਹੁਣ ਉਹ ਡਾ. ਸਾਈਬਾਬਾ ਦੇ ਨਾਲ ਨਾਗਪੁਰ ਜੇਲ੍ਹ ਵਿਚ ਬੰਦ ਹੈ। ਇਸ 'ਸਾਜ਼ਿਸ਼' ਵਿਚ ਨਾਲ ਦੇ ਹੋਰ ਤਿੰਨ ਮੁਲਜ਼ਿਮ ਜ਼ਮਾਨਤ ਉਪਰ ਰਿਹਾ ਹੋ ਚੁੱਕੇ ਹਨ।

ਦੋਸ਼ ਪੱਤਰ ਵਿਚ ਗਿਣਾਏ ਹੋਰ ਗੰਭੀਰ ਜੁਰਮ ਇਹ ਹਨ ਕਿ ਡਾ. ਸਾਈਬਾਬਾ ਰੈਵੋਲਿਊਸ਼ਨਰੀ ਡੈਮੋਕਰੇਟਿਕ ਫਰੰਟ (ਆਰ.ਡੀ.ਐਫ.) ਦੇ ਜਾਇੰਟ ਸਕੱਤਰ ਹਨ। ਆਰ.ਡੀ.ਐਫ. ਉੜੀਸਾ ਅਤੇ ਆਂਧਰਾ ਪ੍ਰਦੇਸ਼ ਵਿਚ ਪਾਬੰਦੀਸ਼ੁਦਾ ਜਥੇਬੰਦੀ ਹੈ, ਉਥੇ ਇਸ ਉਪਰ ਮਾਓਵਾਦੀਆਂ ਦੀ ਫਰੰਟਲ ਜਥੇਬੰਦੀ ਹੋਣ ਦਾ ਸ਼ੱਕ ਹੈ। ਨਾ ਇਹ ਦਿੱਲੀ ਵਿਚ ਪਾਬੰਦੀਸ਼ੁਦਾ ਹੈ, ਨਾ ਹੀ ਮਹਾਰਾਸ਼ਟਰ ਵਿਚ। ਇਸ ਦੇ ਪ੍ਰਧਾਨ ਜਾਣੇ-ਪਛਾਣੇ ਕਵੀ ਵਰਵਰਾ ਰਾਓ ਹਨ ਜੋ ਹੈਦਰਾਬਾਦ ਵਿਚ ਰਹਿੰਦੇ ਹਨ।

ਡਾ. ਸਾਈਬਾਬਾ ਦੇ ਕੇਸ ਦੀ ਸੁਣਵਾਈ ਅਜੇ ਤੱਕ ਸ਼ੁਰੂ ਨਹੀਂ ਹੋਈ। ਇਸ ਦੇ ਸ਼ੁਰੂ ਹੋਣ ਵਿਚ ਜੇ ਵਰ੍ਹੇ ਨਹੀਂ ਤਾਂ ਮਹੀਨੇ ਲੱਗਣ ਦੀ ਸੰਭਾਵਨਾ ਹੈ। ਸਵਾਲ ਇਹ ਹੈ ਕਿ 90 ਫ਼ੀਸਦੀ ਅਪਾਹਜ ਬੰਦਾ ਜੇਲ੍ਹ ਦੇ ਅਤਿ ਮਾੜੇ ਹਾਲਾਤ ਵਿਚ ਕਦੋਂ ਤਕ ਜਿਉਂਦਾ ਰਹਿ ਸਕੇਗਾ?

ਜੇਲ੍ਹ ਵਿਚ ਗੁਜ਼ਾਰੇ ਇਕ ਵਰ੍ਹੇ ਵਿਚ ਹੀ, ਉਸ ਦੀ ਸਿਹਤ ਖ਼ਤਰਨਾਕ ਰੂਪ 'ਚ ਵਿਗੜੀ ਹੈ। ਉਸ ਨੂੰ ਲਗਾਤਾਰ ਤਕਲੀਫ਼ਦੇਹ ਦਰਦ ਹੁੰਦਾ ਰਹਿੰਦਾ ਹੈ। (ਜੇਲ੍ਹ ਅਧਿਕਾਰੀਆਂ ਨੇ ਮਦਦਗਾਰ ਬਣਦੇ ਹੋਏ, ਇਸ ਨੂੰ ਪੋਲੀਓ ਪੀੜਤਾਂ ਲਈ 'ਬਹੁਤ ਹੀ ਮਾਮੂਲੀ' ਦੱਸਿਆ।) ਉਸ ਦੀ ਰੀੜ੍ਹ ਦੀ ਹੱਡੀ ਨਕਾਰਾ ਹੋ ਚੁੱਕੀ ਹੈ। ਇਹ ਟੇਢੀ ਹੋ ਕੇ ਫੇਫੜਿਆਂ ਵਿਚ ਧਸ ਰਹੀ ਹੈ। ਉਸ ਦੀ ਖੱਬੀ ਬਾਂਹ ਕੰਮ ਨਹੀਂ ਕਰ ਰਹੀ। ਜਿਸ ਮੁਕਾਮੀ ਹਸਪਤਾਲ ਵਿਚ ਅਧਿਕਾਰੀ ਉਸ ਨੂੰ ਮੁਆਇਨੇ ਲਈ ਲੈ ਕੇ ਗਏ ਸਨ, ਉਥੋਂ ਦੇ ਦਿਲ ਦੇ ਡਾਕਟਰ ਨੇ ਕਿਹਾ ਕਿ ਉਸ ਦੀ ਤੁਰੰਤ ਐਂਜੀਓਪਲਾਸਟੀ ਕਰਾਈ ਜਾਵੇ। ਜੇ ਉਸ ਦੀ ਐਂਜੀਓਪਲਾਸਟੀ ਹੁੰਦੀ ਹੈ ਤਾਂ ਉਸ ਦੀ ਅਜੋਕੀ ਹਾਲਤ ਤੇ ਜੇਲ੍ਹ ਦੇ ਹਾਲਾਤ ਨੂੰ ਦੇਖਦਿਆਂ ਇਹ ਇਲਾਜ ਜਾਨਲੇਵਾ ਹੀ ਸਾਬਤ ਹੋਵੇਗਾ। ਜੇਲ੍ਹ ਅਧਿਕਾਰੀਆਂ ਨੇ ਉਸ ਨੂੰ ਦਵਾਈਆਂ ਦੇਣ ਤੋਂ ਵਾਰ-ਵਾਰ ਇਨਕਾਰ ਕੀਤਾ ਹੈ ਜੋ ਨਾ ਸਿਰਫ਼ ਉਸ ਦੀ ਤੰਦਰੁਸਤੀ ਲਈ ਸਗੋਂ ਉਸ ਦੀ ਜ਼ਿੰਦਗੀ ਲਈ ਬੇਹੱਦ ਜ਼ਰੂਰੀ ਹਨ। ਜਦੋਂ ਉਹ ਉਸ ਨੂੰ ਦਵਾਈਆਂ ਲੈਣ ਦੀ ਇਜਾਜ਼ਤ ਦਿੰਦੇ ਹਨ, ਉਦੋਂ ਵੀ ਉਹ ਉਸ ਨੂੰ ਵਿਸ਼ੇਸ਼ ਖਾਣਾ ਲੈਣ ਦੀ ਇਜਾਜ਼ਤ ਨਹੀਂ ਦਿੰਦੇ ਜੋ ਦਵਾਈਆਂ ਨਾਲ ਜ਼ਰੂਰੀ ਹੁੰਦਾ ਹੈ।

ਮੁਲਕ ਅਪਾਹਜਾਂ ਦੇ ਹੱਕਾਂ ਬਾਰੇ ਕੌਮਾਂਤਰੀ ਸਮਝੌਤੇ ਦਾ ਹਿੱਸਾ ਹੈ ਅਤੇ ਹਿੰਦੁਸਤਾਨੀ ਕਾਨੂੰਨ ਐਸੇ ਇਨਸਾਨ ਨੂੰ ਵਿਚਾਰ-ਅਧੀਨ ਕੈਦੀ ਵਜੋਂ ਲੰਮੇ ਸਮੇਂ ਲਈ ਕੈਦ ਰੱਖਣ ਦੀ ਸਾਫ਼ ਤੌਰ 'ਤੇ ਮਨਾਹੀ ਕਰਦਾ ਹੈ ਜੋ ਅਪਾਹਜ ਹੈ। ਇਸ ਤੱਥ ਦੇ ਬਾਵਜੂਦ ਡਾ. ਸਾਈਬਾਬਾ ਨੂੰ ਹੇਠਲੀ ਅਦਾਲਤ ਵਲੋਂ ਦੋ ਵਾਰ ਜ਼ਮਾਨਤ ਦੇਣ ਤੋਂ ਨਾਂਹ ਕਰ ਦਿੱਤੀ ਗਈ। ਦੂਜੇ ਮੌਕੇ 'ਤੇ ਜ਼ਮਾਨਤ ਦੀ ਅਰਜ਼ੀ ਇਸ ਆਧਾਰ 'ਤੇ ਖਾਰਜ ਕਰ ਦਿੱਤੀ ਕਿ ਜੇਲ੍ਹ ਅਫਸਰਾਂ ਨੇ ਅਦਾਲਤ ਦੇ ਸਾਹਮਣੇ ਦਿਖਾਇਆ ਸੀ ਕਿ ਉਸ ਨੂੰ ਜ਼ਰੂਰੀ ਤੇ ਖ਼ਾਸ ਦੇਖ-ਭਾਲ ਮੁਹੱਈਆ ਕਰਵਾਈ ਜਾ ਰਹੀ ਹੈ।

ਮਹਿਜ਼ ਦਲੀਲ ਖ਼ਾਤਰ, ਇਸ ਬਾਰੇ ਫ਼ੈਸਲਾ ਤਾਂ ਅਦਾਲਤ ਉਪਰ ਛੱਡ ਦਿੰਦੇ ਹਾਂ ਕਿ ਲਗਾਏ ਗਏ ਇਲਜ਼ਾਮਾਂ ਦੇ ਮਾਮਲੇ ਵਿਚ ਡਾ. ਸਾਈਬਾਬਾ ਕਸੂਰਵਾਰ ਹੈ ਜਾਂ ਨਹੀਂ; ਥੋੜ੍ਹੀ ਦੇਰ ਲਈ ਸਿਰਫ਼ ਜ਼ਮਾਨਤ ਦੇ ਸਵਾਲ ਉਪਰ ਗ਼ੌਰ ਕਰਦੇ ਹਾਂ, ਕਿਉਂਕਿ ਉਸ ਦੇ ਲਈ ਇਹ ਜ਼ਿੰਦਗੀ-ਮੌਤ ਦਾ ਸਵਾਲ ਹੈ। ਉਸ ਉਪਰ ਲਗਾਏ ਇਲਜ਼ਾਮ ਕੁਝ ਵੀ ਹੋਣ, ਕੀ ਪ੍ਰੋ. ਸਾਈਬਾਬਾ ਨੂੰ ਜ਼ਮਾਨਤ ਮਿਲਣੀ ਚਾਹੀਦੀ ਹੈ? ਇਥੇ ਉਨ੍ਹਾਂ ਮਸ਼ਹੂਰ ਜਨਤਕ ਸ਼ਖ਼ਸੀਅਤਾਂ ਅਤੇ ਸਰਕਾਰੀ ਮੁਲਾਜ਼ਮਾਂ ਦੀ ਸੂਚੀ ਪੇਸ਼ ਹੈ ਜਿਨ੍ਹਾਂ ਨੂੰ ਜ਼ਮਾਨਤ ਦਿੱਤੀ ਗਈ ਹੈ:

**23 ਅਪਰੈਲ 2015** ਨੂੰ ਬਾਬੂ ਬਜਰੰਗੀ ਨੂੰ ਗੁਜਰਾਤ ਹਾਈ ਕੋਰਟ ਵਿਚ 'ਅੱਖ ਦੇ ਫੌਰੀ ਅਪਰੇਸ਼ਨ' ਲਈ ਜ਼ਮਾਨਤ ਉਪਰ ਰਿਹਾ ਕੀਤਾ ਗਿਆ ਜੋ 2002 ਵਿਚ ਨਰੋਦਾ ਪਾਟਿਆ ਕਤਲੇਆਮ ਵਿਚ ਆਪਣੀ ਭੂਮਿਕਾ ਕਾਰਨ ਕਸੂਰਵਾਰ ਸਾਬਤ ਹੋ ਚੁੱਕਾ ਹੈ ਜਿਥੇ ਦਿਨ-ਦਿਹਾੜੇ 97 ਲੋਕ ਮਾਰ ਦਿੱਤੇ ਗਏ ਸਨ।

**30 ਜੁਲਾਈ 2014** ਨੂੰ ਗੁਜਰਾਤ ਵਿਚ ਮੋਦੀ ਸਰਕਾਰ ਦੀ ਸਾਬਕਾ ਮੰਤਰੀ ਮਾਯਾ ਕੋਡਨਾਨੀ ਨੂੰ ਗੁਜਰਾਤ ਹਾਈ ਕੋਰਟ ਨੇ ਜ਼ਮਾਨਤ ਦੇ ਦਿੱਤੀ ਜੋ ਉਸੇ ਨਰੋਦਾ ਪਾਟਿਆ ਕਤਲੇਆਮ ਵਿਚ ਕਸੂਰਵਾਰ ਸਾਬਤ ਹੋ ਚੁੱਕੀ ਹੈ ਅਤੇ 28 ਸਾਲ ਦੀ ਕੈਦ ਭੁਗਤ ਰਹੀ ਹੈ।


ਗੁਜਰਾਤ ਵਿਚ ਮੋਦੀ ਹਕੂਮਤ ਦੇ ਇਕ ਹੋਰ ਸਾਬਕਾ ਮੰਤਰੀ ਅਮਿਤ ਸ਼ਾਹ ਨੂੰ ਜੁਲਾਈ 2010 ਵਿਚ ਤਿੰਨ ਬੰਦਿਆਂ- ਸੋਹਰਾਬੂਦੀਨ ਸ਼ੇਖ, ਉਸ ਦੀ ਪਤਨੀ ਕੌਸਰ ਬੀ ਅਤੇ ਤੁਲਸੀਰਾਮ ਪਰਜਾਪਤੀ, ਦੇ ਕਤਲ ਦਾ ਆਦੇਸ਼ ਦੇਣ ਦੇ ਇਲਜ਼ਾਮ ਵਿਚ ਗ੍ਰਿਫ਼ਤਾਰ ਕੀਤਾ ਗਿਆ। ਹੁਣ ਉਹ ਬਰੀ ਹੋ ਚੁੱਕਾ ਹੈ, ਭਾਜਪਾ ਦਾ ਪ੍ਰਧਾਨ ਹੈ ਅਤੇ ਪ੍ਰਧਾਨ ਮੰਤਰੀ ਮੋਦੀ ਦਾ ਸੱਜਾ ਹੱਥ ਹੈ।

ਦਿੱਲੀ ਯੂਨੀਵਰਸਿਟੀ ਵਿਚ ਅਧਿਆਪਕ ਅਤੇ ਕਮੇਟੀ ਫਾਰ ਦਿ ਡਿਫੈਂਸ ਐਂਡ ਰਿਲੀਜ਼ ਆਫ ਸਾਈਬਾਬਾ ਦੇ ਮੈਂਬਰ ਹੈਨੀ ਬਾਬੂ ਹਾਲ ਹੀ ਵਿਚ ਕੁਝ ਮਿੰਟਾਂ ਲਈ ਹਸਪਤਾਲ ਵਿਚ ਡਾ. ਸਾਈਬਾਬਾ ਨੂੰ ਮਿਲਣ ਵਿਚ ਕਾਮਯਾਬ ਹੋ ਗਏ। 23 ਅਪਰੈਲ 2015 ਨੂੰ ਪ੍ਰੈਸ ਕਾਨਫਰੰਸ ਜਿਸ ਦੀ ਕੋਈ ਖ਼ਬਰ ਹੀ ਨਹੀਂ ਛਪੀ, ਹੈਨੀ ਬਾਬੂ ਨੇ ਮੁਲਾਕਾਤ ਦੇ ਹਾਲਾਤ ਇਉਂ ਬਿਆਨ ਕੀਤੇ: ਡਾ. ਸਾਈਬਾਬਾ ਨੂੰ ਸੇਲਾਈਨ ਡ੍ਰਿਪ ਲਾਈ ਹੋਈ ਸੀ। ਉਹ ਬਿਸਤਰ ਤੋਂ ਉਠ ਕੇ ਬੈਠੇ ਅਤੇ ਉਸ ਨਾਲ ਗੱਲ ਕੀਤੀ। ਉਨ੍ਹਾਂ ਦੇ ਸਿਰ ਵੱਲ ਏ.ਕੇ. ਸੰਤਾਲੀ ਤਾਣੀ ਸੁਰੱਖਿਆ ਮੁਲਾਜ਼ਮ ਖੜ੍ਹਾ ਰਿਹਾ। ਇਹ ਉਸ ਦੀ ਡਿਊਟੀ ਸੀ ਕਿ ਉਹ ਯਕੀਨੀ ਬਣਾਵੇ ਕਿ ਉਸ ਦਾ ਕੈਦੀ ਆਪਣੀਆਂ ਲਕਵਾਗ੍ਰਸਤ ਲੱਤਾਂ ਨਾਲ ਭੱਜ ਨਾ ਜਾਵੇ।

ਕੀ ਡਾ. ਸਾਈਬਾਬਾ ਨਾਗਪੁਰ ਕੇਂਦਰੀ ਜੇਲ੍ਹ ਤੋਂ ਜ਼ਿੰਦਾ ਬਾਹਰ ਆ ਸਕੇਗਾ? ਕੀ ਉਹ ਚਾਹੁੰਦੇ ਹਨ ਕਿ ਸਾਈਬਾਬਾ ਬਾਹਰ ਆਵੇ? ਬਹੁਤ ਸਾਰੇ ਕਾਰਨ ਹਨ ਜੋ ਇਸ਼ਾਰਾ ਕਰਦੇ ਹਨ ਕਿ ਉਹ ਅਜਿਹਾ ਚਾਹੁੰਦੇ ਨਹੀਂ। ਇਹੀ ਸਭ ਤਾਂ ਹੈ ਜਿਸ ਨੂੰ ਅਸੀਂ ਬਰਦਾਸ਼ਤ ਕਰ ਰਹੇ ਹਾਂ, ਜਿਸ ਖਾਤਰ ਅਸੀਂ ਵੋਟ ਪਾਉਂਦੇ ਹਾਂ, ਜਿਸ ਨਾਲ ਅਸੀਂ ਰਜ਼ਾਮੰਦ ਹਾਂ।...ਇਹੀ ਤਾਂ ਹਾਂ ਅਸੀਂ।

# ਪੰਜਾਬ ਦੇ ਸਿੱਖੀ ਸਰੂਪ ਨੂੰ ਸਰਾਪ ਦਾ ਸਵਾਲ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਆਏ ਦਿਨ ਅਖ਼ਬਾਰਾਂ ਵਿਚ ਬਹੁ-ਭਾਂਤੀ ਸਮੱਗਰੀ ਛਪਦੀ ਰਹਿੰਦੀ ਹੈ। ਕੋਈ ਲਿਖਤ ਖੁਸ਼ੀਆਂ-ਖੇੜੇ ਵੰਡਦੀ ਪ੍ਰਤੀਤ ਹੁੰਦੀ ਹੈ ਤੇ ਕੋਈ ਸੋਗਮਈ ਮੂਡ ਬਣਾ ਦਿੰਦੀ ਹੈ। ਕਿਸੇ ਕਿਸੇ ਰਚਨਾ 'ਤੇ ਤਰਸ ਆਉਣ ਲੱਗ ਪੈਂਦਾ ਹੈ ਕਿ ਇਹ ਮਿਆਰੀ ਲਿਖਤ ਅਖ਼ਬਾਰਾਂ ਦੀ ਰੱਦੀ ਵਿਚ ਰੁਲ-ਖੁਲ ਜਾਣ ਵਾਲੀ ਨਹੀਂ, ਸਗੋਂ ਸਾਂਭ ਸਾਂਭ ਰੱਖੀ ਜਾਣ ਵਾਲੀ ਕਿਸੇ ਕਿਤਾਬ ਦਾ ਹਿੱਸਾ ਬਣਨੀ ਚਾਹੀਦੀ ਸੀ। ਅਜਿਹੀਆਂ ਲਿਖਤਾਂ ਨੂੰ ਕਲਾ, ਸਾਹਿਤ, ਧਰਮ ਜਾਂ ਇਤਿਹਾਸ ਨਾਲ ਡੂੰਘਾ ਤਿਹੁ-ਮੋਹ ਰੱਖਣ ਵਾਲੇ ਪਾਰਖੂ ਪਾਠਕ ਨਿਜੀ ਫਾਈਲਾਂ ਵਿਚ ਸਾਂਭ ਕੇ ਰੱਖ ਲੈਂਦੇ ਹਨ। ਕੁਝ ਲਿਖਤਾਂ ਪਾਠਕ ਦੇ ਦਿਲ ਵਿਚ ਸੁੱਤੇ ਪਏ ਸਵਾਲਾਂ ਨੂੰ ਸਿਰਫ ਜਗਾਉਂਦੀਆਂ ਹੀ ਨਹੀਂ, ਸਗੋਂ ਸਾਣ 'ਤੇ ਲਾ ਕੇ ਹੋਰ ਪ੍ਰਚੰਡ ਕਰ ਦਿੰਦੀਆਂ ਹਨ।

ਕੈਨੇਡਾ ਤੋਂ ਛਪਦੀ ਇਕ ਅਖ਼ਬਾਰ ਮੇਰੇ ਸਾਹਮਣੇ ਪਈ ਹੈ ਜਿਸ ਵਿਚ ਗਿਆਨੀ ਜ਼ੈਲ ਸਿੰਘ ਦੇ ਸਹਾਇਕ ਰਹੇ ਤੇ ਸਾਬਕਾ ਐਮ.ਪੀ. ਤਰਲੋਚਨ ਸਿੰਘ ਦਾ ਲੇਖ ਪੜ੍ਹਿਆ। ਇਸ ਵਿਚ ਉਨ੍ਹਾਂ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਨਾਲ ਕੀਤੀ ਵਿਦੇਸ਼ ਯਾਤਰਾ ਦਾ ਵਰਣਨ ਕੀਤਾ ਹੈ। ਕਿਸੇ ਮੌਕੇ ਆਜ਼ਾਦ ਦੇਸ਼ ਗਿਣੇ ਜਾਂਦੇ ਹਾਂਗਕਾਂਗ ਤੇ ਮਕਾਉ ਨਾਂ ਦੇ ਦੋ ਸ਼ਹਿਰਾਂ ਦਾ ਇਤਿਹਾਸਕ ਤੇ ਭੂਗੋਲਿਕ ਪਿਛੋਕੜ ਬਿਆਨ ਕਰਨ ਦੇ ਨਾਲ ਨਾਲ ਦੋਹਾਂ ਸ਼ਹਿਰਾਂ ਵਿਚ ਵੱਸਦੇ ਸਿੱਖਾਂ ਦੇ ਸਥਾਨਕ 'ਸਟੇਟਸ' ਬਾਰੇ ਵੀ ਉਨ੍ਹਾਂ ਬੜੀ ਖੂਬਸੂਰਤੀ ਨਾਲ ਲਿਖਿਆ ਹੈ।

ਦੋਹਾਂ ਸ਼ਹਿਰਾਂ ਦੇ ਪ੍ਰਸ਼ਾਸਨ ਵਿਚ ਅਹਿਮ ਅਹੁਦਿਆਂ 'ਤੇ ਕੰਮ ਕਰਦੇ ਸਿੱਖਾਂ ਵਲੋਂ ਆਪਣਾ ਸਿੱਖੀ ਸਰੂਪ (ਕੇਸ, ਦਾੜ੍ਹੀ ਤੇ ਦਸਤਾਰ) ਸਾਂਭਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਲੇਖਕ ਨੇ ਉਥੇ ਪੰਜਾਬ ਤੋਂ ਪਹੁੰਚਣ ਵਾਲੇ ਸਿੱਖ ਨੌਜਵਾਨਾਂ ਦੀਆਂ ਧਰਮ ਤੇ ਸਦਾਚਾਰ ਵਿਹੂਣੀਆਂ ਸਰਗਰਮੀਆਂ ਦਾ ਦੁਖੀ ਦਿਲ ਨਾਲ ਵਰਣਨ ਕੀਤਾ ਹੈ। ਉਹ ਲੇਖ ਇਥੋਂ ਸ਼ੁਰੂ ਕਰਦੇ ਹਨ, "...ਲੋਕਲ ਸਿੱਖਾਂ ਨੇ ਆਪਣੀ ਹੋਂਦ ਨੂੰ ਕਾਇਮ ਰੱਖਿਆ ਹੋਇਆ ਹੈ। ਅੱਜ ਕੱਲ੍ਹ ਪੰਜਾਬੋਂ ਆਏ ਕਈ ਨੌਜਵਾਨ ਏਜੰਟਾਂ ਕਾਰਨ ਇਥੇ ਰੁਲ ਰਹੇ ਹਨ। ਕੀ ਕਰਨ, ਗੁਰਦੁਆਰਾ ਉਨ੍ਹਾਂ ਨੂੰ ਸੰਭਾਲ ਰਿਹਾ ਹੈ...।"

ਲੇਖ ਵਿਚ ਬਾਅਦਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲੈ ਕੇ ਜਾ ਰਹੇ ਲੋਕਲ ਸਿੱਖਾਂ ਦੀ ਫੋਟੋ ਲਾ ਕੇ ਲੇਖਕ ਨੇ ਹਾਂਗਕਾਂਗ ਦੇ ਗੁਰਦੁਆਰਿਆਂ ਵਿਚ ਪੰਜਾਬ ਤੋਂ ਆਏ ਸਿੱਖ ਗੱਭਰੂਆਂ ਦੇ ਕਾਰਨਾਮੇ ਦੁਖੀ ਦਿਲ ਨਾਲ ਬਿਆਨੇ ਹਨ, "...ਇਕ ਗੱਲ ਹੋਰ ਜੋ ਅਸੀਂ (ਉਥੇ) ਦੇਖੀ ਕਿ (ਸਥਾਨਕ ਬਾਸ਼ਿੰਦਾ) ਸਿੱਖ ਪੂਰੀ ਸ਼ਾਨ ਵਿਚ ਦਸਤਾਰ ਸਜਾ ਕੇ ਰੱਖਦਾ ਹੈ।...ਸਾਬਤ ਸੂਰਤ ਹੋਣ ਦਾ ਉਸ ਨੂੰ ਮਾਣ ਹੈ, ਪਰ ਅੱਜ ਕੱਲ੍ਹ ਪੰਜਾਬ ਤੋਂ ਜਿਹੜੇ ਨੌਜਵਾਨ ਉਥੇ ਜਾ ਰਹੇ ਹਨ (ਜਾਇਜ਼ ਜਾਂ ਨਾਜਾਇਜ਼ ਢੰਗ ਨਾਲ), ਉਹ ਪਤਿਤ ਹਨ। ਉਹ ਉਥੇ ਜਾ ਕੇ ਮਾਹੌਲ ਵਿਗਾੜ ਰਹੇ ਹਨ।... ਇਕ ਤਾਂ ਉਹ ਗੁਰਦੁਆਰੇ ਵਿਚ ਪਨਾਹ ਲੈਂਦੇ ਹਨ, ਦੂਜਾ ਉਹ ਬਿਨਾਂ ਦਸਤਾਰ ਤੇ ਕੇਸਾਂ ਤੋਂ ਆਪਣਾ 'ਹੁਲੀਆ ਵਿਗਾੜ ਕੇ' ਸਿੱਖਾਂ ਬਾਰੇ (ਸਿੱਖੀ ਸਰੂਪ 'ਤੇ) ਸ਼ੱਕ ਪਾ ਰਹੇ ਹਨ।"

ਸ. ਤਰਲੋਚਨ ਸਿੰਘ ਕਰੁਣਾਮਈ ਸ਼ਬਦਾਂ ਵਿਚ ਲਿਖਦੇ ਹਨ, "ਕਦੇ ਪੰਜਾਬ ਸਿੱਖੀ ਦਾ ਘਰ ਸੀ, ਤੇ ਇਥੋਂ ਸਿੱਖੀ ਦੀ ਲਹਿਰ ਬਾਹਰ ਫੈਲਦੀ ਸੀ...ਅੱਜ ਪੰਜਾਬ ਤੋਂ ਏਜੰਟਾਂ ਰਾਹੀਂ ਗਲਤ ਕਾਗਜ਼ਾਂ ਦੇ ਆਧਾਰ 'ਤੇ ਵਿਦੇਸ਼ ਜਾਣ ਵਾਲੇ (ਨੌਜਵਾਨ) ਪਹਿਲਾਂ ਕੇਸ ਕਤਲ ਕਰਵਾਉਂਦੇ ਹਨ, ਫਿਰ ਵਿਦੇਸ਼ੀ ਧਰਤੀ ਵਿਚ ਦਾਖਲ ਹੁੰਦੇ ਹਨ...ਰੁਜ਼ਗਾਰ ਦੀ ਤਲਾਸ਼ ਵਿਚ ਸਿੱਖੀ ਦਾ ਘਾਣ ਹੋ ਰਿਹਾ ਹੈ।" ਪੰਜਾਬ ਦੀ ਸਿੱਖੀ ਨੂੰ ਹੀ ਪਏ ਕਿਸੇ ਸਰਾਪ ਦਾ ਸਵਾਲ ਉਠਾਉਂਦਿਆਂ, ਉਨ੍ਹਾਂ ਹੋਰ ਦੇਸ਼ਾਂ/ਸ਼ਹਿਰਾਂ ਦੇ ਨਾਂ ਵੀ ਗਿਣਾਏ ਹਨ ਜਿਥੇ ਪੰਜਾਬ ਦੇ ਸਿੱਖ ਨੌਜਵਾਨ ਵੱਡੀ ਗਿਣਤੀ ਵਿਚ ਸਿੱਖੀ ਸਰੂਪ ਤੋਂ ਮੁਨਕਰ ਹੋ ਰਹੇ ਹਨ।

"...ਕੇਵਲ ਹਾਂਗਕਾਂਗ ਹੀ ਨਹੀਂ, ਜਿਥੇ ਕਿਤੇ ਵੀ ਮੈਂ ਗਿਆ ਹਾਂ; ਸਿੰਗਾਪੁਰ, ਕੁਆਲਾਲੰਪੁਰ, ਕੁਵੈਤ, ਦੋਹਾ, ਦੁਬਈ, ਸਿਡਨੀ, ਮੈਲਬਰਨ, ਹਰ ਪਾਸੇ ਸਿੱਖੀ ਨੂੰ ਚੈਲੰਜ ਪੰਜਾਬ ਵਿਚੋਂ ਗਏ ਨੌਜਵਾਨ ਕਰ ਰਹੇ ਹਨ। ਉਥੋਂ ਦੇ ਵਸਨੀਕ ਹੈਰਾਨ ਹਨ ਕਿ ਸਿੱਖ ਧਰਮ ਨੂੰ ਕੀ ਹੋ ਗਿਆ ਹੈ?"

ਇਹ ਤਾਂ ਸੀ ਵਿਦੇਸ਼ੀ ਧਰਤੀ 'ਤੇ ਪਹੁੰਚੇ ਹੋਏ ਪੰਜਾਬ ਦੇ ਨੌਜਵਾਨਾਂ ਦਾ ਨਕਸ਼ਾ। ਵੈਸੇ ਨਿਰਪੱਖ ਸਿੱਖ ਚਿੰਤਕ, ਪੱਤਰਕਾਰ ਤੇ ਸੈਲਾਨੀ ਬਿਰਤੀ ਵਾਲੇ ਆਮ ਸਿੱਖ ਵੀ ਇਸ ਗੱਲ ਨਾਲ ਮੁਤਫ਼ਿਕ ਹਨ ਕਿ ਪੰਜਾਬ ਦੀ ਬਨਿਸਬਤ, ਦਿੱਲੀ, ਮੁੰਬਈ, ਕੋਲਕਾਤਾ ਆਦਿ ਦੁਰਾਡੇ ਸ਼ਹਿਰਾਂ ਦੇ ਸਿੱਖ ਪਰਿਵਾਰਾਂ ਦੇ ਬੱਚੇ ਸਾਬਤ ਸੂਰਤ ਹਨ। ਇਥੋਂ ਤੱਕ ਕਿ ਪੰਜਾਬ ਦੇ ਗੁਆਂਢੀ ਸੂਬਿਆਂ ਹਰਿਆਣਾ, ਹਿਮਾਚਲ ਤੇ ਜੰਮੂ ਕਸ਼ਮੀਰ ਵਿਚ ਵੀ ਸਿੱਖ ਬੱਚੇ ਸਿੱਖੀ ਸਰੂਪ ਨੂੰ ਪ੍ਰਣਾਏ ਹੋਏ ਹਨ; ਭਾਵ ਪੰਜਾਬ ਵਾਲੀ ਕੇਸ-ਦਸਤਾਰ ਵਿਰੋਧੀ ਹਨੇਰੀ ਪੰਜਾਬ ਤੋਂ ਬਾਹਰਲੇ ਪ੍ਰਾਂਤਾਂ/ਸ਼ਹਿਰਾਂ ਵਿਚ ਨਹੀਂ ਚੱਲਦੀ।

ਇਸ ਤੱਥ ਨੂੰ ਸਹੀ ਠਹਿਰਾਉਣ ਹਿਤ ਬੀਤੇ ਸਾਲ ਸਾਡੇ ਪਿੰਡ (ਦੁਪਾਲਪੁਰ) ਹੋਏ ਇਕ ਵਿਆਹ ਦਾ ਕਿੱਸਾ ਇਥੇ ਲਿਖਣਾ ਮੁਨਾਸਬ ਹੋਵੇਗਾ, ਫੌਜ ਵਿਚੋਂ ਸੇਵਾ ਮੁਕਤ ਹੋ ਕੇ ਪਿੰਡ ਆਣ ਵਸੇ ਅੰਮ੍ਰਿਤਧਾਰੀ ਕੈਪਟਨ ਦੀ ਪੜ੍ਹੀ-ਲਿਖੀ ਬੇਟੀ ਨੇ ਆਪਣੇ ਮਾਂ-ਬਾਪ ਨੂੰ ਦੱਸਿਆ ਕਿ ਮੇਰੇ ਲਈ ਸਾਬਤ ਸੂਰਤ ਲੜਕਾ ਹੀ ਲੱਭਿਓ। ਕੈਪਟਨ ਨੇ ਪੰਜਾਬ ਵਿਚ ਦੂਰ-ਨੇੜੇ ਰਹਿੰਦੇ ਸਾਰੇ ਰਿਸ਼ਤੇਦਾਰਾਂ, ਮਿੱਤਰਾਂ-ਦੋਸਤਾਂ ਕੋਲ ਦੌੜ-ਭੱਜ ਕੀਤੀ। ਕਲੀਨਸ਼ੇਵ ਮੁੰਡਿਆਂ ਦੀਆਂ ਬਥੇਰੀਆਂ ਦੱਸਾਂ ਪਈ ਜਾਣ, ਪਰ ਬੇਟੀ ਦੀ ਚਾਹਤ 'ਤੇ ਪੂਰਾ ਉਤਰਦਾ ਕੋਈ ਲੜਕਾ ਨਾ ਮਿਲਿਆ। ਬੇਟੀ ਦੀ ਵਧਦੀ ਜਾਂਦੀ ਉਮਰ ਮਾਪਿਆਂ ਦੀ ਚਿੰਤਾ ਵਧਾ ਰਹੀ ਸੀ। ਆਖਰਕਾਰ ਜੰਮੂ ਕਸ਼ਮੀਰ ਦੇ ਇਕ ਗੁਰਸਿੱਖ ਨੌਜਵਾਨ ਦਾ ਰਿਸ਼ਤਾ ਮਿਲਿਆ। ਅਸੂਲਪ੍ਰਸਤ ਕੈਪਟਨ ਨੇ ਮੈਰਿਜ ਪੈਲੇਸਾਂ ਵਾਲਾ 'ਹੁੜਦੰਗ ਮਚਾਊ' ਵਿਆਹ ਕਰਨ ਦੀ ਥਾਂ, ਘਰੇ ਹੀ ਮੰਡਪ ਸਜਾਇਆ। ਪਿੰਡ ਦੇ ਗੁਰਦੁਆਰੇ ਵਿਚ ਹੋਏ ਇਸ ਅਨੰਦ ਕਾਰਜ ਮੌਕੇ ਅਨੋਖਾ ਦ੍ਰਿਸ਼ ਦੇਖਣ ਨੂੰ ਮਿਲਿਆ। ਵਿਆਹ ਵਿਚ ਸ਼ਾਮਲ ਮੇਰੇ ਮਿੱਤਰਾਂ-ਦੋਸਤਾਂ ਨੇ ਮੈਨੂੰ ਫੋਟੋਆਂ ਵੀ ਭੇਜੀਆਂ ਤੇ ਹੈਰਾਨ ਹੁੰਦਿਆਂ ਇਹ ਅਨੋਖੀ ਤੇ ਦਿਲਚਸਪ ਜਾਣਕਾਰੀ ਵੀ ਦਿੱਤੀ ਕਿ ਜੰਮੂ ਕਸ਼ਮੀਰ ਤੋਂ ਆਈ ਬਰਾਤ ਵਿਚ ਕੋਈ ਇਕ ਜਣਾ ਵੀ ਕੇਸਾਂ ਦੀ ਬੇਅਦਬੀ ਕਰਨ ਵਾਲਾ ਨਹੀਂ ਸੀ; ਇਥੋਂ ਤੱਕ ਕਿ ਕੁਝ ਹਲਕੀ ਉਮਰ ਦੇ ਲੜਕਿਆਂ ਨੇ ਵੀ ਛੋਟੇ ਪਟਕਿਆਂ ਦੀ ਬਜਾਏ ਰੰਗ-ਬਰੰਗੀਆਂ ਦਸਤਾਰਾਂ ਹੀ ਸਜਾਈਆਂ ਹੋਈਆਂ ਸਨ। ਪੁਤੇਤਿਆਂ ਦੀ ਇਹ ਸ਼ਾਨ, ਪਰ ਧੇਤਿਆਂ ਵਾਲੇ ਪਾਸੇ ਬੈਠੇ (ਪੰਜਾਬ ਵਾਸੀ) ਰਿਸ਼ਤੇਦਾਰਾਂ ਵਿਚ ਕੋਈ ਟਾਂਵਾਂ-ਟੱਲਾ ਸਾਬਤ-ਸੂਰਤ, ਬਾਕੀ ਸਾਰੇ ਕੰਨੀਂ ਮੁੰਦਰਾਂ ਵਾਲੇ, ਜੋ ਸਿਰਾਂ 'ਤੇ ਰੁਮਾਲ ਬੰਨ੍ਹੀ ਬੈਠੇ ਸਨ।

ਪਿੰਡ ਜਾ ਕੇ ਮੈਂ ਖੁਦ ਇਸ ਵਿਆਹ ਦੀ ਮੂਵੀ ਦੇਖ ਕੇ ਤਸੱਲੀ ਕੀਤੀ। ਮੈਨੂੰ ਇਹ ਵੀ ਪਤਾ ਲੱਗਿਆ ਕਿ ਜੰਮੂ ਕਸ਼ਮੀਰੀਆਂ ਦੀ ਬਰਾਤ ਵਿਚ ਆਏ ਕਈ ਪਤਵੰਤੇ ਸਿੱਖਾਂ ਨੇ 'ਪੰਜਾਬ ਦੀ ਸਿੱਖੀ' ਉਤੇ ਗਿਲਾਨੀ ਪ੍ਰਗਟਾਉਂਦਿਆਂ ਅਨੰਦ ਕਾਰਜ ਦੀ ਸਮਾਪਤੀ ਮੌਕੇ ਤਿੱਖੇ ਨਿਹੋਰੇ ਵੀ ਮਾਰੇ; ਜਿਵੇਂ ਸ. ਤਰਲੋਚਨ ਸਿੰਘ ਨੇ ਆਪਣੇ ਲੇਖ ਵਿਚ ਸਵਾਲ ਖੜ੍ਹਾ ਕੀਤਾ ਹੈ ਕਿ ਪੰਜਾਬ ਹੀ ਕਿਉਂ ਸਰਾਪਿਆ ਗਿਆ ਹੈ?

ਅਮਰੀਕਾ ਤੋਂ ਹੀ ਆਪਣਾ ਬੇਟਾ ਪੰਜਾਬ ਵਿਆਹੁਣ ਗਏ ਇਕ ਸਰਦਾਰ ਜੀ ਨੇ ਵੀ ਅਜੀਬ ਗੱਲ ਸੁਣਾਈ। ਵਿਆਹ ਤੋਂ ਬਾਅਦ ਮੈਰਿਜ ਸਰਟੀਫਿਕੇਟ ਬਣਾਉਣ ਲਈ ਉਹ ਕਚਹਿਰੀਆਂ ਵਿਚ ਗਏ। ਸਰਦਾਰ ਜੀ ਕਹਿੰਦੇ, ਕਈ ਜਣਿਆਂ ਨੇ ਮੇਰੇ ਮੁੰਡੇ ਵੱਲ ਦੇਖ ਕੇ ਪੁੱਛਿਆ ਕਿ ਮੁੰਡਾ 'ਬਾਹਰੋਂ' ਆਇਆ ਲਗਦੈ? ਕਹਿੰਦੇ, ਮੈਂ ਇਕ ਵੀਰ ਨੂੰ ਪੁੱਛ ਹੀ ਲਿਆ ਕਿ ਤੁਸੀਂ ਸਾਡੇ ਮੁੰਡੇ ਦੇ ਟੌਹਰ-ਟੱਪੇ ਤੋਂ ਹੀ 'ਬਾਹਰਲਾ' ਹੋਣ ਦਾ ਇਮਕਾਨ ਲਾਈ ਜਾਂਦੇ ਹੋ? ਸਰਦਾਰ ਜੀ ਕਹਿੰਦੇ, ਉਸ 'ਪੰਜਾਬੀ' ਦਾ ਜਵਾਬ ਸੁਣ ਕੇ ਮੇਰਾ ਮੂੰਹ ਹੀ ਅੱਡਿਆ ਰਹਿ ਗਿਆ, "ਐਹੋ ਜਿਹੇ ਖੁੱਲ੍ਹੀਆਂ ਦਾੜ੍ਹੀਆਂ ਤੇ ਪੱਗਾਂ ਵਾਲੇ ਮੁੰਡੇ ਹੁਣ ਪੰਜਾਬ ਵਿਚ ਕਿਥੇ ਆ ਜੀ।"

ਪੰਜਾਬ ਦੀ ਜਵਾਨੀ ਵਿਚ ਹਿੰਸਕ ਪ੍ਰਵਿਰਤੀਆਂ, ਬੇਮੁਹਾਰੀ ਜੀਵਨ ਸ਼ੈਲੀ, ਨਸ਼ੇੜੀ ਰੁਚੀਆਂ ਤੇ ਧਰਮ ਤੋਂ ਮੂੰਹ ਮੋੜਨ ਦੇ ਕਾਰਨ ਲੱਭਣੇ ਸਮਾਜ ਸ਼ਾਸਤਰੀਆਂ ਦਾ ਕੰਮ ਹੈ। ਜਿਥੋਂ ਤੱਕ ਸਿੱਖ ਗੱਭਰੂਆਂ ਵਲੋਂ ਆਪਣੇ ਧਰਮ ਤੋਂ ਮੋਹ-ਭੰਗ ਹੋਣ ਦੀ ਗੱਲ ਹੈ, ਮੇਰੇ ਨਿਜੀ ਵਿਚਾਰ ਮੁਤਾਬਕ ਇਸ ਵਰਗ ਦੀ ਘੋਰ ਨਿਰਾਸ਼ਾ ਦਾ ਕਾਰਨ ਹੈ, ਸਿੱਖੀ ਦੇ ਸੋਮੇ ਸਿਆਸਤ ਦੇ ਜੂਲੇ ਥੱਲੇ ਨਪੀੜੇ ਗਏ ਹਨ। ਸਿੱਖ ਹਿੱਤਾਂ ਦੀ ਪਹਿਰੇਦਾਰ ਸਿਆਸੀ ਪਾਰਟੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ, ਅਤਿ ਦੇ ਸਵਾਰਥੀ ਮਲਕ ਭਾਗੋਆਂ ਦੀ ਜਕੜ ਵਿਚ ਆ ਗਏ ਹਨ। ਧਾਰਮਿਕ ਕੇਂਦਰਾਂ ਵਿਚ ਹੋ ਰਹੇ ਕੁਫ਼ਰ ਨੂੰ ਪੰਜਾਬ ਦੀ ਸਿੱਖ ਜਵਾਨੀ ਬਹੁਤ ਨੇੜਿਓਂ ਦੇਖਣ ਕਰ ਕੇ ਬਦਜਨ ਹੋ ਗਈ, ਤੇ ਹੋ ਰਹੀ ਹੈ। ਫਾਰਸੀ ਦੀ ਕਹਾਵਤ 'ਚਿ: ਕੁਫ਼ਰ ਅਜ਼ ਕਾਅਬਾ ਬਰਖੇਜ਼ਦ, ਕੁਜ਼ਾ ਮਾਨਦ ਮੁਸਲਮਾਨੀ' (ਅਰਥਾਤ, ਜੇ ਕਾਅਬੇ 'ਚ ਹੀ ਕੁਫ਼ਰ ਹੋਣ ਲੱਗ ਜਾਵੇ ਤਾਂ ਇਸਲਾਮ ਕਿਥੇ ਰਹੇਗਾ)।

ਅਜੀਬ ਇਤਫ਼ਾਕ: ਲੇਖ ਲਿਖਦਿਆਂ ਅਚਾਨਕ ਉਠ ਕੇ 'ਸਪੋਕਸਮੈਨ' ਅਖ਼ਬਾਰ (23 ਮਈ 2015, ਸਨਿਚਰਵਾਰ) ਪੜ੍ਹਨ ਲੱਗਾ। ਸੰਪਾਦਕੀ ਵਿਚਲੇ ਇਹ ਵਾਕ ਮੇਰੇ ਇਸ ਲੇਖ ਦਾ ਜਵਾਬ ਹੀ ਜਾਪੇ, "ਸਿੱਖੀ ਦਾ ਚਿਹਰਾ-ਮੋਹਰਾ ਜਾਂ ਸਿੱਖੀ ਸਰੂਪ ਉਥੇ ਹੀ ਖਤਮ ਹੈ, ਜਿਥੇ ਸਿੱਖ ਸਿਆਸਤਦਾਨ ਸੱਤਾ ਉਤੇ ਕਾਬਜ਼ ਹੈ। ਬਾਹਰਲੇ ਸੂਬਿਆਂ ਵਿਚ ਜਾ ਕੇ ਵੇਖ ਲਓ, ਭਾਰਤ ਵਿਚ ਕਿਧਰੇ ਵੀ ਸਿੱਖ ਸਰੂਪ ਦਾ ਇੰਨਾ ਮਾੜਾ ਹਾਲ ਨਹੀਂ, ਜਿੰਨਾ ਪੰਜਾਬ ਵਿਚ ਹੈ।"

# ਭਾਰਤੀ ਹਵਾਈ ਅੱਡਿਆਂ 'ਤੇ ਖਤਮ ਹੋਵੇ ਵੀ ਆਈ ਪੀ ਸਭਿਆਚਾਰ

ਸ਼ਹਿਰੀ ਹਵਾਬਾਜੀ ਮੰਤਰੀ ਅਸ਼ੋਕ ਗਜਾਪਤੀ ਰਾਜੂ ਨੇ ਹਾਲ ਹੀ ਵਿਚ ਇਕ ਬਿਆਨ ਦਿੱਤਾ ਹੈ ਕਿ ਪਹਿਲਾਂ ਹਵਾਈ ਸਫਰ ਸਮੇਂ ਜਾਂਚ ਸਮੇਂ ਉਨ੍ਹਾਂ ਦੀਆਂ ਮਾਚਿਸ ਡੱਬੀਆਂ ਜਬਤ ਕਰ ਲਈਆਂ ਜਾਂਦੀਆਂ ਸਨ ਪਰ ਹੁਣ ਮੰਤਰੀ ਹੋਣ ਕਰਕੇ ਉਨ੍ਹਾਂ ਦੀ ਜਾਂਚ ਨਹੀਂ ਕੀਤੀ ਜਾਂਦੀ ਜਿਸ ਕਰਕੇ ਉਨ੍ਹਾਂ ਨੂੰ ਹੁਣ ਮਾਚਿਸ ਦੀ ਡੱਬੀ ਨਾਲ ਖੜ੍ਹਨ ਦੀ ਆਗਿਆ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਦੁਨੀਆਂ ਵਿਚ ਇਕ ਵੀ ਮਿਸਾਲ ਨਹੀਂ ਮਿਲੀ ਜਿਸ ਵਿਚ ਮਾਚਿਸ ਹਵਾਈ ਜਹਾਜ ਲਈ ਖਤਰਨਾਕ ਸਾਬਤ ਹੋਵੇ।



ਡਾ. ਚਰਨਜੀਤ ਸਿੰਘ ਗੁਮਟਾਲਾ
ਡੇਅਟਨ, ਓਹਾਇਓ


ਫੋਨ: 937-573-9812

ਮੰਤਰੀ ਨੂੰ ਇਸ ਗੱਲ ਦਾ ਗਿਆਨ ਹੋਣਾ ਚਾਹੀਦਾ ਹੈ ਕਿ ਮਾਚਿਸਾਂ ਉਪਰ ਪਾਬੰਦੀ ਦਸੰਬਰ 2001 ਵਿਚ ਉਸ ਸਮੇਂ ਲਾਈ ਗਈ ਸੀ ਜਦ ਅਮਰੀਕਾ ਵਿਚ ਰਿਚਰਡ ਰੀਡ ਨੇ ਜੁੱਤੀ ਵਿਚ ਲੁਕਾਏ ਬੰਬ ਨੂੰ ਹਵਾਈ ਜਹਾਜ ਵਿਚ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਸੀ। ਮਾਚਸ ਦੀ ਤੀਲੀ ਨਾਲ ਲਾਈ ਅੱਗ ਜਹਾਜ ਨੂੰ ਤਬਾਹ ਕਰ ਸਕਦੀ ਹੈ ਜੋ ਜਹਾਜ ਨੂੰ ਅਗਵਾ ਕਰਨ ਨਾਲੋਂ ਵੀ ਖਤਰਨਾਕ ਹੈ।

ਹਵਾਈ ਅੱਡਿਆਂ 'ਤੇ ਸਵਾਰੀਆਂ ਦੀ ਸਖਤੀ ਨਾਲ ਜਾਂਚ ਅਮਰੀਕਾ ਵਿਚ 11 ਸਤੰਬਰ 2001 ਨੂੰ 19 ਅਲਕਾਇਦਾ ਅਤਿਵਾਦੀਆਂ ਵਲੋਂ 4 ਹਵਾਈ ਜਹਾਜ ਅਗਵਾ ਕਰਕੇ ਕੀਤੇ ਆਤਮਘਾਤੀ ਹਮਲੇ ਪਿੱਛੋਂ ਸ਼ੁਰੂ ਹੋਈ। ਇਨ੍ਹਾਂ ਵਿਚੋਂ 2 ਜਹਾਜ ਤਾਂ ਉਨ੍ਹਾਂ ਨਿਊ ਯਾਰਕ ਸਥਿਤ ਵਿਸ਼ਵ-ਵਪਾਰ ਕੇਂਦਰ ਉਪਰ ਮਾਰੇ। ਤੀਜਾ ਅਮਰੀਕਾ ਦੀ ਰਾਜਧਾਨੀ ਵਿਖੇ ਪੈਂਟਾਗਨ ਵਿਚ ਮਾਰਿਆ ਤੇ ਚੌਥਾ ਪੈਨਸਿਲਵੇਨੀਆ ਦੇ ਖੇਤਾਂ ਵਿਚ ਤਬਾਹ ਹੋ ਗਿਆ। ਨਿਊ ਯਾਰਕ ਅਤੇ ਵਾਸ਼ਿੰਗਟਨ ਡੀ. ਸੀ. ਵਿਖੇ ਕੀਤੇ ਹਮਲਿਆਂ ਵਿਚ 3000 ਤੋਂ ਵੱਧ ਵਿਅਕਤੀ ਮਾਰੇ ਗਏ।

ਸੀ ਸੀ ਟੀ ਵੀ ਕੈਮਰਿਆਂ ਦੀ ਪੜਤਾਲ ਤੋਂ ਪਤਾ ਲੱਗਾ ਕਿ ਇਨ੍ਹਾਂ ਪਾਸ ਪੈਂਟਾਂ ਦੀਆਂ ਪਿਛਲੀਆਂ ਜੇਬਾਂ ਵਿਚ ਚਾਕੂ ਤੇ ਕਟਰ ਸਨ। ਉਸ ਸਮੇਂ ਛੋਟੇ ਚਾਕੂਆਂ ਉਪਰ ਪਾਬੰਦੀ ਨਹੀਂ ਸੀ। ਇਸ ਤੋਂ ਪਿੱਛੋਂ ਅਮਰੀਕਾ ਨੇ ਕਈ ਸਖਤ ਕਦਮ ਚੁੱਕੇ। ਪਹਿਲੀ ਗੱਲ ਇਹ ਹੈ ਕਿ ਇੱਥੇ ਹਵਾਈ ਅੱਡਿਆਂ ਉਪਰ ਵੀ. ਆਈ. ਪੀ. ਲਈ ਕੋਈ ਵਿਵਸਥਾ ਨਹੀਂ। ਕੇਵਲ ਰਾਸ਼ਟਰਪਤੀ, ਉਪ-ਰਾਸ਼ਟਰਪਤੀ ਤੇ ਸਪੀਕਰ ਨੂੰ ਹੀ ਤਲਾਸ਼ੀ ਤੋਂ ਛੋਟ ਹੈ। ਕਾਰਨ ਇਹ ਹੈ ਕਿ ਇਨ੍ਹਾਂ ਪਾਸ ਹਮੇਸ਼ਾ ਸੁਰੱਖਿਆ ਗਾਰਡ ਹੁੰਦੇ ਹਨ। ਹਵਾਈ ਅੱਡਿਆਂ 'ਤੇ ਇਨ੍ਹਾਂ ਨੇ ਆਧੁਨਿਕ ਮਸ਼ੀਨਾਂ ਲਾਈਆਂ ਹਨ, ਜਿਨ੍ਹਾਂ ਵਿਚ ਸਾਰੇ ਸਰੀਰ ਦੀ ਤਸਵੀਰ ਆ ਜਾਂਦੀ ਹੈ ਤੇ ਉਹ ਕਿਸੇ ਵੀ ਥਾਂ ਲੁਕਾਈ ਚੀਜ਼ ਦਸ ਦਿੰਦੀਆਂ ਹਨ। ਇਸ ਦੇ ਬਾਵਜੂਦ ਕੱਪੜਿਆਂ ਨੂੰ ਛੱਡ ਕੇ ਬਾਕੀ ਸਾਰਾ ਸਾਮਾਨ ਜਿਵੇਂ ਕਿ ਘੜੀ, ਬੈਲਟ, ਗਹਿਣੇ, ਜੁੱਤੀ, ਪਰਸ, ਫੋਨ ਆਦਿ ਲੁਆ ਕੇ ਉਨ੍ਹਾਂ ਦੀ ਸਕੈਨਿੰਗ ਕੀਤੀ ਜਾਂਦੀ ਹੈ। ਦਸਤਾਰ ਦੀ ਵੀ ਉਹ ਪੜਤਾਲ ਕਰਦੇ ਹਨ ਕਿ ਇਸ ਵਿਚ ਕੋਈ ਚੀਜ਼ ਨਾ ਲੁਕਾਈ ਹੋਵੇ। ਉਹ ਦਸਤਾਰ ਨਹੀਂ ਲੁਹਾਉਂਦੇ। ਇਸ ਲਈ ਉਹ ਯਾਤਰੂ ਨੂੰ ਦਸਤਾਰ ਉਪਰ ਹੱਥ ਫੇਰਨ ਲਈ ਕਹਿੰਦੇ ਹਨ ਤੇ ਬਾਅਦ ਵਿਚ ਇਕ ਕਾਗਜ਼ ਹੱਥ 'ਤੇ ਫੇਰ ਕੇ ਕੰਪਿਊਟਰ ਉਪਰ ਪੜਤਾਲ ਕਰਦੇ ਹਨ। ਜਿਹੜਾ ਸਾਮਾਨ ਜਮ੍ਹਾਂ ਕਰਵਾਇਆ ਜਾਂਦਾ ਹੈ, ਉਸ ਵਿਚ ਕੋਈ ਧਮਾਕਾਖੇਜ਼ ਸਮਗਰੀ ਨਾ ਹੋਵੇ, ਉਸ ਲਈ ਵਿਸ਼ੇਸ਼ ਸਕੈਨਿੰਗ ਮਸ਼ੀਨਾਂ ਹਨ। ਇਸ ਤੋਂ ਇਲਾਵਾ ਸਾਮਾਨ ਸੁੰਘ ਕੇ ਜਾਣਕਾਰੀ ਦੇਣ ਵਾਲੇ ਕੁੱਤੇ ਹਨ।

ਅੱਜ ਵਿਸ਼ਵ ਭਰ ਵਿਚ ਅਤਿਵਾਦ ਦਾ ਖਤਰਾ ਮੰਡਰਾ ਰਿਹਾ ਹੈ। ਹਾਲ ਹੀ ਵਿਚ ਦਹਿਸ਼ਤਗਰਦਾਂ ਦਾ ਇਕ ਬਿਆਨ ਆਇਆ ਹੈ ਕਿ ਉਹ ਧਾਤ ਤੋਂ ਬਗੈਰ ਆਮ ਸਮਗਰੀ ਨਾਲ ਜਹਾਜ ਵਿਚ ਧਮਾਕਾ ਕਰ ਸਕਦੇ ਹਨ।



ਅਸ਼ੋਕ ਗਜਾਪਤੀ ਰਾਜੂ

ਜਹਾਜਾਂ ਨੂੰ ਅਗਵਾ ਕਰਨ ਤੇ ਉਨ੍ਹਾਂ ਨੂੰ ਧਮਾਕਾਖੇਜ਼ ਸਮਗਰੀ ਨਾਲ ਉਡਾਣ ਦੀਆਂ ਅਨੇਕਾਂ ਉਦਾਹਰਨਾਂ ਹਨ। 6 ਅਕਤੂਬਰ 1976 ਨੂੰ ਕਿਊਬਾ ਦਾ ਜਹਾਜ ਜੋ ਕਿ ਜਮਾਇਕਾ ਜਾ ਰਿਹਾ ਸੀ, ਅਤਿਵਾਦ ਹਮਲੇ ਦਾ ਸ਼ਿਕਾਰ ਹੋ ਗਿਆ ਜਿਸ ਵਿਚ ਸਵਾਰ 73 ਯਾਤਰੂ ਮਾਰੇ ਗਏ। ਦੁਨੀਆਂ ਵਿਚ ਸਭ ਤੋਂ ਦਰਦਨਾਕ ਹਾਦਸੇ ਦਾ ਸ਼ਿਕਾਰ ਏਅਰ ਇੰਡੀਆ ਦੀ ਉਡਾਣ ਨੰਬਰ 182 ਹੋਈ ਜੋ 23 ਜੂਨ 1985 ਨੂੰ ਕੈਨੇਡਾ ਦੇ ਮੌਂਟਰੀਅਲ ਸ਼ਹਿਰ ਤੋਂ ਦਿੱਲੀ ਬਰਾਸਤਾ ਲੰਡਨ ਆ ਰਹੀ ਸੀ। ਜਦ ਇਹ ਜਹਾਜ ਆਇਰਲੈਂਡ ਦੇ ਦੱਖਣ ਅਟਲਾਂਟਿਕ ਮਹਾਂਦੀਪ ਉਪਰ 31 ਹਜ਼ਾਰ ਫੁੱਟ ਦੀ ਉਚਾਈ 'ਤੇ ਉਡ ਰਿਹਾ ਸੀ ਤਾਂ ਇਸ ਵਿਚ ਬੰਬ ਦਾ ਧਮਾਕਾ ਹੋਇਆ। ਏਅਰ ਇੰਡੀਆ ਦੇ ਕਨਿਸ਼ਕਾ ਐਮਪਰ ਨਾਂ ਦੇ ਇਸ ਬੋਇੰਗ 747-237 ਬੀ ਵਿਚ ਸੁਆਰ ਸਾਰੇ ਦੇ ਸਾਰੇ 329 ਸੁਆਰ ਮਾਰੇ ਗਏ, ਜਿਨ੍ਹਾਂ ਵਿਚ 268 ਕੈਨੇਡੀਅਨ ਸਿਟੀਜ਼ਨ, 27 ਬਰਤਾਨਵੀ ਤੇ 24 ਭਾਰਤੀ ਸਨ, ਪਰ ਇਨ੍ਹਾਂ ਵਿਚ ਬਹੁ-ਗਿਣਤੀ ਭਾਰਤੀ ਮੂਲ ਦੇ ਲੋਕਾਂ ਦੀ ਸੀ ਜੋ ਆਪਣੀ ਪਿਤਰ ਭੂਮੀ ਭਾਰਤ ਵੇਖਣ ਆ ਰਹੇ ਸਨ। ਇਹ ਕੈਨੇਡਾ ਦੇ ਇਤਿਹਾਸ ਵਿਚ ਪਹਿਲੀ ਘਟਨਾ ਸੀ, ਜਿਸ ਵਿਚ ਵੱਡੀ ਪੱਧਰ 'ਤੇ ਏਨੇ ਲੋਕ ਮਾਰੇ ਗਏ ਸਨ। ਇਹ ਵਾਕਿਆ ਉਸ ਸਮੇਂ ਹੋਇਆ ਜਿਸ ਸਮੇਂ ਜਾਪਾਨ ਦੇ ਟੋਕੀਓ ਦੇ ਨਰਿਟਾ ਹਵਾਈ ਅੱਡੇ 'ਤੇ ਇਸੇ ਤਰੀਕ ਨੂੰ ਬੰਬ ਧਮਾਕਾ ਹੋਇਆ।

ਪੜਤਾਲ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਇਹ ਧਮਾਕਾ ਏਅਰ ਇੰਡੀਆ ਦੀ ਉਡਾਣ 301, ਜਿਸ ਵਿਚ 177 ਮੁਸਾਫਰ ਸਨ, ਨੂੰ ਉਡਾਣ ਲਈ ਕੀਤਾ ਗਿਆ। ਦੋਵੇਂ ਧਮਾਕੇ ਕਥਿਤ ਤੌਰ 'ਤੇ ਇਕੋ ਸੰਸਥਾ ਵਲੋਂ ਕੀਤੇ ਗਏ ਪਰ ਇਹ ਧਮਾਕਾ ਉਸ ਸਮੇਂ ਹੋਇਆ ਜਦ ਸਾਮਾਨ ਜਹਾਜ ਤੋਂ ਬਾਹਰ ਸੀ। ਇਸ ਧਮਾਕੇ ਵਿਚ 2 ਸਾਮਾਨ ਸੰਭਾਲਣ ਵਾਲੇ ਮਾਰੇ ਗਏ ਤੇ 4 ਜਖ਼ਮੀ ਹੋਏ। ਇਹ ਦੋਵੇਂ ਧਮਾਕੇ ਕਥਿਤ ਤੌਰ 'ਤੇ ਸ੍ਰੀ ਦਰਬਾਰ ਸਾਹਿਬ 'ਤੇ ਫੌਜੀ ਹਮਲੇ ਦਾ ਬਦਲਾ ਲੈਣ ਲਈ ਬੱਬਰ ਖਾਲਸਾ ਵਲੋਂ ਕੀਤੇ ਗਏ। ਇਸ ਘਟਨਾ ਪਿੱਛੋਂ ਕੈਨੇਡਾ ਸਰਕਾਰ ਨੇ ਹਵਾਈ ਅੱਡਿਆਂ 'ਤੇ ਸਖਤ ਸੁਰੱਖਿਆ ਦੇ ਪ੍ਰਬੰਧ ਕੀਤੇ। ਇਸੇ ਤਰ੍ਹਾਂ 1988 ਵਿਚ ਸਾਮਾਨ ਦੀ ਚੈਕਿੰਗ ਸਮੇਂ ਇਕ ਬੰਬ ਸੁਰੱਖਿਆ ਕਰਮਚਾਰੀਆਂ ਦੀ ਚੈਕਿੰਗ ਤੋਂ ਬੱਚ ਕੇ ਪੈਨ ਅਮੈਰਿਕਾ ਦੇ ਜਹਾਜ ਦੇ ਹਾਦਸੇ ਦਾ ਕਾਰਨ ਬਣਿਆ, ਜਿਸ ਵਿਚ 270 ਵਿਅਕਤੀ ਮਾਰੇ ਗਏ।

10 ਅਗਸਤ 2006 ਨੂੰ ਬਰਤਾਨੀਆ ਨੇ ਇਕ ਸਾਜਿਸ਼ ਦਾ ਪਤਾ ਲਾਇਆ ਜਿਸ ਅਨੁਸਾਰ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਦੇ ਜਹਾਜਾਂ ਨੂੰ ਤਰਲ ਪਦਾਰਥਾਂ ਨਾਲ ਉਡਾਇਆ ਜਾਣਾ ਸੀ। ਇਸ ਪਿੱਛੋਂ ਹੱਥ ਵਾਲੇ ਸਾਮਾਨ ਵਿਚ ਤਰਲ ਪਦਾਰਥ ਖੜ੍ਹਨ 'ਤੇ ਪਾਬੰਦੀ ਲਾ ਦਿੱਤੀ ਗਈ।

ਜਿੱਥੋਂ ਤੀਕ ਭਾਰਤ ਦਾ ਸਬੰਧ ਹੈ, ਸ਼ਹਿਰੀ ਹਵਾਬਾਜੀ ਮੰਤਰੀ ਨੂੰ ਯਾਦ ਹੋਣਾ ਚਾਹੀਦਾ ਹੈ ਕਿ ਏਅਰ ਇੰਡੀਆ ਦੀ ਉਡਾਣ ਆਈ ਸੀ 814 ਜੋ ਨੇਪਾਲ ਦੇ ਕਾਠਮੰਡੂ ਹਵਾਈ ਅੱਡੇ ਤੋਂ 24 ਦਸੰਬਰ 1999 ਨੂੰ ਦਿੱਲੀ ਆ ਰਹੀ ਸੀ, ਪਾਕਿਸਤਾਨ ਦੇ ਅਤਿਵਾਦੀ ਧੜੇ ਹਰਕਤ ਉਲ ਮੁਜਾਹੇਦੀਨ ਵਲੋਂ ਅਗਵਾ ਕਰ ਲਈ ਗਈ। ਅਗਵਾ ਉਡਾਣ ਅੰਮ੍ਰਿਤਸਰ, ਲਾਹੌਰ, ਡੁਬਈ ਦੇ ਹਵਾਈ ਅੱਡਿਆਂ ਤੋਂ ਉਤਰਦੀ ਹੋਈ ਅਖੀਰ ਅਫਗਾਨਿਸਤਾਨ ਦੇ ਕੰਧਾਰ ਹਵਾਈ ਅੱਡੇ ਪਹੁੰਚੀ, ਜੋ ਉਸ ਸਮੇਂ ਤਾਲਿਬਾਨ ਦੇ ਕਬਜੇ ਵਿਚ ਸੀ। ਅਗਵਾਕਾਰਾਂ ਨੇ 176 ਵਿਚੋਂ 27 ਯਾਤਰੂਆਂ ਨੂੰ ਦੁਬਈ ਵਿਚ ਰਿਹਾ ਕਰ ਦਿੱਤਾ, ਇਕ ਨੂੰ ਖ਼ੰਜਰ ਮਾਰ ਕੇ ਮਾਰ ਦਿੱਤਾ ਤੇ ਕਈਆਂ ਨੂੰ ਜਖ਼ਮੀ ਕਰ ਦਿੱਤਾ। ਅਖੀਰ 7 ਦਿਨਾਂ ਪਿੱਛੋਂ ਯਾਤਰੂਆਂ ਦੀ ਉਸ ਸਮੇਂ ਰਿਹਾਈ ਹੋਈ ਜਦੋਂ ਭਾਰਤ ਨੇ ਤਿੰਨ ਅਤਿਵਾਦੀ ਮੁਸ਼ਤਾਕ ਅਹਿਮਦ ਜਰਗਰ, ਅਹਿਮਦ ਉਮਰ ਸਾਈਦ ਸ਼ੇਖ ਅਤੇ ਮੌਲਾਨਾ ਮਸੂਦ ਅਜਹਰ ਰਿਹਾ ਕਰਨੇ ਮੰਨੇ।

ਜਦ ਪੰਜਾਬ ਅਣਸੁਖਾਵੇਂ ਹਾਲਾਤ ਵਿਚੋਂ ਗੁਜ਼ਰ ਰਿਹਾ ਸੀ ਤਾਂ 4 ਹਵਾਈ ਜਹਾਜ ਅਗਵਾ ਹੋਏ। ਇਕ ਜਹਾਜ 29 ਸਤੰਬਰ 1981 ਨੂੰ ਲਾਹੌਰ ਲੈ ਜਾਇਆ ਗਿਆ। ਲਾਹੌਰ ਵਿਚ ਅਗਵਾਕਾਰਾਂ ਵਿਰੁਧ ਮੁਕੱਦਮਾ ਚਲਿਆ ਤੇ 20-20 ਸਾਲ ਕੈਦ ਹੋਈ। ਦੂਜਾ ਜਹਾਜ ਜੋ 20 ਅਗਸਤ 1982 ਨੂੰ ਜੈਪੁਰ ਤੋਂ ਸ੍ਰੀ ਨਗਰ ਜਾ ਰਿਹਾ ਸੀ, ਅਗਵਾ ਕੀਤਾ ਗਿਆ ਜੋ ਲਾਹੌਰ ਚੱਕਰ ਲਾਉਣ ਪਿੱਛੋਂ ਅੰਮ੍ਰਿਤਸਰ ਉਤਰਿਆ। ਕਮਾਂਡੋਆਂ ਨੇ ਪਿਛਲੇ ਪਾਸਿਓਂ ਜਹਾਜ ਵਿਚ ਵੜ੍ਹ ਕੇ ਕੈਬਿਨ ਵਿਚ ਬੈਠੇ ਅਗਵਾਕਾਰ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਇਸ ਘਟਨਾ ਦੇ ਕੁਝ ਸਮਾਂ ਪਿੱਛੋਂ ਚੌਥਾ ਵਾਕਿਆ ਵਾਪਰਿਆ। ਅੰਮ੍ਰਿਤਸਰ ਆ ਕੇ ਅਗਵਾਕਾਰ ਜਹਾਜ ਤੋਂ ਬਾਹਰ ਆ ਗਿਆ। ਉਸ ਪਾਸ ਕੋਈ ਹਥਿਆਰ ਨਹੀਂ ਸੀ। ਉਸ ਨੇ ਲੀਰਾਂ ਦਾ ਇਕ ਖਿੱਦੋ ਬਣਾ ਕੇ ਕਪੜੇ ਵਿਚ ਲੁਕਾਇਆ ਹੋਇਆ ਸੀ, ਜਿਸ ਨੂੰ ਬੰਬ ਦੱਸ ਕੇ ਉਸ ਨੇ ਜਹਾਜ ਅਗਵਾ ਕੀਤਾ ਸੀ।

ਦੁਨੀਆਂ ਦੇ ਕਿਸੇ ਵੀ ਹਵਾਈ ਅੱਡੇ ਉਪਰ ਕੋਈ ਵੀ. ਆਈ. ਪੀ. ਬੋਰਡ ਨਹੀਂ। ਅਸੀਂ ਹਵਾਈ ਅੱਡਿਆਂ ਉਪਰ ਵੀ. ਆਈ. ਬੋਰਡ ਲਾ ਕੇ 23

*(ਬਾਕੀ ਸਫਾ 16 'ਤੇ)*

# ਮੋਦੀ ਹਕੂਮਤ ਦੇ ਪਹਿਲੇ ਸਾਲ ਦਾ ਲੇਖਾ-ਜੋਖਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਮਈ ਦਾ ਆਖਰੀ ਹਫਤਾ ਮੋਦੀ ਹਕੂਮਤ ਦੇ ਪਹਿਲੇ ਸਾਲ ਦਾ ਆਖਰੀ ਹਫਤਾ ਹੈ। ਅੰਦਰ ਦੀਆਂ ਕਮਜ਼ੋਰੀਆਂ ਪਤਾ ਹੋਣ ਦੇ ਬਾਵਜੂਦ ਬਾਹਰੋਂ ਮੋਦੀ ਸਰਕਾਰ ਇਸ ਹਫਤੇ ਨੂੰ ਇੱਕ ਜਸ਼ਨ ਦਾ ਪ੍ਰਭਾਵ ਦੇਣ ਲਈ ਸਾਰਾ ਜ਼ੋਰ ਲਾ ਰਹੀ ਹੈ। ਸਰਕਾਰ ਦੇ ਢੰਡੋਰਚੀ ਅਤੇ ਜਿਹੜੇ ਲੋਕਾਂ ਨੇ ਕਿਸੇ ਅਹੁਦੇ ਦੀ ਝਾਕ ਅਜੇ ਵੀ ਰੱਖੀ ਹੋਈ ਹੈ, ਉਹ ਸਰਕਾਰ ਦੇ ਪੱਖ ਵਿਚ ਹਵਾ ਬੰਨ੍ਹ ਰਹੇ ਹਨ। ਹਕੀਕਤਾਂ ਇਸ ਤੋਂ ਉਲਟ ਬਿਆਨ ਕਰਦੀਆਂ ਹਨ। ਲੇਖਾ ਕਰਨਾ ਹੋਵੇ ਤਾਂ ਇੱਕ-ਤਰਫਾ ਨਹੀਂ ਕਰੀਦਾ, ਕਈ ਪੱਖ ਵੇਖਣੇ ਪੈਂਦੇ ਹਨ ਤੇ ਇਨ੍ਹਾਂ ਪੱਖਾਂ ਨੂੰ ਵੇਖਿਆਂ ਲੋਕਾਂ ਲਈ ਲਿਆਂਦੀ ਗਈ ਇੱਕ ਜਨ-ਧਨ ਯੋਜਨਾ ਤੇ ਬਾਰਾਂ ਰੁਪਏ ਵਿਚ ਸਾਲਾਨਾ ਬੀਮਾ ਵਾਲੀ ਇਕ ਯੋਜਨਾ ਤੋਂ ਸਿਵਾ ਕੁਝ ਵੀ ਨਜ਼ਰ ਨਹੀਂ ਆ ਰਿਹਾ। ਇਨ੍ਹਾਂ ਯੋਜਨਾਵਾਂ ਦਾ ਕੱਚ-ਸੱਚ ਕੁਝ ਸਮਾਂ ਪਾ ਕੇ ਬਾਹਰ ਆਵੇਗਾ। ਹਾਲ ਦੀ ਘੜੀ ਅਜਿਹੀ ਇੱਕ ਵੀ ਹੋਰ ਗੱਲ ਨਹੀਂ ਦਿਸਦੀ, ਜਿਸ ਨੂੰ ਇਸ ਸਰਕਾਰ ਦੀ ਪ੍ਰਾਪਤੀ ਕਿਹਾ ਜਾ ਸਕੇ।

ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਨੇ ਆਉਂਦੇ ਸਾਰ ਇੱਕ 'ਪ੍ਰਾਪਤੀ' ਕਰ ਕੇ ਦੇਸ਼ ਨੂੰ ਦਿਖਾ ਦਿੱਤੀ, ਤੇ ਉਹ ਇਹ ਕਿ ਪੰਜ ਐਟਮੀ ਧਮਾਕੇ ਕਰ ਕੇ ਸੰਸਾਰ ਨੂੰ ਆਪਣੀ ਐਟਮੀ ਤਾਕਤ ਬਣਨ ਦਾ ਸਬੂਤ ਦੇ ਦਿੱਤਾ ਸੀ। ਕੋਈ ਵੀ ਸਰਕਾਰ ਇੱਕ ਮਹੀਨੇ ਵਿਚ ਏਡਾ ਬੰਬ ਨਹੀਂ ਬਣਾ ਸਕਦੀ। ਪਹਿਲਾਂ ਦਾ ਬਣਿਆ, ਤੇ ਇੱਕ ਨੀਤੀ ਵਜੋਂ ਲੁਕਾ ਕੇ ਰੱਖਿਆ, ਬੰਬ ਚਲਾ ਕੇ ਵਾਜਪਾਈ ਸਾਹਿਬ ਨੇ ਆਪਣੀ ਹੈਂਕੜੀ ਜਮਾਉਣ ਲਈ ਉਸ ਤੋਂ ਪਰਦਾ ਚੁੱਕ ਦਿੱਤਾ ਤੇ ਇਸ ਦਿਨ ਨੂੰ ਭਾਰਤ 'ਚ ਸ਼ਕਤੀ ਦਿਵਸ ਵਜੋਂ ਮਨਾਉਣ ਦਾ ਐਲਾਨ ਕਰ ਦਿੱਤਾ। ਇਹ ਵੀ ਇੱਕ ਨਾਟਕ ਸੀ।

ਐਟਮੀ ਸ਼ਕਤੀ ਦਾ ਇਹ ਵਿਖਾਵਾ ਭਾਰਤ ਨੇ ਇੰਦਰਾ ਗਾਂਧੀ ਵੇਲੇ ਐਟਮੀ ਧਮਾਕਾ ਕਰ ਕੇ ਪਹਿਲਾਂ ਹੀ ਕੀਤਾ ਹੋਇਆ ਸੀ। ਇਮਾਨਦਾਰੀ ਨਾਲ ਐਟਮੀ ਸ਼ਕਤੀ ਦਾ ਦਿਨ ਮਨਾਏ ਜਾਣ ਵਾਸਤੇ ਕੋਈ ਦਿਨ ਮਿਥਣਾ ਹੁੰਦਾ ਤਾਂ ਇੰਦਰਾ ਗਾਂਧੀ ਵੇਲੇ ਦੇ ਧਮਾਕੇ ਵਾਲਾ ਮਿਥਣਾ ਬਣਦਾ ਸੀ, ਪਰ ਇਸ ਮਾਮਲੇ ਵਿਚ ਵੀ ਵਾਜਪਾਈ ਨੇ ਭਾਜਪਾਈ ਚੁਸਤੀ ਵਿਖਾ ਦਿੱਤੀ ਸੀ।

ਹੁਣ ਵਾਲੀ ਸਰਕਾਰ ਨੇ ਵੀ ਕੁਝ ਗੱਲਾਂ ਪਿਛਲੀ ਸਰਕਾਰ ਵਾਲੀਆਂ ਆਪਣੇ ਨਾਲ ਜੋੜ ਕੇ ਪੇਸ਼ ਕੀਤੀਆਂ ਤੇ ਕਮਾਲ ਕਰਨ ਦਾ ਦਾਅਵਾ ਕੀਤਾ ਹੈ। ਬੰਗਲਾ ਦੇਸ਼ ਨਾਲ ਸਮਝੌਤਾ ਹੁਣ ਸਿਰੇ ਚੜ੍ਹਿਆ ਹੈ। ਪਾਰਲੀਮੈਂਟ ਅੰਦਰ ਮਤਾ ਪੇਸ਼ ਕਰਨ ਵੇਲੇ ਸਰਕਾਰ ਨੇ ਮੰਨ ਲਿਆ ਕਿ ਇਹ ਉਹ ਹੀ ਸਮਝੌਤਾ ਹੈ, ਜਿਹੜਾ ਮਨਮੋਹਨ ਸਿੰਘ ਸਰਕਾਰ ਨੇ ਤਿਆਰ ਕੀਤਾ ਸੀ। ਕਿਸੇ ਨੇ ਟੋਕਿਆ, ਉਦੋਂ ਤੁਸੀਂ ਹੀ ਇਸ ਦਾ ਵਿਰੋਧ ਕੀਤਾ ਸੀ ਤੇ ਸਿਰੇ ਨਹੀਂ ਸੀ ਲੱਗਣ ਦਿੱਤਾ। ਅੱਗੋਂ ਜਵਾਬ ਵੀ ਕਮਾਲ ਦਾ ਸੀ। ਮਤਾ ਪੇਸ਼ ਕਰਨ ਵਾਲੇ ਮੰਤਰੀ ਨੇ ਕਿਹਾ, ਅਸੀਂ ਵਿਰੋਧ ਕੀਤਾ ਸੀ, ਪਰ ਹੁਣ ਸਥਿਤੀਆਂ ਬਦਲ ਗਈਆਂ ਹਨ। ਸਥਿਤੀਆਂ ਬਦਲ ਜਾਣ ਦੀ ਇਹ ਗੱਲ ਦੋ ਹੋਰ ਥਾਂ ਵੀ ਵਾਪਰੀ ਹੈ। ਫੌਜ ਦੇ ਮੁਖੀ ਵਜੋਂ ਪਿਛਲੀ ਸਰਕਾਰ ਨੇ ਜਦੋਂ ਦਲਬੀਰ ਸਿੰਘ ਸੁਹਾਗ ਨੂੰ ਚੁਣਿਆ ਸੀ ਤਾਂ ਭਾਜਪਾ ਨੇ ਉਸ ਦੇ ਵਿਰੋਧ ਵਿਚ ਇਹ ਗੱਲ ਕਹੀ ਸੀ ਕਿ ਦਲਬੀਰ ਸਿੰਘ ਦੇ ਖਿਲਾਫ ਕਈ ਦੋਸ਼ ਲੱਗਦੇ ਹਨ ਤੇ ਅਸੀਂ ਹਕੂਮਤ ਵਿਚ ਆ ਕੇ ਦੋਸ਼ਾਂ ਦੀ ਜਾਂਚ ਕਰਵਾਉਣੀ ਹੈ, ਇਸ ਲਈ ਅਜੇ ਇਸ ਨੂੰ ਨਿਯੁਕਤ ਨਾ ਕੀਤਾ ਜਾਵੇ। ਜਨਰਲ ਦਲਬੀਰ ਸਿੰਘ ਦੇ ਖਿਲਾਫ ਇਹ ਦੋਸ਼ ਸਾਬਕਾ ਫੌਜੀ ਜਰਨੈਲ ਵੀ ਕੇ ਸਿੰਘ ਨੇ ਲਾਏ ਸਨ। ਭਾਜਪਾ ਦੇ ਚੋਣ ਜਿੱਤਣ ਤੱਕ ਦਲਬੀਰ ਸਿੰਘ ਨੇ ਹਾਲੇ ਚਾਰਜ ਨਹੀਂ ਸੀ ਲਿਆ ਤੇ ਕੇਸ ਸੁਪਰੀਮ ਕੋਰਟ ਵਿਚ ਸੀ। ਭਾਜਪਾ ਨੇ ਇੱਕ ਪਾਸੇ ਜਨਰਲ ਵੀ ਕੇ ਸਿੰਘ ਨੂੰ ਮੰਤਰੀ ਬਣਾ ਦਿੱਤਾ ਤੇ ਦੂਸਰੇ ਪਾਸੇ ਸੁਪਰੀਮ ਕੋਰਟ ਨੂੰ ਲਿਖ ਕੇ ਦੇ ਦਿੱਤਾ ਕਿ ਜਨਰਲ ਦਲਬੀਰ ਸਿੰਘ ਸੁਹਾਗ ਦੇ ਖਿਲਾਫ ਵੀ ਕੇ ਸਿੰਘ ਨੇ ਫੌਜੀ ਕਮਾਂਡਰ ਵਜੋਂ ਇਹ ਦੋਸ਼ ਝੂਠੇ ਅਤੇ ਮੰਦੀ ਨੀਤ ਨਾਲ ਲਾਏ ਸਨ। ਜਿਸ ਵੀ ਕੇ ਸਿੰਘ ਨੇ ਫੌਜ ਦਾ ਮੁਖੀ ਹੁੰਦਿਆਂ ਮੰਦੀ ਭਾਵਨਾ ਪ੍ਰਗਟ ਕੀਤੀ ਸੀ, ਉਸ ਨੂੰ ਮੰਤਰੀ ਬਣਾਉਣ ਦਾ ਪਾਪ ਕਿਉਂ ਕੀਤਾ ਗਿਆ? ਸ਼ਾਇਦ ਜਨਰਲ ਦਲਬੀਰ ਸਿੰਘ ਦੇ ਕੇਸ ਵਿਚ ਵੀ 'ਸਥਿਤੀਆਂ' ਬਦਲ ਗਈਆਂ ਸਨ। ਆਧਾਰ ਕਾਰਡ ਬਾਰੇ ਵੀ ਇਹੋ ਹੋਇਆ। ਭਾਜਪਾ ਕਹਿੰਦੀ ਰਹੀ ਕਿ ਆਧਾਰ ਕਾਰਡ ਬਣਾਉਣਾ ਦੇਸ਼ ਦੇ ਲੋਕਾਂ ਨਾਲ ਇੱਕ ਧੋਖਾ ਹੈ, ਹੁਣ ਉਹ ਆਪ ਹਰ ਸਕੀਮ ਓਸੇ ਆਧਾਰ ਕਾਰਡ ਦੇ ਨਾਲ ਜੋੜ ਕੇ ਪੇਸ਼ ਕਰਦੀ ਹੈ ਕਿ 'ਸਥਿਤੀਆਂ' ਬਦਲ ਗਈਆਂ ਹਨ। ਉਦੋਂ ਭਾਜਪਾ ਗੱਦੀ ਸੰਭਾਲਣ ਲਈ ਤਿਕੜਮਾਂ ਲਾ ਰਹੀ ਸੀ, ਹੁਣ ਉਹ ਗੱਦੀ ਉਤੇ ਹੈ। 'ਸਥਿਤੀਆਂ' ਦਾ ਫਰਕ ਤਾਂ ਸਿਰਫ ਏਨਾ ਹੀ ਪਿਆ ਹੈ।

ਜਿਹੜੀਆਂ ਸਥਿਤੀਆਂ ਭਾਜਪਾ ਲਈ ਬਦਲ ਗਈਆਂ ਹਨ, ਉਹ ਆਮ ਲੋਕਾਂ ਲਈ ਨਹੀਂ ਬਦਲੀਆਂ। ਉਨ੍ਹਾਂ ਦਾ ਹਾਲ ਅਜੇ ਵੀ ਉਹੋ ਹੈ। ਹਰ ਚੀਜ਼ ਦੀ ਮਹਿੰਗਾਈ ਦੋ ਨੁਕਤੇ ਡਿੱਗਦੀ ਤੇ ਫਿਰ ਚਾਰ ਨੁਕਤੇ ਚੜ੍ਹ ਕੇ ਪਹਿਲਾਂ ਤੋਂ ਵੀ ਉਪਰ ਚਲੀ ਜਾਂਦੀ ਹੈ। ਪੈਟਰੋਲ ਤੇ ਡੀਜ਼ਲ ਦੇ ਭਾਅ ਨਰਿੰਦਰ ਮੋਦੀ ਸਰਕਾਰ ਨੇ ਘਟਾਏ ਸਨ। ਉਹ ਇਸ ਲਈ ਘਟੇ ਸਨ ਕਿ ਸੰਸਾਰ ਮੰਡੀ ਵਿਚ ਭਾਅ ਡਿੱਗ ਪਿਆ ਸੀ। ਮੋਦੀ ਆਪ ਕਹਿੰਦਾ ਸੀ ਕਿ ਮੈਂ ਨਸੀਬ ਵਾਲਾ ਹਾਂ ਕਿ ਮੇਰੇ ਆਏ ਤੋਂ ਭਾਅ ਘਟਣ ਨਾਲ ਲੋਕਾਂ ਨੂੰ ਪੈਟਰੋਲ ਸਸਤਾ ਮਿਲ ਰਿਹਾ ਹੈ। ਹੁਣ ਸੰਸਾਰ ਮੰਡੀ ਵਿਚ ਕੀਮਤਾਂ ਚੜ੍ਹਨ ਤੋਂ ਬਿਨਾਂ ਹੀ ਪੈਟਰੋਲ ਸੱਤਰ ਰੁਪਏ ਤੋਂ ਟੱਪ ਕੇ ਫਿਰ ਪਹਿਲੇ ਥਾਂ ਚਲਾ ਗਿਆ ਹੈ। ਉਦੋਂ ਭਾਅ ਸੰਸਾਰ ਮੰਡੀ ਵਿਚ ਤੇਲ ਦੀਆਂ ਕੀਮਤਾਂ ਚੜ੍ਹਨ ਕਾਰਨ ਚੜ੍ਹਿਆ ਸੀ ਤੇ ਪਿਛਲੀ ਸਰਕਾਰ ਦੇ ਸਾਹਮਣੇ ਕੁਝ ਵਕਤੀ ਮਜਬੂਰੀਆਂ ਸਨ, ਪਰ ਹੁਣ ਕਿਸੇ ਵੱਡੀ ਮਜਬੂਰੀ ਤੋਂ ਬਿਨਾਂ ਹੀ ਭਾਅ ਚੜ੍ਹਾ ਦਿੱਤੇ ਗਏ ਹਨ। ਇਹ ਇਸ ਲਈ ਵਧਾਏ ਹਨ ਕਿ ਭਾਰਤ ਦੇ ਉਸ ਵੱਡੇ ਪੂੰਜੀਪਤੀ ਘਰਾਣੇ ਨੂੰ ਲੱਖਾਂ ਕਰੋੜ ਰੁਪਏ ਦਾ ਹੋਰ ਮੁਨਾਫਾ ਕਮਾਉਣ ਦਾ ਮੌਕਾ ਦੇਣਾ ਹੈ, ਜਿਹੜਾ ਉਦੋਂ ਤੱਕ ਨਹਿਰੂ-ਗਾਂਧੀਆਂ ਦਾ 'ਪਰਿਵਾਰਕ ਮਿੱਤਰ' ਹੁੰਦਾ ਸੀ ਤੇ ਹੁਣ ਨਰਿੰਦਰ ਮੋਦੀ ਨਾਲ ਨਿੱਜੀ ਨੇੜ ਬਣਾ ਚੁੱਕਾ ਹੈ।

ਨਰਿੰਦਰ ਮੋਦੀ ਦੇ ਸਮੱਰਥਕ ਕਹਿੰਦੇ ਹਨ ਕਿ ਉਸ ਦੇ ਆਉਣ ਨਾਲ ਵਿਦੇਸ਼ਾਂ ਵਿਚ ਬੜਾ ਡੰਕਾ ਵੱਜ ਰਿਹਾ ਹੈ ਤੇ ਹਰ ਪਾਸਿਓਂ ਮੋਦੀ ਨੂੰ ਸੱਦੇ ਆ ਰਹੇ ਹਨ। ਇਹ ਸੱਦੇ ਇਸੇ ਤਰ੍ਹਾਂ ਮਨਮੋਹਨ ਸਿੰਘ ਨੂੰ ਵੀ ਮਿਲਦੇ ਰਹੇ ਸਨ। ਉਹ ਡੰਕੇ ਦੀ ਗੱਲ ਕਰਦੇ ਹਨ, ਪਰ ਦੂਸਰੇ ਪਾਸੇ ਨਰਿੰਦਰ ਮੋਦੀ ਦੇ ਭਾਸ਼ਣਾਂ, ਤੱਥਾਂ ਤੋਂ ਖਾਲੀ ਗੱਪਾਂ ਤੇ ਇਨ੍ਹਾਂ ਨਾਲ ਕੁਝ ਭੱਦੀ ਸ਼ਬਦਾਵਲੀ ਜੋੜਨ ਦਾ ਗੁੱਡਾ ਵੀ ਬੱਝ ਰਿਹਾ ਹੈ। ਚੀਨ ਵਿਚ ਮੋਦੀ ਇਹ ਗੱਲ ਕਹਿ ਆਇਆ ਕਿ ਮੇਰੇ ਰਾਜ ਤੋਂ ਪਹਿਲਾਂ ਲੋਕ ਭਾਰਤੀ ਹੋਣ ਉਤੇ ਸ਼ਰਮ ਮਹਿਸੂਸ ਕਰਦੇ ਸਨ।

ਸਾਰਾ ਸੋਸ਼ਲ ਮੀਡੀਆ ਇਨ੍ਹਾਂ ਟਿੱਪਣੀਆਂ ਨੇ ਭਰਿਆ ਪਿਆ ਹੈ ਕਿ ਕਿਸੇ ਕਾਰੋਬਾਰੀ ਘਰਾਣੇ ਤੋਂ ਉਸ ਦਾ ਕੰਮ ਕਰਨ ਬਦਲੇ ਤੋਹਫੇ ਵਿਚ ਮਿਲਿਆ ਦਸ ਲੱਖ ਦਾ ਸੂਟ ਪਾ ਕੇ ਅਮਰੀਕਾ ਦੇ ਰਾਸ਼ਟਰਪਤੀ ਨਾਲ ਮੋਦੀ ਦੀ ਮਿਲਣੀ ਨੇ ਸਾਨੂੰ ਸੰਸਾਰ ਦੇ ਲੋਕਾਂ ਅੱਗੇ ਸ਼ਰਮਿੰਦੇ ਕੀਤਾ ਹੈ। ਮੋਦੀ ਦੇ ਦੋਸਤ ਕਹਿੰਦੇ ਹਨ ਕਿ ਇਹ ਮਾਣ ਦੀ ਗੱਲ ਹੈ ਕਿ ਮੋਦੀ ਚਾਹ ਦੇ ਕੱਪ ਵੇਚਣ ਤੋਂ ਸ਼ੁਰੂ ਕਰ ਕੇ ਏਡੇ ਮੁਰਾਤਬੇ ਨੂੰ ਪਹੁੰਚਿਆ ਹੈ। ਇਹ ਮੋਦੀ ਦੀ ਨਹੀਂ, ਲੋਕਤੰਤਰ ਦੀ ਪ੍ਰਾਪਤੀ ਹੈ ਕਿ ਉਹ ਇਹੋ ਜਿਹਾ ਮੌਕਾ ਦੇਂਦਾ ਹੈ। ਇਸ ਮੌਕੇ ਨੂੰ ਮੋਦੀ ਦੀ ਯੋਗਤਾ ਦਾ ਸਰਟੀਫਿਕੇਟ ਨਹੀਂ ਕਿਹਾ ਜਾ ਸਕਦਾ, ਉਸ ਤੋਂ ਪਹਿਲਾਂ ਵੀ ਕਈ ਹੋਰ ਲੋਕ ਏਸੇ ਤਰ੍ਹਾਂ ਅੱਗੇ ਆ ਚੁੱਕੇ ਹਨ। ਮਨਮੋਹਨ ਸਿੰਘ ਦੇ ਬਚਪਨ ਵੇਲੇ ਉਸ ਦੇ ਘਰ ਪੜ੍ਹਾਈ ਲਈ ਕਈ ਵਾਰੀ ਕੌੜੇ ਤੇਲ ਦਾ ਦੀਵਾ ਨਹੀਂ ਸੀ ਹੁੰਦਾ ਤੇ ਉਹ ਨਗਰ ਪਾਲਿਕਾ ਦੇ ਖੰਭੇ ਹੇਠ ਕਿਤਾਬ ਖੋਲ੍ਹ ਕੇ ਬੈਠਦਾ ਰਿਹਾ ਸੀ। ਉਦੋਂ ਖੰਭਿਆਂ ਉਤੇ ਬਲਬ ਨਹੀਂ ਸੀ ਹੁੰਦੇ, ਮਿੱਟੀ ਦੇ ਤੇਲ ਦਾ ਗੈਸ ਜਗਾ ਕੇ ਰਾਤ ਨੂੰ ਨਗਰ ਪਾਲਿਕਾ ਕਰਮਚਾਰੀ ਲਾ ਜਾਂਦਾ ਤੇ ਦਿਨ ਚੜ੍ਹਨ ਤੱਕ ਤੇਲ ਮੁੱਕਣ ਨਾਲ ਆਪਣੇ-ਆਪ ਬੁਝ ਜਾਂਦਾ ਹੁੰਦਾ ਸੀ।

ਭਾਜਪਾ ਨੇ ਮੋਦੀ ਦੇ ਬਚਪਨ ਦੀ ਸੌਦਾਗਰੀ ਕਰ ਲਈ, ਕਾਂਗਰਸ ਵਾਲੇ ਏਨੇ ਜੋਗੇ ਨਹੀਂ ਨਿਕਲੇ। ਵੱਡਾ ਸਵਾਲ ਇਹ ਖੜਾ ਹੈ ਕਿ ਬਚਪਨ ਦੀ ਏਨੀ ਗਰੀਬੀ ਹੰਢਾਉਣ ਦਾ ਚੇਤਾ ਕਰਨ ਵਾਲੇ ਦੋਵਾਂ ਪ੍ਰਧਾਨ ਮੰਤਰੀਆਂ ਵਿਚੋਂ ਕਿਸੇ ਨੇ ਹੁਣ ਤੱਕ ਗਰੀਬੀ ਹੰਢਾ ਰਹੇ ਲੋਕਾਂ ਲਈ ਕੀ ਕੀਤਾ ਹੈ?

ਜਿਹੜੀ ਗੱਲ ਸਭ ਤੋਂ ਮਾੜੀ ਹੋਈ, ਉਹ ਇਹ ਕਿ ਮੋਦੀ ਸਰਕਾਰ ਦੇ ਪਹਿਲੇ ਸਾਲ ਹੀ ਭਾਰਤ ਦੀ ਰਾਜਨੀਤੀ ਚਾਲੀ ਸਾਲ ਪਹਿਲੇ ਉਸ ਯੁੱਗ ਵਿਚ ਜਾ ਪਹੁੰਚੀ ਹੈ, ਜਦੋਂ 'ਇੰਦਰਾ ਇਜ਼ ਇੰਡੀਆ ਐਂਡ ਇੰਡੀਆ ਇਜ਼ ਇੰਦਰਾ' ਦੇ ਨਾਅਰੇ ਲੱਗਦੇ ਸਨ। ਜਿਹੜਾ ਕੋਈ ਇੰਦਰਾ ਗਾਂਧੀ ਤੇ ਉਸ ਦੇ ਪੁੱਤਰ ਸੰਜੇ ਗਾਂਧੀ ਨੂੰ ਚੰਗਾ ਨਹੀਂ ਸੀ ਲੱਗਦਾ, ਖੂੰਜੇ ਲਾ ਦਿੱਤਾ ਜਾਂਦਾ ਸੀ ਤੇ ਸਰਕਾਰ ਦਾ ਸਿਰਫ ਨਾਂ ਸੀ, ਸਾਰਾ ਰਾਜ ਪ੍ਰਬੰਧ ਮਾਂ-ਪੁੱਤਰ ਦੇ ਦਫਤਰੋਂ ਚੱਲਦਾ ਹੁੰਦਾ ਸੀ। ਹੁਣ ਵੀ ਸਾਰੇ ਮੰਤਰਾਲੇ ਸਿਰਫ ਨਾਂ ਦੇ ਹਨ, ਕੇਂਦਰੀ ਧੁਰਾ ਪ੍ਰਧਾਨ ਮੰਤਰੀ ਦਾ ਦਫਤਰ ਹੈ। ਸਰਕਾਰ ਜਾਂ ਭਾਜਪਾ ਵਿਚ ਜਦੋਂ ਕੋਈ ਸਿਰ ਵੀ ਚੁੱਕਦਾ ਹੈ, ਉਹ ਮੱਖਣ ਵਿਚੋਂ ਵਾਲ ਵਾਂਗ ਕੱਢ ਦਿੱਤਾ ਜਾਂਦਾ ਹੈ। ਲਾਲ ਕ੍ਰਿਸ਼ਨ ਅਡਵਾਨੀ ਵਰਗੇ ਪੁਰਾਣੇ ਆਗੂਆਂ ਨੂੰ ਕੋਈ ਵਿਆਹ-ਸ਼ਾਦੀ ਦਾ ਸੱਦਾ ਦੇਣ ਤੋਂ ਪਹਿਲਾਂ ਵੀ ਮੋਦੀ ਦੇ ਦਫਤਰ ਤੋਂ ਪ੍ਰਵਾਨਗੀ ਲੈਣ ਜਾਂਦਾ ਹੈ ਅਤੇ ਪਾਰਟੀ ਮੀਟਿੰਗਾਂ ਵਿਚ ਉਹ ਬੁੱਢੇ ਚੁੱਪ ਬੈਠੇ ਰਹਿ ਕੇ ਤਾੜੀਆਂ ਮਾਰਨ ਪਿੱਛੋਂ ਘਰੀਂ ਤੁਰ ਜਾਂਦੇ ਹਨ।

ਰਹੀ ਗੱਲ ਏਜੰਡੇ ਦੀ, ਜਿਹੜਾ ਬਹੁਤ ਪ੍ਰਚਾਰਿਆ ਗਿਆ ਸੀ। ਇੱਕ ਮੁੱਦਾ ਵਿਦੇਸ਼ਾਂ ਵਿਚੋਂ ਕਾਲਾ ਧਨ ਵਾਪਸ ਲਿਆਉਣ ਤੇ ਹਰ ਨਾਗਰਿਕ ਦੇ ਹਿੱਸੇ ਦਾ ਤਿੰਨ-ਤਿੰਨ ਲੱਖ ਕੱਢ ਕੇ ਪੰਜ ਜੀਆਂ ਦੇ ਪਰਿਵਾਰ ਨੂੰ ਪੰਦਰਾਂ ਲੱਖ ਰੁਪਏ ਦੇਣ ਦਾ ਸੀ। ਉਸ ਬਾਰੇ ਭਾਜਪਾ ਦਾ ਪ੍ਰਧਾਨ ਅਮਿਤ ਸ਼ਾਹ ਖੁਦ ਕਹਿ ਚੁੱਕਾ ਹੈ ਕਿ ਉਹ ਸਿਰਫ ਚੋਣ ਸ਼ੋਸ਼ਾ ਸੀ, ਜਿਸ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਨਹੀਂ। ਸ਼ਹਿਰਾਂ ਦੀ ਸਫਾਈ ਦੀ ਮੁਹਿੰਮ ਚਲਾਈ ਤਾਂ ਕੇਂਦਰੀ ਮੰਤਰੀਆਂ ਨੇ ਜਿੱਥੇ ਜਾ ਕੇ ਸਫਾਈ ਕਰਨੀ ਹੁੰਦੀ ਸੀ, ਪਹਿਲਾਂ ਸਾਫ ਥਾਂਵਾਂ ਉਤੇ ਲੋੜ ਜੋਗਾ ਕੂੜਾ ਸੁੱਟਵਾ ਕੇ ਫਿਰ ਝਾੜੂ ਫੜਦੇ ਤੇ ਸਫਾਈ ਮੁਹਿੰਮ ਦੀਆਂ ਝੂਠੀਆਂ ਫੋਟੋਆਂ ਖਿਚਵਾਉਂਦੇ ਮੀਡੀਆ ਚੈਨਲਾਂ ਨੇ ਲੋਕਾਂ ਅੱਗੇ ਪੇਸ਼ ਕਰ ਦਿੱਤੇ।

ਵਾਰਾਣਸੀ ਦੇ ਚੋਣ ਹਲਕੇ ਨਾਲ ਜੋੜ ਕੇ ਗੰਗਾ ਨਦੀ ਦੀ ਸਫਾਈ ਦਾ ਪ੍ਰਾਜੈਕਟ ਚੋਣਵੇਂ ਲੋਕਾਂ ਦੀ ਲੋੜ ਪੂਰੀ ਕਰਨ ਤੋਂ ਅੱਗੇ ਅਮਲ ਦੇ ਕੰਮ ਵੱਲ ਨਹੀਂ ਵਧ ਸਕਿਆ। ਭੂਮੀ ਗ੍ਰਹਿਣ ਬਿੱਲ ਦੇ ਬਹਾਨੇ ਕਿਸਾਨੀ ਨੂੰ ਰਗੜਾ ਬੰਨ੍ਹਣ ਦੀ ਕੋਸ਼ਿਸ਼ ਏਨੀ ਬੇਹੂਦਾ ਸੀ ਕਿ ਭਾਈਵਾਲ ਪਾਰਟੀਆਂ ਵੀ ਨਾਲ ਖੜੋਣ ਤੋਂ ਭੱਜ ਗਈਆਂ। ਲੋਕਪਾਲ ਸਮੇਤ ਕਈ ਪ੍ਰਮੁੱਖ ਅਹੁਦੇ ਭਰੇ ਨਹੀਂ ਜਾ ਸਕੇ। ਸਰਕਾਰ ਦਾ ਬਿਨਾਂ ਅੜਿੱਕੇ ਤੋਂ ਇੱਕ ਸਾਲ ਚੱਲਦੇ ਜਾਣਾ ਹੀ ਤਾਂ ਕੋਈ ਖਾਸ ਕਮਾਲ ਨਹੀਂ ਹੁੰਦਾ।

ਇਹ ਕਿਹਾ ਜਾ ਰਿਹਾ ਹੈ ਕਿ ਮੋਦੀ ਸਰਕਾਰ ਦੇ ਇਸ ਇੱਕ ਸਾਲ ਵਿਚ ਕੋਈ ਸਕੈਂਡਲ ਨਹੀਂ ਉਠ ਸਕਿਆ। ਕਾਹਲੇ ਸਿੱਟੇ ਕੱਢਣ ਵਾਲਿਆਂ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਪਹਿਲੇ ਸਾਲ ਨਰਸਿਮਹਾ ਰਾਓ ਅਤੇ ਮਨਮੋਹਨ ਸਿੰਘ ਦੀਆਂ ਸਰਕਾਰਾਂ ਦਾ ਵੀ ਕੋਈ ਘਪਲਾ ਨਹੀਂ ਸੀ ਨਿਕਲਿਆ। ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਦਾ ਇੱਕ ਸਾਲ ਵੀ ਬਿਨਾਂ ਸਕੈਂਡਲਾਂ ਤੋਂ ਨਿਕਲ ਗਿਆ ਸੀ, ਪਰ ਦੂਸਰਾ ਸ਼ੁਰੂ ਹੋਣ ਦੇ ਨਾਲ ਹੀ ਸਕੈਂਡਲਾਂ ਦੀ ਉਹ ਲੜੀ ਬੱਝ ਗਈ ਸੀ, ਜਿਸ ਦਾ ਮੁੱਢ ਕਾਰਗਿਲ ਜੰਗ ਦੇ ਸ਼ਹੀਦਾਂ ਦੀਆਂ ਲਾਸ਼ਾਂ ਵਾਸਤੇ ਖਰੀਦੇ ਗਏ ਬਕਸਿਆਂ (ਕੱਫਨ) ਦੇ ਨਾਲ ਬੱਝਾ ਸੀ। ਉਸ ਤੋਂ ਬਾਅਦ ਬਾਈ ਸੌ ਪੈਟਰੋਲ ਪੰਪ ਅਤੇ ਗੈਸ ਏਜੰਸੀਆਂ ਵੀ ਅਲਾਟ ਹੋਈਆਂ ਜੋ ਚੁਫੇਰੇ ਪੁਆੜਾ ਪੈਣ ਮਗਰੋਂ ਰੱਦ ਕੀਤੀਆਂ ਗਈਆਂ ਸਨ। ਇਨ੍ਹਾਂ 'ਚੋਂ ਇੱਕ ਪੈਟਰੋਲ ਪੰਪ ਵਾਜਪਾਈ ਦੇ ਲਖਨਊ ਵਾਲੇ ਸਰਕਾਰੀ ਘਰ ਦੇ ਸਿਰਨਾਵੇਂ 'ਤੇ ਇੱਕ ਨੇੜਲੇ ਰਿਸ਼ਤੇਦਾਰ ਨੂੰ ਅਲਾਟ ਕੀਤਾ ਗਿਆ ਨਿਕਲਿਆ ਸੀ।

ਸਭ ਤੋਂ ਕਮਾਲ ਦੀ ਗੱਲ ਗੁਜਰਾਤ ਨਾਲ ਜੁੜਦੀ ਹੈ। ਜਦੋਂ ਮੋਦੀ ਹਾਲੇ ਗੁਜਰਾਤ ਦਾ ਮੁੱਖ ਮੰਤਰੀ ਸੀ, ਉਸ ਨੇ ਇਹ ਗੱਲ ਕਹਿਣੀ ਸ਼ੁਰੂ ਕਰ ਦਿਤੀ ਸੀ ਕਿ ਸਰਦਾਰ ਪਟੇਲ ਨਾਲ ਗੁਜਰਾਤੀ ਹੋਣ ਕਰ ਕੇ ਬੇਇਨਸਾਫੀ ਹੋਈ ਸੀ ਤੇ ਉਹ ਬੇਇਨਸਾਫੀ ਦੂਰ ਕਰਨੀ ਹੈ। ਇਹ ਗੱਲ ਰੌਲੇ ਵਿਚ ਰੁਲ ਗਈ ਕਿ ਮਹਾਤਾਮਾ ਗਾਂਧੀ ਵੀ ਗੁਜਰਾਤੀ ਸੀ, ਜਿਸ ਨੂੰ ਭਾਜਪਾ ਦੀ ਮਾਂ ਮੰਨੇ ਜਾਂਦੇ ਆਰ ਐਸ ਐਸ ਨਾਲ ਜੁੜੇ ਬੰਦਿਆਂ ਨੇ ਕਤਲ ਕੀਤਾ ਸੀ, ਤੇ ਗਾਂਧੀ ਨੂੰ ਰਾਸ਼ਟਰ ਪਿਤਾ ਦਾ ਦਰਜਾ ਦੇ ਕੇ ਕਰੰਸੀ ਨੋਟਾਂ ਉਤੇ ਛਾਪਣ ਦਾ ਕੰਮ ਉਨ੍ਹਾਂ ਸ਼ੁਰੂ ਕੀਤਾ ਸੀ, ਜਿਨ੍ਹਾਂ ਨੂੰ ਗੁਜਰਾਤੀ ਹੋਣ ਕਾਰਨ ਪਟੇਲ ਨਾਲ ਬੇਇਨਸਾਫੀ ਕਰਨ ਦੇ ਦੋਸ਼ੀ ਕਿਹਾ ਜਾ ਰਿਹਾ ਸੀ।

ਨਰਿੰਦਰ ਮੋਦੀ ਨੇ ਬਹਿਸ ਵਿਚ ਪੈਣ ਦੀ ਥਾਂ ਦੇਸ਼ ਦੇ ਲੋਕਾਂ ਅਤੇ ਖਾਸ ਤੌਰ ਉਤੇ ਕਿਸਾਨਾਂ ਨੂੰ ਸੱਦਾ ਦਿੱਤਾ ਕਿ ਹਰ ਘਰ ਵਿਚੋਂ ਹਲਾਂ ਦੇ ਫਾਲੇ ਜਿੰਨਾ ਲੋਹਾ ਦਿਓ, ਮੈਂ ਸਰਦਾਰ ਪਟੇਲ ਦਾ ਬੁੱਤ ਅਮਰੀਕਾ ਵਿਚ ਬਣੇ ਸਟੈਚੂ ਆਫ ਲਿਬਰਟੀ ਤੋਂ ਵੱਡਾ ਬਣਾਵਾਂਗਾ ਅਤੇ ਬੁੱਤ ਲਾਉਣ ਲਈ ਸਾਲ 2013 ਦੇ ਅੰਦਾਜ਼ੇ ਅਨੁਸਾਰ 2063 ਕਰੋੜ ਰੁਪਏ ਖਰਚ ਹੋਣਗੇ। ਜਦੋਂ ਕੇਂਦਰ ਵਿਚ ਮੋਦੀ ਸਰਕਾਰ ਬਣੀ ਤੇ ਡੁਬਈ ਦਾ ਬੁਰਜ ਖਲੀਫਾ ਬਣਾਉਣ ਵਾਲੀ ਟਰਨਰ ਕੰਸਟਰੱਕਸ਼ਨ ਕੰਪਨੀ ਨੂੰ ਲਿਆਂਦਾ ਤਾਂ ਇਹ ਅੰਦਾਜ਼ਾ ਵਧ ਕੇ 2989 ਕਰੋੜ ਰੁਪਏ ਹੋ ਗਿਆ। ਨੇੜਿਓਂ ਜੁੜੇ ਲੋਕ ਆਖਦੇ ਹਨ ਕਿ ਇਸ ਬੁੱਤ ਦੇ ਬਣਨ ਤੱਕ ਵੀਹ ਹਜ਼ਾਰ ਕਰੋੜ ਤੋਂ ਵੱਧ ਖਰਚ ਹੋ ਜਾਣਗੇ। ਇਸ ਕੰਮ ਲਈ ਪੈਸੇ ਦੇਣ ਵਾਲੀ ਸਰਕਾਰ ਨੇ ਇਸ ਸਾਲ ਸਮਾਜ ਭਲਾਈ ਦੀਆਂ ਸਕੀਮਾਂ ਵਿਚ ਏਨਾ ਕੱਟ ਲਾ ਦਿੱਤਾ ਹੈ ਕਿ ਅੜੇ-ਥੁੜੇ ਲੋਕ ਰੋਂਦੇ ਫਿਰਨਗੇ। ਜਿੱਥੇ ਪਟੇਲ ਦਾ ਬੁੱਤ ਲੱਗੇਗਾ, ਨਰਮਦਾ ਡੈਮ ਦੇ ਕੋਲ ਉਹ ਬਹੁਤ ਸਾਰੇ ਲੋਕਾਂ ਦੀ ਮਾਨਤਾ ਵਾਲਾ ਧਰਮ ਅਸਥਾਨ 'ਵਰਤ ਬਾਵਾ ਟੇਕਰੀ' ਹੁੰਦਾ ਸੀ। ਲੋਕਾਂ ਦੀ ਧਾਰਮਿਕ ਸ਼ਰਧਾ ਨੂੰ ਉਥੇ ਇਹ ਸੱਟ ਏਸੇ ਸਾਲ ਉਸ ਪਾਰਟੀ ਨੇ ਮਾਰੀ ਹੈ, ਜਿਹੜੀ ਖੁਦ ਸ਼ਰਧਾ ਦੀ ਰਾਜਨੀਤੀ ਕਰਦੀ ਹੁੰਦੀ ਸੀ। ਵਾਤਾਵਰਣ ਪ੍ਰੇਮੀ ਇਸ ਗੱਲੋਂ ਦੁਖੀ ਹਨ ਕਿ ਇਸ ਥਾਂ ਬਾਰੇ ਵਾਤਾਵਰਣ ਮੰਤਰਾਲੇ ਤੋਂ ਪ੍ਰਵਾਨਗੀ ਮੰਗਣ ਤੋਂ ਪਾਸਾ ਵੱਟਿਆ ਗਿਆ ਹੈ, ਕਿਉਂਕਿ ਨਿਯਮਾਂ ਮੁਤਾਬਕ ਉਥੇ ਇਸ ਕੰਮ ਲਈ ਮਨਜ਼ੂਰੀ ਨਹੀਂ ਸੀ ਮਿਲਣੀ। ਸਭ ਤੋਂ ਵੱਡੀ ਗੱਲ ਉਸ ਨਾਲ ਜੁੜਦੇ ਛੇ ਪਿੰਡਾਂ ਦੇ ਲੋਕਾਂ ਦੇ ਢਿੱਡ ਉਤੇ ਵੱਜੀ ਲੱਤ ਦੀ ਹੈ। ਉਥੇ ਕਿਸਾਨਾਂ ਦੀ 927 ਏਕੜ ਜ਼ਮੀਨ ਇਸ ਸਰਦਾਰ ਪਟੇਲ ਪ੍ਰਾਜੈਕਟ ਦੇ ਨਾਲ ਜੁੜਦੇ ਹੋਰ ਪ੍ਰਾਜੈਕਟਾਂ ਲਈ ਧੱਕੇ ਨਾਲ ਖੋਹੀ ਗਈ ਹੈ। ਇਸੇ ਤੋਂ ਪਤਾ ਲੱਗਦਾ ਹੈ ਕਿ ਭੂਮੀ ਗ੍ਰਹਿਣ ਬਿੱਲ ਪਾਸ ਕਰਨ ਦੀ ਮੋਦੀ ਸਰਕਾਰ ਨੂੰ ਕਾਹਲੀ ਕੀ ਸੀ?

ਇਸ ਤਰ੍ਹਾਂ ਦੇ ਲੇਖੇ ਦੇ ਬਾਅਦ ਵੀ ਇਹ ਸਰਕਾਰ ਕਹਿੰਦੀ ਹੈ ਕਿ ਉਸ ਨੇ ਪਹਿਲੇ ਸਾਲ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ ਹਨ ਤਾਂ ਮ੍ਰਾਤੜ ਦੇ ਚਿਹਰੇ ਉਤੇ ਅੱਲ੍ਹਾ ਦੇ ਨੂਰ ਦੀ ਗੱਲ ਯਾਦ ਆਉਂਦੀ ਹੈ। ਮ੍ਰਾਤੜ ਨੂੰ ਕੋਈ ਫਕੀਰ ਕਹਿ ਗਿਆ ਸੀ ਕਿ ਸਵੇਰੇ ਜਾ ਕੇ ਦਰਗਾਹ ਦੇ ਚਿਰਾਗ ਉਤੇ ਹੱਥ ਘੁੰਮਾਵੀਂ ਤੇ ਫਿਰ ਚਿਹਰੇ ਉਤੇ ਫੇਰ ਲਵੀਂ, ਤੇਰੇ ਮੂੰਹ ਉਤੇ ਅੱਲ੍ਹਾ ਦਾ ਨੂਰ ਆ ਜਾਵੇਗਾ। ਉਹ ਸਵੇਰੇ ਉਠ ਕੇ ਦਰਗਾਹ ਨੂੰ ਚਲਾ ਗਿਆ। ਨੀਂਦ ਹਾਲੇ ਪੂਰੀ ਨਹੀਂ ਸੀ ਹੋਈ, ਚਿਰਾਗ ਉਤੇ ਹੱਥ ਰੱਖੀ ਕੁਝ ਦੇਰ ਖੜਾ ਰਹਿ ਗਿਆ। ਓਨੀ ਦੇਰ ਨੂੰ ਉਸ ਦੇ ਹੱਥ ਕਾਲੇ ਹੋ ਗਏ। ਚਿਹਰੇ ਉਤੇ ਉਹੋ ਹੱਥ ਫੇਰ ਕੇ ਘਰ ਆਇਆ ਤਾਂ ਬੀਵੀ ਨੂੰ ਪੁੱਛਣ ਲੱਗਾ: 'ਭਲੀਏ ਲੋਕੇ, ਮੇਰੇ ਮੂੰਹ ਉਤੇ ਤੈਨੂੰ ਕੋਈ ਨੂਰ ਦਿਖਾਈ ਦੇ ਰਿਹੈ?' ਉਸ ਨੇ ਕਿਹਾ: 'ਜੇ ਨੂਰ ਦਾ ਰੰਗ ਕਾਲਾ ਹੋਵੇ, ਫਿਰ ਤਾਂ ਘਟਾਵਾਂ ਚੜ੍ਹ ਗਈਆਂ ਜਾਪਦੀਆਂ ਨੇ, ਪਰ ਜੇ ਕੋਈ ਹੋਰ ਰੰਗ ਹੁੰਦਾ ਹੈ ਤਾਂ ਤੂੰ ਪਹਿਲਾਂ ਤੋਂ ਵੀ ਬੇੜਾ ਗਰਕ ਕਰ ਕੇ ਆ ਗਿਆ ਹੈਂ।'

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਸੈਕਰਾਮੈਂਟੋ ਅਤੇ ਯੂਬਾ ਸਿਟੀ
ਕੈਲੀਫੋਰਨੀਆ



ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ
ਪ੍ਰਤੀ ਮੀਲ ਦਿੱਤੇ ਜਾਣਗੇ

Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਨਾਟਕ 'ਉਮਰਾਂ ਲੰਘੀਆਂ ਪੱਬਾਂ ਭਾਰ' 30 ਨੂੰ ਖੇਡਿਆ ਜਾਵੇਗਾ



ਨਾਟਕ ਦਾ ਇਕ ਦ੍ਰਿਸ਼

**ਫੇਅਰਫੀਲਡ (ਐਸ. ਅਸ਼ੋਕ ਭੌਰਾ):** ਪ੍ਰਵਾਸ ਦੀ ਸੰਘਰਸ਼ਮਈ ਜ਼ਿੰਦਗੀ ਨੂੰ ਬਿਆਨਦਾ ਨਾਟਕ 'ਉਮਰਾਂ ਲੰਘੀਆਂ ਪੱਬਾਂ ਭਾਰ' ਕਰੀਬ ਚਾਰ ਮਹੀਨੇ ਦੇ ਅਰਸੇ ਵਿਚ ਤੀਜੀ ਵਾਰ ਇਥੇ ਪੰਜਾਬ ਲੋਕ ਰੰਗ ਕੈਲੀਫੋਰਨੀਆ ਵਲੋਂ ਖੇਡਿਆ ਜਾਵੇਗਾ।

ਸੁਰਿੰਦਰ ਧਨੋਆ ਦੇ ਲਿਖੇ ਤੇ ਨਿਰਦੇਸ਼ਤ ਇਸ ਨਾਟਕ ਨੂੰ ਰੱਜ ਕੇ ਸਤਿਕਾਰ ਇਸ ਕਰਕੇ ਵੀ ਮਿਲਿਆ ਹੈ ਕਿ ਕਲਕਾਰਾਂ ਦੀ ਪੇਸ਼ਕਾਰੀ ਤਾਂ ਕਮਾਲ ਦੀ ਹੈ ਹੀ ਸਗੋਂ ਪ੍ਰਵਾਸ ਦੀ ਜ਼ਿੰਦਗੀ ਕਿਨ੍ਹਾਂ ਕਿਨ੍ਹਾਂ ਦੁੱਖਾਂ 'ਚੋਂ ਲੰਘਦੀ ਹੈ, ਵੇਖ ਕੇ ਇਹ ਨਾਟਕ ਘਰ ਘਰ ਦੀ ਕਹਾਣੀ ਲੱਗਣ ਲੱਗ ਪੈਂਦਾ ਹੈ। ਨਾਟਕ ਵਿਚ ਜਸਵਿੰਦਰ ਧਨੋਆ, ਅੰਮ੍ਰਿਤਪਾਲ ਸਰਾਂ, ਰਮਨਜੀਤ ਚੌਧਰੀ, ਸ਼ਕਤੀ ਮਾਣਕ, ਸੋਨੂੰ ਰਾਣਾ, ਡਿੰਪਲ ਜੋਸ਼ੀ, ਜਸਵਿੰਦਰ ਸੰਗੀ, ਮੋਨਿਕਾ ਉਪਲ ਅਤੇ ਪਾਲੀ ਧਨੌਲਾ ਦੀ ਪ੍ਰਮੁੱਖ ਭੂਮਿਕਾ ਹੈ।

ਨਾਟਕ ਇਥੇ ਇੰਡੀਅਨ ਕੇਅਰ ਐਸੋਸੀਏਸ਼ਨ ਵਲੋਂ ਸੈਂਟਰ ਫਾਰ ਕਰੀਏਟਿਵ ਆਰਟਸ (1035 ਟੈਕਸਾਸ ਸਟਰੀਟ, ਫੇਅਰਫੀਲਡ) ਵਿਖੇ ਸ਼ਾਮ 6:00 ਵਜੇ ਪੇਸ਼ ਕੀਤਾ ਜਾਵੇਗਾ। ਹੋਰ ਜਾਣਕਾਰੀ ਲਈ 707-315-2468 ਜਾਂ 510-377-4197 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਸਵਿੱਸ ਬੈਂਕ ਖ਼ਾਤੇਦਾਰਾਂ ਵਿਚ ਪੌਂਟੀ ਚੱਢਾ ਦੇ ਜਵਾਈ ਦਾ ਵੀ ਨਾਂ

**ਬਰਨ:** ਸਵਿਟਜ਼ਰਲੈਂਡ ਨੇ ਆਪਣੇ ਤਾਜ਼ਾ ਗਜ਼ਟ ਵਿਚ ਉਥੋਂ ਦੇ ਬੈਂਕਾਂ ਵਿਚਲੇ ਪੰਜ ਭਾਰਤੀ ਖ਼ਾਤੇਦਾਰਾਂ ਦੇ ਨਾਂ ਜੱਗਜ਼ਾਹਰ ਕੀਤੇ ਹਨ, ਜਿਨ੍ਹਾਂ ਵਿਚ ਸਨਅਤਕਾਰ ਯਸ਼ ਬਿਰਲਾ ਤੇ ਮਰਹੂਮ ਕਾਰੋਬਾਰੀ ਪੌਂਟੀ ਚੱਢਾ ਦੇ ਜਵਾਈ ਗੁਰਜੀਤ ਸਿੰਘ ਕੋਛੜ ਦਾ ਨਾਂ ਵੀ ਸ਼ਾਮਲ ਹੈ। ਇਨ੍ਹਾਂ ਤੋਂ ਬਿਨਾਂ ਮੁੰਬਈ ਆਧਰਤ ਸਨੇਹ ਲਤਾ ਸਵਾਨੀ, ਸੰਗੀਤਾ ਸਵਾਨੀ ਤੇ ਦਿੱਲੀ ਆਧਾਰਤ ਕਾਰੋਬਾਰੀ ਰਿਤਿਕਾ ਸ਼ਰਮਾ ਦੇ ਨਾਂ ਵੀ ਸਾਹਮਣੇ ਆਏ ਹਨ।

ਸਵਿਟਜ਼ਰਲੈਂਡ ਨੇ ਇਹ ਕਾਰਵਾਈ ਭਾਰਤ ਵਿਚ ਕਾਲੇ ਧਨ ਦੀ ਜਾਰੀ ਜਾਂਚ ਦੇ ਮੱਦੇਨਜ਼ਰ ਭਾਰਤ ਵੱਲੋਂ ਮੰਗੀ ਕਈ ਜਾਣਕਾਰੀ ਦੇ ਜਵਾਬ ਵਿਚ ਕੀਤੀ ਹੈ। ਇਨ੍ਹਾਂ ਪੰਜ 'ਭਾਰਤੀ ਸ਼ਹਿਰੀਆਂ' ਦੇ ਨਾਂ ਸਵਿਟਜ਼ਰਲੈਂਡ ਦੇ ਸੰਘੀ ਗਜ਼ਟ ਵਿਚ ਛਾਪੇ ਗਏ ਹਨ। ਸਵਿਟਜ਼ਰਲੈਂਡ ਦੇ ਸੰਘੀ ਪ੍ਰਸ਼ਾਸਨ ਵੱਲੋਂ ਯਸ਼ ਬਿਰਲਾ ਤੇ ਬਲੈਸਿੰਗ ਐਪਰਲ ਕੰਪਨੀ ਰਿਤਿਕਾ ਸ਼ਰਮਾ ਬਾਰੇ ਪਹਿਲਾਂ ਵੀ ਕੁਝ ਜਾਣਕਾਰੀਆਂ ਭਾਰਤ ਨੂੰ ਦਿੱਤੀਆਂ ਜਾ ਚੁੱਕੀਆਂ ਹਨ।

# ਗੁਰੂ ਰਵਿਦਾਸ ਸਭਾ ਪਿਟਸਬਰਗ ਵਲੋਂ ਕੰਠ ਕਲੇਰ ਦਾ ਸਨਮਾਨ

**ਪਿਟਸਬਰਗ (ਐਸ. ਅਸ਼ੋਕ ਭੌਰਾ):** ਪੰਜਾਬ ਦੇ ਨੌਜਵਾਨ ਤੇ ਸੁਰੀਲੇ ਗਾਇਕ ਕੰਠ ਕਲੇਰ ਦੀ ਸਮੁੱਚੀ ਗਾਇਕੀ ਦਾ ਮਾਣ ਕਰਦਿਆਂ ਸ੍ਰੀ ਗੁਰੂ ਰਵਿਦਾਸ ਸਭਾ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।



ਇਸ ਸਬੰਧੀ ਹੋਏ ਸਮਾਗਮ ਦੌਰਾਨ ਬੋਲਦਿਆਂ ਗੁਰੂ ਰਵਿਦਾਸ ਸਭਾ ਦੇ ਚੇਅਰਮੈਨ ਸ੍ਰੀ ਫਕੀਰ ਚੰਦ ਮਹਿਮੀ ਨੇ ਕਿਹਾ ਕਿ ਜਿਥੇ ਕੰਠ ਨੇ ਪੰਜਾਬੀ ਨੂੰ ਸਾਫ ਸੁਥਰੀ 'ਤੇ ਮਿਆਰੀ ਗਾਇਕੀ ਨਾਲ ਜੋੜਿਆ ਹੈ ਉਥੇ ਸ੍ਰੀ ਗੁਰੂ ਰਵਿਦਾਸ ਜੀ ਦੇ ਮਨੁੱਖਤਾ ਲਈ ਉਪਦੇਸ਼ਾਂ ਦਾ ਗਾਇਨ ਕਰਕੇ ਵੀ ਜਸ ਖੱਟਿਆ ਹੈ। ਉਨ੍ਹਾਂ ਕਿਹਾ ਕਿ ਕੰਠ ਨੂੰ ਮਾਣ ਦੇਣਾ ਰਵਿਦਾਸੀਆ ਕੌਮ ਦਾ ਇਖਲਾਕੀ ਫਰਜ਼ ਵੀ ਬਣਦਾ ਹੈ।

ਇਸ ਮੌਕੇ ਗਾਇਕ ਕਲੇਰ ਕੰਠ ਨੇ ਗੁਰੂ ਜੀ ਦੀ ਮਹਿਮਾ 'ਤੇ ਗੀਤ ਪੇਸ਼ ਕੀਤੇ। ਕੰਠ ਨੇ ਮਿਲੇ ਸਨਮਾਨ ਲਈ ਧੰਨਵਾਦ ਕਰਦਿਆਂ ਕਿਹਾ ਕਿ ਮੈਂ ਕੌਮ ਪ੍ਰਤੀ ਆਪਣੇ ਫਰਜ਼ ਹੋਰ ਵੀ ਜ਼ਿੰਮੇਵਾਰੀ ਨਾਲ ਨਿਭਾਵਾਂਗਾ। ਇਕ ਹਜ਼ਾਰ ਤੋਂ ਵੱਧ ਸੰਗਤ ਸ੍ਰੀ ਫਕੀਰ ਚੰਦ ਮਹਿਮੀ ਦੇ ਯਤਨਾਂ ਨਾਲ ਕੀਤੇ ਗਏ ਇਸ ਸਮਾਰੋਹ ਵਿਚ ਹਾਜ਼ਰ ਸੀ। ਸਭਾ ਵਲੋਂ ਕੰਠ ਨੂੰ ਸਿਰੋਪਾਓ 'ਤੇ ਕੁਝ ਨਕਦੀ ਮਾਣ ਦਿੱਤਾ ਗਿਆ। ਸਟੇਜ ਸੰਚਾਲਨ ਅਭਿਸ਼ੇਕ ਤੇ ਦਿਲਬਾਗ ਨੇ ਕੀਤਾ।

# 2ਜੀ ਬਾਰੇ ਮਨਮੋਹਨ ਨੇ ਦਿੱਤੀ ਸੀ ਧਮਕੀ: ਬਾਇਜਾਲ

**ਨਵੀਂ ਦਿੱਲੀ:** ਪਿਛਲੀ ਯੂ.ਪੀ.ਏ. ਸਰਕਾਰ ਉਤੇ ਘਪਲੇਬਾਜ਼ੀ ਦੇ ਦੋਸ਼ ਲਾਉਂਦੀ ਇਕ ਹੋਰ ਕਿਤਾਬ ਆਈ ਹੈ। ਇਸ ਦੇ ਲੇਖਕ ਤੇ ਭਾਰਤੀ ਟੈਲੀਕਾਮ ਨੇਮਬੰਦੀ ਅਥਾਰਿਟੀ (ਟਰਾਈ) ਦੇ ਸਾਬਕਾ ਚੇਅਰਮੈਨ ਪ੍ਰਦੀਪ ਬਾਇਜਾਲ ਨੇ ਦੋਸ਼ ਲਾਇਆ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਉਨ੍ਹਾਂ ਨੂੰ 2ਜੀ ਟੈਲੀਕਾਮ ਲਾਇਸੈਂਸਾਂ ਦੇ ਮਾਮਲੇ ਉਤੇ ਸਹਿਯੋਗ ਦੇਣ ਉਤੇ ਧਮਕਾਇਆ ਸੀ। ਉਨ੍ਹਾਂ ਨੂੰ ਸਹਿਯੋਗ ਨਾ ਦੇਣ ਦੀ ਸੂਰਤ ਵਿਚ 'ਨੁਕਸਾਨ' ਦੀ ਧਮਕੀ ਦਿੱਤੀ ਗਈ ਸੀ।

ਗ਼ੌਰਤਲਬ ਹੈ ਕਿ ਸ੍ਰੀ ਬਾਇਜਾਲ ਖੁਦ 2ਜੀ ਸਪੈਕਟਰਮ ਵੰਡ ਘਪਲੇ ਵਿਚ ਮੁਲਜ਼ਮ ਹਨ। ਉਨ੍ਹਾਂ ਇਹ ਦਾਅਵਾ ਵੀ ਕੀਤਾ ਕਿ ਸੀ.ਬੀ.ਆਈ. ਉਨ੍ਹਾਂ ਉਤੇ ਇਸ ਮਾਮਲੇ ਵਿਚ ਸ੍ਰੀ ਅਰੁਣ ਸ਼ੌਰੀ ਤੇ ਸ੍ਰੀ ਰਤਨ ਟਾਟਾ ਨੂੰ ਫਸਾਉਣ ਲਈ ਵੀ ਜ਼ੋਰ ਪਾ ਰਹੀ ਸੀ।

'ਕੰਪਲੀਟ ਸਟੋਰੀ ਆਫ਼ ਇੰਡੀਅਨ ਰਿਫੌਰਮਜ਼: 2ਜੀ, ਪਾਵਰ ਐਂਡ ਐਂਟਰਪ੍ਰਾਈਜ਼-ਅ ਪ੍ਰੈਕਟੀਸ਼ਨਰਜ਼ ਡਾਇਰੀ' ਦੇ ਸਿਰਲੇਖ ਵਾਲੀ ਕਿਤਾਬ ਵਿਚ ਸਾਬਕਾ ਐਨ.ਡੀ.ਏ. ਸਰਕਾਰ ਵੱਲੋਂ 2003 ਵਿਚ ਟਰਾਈ ਦੇ ਮੁਖੀ ਥਾਪੇ ਗਏ ਸ੍ਰੀ ਬਾਇਜਾਲ ਨੇ ਦਾਅਵਾ ਕੀਤਾ ਹੈ ਕਿ 2ਜੀ ਘਪਲੇ ਦੀ ਸ਼ੁਰੂਆਤ ਯੂ.ਪੀ.ਏ. ਦੇ ਟੈਲੀਕਾਮ ਮੰਤਰੀ ਦਿਆਨਿਧੀ ਮਾਰਨ ਦੇ ਕਾਰਜਕਾਲ ਵਿਚ ਹੋਈ ਸੀ।

# ਆਸ਼ੂਤੋਸ਼ ਦੇ ਸਸਕਾਰ ਦਾ ਮਾਮਲਾ ਹੋਰ ਅੱਗੇ ਪਿਆ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਇਕ ਵਾਰ ਫਿਰ ਦਿਵਿਆ ਜੋਤੀ ਜਾਗ੍ਰਿਤੀ ਸੰਸਥਾਨ ਦੇ ਮੁਖੀ ਆਸ਼ੂਤੋਸ਼ ਦੇ ਅੰਤਿਮ ਸੰਸਕਾਰ ਦੇ ਹੁਕਮਾਂ ਦੀ ਪਾਲਣਾ ਟਾਲ ਦਿੱਤੀ ਗਈ ਹੈ। ਇਸ ਕੇਸ ਦੀ ਸੁਣਵਾਈ ਆਉਂਦੀ 18 ਅਗਸਤ ਉਤੇ ਪੈ ਜਾਣ ਨਾਲ ਮੈਡੀਕਲ ਰਿਪੋਰਟਾਂ ਨੂੰ ਆਧਾਰ ਮੰਨਦਿਆਂ ਸਰਕਾਰੀ ਤੌਰ 'ਤੇ ਬਕਾਇਦਾ ਅਦਾਲਤ ਕੋਲ ਮੌਤ ਦੀ ਪੁਸ਼ਟੀ ਕੀਤੀ ਜਾ ਚੁੱਕੀ ਹੋਣ ਦੇ ਬਾਵਜੂਦ ਵੀ ਦੇਹ ਨੂੰ ਡੇਢ ਸਾਲ ਤੋਂ ਵੀ ਵੱਧ ਸਮਾਂ ਫਰੀਜ਼ਰ ਵਿਚ ਹੀ ਪਿਆ ਰਹਿਣ ਦੇਣਾ ਵੀ ਤੈਅ ਹੋ ਗਿਆ ਹੈ।

ਉਧਰ ਸੁਣਵਾਈ ਮੌਕੇ ਭਾਰਤ ਦੇ ਸਲਿਸਟਰ ਜਨਰਲ ਰਣਜੀਤ ਕੁਮਾਰ ਖੁਦ ਪੰਜਾਬ ਸਰਕਾਰ ਦੀ ਤਰਫ਼ੋਂ ਅਦਾਲਤ ਵਿਚ ਪੇਸ਼ ਹੋਏ। ਰਾਜ ਸਰਕਾਰ ਵੱਲੋਂ ਫਿਰ ਵਾਰ-ਵਾਰ ਆਸ਼ੂਤੋਸ਼ ਦੇ ਅੰਤਿਮ ਸੰਸਕਾਰ ਦੇ ਮਾਮਲੇ ਨੂੰ ਡੇਰੇ ਵਾਲਿਆਂ ਦਾ ਆਪਣਾ ਮਾਮਲਾ ਕਹਿੰਦਿਆਂ ਇਕਹਿਰੇ ਬੈਂਚ ਦੇ ਹੁਕਮਾਂ ਮੁਤਾਬਕ ਸਰਕਾਰ 'ਤੇ ਸਸਕਾਰ ਦੀ ਜ਼ਿੰਮੇਵਾਰੀ ਪਾਉਣ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ। ਸਰਕਾਰ ਵੱਲੋਂ ਇਸ ਬਾਰੇ ਫਿਰ ਅਮਨ-ਕਾਨੂੰਨ ਦੀ ਸਥਿਤੀ ਵਿਗੜਨ ਦਾ ਹਵਾਲਾ ਵੀ ਦਿੱਤਾ ਗਿਆ।

ਡਿਵੀਜ਼ਨ ਬੈਂਚ ਵੱਲੋਂ ਹਾਈਕੋਰਟ ਦੇ ਹੀ ਸਿੰਗਲ ਬੈਂਚ ਦੁਆਰਾ ਆਸ਼ੂਤੋਸ਼ ਦਾ ਅੰਤਿਮ ਸੰਸਕਾਰ ਕਰਨ ਦੇ ਫ਼ੈਸਲੇ ਵਿਰੁੱਧ ਆਈਆਂ ਅਪੀਲਾਂ ਉਤੇ ਸੁਣਵਾਈ ਕੀਤੀ ਗਈ, ਜਿਸ ਦੌਰਾਨ ਬੈਂਚ ਵੱਲੋਂ ਅੰਤਿਮ ਸੰਸਕਾਰ ਬਾਰੇ ਵਿਵਾਦ ਦਾ ਕੋਈ ਸਹਿਮਤੀਪੂਰਨ ਹੱਲ ਲੱਭਣ ਉਤੇ ਵੀ ਜ਼ੋਰ ਦਿੱਤਾ ਜਾਂਦਾ ਰਿਹਾ।

ਉਧਰ ਦੂਜੇ ਪਾਸੇ ਦਲੀਪ ਝਾਅ ਦੇ ਵਕੀਲ ਐਸ.ਪੀ. ਸੋਈ ਵੱਲੋਂ ਇਕ ਵਾਰ ਫਿਰ ਝਾਅ ਦੀ ਆਸ਼ੂਤੋਸ਼ ਦਾ ਪੁੱਤਰ ਹੋਣ ਬਾਬਤ ਦਾਅਵੇਦਾਰੀ ਦੀ ਪੁਖ਼ਤਗੀ ਹਿੱਤ ਡੀ.ਐਨ.ਏ. ਟੈਸਟ ਕਰਵਾਏ ਜਾਣ ਦੀ ਮੰਗ ਕੀਤੀ ਗਈ।

# ਦਿੱਲੀ ਕਮੇਟੀ ਦੇ ਖਾਤਿਆਂ ਦੀ ਜਾਂਚ ਕਰਨ ਉਪ ਰਾਜਪਾਲ: ਸਰਨਾ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਮੰਗ ਕੀਤੀ ਕਿ ਦਿੱਲੀ ਦੇ ਉਪ ਰਾਜਪਾਲ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਖਾਤਿਆਂ ਦੀ ਜਾਂਚ ਕਰਵਾਉਣ ਤਾਂ ਜੋ ਖਾਤਿਆਂ ਦੀਆਂ ਗੜਬੜੀਆਂ ਬਾਰੇ ਪਤਾ ਲੱਗ ਸਕੇ। ਦਿੱਲੀ ਵਿਚ ਪ੍ਰੈੱਸ ਕਾਨਫਰੰਸ ਦੌਰਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਉਨ੍ਹਾਂ ਪਹਿਲਾਂ ਵੀ ਉਪ ਰਾਜਪਾਲ ਨੂੰ ਇਸ ਬਾਰੇ ਚਿੱਠੀ ਲਿਖੀ ਸੀ ਪਰ ਕੋਈ ਜਵਾਬ ਨਹੀਂ ਆਇਆ। ਉਨ੍ਹਾਂ ਕਿਹਾ ਕਿ ਹੁਣ ਫਿਰ ਉਹ ਬੇਨਤੀ ਕਰਦੇ ਹਨ, ਜੇਕਰ ਹੁਣ ਵੀ ਉਨ੍ਹਾਂ ਦੀ ਨਹੀਂ ਸੁਣੀ ਗਈ ਤਾਂ ਉਹ ਦਿੱਲੀ ਸਰਕਾਰ ਕੋਲ ਜਾਣਗੇ। ਉਨ੍ਹਾਂ ਦਾਅਵਾ ਕੀਤਾ ਕਿ ਜਦੋਂ ਕਮੇਟੀ ਦਾ ਚਾਰਜ ਉਨ੍ਹਾਂ ਛੱਡਿਆ ਸੀ ਉਦੋਂ ਖਾਤਿਆਂ ਵਿਚ 97 ਕਰੋੜ ਰੁਪਏ ਸਨ। ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਸੰਤ ਵਿਹਾਰ ਵਿਚ ਸਵਿਮਿੰਗ ਪੂਲ ਤੇ ਜਿੰਮ ਖੋਲ੍ਹਣ ਲਈ ਥਾਂ ਇਕ ਨਿੱਜੀ ਕੰਪਨੀ ਨੂੰ ਲੀਜ਼ ਉਤੇ ਦੇਣ ਬਾਰੇ ਉਨ੍ਹਾਂ ਕਿਹਾ ਕਿ ਇਹ ਨਿਯਮਾਂ ਦੇ ਖ਼ਿਲਾਫ਼ ਹੈ ਪਰ ਉਨ੍ਹਾਂ ਗੁਰੂ ਹਰਿਕ੍ਰਿਸ਼ਨ ਹਸਪਤਾਲ ਲਈ ਬਣਾਏ ਗਏ ਟਰੱਸਟ ਬਾਰੇ ਚੱਲ ਰਹੀ ਕਾਨੂੰਨੀ ਲੜਾਈ ਬਾਰੇ ਅਗਲੀ ਪ੍ਰੈੱਸ ਮਿਲਣੀ ਤੱਕ ਗੱਲ ਟਾਲ ਦਿੱਤੀ।

## ਭਾਰਤੀ ਹਵਾਈ ਅੱਡਿਆਂ 'ਤੇ ਖਤਮ ਹੋਵੇ ਵੀ ਆਈ ਪੀ ਸਭਿਆਚਾਰ

(ਸਫਾ 14 ਦੀ ਬਾਕੀ)

ਵਰਗਾਂ ਦੇ ਲੀਡਰਾਂ ਨੂੰ ਬਿਨਾਂ ਕਿਸੇ ਪੜਤਾਲ ਦੇ ਜਹਾਜ਼ਾਂ ਅੰਦਰ ਜਾਣ ਦੀ ਆਗਿਆ ਦਿੱਤੀ ਹੋਈ ਹੈ ਜਿਵੇਂ ਕਿ ਸ਼ਹਿਰੀ ਹਵਾਬਾਜੀ ਮੰਤਰੀ ਨੂੰ ਮਿਲੀ ਹੋਈ ਹੈ। ਇੰਗਲੈਂਡ ਵਿਚ ਕੇਵਲ ਮਲਕਾ ਨੂੰ ਤਲਾਸ਼ੀ ਤੋਂ ਛੋਟ ਹੈ। ਪ੍ਰਧਾਨ ਮੰਤਰੀ ਦੀ ਵੀ ਹਵਾਈ ਅੱਡਿਆਂ ਉਪਰ ਆਮ ਯਾਤਰੂਆਂ ਦੀ ਤਰ੍ਹਾਂ ਚੈਕਿੰਗ ਹੁੰਦੀ ਹੈ। ਪਰ ਰਾਸ਼ਟਰਪਤੀ, ਉਪ-ਰਾਸ਼ਟਰਪਤੀ, ਪ੍ਰਧਾਨ ਮੰਤਰੀ, ਚੀਫ ਜਸਟਿਸ, ਲੋਕ ਸਭਾ ਸਪੀਕਰ, ਕੈਬਨਿਟ ਮੰਤਰੀਆਂ ਤੋਂ ਇਲਾਵਾ ਮੁੱਖ ਮੰਤਰੀਆਂ, ਉਪ-ਮੁੱਖ ਮੰਤਰੀਆਂ, ਭਾਰਤ ਰਤਨ ਵਾਲਿਆਂ, ਸਾਬਕਾ ਰਾਸ਼ਟਰਪਤੀ, ਪ੍ਰਧਾਨ ਮੰਤਰੀਆਂ ਵਗੈਰਾ ਤੋਂ ਇਲਾਵਾ ਉਨ੍ਹਾਂ ਦੀਆਂ ਪਤਨੀਆਂ, ਸੋਨੀਆ ਗਾਂਧੀ ਦੇ ਜੁਆਈ ਰੋਬਰਟ ਵਾਡਰਾ, ਬਾਬਾ ਰਾਮਦੇਵ ਵਰਗੇ ਅਨੇਕਾਂ ਵਿਅਕਤੀਆਂ ਨੂੰ ਹਵਾਈ ਅੱਡਿਆਂ 'ਤੇ ਤਲਾਸ਼ੀ ਤੋਂ ਛੋਟ ਮਿਲੀ ਹੋਈ ਹੈ ਤੇ ਇਹ ਗਿਣਤੀ ਕਰੀਬ 123 ਬਣਦੀ ਹੈ। ਜੇ ਸ਼ਹਿਰੀ ਹਵਾਬਾਜੀ ਮੰਤਰੀ ਜਿਸ ਦਾ ਫਰਜ਼ ਬਣਦਾ ਹੈ ਕਿ ਉਹ ਹਵਾਈ ਸੁਰੱਖਿਆ ਲਈ ਸਖਤ ਕਦਮ ਚੁੱਕੇ ਤੇ ਬਣੇ ਨਿਯਮਾਂ ਨੂੰ ਲਾਗੂ ਕਰਵਾਏ, ਵਲੋਂ ਹੀ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ ਤਾਂ ਬਾਕੀ ਵਿਅਕਤੀਆਂ ਵਿਚੋਂ ਕੋਈ ਵੀ ਐਸੀ ਖਤਰਨਾਕ ਚੀਜ਼ ਖੜ੍ਹ ਸਕਦਾ ਹੈ ਜੋ ਜਹਾਜ ਲਈ ਤਬਾਹੀ ਦਾ ਕਾਰਨ ਬਣ ਸਕਦੀ ਹੈ। ਚਾਹੀਦਾ ਹੈ, ਇੰਗਲੈਂਡ ਤੇ ਅਮਰੀਕਾ ਵਾਂਗ ਚੰਦ ਵਿਅਕਤੀਆਂ ਨੂੰ ਛੱਡ ਕੇ ਬਾਕੀ ਸਭ ਦੀ ਤਲਾਸ਼ੀ ਲਈ ਜਾਵੇ ਤੇ ਇਹ ਵੀ. ਆਈ. ਪੀ. ਪ੍ਰਬੰਧ ਖਤਮ ਕੀਤਾ ਜਾਵੇ। ਲੋਕਤੰਤਰ ਵਿਚ ਲੋਕ ਹੀ ਵੀ. ਆਈ. ਪੀ. ਹਨ ਨਾ ਕਿ ਲੀਡਰ। ਨਿਯਮਾਂ ਦੀ ਉਲੰਘਣਾ ਕਰਨ ਵਾਲੇ ਮੰਤਰੀਆਂ ਦੀ ਛਾਂਟੀ ਕਰਨੀ ਚਾਹੀਦੀ ਹੈ।

# ਸੈਲਡੈਫ ਆਗੂ ਜਸਜੀਤ ਸਿੰਘ ਦਾ ਸਨਮਾਨ

**ਵਾਸ਼ਿੰਗਟਨ, ਡੀ ਸੀ:** ਏਸ਼ੀਅਨ ਪੈਸੀਫਿਕ ਅਮੇਰੀਕਿਨ ਇੰਸਟੀਚਿਊਟ ਫਾਰ ਕਾਂਗਰੈਸ਼ਨਲ ਸਟਡੀਜ਼ ਨੇ 14 ਮਈ ਨੂੰ ਹੋਏ ਆਪਣੇ ਸਾਲਾਨਾ ਉਤਸਵ ਮੌਕੇ ਸੈਲਡੈਫ (ਸਿੱਖ ਅਮਰੀਕੀ ਕਾਨੂੰਨੀ ਰੱਖਿਆ ਅਤੇ ਸਿੱਖਿਆ ਫੰਡ) ਅਤੇ ਜਸਜੀਤ ਸਿੰਘ ਦਾ ਕਮਿਊਨਿਟੀ ਪ੍ਰਾਪਤੀ ਐਵਾਰਡ ਨਾਲ ਸਨਮਾਨ ਕੀਤਾ। ਇਹ ਸਨਮਾਨ ਕਾਂਗਰਸਮੈਨ ਮਾਈਕ ਹਾਂਡਾ ਨੇ ਦਿੱਤਾ। ਸਾਬਕਾ ਰਾਸ਼ਟਰਪਤੀ ਜਾਰਜ ਬੁਸ਼ ਅਤੇ ਐਮ ਐਸ ਐਨ ਬੀ ਸੀ ਦੇ ਨਿਊਜ਼ ਐਡੀਟਰ ਰਿਚਰਡ ਲੂਈ ਦਾ ਵੀ ਇਸ ਮੌਕੇ ਸਨਮਾਨ ਕੀਤਾ ਗਿਆ।




ਆਪਣੇ ਭਾਸ਼ਣ ਵਿਚ ਕਾਂਗਰਸਮੈਨ ਮਾਈਕ ਹਾਂਡਾ ਨੇ ਸੈਲਡੈਫ ਦੀ ਟੀਮ ਵਲੋਂ ਅਮਰੀਕਾ ਵਿਚ ਸਿੱਖ ਪਛਾਣ ਅਤੇ ਸਿੱਖ ਧਰਮ ਦੀਆਂ ਰਵਾਇਤਾਂ ਅਤੇ ਇਸ ਦੇ ਆਦਰਸ਼ਾਂ ਬਾਰੇ ਚੇਤਨਾ ਪੈਦਾ ਕਰਨ ਲਈ ਨਿਭਾਏ ਗਏ ਰੋਲ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਸੈਲਡੈਫ ਦੇ ਯਤਨਾਂ ਦਾ ਹੀ ਨਤੀਜਾ ਹੈ ਕਿ ਅੱਜ ਸਿੱਖ ਨੌਜਵਾਨ ਪੰਜ ਕੱਕਾਰ ਪਹਿਨ ਕੇ ਪੁਲਿਸ ਅਤੇ ਫਾਇਰ ਡਿਪਾਰਟਮੈਂਟ ਵਿਚ ਸੇਵਾ ਕਰ ਸਕਦੇ ਹਨ।

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

HURRY! LIMITED-TIME OFFER!

BIGGEST SALE EVER IN HINDI TV
OVER 50% OFF PER MONTH
FOR A YEAR!

Requires 24-month commitment, credit qualification and subscription to qualifying American programming. Early Termination Fee applies.



$24.99/mo for 12 months

HINDI MEGA PACK ~~$54.99/mo~~ EVERYDAY PRICE

AMERICA'S TOP 120
$29.99/mo. for 12 months. Everyday price $59.99/mo.

ENJOY THESE FAVORITES, PLUS MORE

LOCAL CHANNELS INCLUDED

All offers requires 24-month commitment, credit qualification and subscription to qualifying American programming. Early Termination Fee applies.

DISH. The only satellite provider with Hindi TV. Call today!

We Install DISH Network All Over The USA

MUST MENTION OFFER CODE:
SAVEBIG
AT TIME OF ORDERING.
Cannot be combined with other Offer Codes

Satellite Plus Security cameras inc.
www.SPSecurityCameras.com

1.877.593.1510
559.226.1510

dish AUTHORIZED RETAILER

International programming requires additional $10/mo International Basic package or any America's Top package.

**$30/mo. Credit for 12 Months Offer:** Valid for activation and installation of qualifying new DISH service. Requires subscription to a qualifying American or DishLATINO package in addition to Hindi Mega Pack. Must provide Offer Code at time of order. Receive a monthly credit of $30 for the first 12 months.

**Important Terms and Conditions: Promotional Offers:** Require activation of new qualifying DISH service. All prices, fees, charges, packages, programming, features, functionality and offers subject to change without notice. After 12-month promotional period, then-current monthly price applies and is subject to change. **ETF:** If you cancel service during first 24 months, early termination fee of $20 for each month remaining applies.

**Additional Requirements: Installation/Equipment Requirements:** A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply. **Miscellaneous:** Offers available for new and qualified former customers, and subject to terms of applicable Promotional and Residential Customer agreements. Taxes or reimbursement charges for state gross earnings taxes may apply. Additional restrictions and taxes may apply. **Offers end 6/10/2015.**

*ਪਿਛਲੇ ਕੁਝ ਸਮੇਂ ਦੌਰਾਨ ਸਾਹਮਣੇ ਆਏ ਦਸਤਾਵੇਜ਼ਾਂ ਤੋਂ ਸਪਸ਼ਟ ਹੋ ਰਿਹਾ ਹੈ ਕਿ ਆਰ.ਐਸ.ਐਸ. ਪੰਜਾਬ ਵਿਚ ਵੱਡੇ ਪੱਧਰ ਉਤੇ ਸਰਗਰਮੀ ਕਰ ਰਹੀ ਹੈ। ਇਹ ਜਥੇਬੰਦੀ ਆਪਣੇ 'ਸਭਿਆਚਾਰਕ ਰਾਸ਼ਟਰਵਾਦ' ਵਾਲਾ ਸੰਕਲਪ ਲਾਗੂ ਕਰਨ ਲਈ ਦਿਨ-ਰਾਤ ਇਕ ਕਰ ਰਹੀ ਹੈ। ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਜਿਸ ਦਾ ਪਹਿਲਾ ਨਾਂ ਜਨ ਸੰਘ ਸੀ, ਦੀ ਸਰਕਾਰ ਬਣਨ ਤੋਂ ਬਾਅਦ ਸਮੁੱਚੇ ਮੁਲਕ ਵਿਚ ਆਰ.ਐਸ.ਐਸ ਦੀਆਂ ਸਰਗਰਮੀਆਂ ਵਿਚ ਅਚਾਨਕ ਵਾਧਾ ਹੋਇਆ ਹੈ। ਪੰਜਾਬ ਵਿਚ ਇਸ ਵੱਲੋਂ ਪੰਜਾਬੀ ਵਿਚ ਆਪਣਾ ਪਰਚਾ 'ਯੁਗ ਬੋਧ' ਨਿਰਵਿਘਨ ਛਾਪਿਆ ਜਾ ਰਿਹਾ ਹੈ। ਪਰਚੇ ਵਿਚ ਛਾਪੀ ਜਾ ਰਹੀ ਸਮੱਗਰੀ ਉਤੇ ਸਰਸਰੀ ਜਿਹੀ ਨਿਗ੍ਹਾ ਮਾਰਨ ਨਾਲ ਹੀ ਸਾਫ ਹੋ ਜਾਂਦਾ ਹੈ ਕਿ ਆਰ.ਐਸ.ਐਸ ਦਾ ਪੰਜਾਬ ਲਈ ਏਜੰਡਾ ਕੀ ਹੈ। ਸਿੱਖ ਪਾਠਕਾਂ ਲਈ ਇਸ ਪਰਚੇ ਦੇ ਹਰ ਅੰਕ ਵਿਚ ਵਿਸ਼ੇਸ਼ ਮੈਟਰ ਹੁੰਦਾ ਹੈ। ਹਾਲ ਹੀ ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਦੇ ਪ੍ਰਧਾਨ ਕਮਲ ਸ਼ਰਮਾ ਨੇ ਜਲੰਧਰ ਵਿਚ ਭਾਸ਼ਾ ਬਾਰੇ ਹੋਏ ਇਕ ਸਮਾਗਮ ਵਿਚ ਸਵੀਕਾਰ ਕੀਤਾ ਕਿ ਪਾਰਟੀ ਤੋਂ ਜਾਣੇ-ਅਣਜਾਣੇ ਪੰਜਾਬੀ ਨਾਲ ਵਿਤਕਰਾ ਹੋ ਗਿਆ ਸੀ, ਹੁਣ ਅਗਾਂਹ ਤੋਂ ਅਜਿਹਾ ਨਹੀਂ ਹੋਵੇਗਾ। ਆਪਣੇ ਪ੍ਰਚਾਰ ਸਾਹਿਤ ਵਿਚ ਆਰ.ਐਸ.ਐਸ. ਆਪਣਾ ਪੰਜਾਬੀ ਪਿਆਰ ਵਧ-ਚੜ੍ਹ ਕੇ ਪੇਸ਼ ਕਰ ਰਹੀ ਹੈ। ਇਸ ਮਸਲੇ ਉਤੇ ਉਚੇਚੀ ਝਾਤ ਪੁਆ ਰਹੇ ਹਨ ਵਿਕਰਮਜੀਤ ਸਿੰਘ ਵੜੈਚ। -ਸੰਪਾਦਕ*





# ਆਰ.ਐਸ.ਐਸ. ਦਾ ਪੰਜਾਬੀ ਪਿਆਰ

**ਚੰਡੀਗੜ੍ਹ:** ਆਰ.ਐਸ.ਐਸ. ਅਤੇ ਇਸ ਦੇ ਸਿਆਸੀ ਵਿੰਗ- ਭਾਰਤੀ ਜਨਤਾ ਪਾਰਟੀ ਵੱਲੋਂ ਪਿਛਲੇ ਕੁਝ ਸਮੇ ਤੋਂ ਪੰਜਾਬੀ ਬਾਰੇ ਬੜਾ ਪਿਆਰ ਦਿਖਾਇਆ ਜਾ ਰਿਹਾ ਹੈ। ਪਾਰਟੀ ਦੇ ਸੂਬਾ ਪ੍ਰਧਾਨ ਕਮਲ ਸ਼ਰਮਾ ਨੇ ਪਿਛਲੇ ਸਮੇਂ ਦੌਰਾਨ ਪਾਰਟੀ ਵੱਲੋਂ ਪੰਜਾਬੀ ਨਾਲ ਕੀਤੇ ਵਿਤਕਰੇ ਬਾਰੇ ਦੁੱਖ ਵੀ ਜ਼ਾਹਿਰ ਕੀਤਾ ਹੈ। ਹੁਣ ਆਰ.ਐਸ.ਐਸ. ਅਤੇ ਭਾਰਤੀ ਜਨਤਾ ਪਾਰਟੀ ਵੱਲੋਂ ਪੰਜਾਬੀ ਨਾਲ ਪਿਆਰ ਵਾਲੀ ਉਚੇਚੀ ਮੁਹਿੰਮ ਛੇੜੀ ਗਈ ਹੈ। ਸਿਆਸੀ ਮਾਹਿਰ ਇਸ ਨੂੰ ਭਾਰਤੀ ਜਨਤਾ ਪਾਰਟੀ ਵੱਲੋਂ ਸੂਬੇ ਵਿਚ ਆਪਣੀ ਆਜ਼ਾਦਾਨਾ ਹੋਂਦ ਨਾਲ ਜੋੜ ਕੇ ਦੇਖ ਰਹੇ ਹਨ, ਪਰ ਕੁਝ ਵਿਦਵਾਨਾਂ ਦਾ ਕਹਿਣਾ ਹੈ ਕਿ ਇਹ ਪਿਆਰ ਆਰ.ਐਸ.ਐਸ. ਦੇ ਪੰਜਾਬ ਬਾਰੇ ਖਾਸ ਏਜੰਡੇ ਦਾ ਇਕ ਅੰਸ਼-ਮਾਤਰ ਹੈ। ਇਸ ਦਾ ਅਸਲ ਪ੍ਰੋਜੈਕਟ ਤਾਂ ਕੋਈ ਹੋਰ ਹੈ।

ਆਰ.ਐਸ.ਐਸ. ਦੇ ਸਾਬਕਾ ਪ੍ਰਚਾਰਕ ਤੇ ਬਜ਼ੁਰਗ ਪੱਤਰਕਾਰ ਕ੍ਰਿਸ਼ਨ ਲਾਲ ਢੱਲ (87) ਠੋਕ-ਵਜਾ ਕੇ ਕਹਿੰਦੇ ਹਨ ਕਿ ਆਰ.ਐਸ.ਐਸ. ਦਾ ਸੁਨੇਹਾ ਬੜਾ ਸਿੱਧਾ ਹੈ ਕਿ ਪੰਜਾਬੀਆਂ ਨੂੰ ਆਪਣੀ ਮਾਂ ਬੋਲੀ ਪੰਜਾਬੀ ਦੀ ਪੈਰਵੀ ਕਰਨੀ ਚਾਹੀਦੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਆਰ.ਐਸ.ਐਸ. ਦੇ ਅੰਦਰ ਇਸ ਮਸਲੇ ਉਤੇ ਬੜਾ ਗਹਿ-ਗਚ ਵਿਚਾਰ-ਵਟਾਂਦਰਾ ਹੁੰਦਾ ਰਿਹਾ ਹੈ। ਪੰਜਾਬ ਦੇ ਪੁਨਰਗਠਨ ਵੇਲੇ ਜਨ ਸੰਘ (ਭਾਰਤੀ ਜਨਤਾ ਪਾਰਟੀ ਦਾ ਪਹਿਲਾ ਨਾਂ) ਅੱਗੇ ਇਹ ਮਸਲਾ ਖੜ੍ਹਾ ਹੋਇਆ ਸੀ। ਉਦੋਂ ਬਹਿਸ ਇਹ ਸ਼ੁਰੂ ਹੋ ਗਈ ਸੀ ਕਿ ਪੁਨਰਗਠਨ ਦਾ ਸਿੱਖ ਸਟੇਟ ਲਈ ਰਾਹ ਖੁੱਲ੍ਹ ਰਿਹਾ ਹੈ ਅਤੇ ਇਸ ਨਾਲ ਅਕਾਲੀ ਦਲ ਦਾ ਵੱਖਵਾਦੀ ਏਜੰਡਾ ਵੀ ਸਾਹਮਣੇ ਆਵੇਗਾ। ਯਾਦ ਰਹੇ ਕਿ ਆਰ.ਐਸ.ਐਸ. ਸਿੱਖਾਂ ਨੂੰ ਹਿੰਦੂਆਂ ਦਾ ਹੀ ਹਿੱਸਾ ਮੰਨਦੇ ਰਹੇ ਹਨ ਅਤੇ ਵੱਖਰੀ ਸਿਆਸੀ ਹੋਂਦ ਦੇ ਖਿਲਾਫ਼ ਰਹੇ ਹਨ।

ਸ੍ਰੀ ਢੱਲ ਮੁਤਾਬਕ ਇਸੇ ਮਾਹੌਲ ਕਰ ਕੇ ਹੀ ਆਰੀਆ ਸਮਾਜ ਅਤੇ ਇਸ ਦੇ ਆਗੂਆਂ ਜਿਨ੍ਹਾਂ ਦਾ ਮੀਡੀਆ ਉਤੇ ਤਕੜਾ ਕੰਟਰੋਲ ਸੀ, ਨੇ ਇਹ ਮੁਹਿੰਮ ਚਲਾਈ ਕਿ ਹਿੰਦੂ ਆਪਣੀ ਮਾਂ ਬੋਲੀ ਪੰਜਾਬੀ ਦੀ ਥਾਂ ਹਿੰਦੀ ਦਰਜ ਕਰਵਾਉਣ। ਇਨ੍ਹਾਂ ਆਗੂਆਂ ਨੇ ਜਨ ਸੰਘ ਉਤੇ ਵੀ ਪ੍ਰਭਾਵ ਪਾਉਣ ਦਾ ਯਤਨ ਕੀਤਾ। ਉਨ੍ਹਾਂ ਦੱਸਿਆ ਕਿ ਇਹ ਮਸਲਾ ਜਨ ਸੰਘ ਦੇ ਲੀਡਰ ਦੀਨ ਦਿਆਲ ਉਪਾਧਿਆਇ ਅੱਗੇ ਵੀ ਰੱਖਿਆ ਗਿਆ ਸੀ ਜਦੋਂ ਉਹ 1957 ਵਿਚ ਲੁਧਿਆਣੇ ਪੁੱਜੇ ਸਨ। ਉਦੋਂ ਉਥੇ ਮੀਟਿੰਗ ਦੌਰਾਨ ਉਨ੍ਹਾਂ ਕਿਹਾ ਸੀ ਕਿ ਪੰਜਾਬੀਆਂ ਨੂੰ ਆਪਣੀ ਮਾਂ ਬੋਲੀ ਪੰਜਾਬੀ ਹੀ ਲਿਖਵਾਉਣੀ ਚਾਹੀਦੀ ਹੈ, ਪਰ ਉਸ ਵੇਲੇ ਬਹੁਤੇ ਹਿੰਦੂ, ਪੰਜਾਬੀ ਵਿਰੋਧੀ ਮੁਹਿੰਮ ਵਿਚ ਹੜ੍ਹ ਹੀ ਗਏ। ਇਸ ਅਸਰ ਕਰ ਕੇ ਹੀ ਬਹੁਤ ਸਾਰੇ ਹਿੰਦੂ ਪਰਿਵਾਰਾਂ ਨੇ ਆਪਣੀ ਮਾਂ ਬੋਲੀ ਹਿੰਦੀ ਦਰਜ ਕਰਵਾਈ, ਪਰ ਜਦੋਂ ਮਾਧਵ ਸਦਾਸ਼ਿਵ ਗੋਲਵਾਲਕਰ ਨੇ ਪੰਜਾਬੀ ਦੇ ਹੱਕ ਵਿਚ ਬਿਆਨ ਦਿੱਤਾ ਤਾਂ ਇਸ ਬਾਰੇ ਮੁੜ ਬਹਿਸ ਸ਼ੁਰੂ ਹੋ ਗਈ।


ਮਾਧਵ ਸਦਾਸ਼ਿਵ ਗੋਲਵਾਲਕਰ

ਜਨ ਸੰਘ ਦੇ ਇਕ ਕਾਰਕੁਨ ਕੈਲਾਸ਼ ਨਾਥ ਗੁਪਤਾ (ਫਗਵਾੜਾ) ਨੇ ਦੱਸਿਆ ਕਿ ਪੰਜਾਬੀ ਹਿੰਦੀ ਦੀ ਇਸ ਲੜਾਈ ਵਿਚ, ਦਰਅਸਲ ਸ਼੍ਰੋਮਣੀ ਅਕਾਲੀ ਦਲ ਅਤੇ ਜਨ ਸੰਘ ਆਹਮੋ-ਸਾਹਮਣੇ ਆ ਗਏ ਸਨ। ਉਂਝ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਦਾ ਡਾ. ਐਸ.ਪੀ. ਸਿੰਘ ਦਾ ਆਖਣਾ ਹੈ ਕਿ ਫਿਰਕੂ ਆਧਾਰ 'ਤੇ ਭਾਸ਼ਾ ਉਤੇ ਸਿਆਸਤ 1941 ਦੀ ਮਰਦਮਸ਼ੁਮਾਰੀ ਵੇਲੇ ਹੀ ਸ਼ੁਰੂ ਹੋ ਗਈ ਸੀ। ਬਾਅਦ ਵਿਚ ਤਾਂ ਇਹ ਫਿਰਕੂ ਲੜਾਈ ਸਕੂਲਾਂ ਤੱਕ ਚਲੀ ਗਈ। 1950ਵਿਆਂ ਅਤੇ 60ਵਿਆਂ ਵਿਚ ਜਲੰਧਰ ਦੇ ਸਰਕਾਰੀ ਸਕੂਲ ਵਿਚ ਦੋ ਵੱਖਰੇ ਸੈਕਸ਼ਨ ਬਣਦੇ ਸਨ, ਹਿੰਦੂ ਵਿਦਿਆਰਥੀਆਂ ਲਈ ਹਿੰਦੀ ਮੀਡੀਅਮ ਵਾਲਾ ਅਤੇ ਸਿੱਖ ਵਿਦਿਆਰਥੀਆਂ ਲਈ ਪੰਜਾਬੀ ਮੀਡੀਅਮ ਵਾਲਾ।

ਪੰਜਾਬ ਵਿਚ ਆਰ.ਐਸ.ਐਸ ਵੱਲੋਂ ਚਲਾਏ ਜਾ ਰਹੇ ਸਰਬ ਹਿਤਕਾਰੀ ਸਕੂਲਾਂ ਦੇ ਇੰਚਾਰਜ ਵਿਜੈ ਸਿੰਘ ਨੱਢਾ ਮੁਤਾਬਕ ਆਰ.ਐਸ.ਐਸ. ਦੀ ਪੁਜ਼ੀਸਨ ਤਾਂ ਐਨ ਸਪਸ਼ਟ ਸੀ, ਪਰ ਜਨ ਸੰਘ ਦੀ ਸੂਬਾਈ ਲੀਡਰਸ਼ਿਪ ਸੂਬੇ ਦੇ ਪੁਨਰਗਠਨ ਦੇ ਮਾਮਲੇ 'ਤੇ ਪੰਜਾਬੀ ਵਿਰੋਧੀ ਸੀ। ਹੁਣ ਇਹ ਬੀਤੇ ਦੀਆਂ ਗੱਲਾਂ ਹਨ ਅਤੇ ਭਾਸ਼ਾ ਦੀ ਸਿਆਸਤ ਹੁਣ ਕੋਈ ਮਸਲਾ ਨਹੀਂ ਰਹੀ। ਡਾ. ਜੇ.ਐਸ. ਪੁਆਰ ਦਾ ਕਹਿਣਾ ਹੈ ਕਿ ਹੁਣ ਫਿਰਕੂ ਆਧਾਰ ਉਤੇ ਭਾਸ਼ਾ ਦੀ ਵੰਡ ਖ਼ਤਮ ਹੋ ਗਈ ਹੈ, ਹੁਣ ਤਾਂ ਜਮਾਤ ਦੇ ਆਧਾਰ 'ਤੇ ਵਾਲੀ ਇਕੋ-ਇਕ ਵੰਡ ਹੀ ਰਹਿ ਗਈ ਹੈ। ਉਚ ਮੱਧ ਵਰਗ ਭਾਵੇਂ ਉਹ ਹਿੰਦੂ ਹੈ ਜਾਂ ਸਿੱਖ, ਪੰਜਾਬੀ ਦੀ ਥਾਂ ਹਿੰਦੀ ਬੋਲਣ ਨੂੰ ਤਰਜੀਹ ਦੇ ਰਿਹਾ ਹੈ। ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਦੀ ਪੁੱਛ-ਪ੍ਰਤੀਤ ਬਹੁਤ ਘੱਟ ਹੈ।

# ਪੰਜਾਬੀ ਬੋਲਣ ਪੱਖੋਂ ਸਿੱਖ ਤੀਜੀ ਥਾਂ 'ਤੇ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਇੰਗਲੈਂਡ ਦੀ ਮਾਨਚੈਸਟਰ ਯੂਨੀਵਰਸਿਟੀ ਇਕ ਪ੍ਰੋਜੈਕਟ ਉਤੇ ਕੰਮ ਕਰ ਰਹੀਆਂ ਹਨ ਜਿਸ ਦਾ ਫੋਕਸ ਪੰਜਾਬੀ ਬੋਲਦੇ ਭਾਈਚਾਰਿਆਂ ਬਾਰੇ ਤੱਥ ਜੁਟਾਉਣਾ ਹੈ। ਸੈਂਟਰ ਫਾਰ ਸੈਂਸਸ ਸਟੱਡੀਜ਼ ਐਂਡ ਰਿਸਰਚ (ਸੀ.ਸੀ.ਐਸ.ਆਰ.) ਦੇ ਡਾਇਰੈਕਟਰ ਪ੍ਰੋ. ਹਰਵਿੰਦਰ ਸਿੰਘ ਭੱਟੀ ਨੇ ਦੱਸਿਆ ਕਿ ਅੰਦਾਜ਼ੇ ਅਨੁਸਾਰ ਸੰਸਾਰ ਭਰ ਵਿਚ ਪੰਜਾਬੀ ਬੋਲਣ ਵਾਲੇ ਲੋਕਾਂ ਦੀ ਗਿਣਤੀ 10 ਤੋਂ 12 ਕਰੋੜ ਦੇ ਵਿਚਕਾਰ ਹੈ, ਪਰ ਅਜੇ ਤੱਕ ਇਸ ਗਿਣਤੀ ਬਾਰੇ ਕੋਈ ਪ੍ਰਮਾਣਿਕ ਜਾਣਕਾਰੀ ਨਹੀਂ ਮਿਲਦੀ।

ਪ੍ਰੋ. ਭੱਟੀ ਨੇ ਦੱਸਿਆ ਕਿ ਸੰਸਾਰ ਭਰ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਸਭ ਤੋਂ ਵੱਧ ਗਿਣਤੀ ਮੁਸਲਮਾਨਾਂ ਦੀ ਹੈ। ਇਕ ਅੰਦਾਜ਼ੇ ਮੁਤਾਬਕ 80.45 ਮਿਲੀਅਨ ਮੁਸਲਮਾਨ ਪੰਜਾਬੀ ਬੋਲਦੇ ਹਨ। ਹਿੰਦੂਆਂ ਦੀ ਗਿਣਤੀ 29.5 ਮਿਲੀਅਨ ਅਤੇ ਸਿੱਖਾਂ ਦੀ 13 ਮਿਲੀਅਨ ਹੈ।

**ਪਹਿਲੇ ਸਥਾਨ ਉਤੇ ਮੁਸਲਮਾਨ ਤੇ ਦੂਜੀ ਥਾਂ ਹਿੰਦੂਆਂ ਦੀ**




ਵੰਡ-ਦਰ-ਵੰਡ ਦੌਰਾਨ ਭਾਵੇਂ ਪੰਜਾਬੀ ਦਾ ਬਹੁਤ ਵੱਡੇ ਪੱਧਰ 'ਤੇ ਸਿਆਸੀਕਰਨ ਹੋਇਆ ਹੈ, ਪਰ ਇਨ੍ਹਾਂ ਤਿੰਨਾਂ ਭਾਈਚਾਰਿਆਂ ਲਈ ਪੰਜਾਬੀ ਭਾਸ਼ਾ, ਬੋਲੀ ਅਤੇ ਸਭਿਆਚਾਰ ਦਾ ਵਿਸ਼ੇਸ ਮਹੱਤਵ ਹੈ। ਪਿਛਲੇ ਕੁਝ ਸਮੇਂ ਦੌਰਾਨ ਛੋਟੀਆਂ ਤੇ ਘੱਟ ਵਿਕਸਿਤ ਭਾਸ਼ਾਵਾਂ ਲਗਾਤਰ ਹਾਸ਼ੀਏ ਉਤੇ ਜਾ ਰਹੀਆਂ ਹਨ। ਇਨ੍ਹਾਂ ਵਿਚੋਂ ਕੁਝ ਕੁ ਤਾਂ ਮੁੱਕਣ ਕੰਢੇ ਪੁੱਜ ਗਈਆਂ ਹਨ। ਪਿਛਲੇ ਡੇਢ ਦਹਾਕੇ ਦੌਰਾਨ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਦੀ ਗਿਣਤੀ 10 ਹਜ਼ਾਰ ਤੋਂ ਘਟ ਕੇ 6 ਹਜ਼ਾਰ ਰਹਿ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਵਿਚ ਸਿੱਖ ਭਾਈਚਾਰੇ ਵੱਲ ਉਚੇਚਾ ਧਿਆਨ ਦਿੱਤਾ ਜਾ ਰਿਹਾ ਹੈ। ਸਿੱਖਾਂ ਦਾ ਪੰਜਾਬੀ ਨਾਲ ਵਿਸ਼ੇਸ਼ ਮੋਹ ਹੈ, ਕਿਉਂਕਿ ਸਿੱਖ ਗੁਰੂਆਂ ਨੇ ਆਪਣੀ ਬਾਣੀ ਰਚਨ ਲਈ ਗੁਰਮੁਖੀ ਨੂੰ ਆਧਾਰ ਬਣਾਇਆ ਸੀ। ਇਕ ਅਧਿਐਨ ਮੁਤਾਬਕ ਸਿੱਖ ਸੰਸਾਰ ਦੇ 40 ਦੇਸ਼ਾਂ ਵਿਚ ਪਹੁੰਚੇ ਹੋਏ ਹਨ ਅਤੇ ਇਨ੍ਹਾਂ ਦੀ ਕੁੱਲ ਵਸੋਂ 23,807,296 ਹੈ। ਇਨ੍ਹਾਂ ਵਿਚੋਂ 90 ਫ਼ੀਸਦੀ ਸਿੱਖ ਭਾਰਤ ਵਿਚ ਵਸਦੇ ਹਨ। ਕੈਨੇਡਾ ਵਿਚ 2.01 ਫ਼ੀਸਦ, ਇੰਗਲੈਂਡ ਵਿਚ 1.40, ਅਮਰੀਕਾ ਵਿਚ 1.05 ਫੀਸਦ ਅਤੇ ਹੋਰ ਦੇਸ਼ਾਂ ਵਿਚ 5.54 ਫੀਸਦੀ ਸਿੱਖ ਵਸਦੇ ਹਨ।

### ਆਰ.ਐਸ.ਐਸ. ਵੱਲੋਂ ਪੰਜਾਬੀ 'ਚ ਛਾਪੇ ਜਾ ਰਹੇ ਪਰਚੇ 'ਯੁਗ ਬੋਧ' ਦੇ ਮਈ 2015 ਵਾਲੇ ਅੰਕ ਦੀ ਸੰਪਾਦਕੀ

# ਆਓ, ਮਾਤ ਭਾਸ਼ਾ ਦਾ ਮਹੱਤਵ ਸਮਝੀਏ

ਇਸ ਵਾਰ ਨਾਗਪੁਰ ਵਿਖੇ ਹੋਈ ਆਰ.ਐਸ.ਐਸ. ਦੀ ਅਖਿਲ ਭਾਰਤੀ ਪ੍ਰਤੀਨਿਧੀ ਸਭਾ ਦੀ ਬੈਠਕ ਵਿਚ ਸਰਬਸੰਮਤੀ ਨਾਲ ਦੋ ਅਹਿਮ ਪ੍ਰਸਤਾਵਾਂ ਨੂੰ ਸਵੀਕ੍ਰਿਤੀ ਦਿੱਤੀ ਗਈ। ਪਹਿਲੇ ਪ੍ਰਸਤਾਵ ਵਿਚ ਯੂ.ਐਨ.ਓ. ਵੱਲੋਂ 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਵਜੋਂ ਮਨਾਉਣ ਦਾ ਸਵਾਗਤ ਕੀਤਾ ਗਿਆ ਅਤੇ ਦੂਸਰੇ ਪ੍ਰਸਤਾਵ ਵਿਚ ਭਾਰਤ ਦੀ ਕੇਂਦਰ ਸਰਕਾਰ ਤੇ ਰਾਜ ਸਰਕਾਰਾਂ ਨੂੰ ਸੱਦਾ ਦਿੱਤਾ ਗਿਆ ਕਿ ਉਹ ਆਪੋ-ਆਪਣੀ ਭਾਸ਼ਾ ਨੀਤੀ ਉਪਰ ਮੁੜ ਵਿਚਾਰ ਕਰਨ ਅਤੇ ਬੱਚਿਆਂ ਨੂੰ ਘੱਟੋ-ਘੱਟ ਮੁੱਢਲੀ ਸਿੱਖਿਆ ਜ਼ਰੂਰ ਉਨ੍ਹਾਂ ਦੀ ਮਾਤ ਭਾਸ਼ਾ ਜਾਂ ਸੰਵਿਧਾਨ ਵੱਲੋਂ ਪ੍ਰਵਾਨਿਤ ਖੇਤਰੀ ਭਾਸ਼ਾ ਵਿਚ ਦੇਣਾ ਯਕੀਨੀ ਬਣਾਉਣ। ਇਸ ਦੇ ਨਾਲ ਹੀ ਸਰਕਾਰਾਂ ਪ੍ਰਸ਼ਾਸਨਿਕ ਅਤੇ ਅਦਾਲਤੀ ਕੰਮ-ਕਾਜ ਵੀ ਭਾਰਤੀ ਭਾਸ਼ਾਵਾਂ ਵਿਚ ਕਰਨ।

ਦਰਅਸਲ ਸੰਘ ਨੇ ਇਹ ਕੋਈ ਨਵਾਂ ਸੁਝਾਅ ਨਹੀਂ ਦਿੱਤਾ, ਕੋਈ ਨਵੀਂ ਮੰਗ ਨਹੀਂ ਕੀਤੀ, ਬਲਕਿ ਸਮੇਂ ਸਮੇਂ ਦੇਸ਼ ਦੇ ਉਘੇ ਬੁੱਧੀਜੀਵੀਆਂ, ਵਿਦਿਅਕ ਮਾਹਿਰਾਂ, ਭਾਸ਼ਾ ਵਿਗਿਆਨੀਆਂ, ਮਨੋਵਿਗਿਆਨੀਆਂ, ਦਾਰਸ਼ਨਿਕਾਂ, ਸਾਹਿਤਕਾਰਾਂ ਆਦਿ ਵੱਲੋਂ ਮਾਤ ਭਾਸ਼ਾ ਦੇ ਮਹੱਤਵ ਨੂੰ ਲੈ ਕੇ ਪ੍ਰਗਟ ਕੀਤੇ ਜਾਂਦੇ ਰਹੇ ਵਿਚਾਰ ਹੀ ਦੁਹਰਾਏ ਹਨ। ਜੇ ਸੰਘ ਖੁਦ ਨੂੰ ਦੁਨੀਆਂ ਦੀ ਸਭ ਤੋਂ ਵੱਡੀ ਸਵੈਮਸੇਵੀ ਜਥੇਬੰਦੀ ਅਤੇ ਸਾਂਸਕ੍ਰਿਤਿਕ ਰਾਸ਼ਟਰਵਾਦ ਦਾ ਮੁੱਦਈ ਹੋਣ ਦਾ ਮਾਣ ਲੈਂਦਾ ਹੈ ਤਾਂ ਦੇਸ਼ ਦੀ ਸਭਿਆਚਾਰਕ ਵਿਰਾਸਤ ਅਤੇ ਇਸ ਦੀਆਂ ਸਭਿਆਚਾਰਕ ਕਦਰਾਂ-ਕੀਮਤਾਂ ਦੀ ਸਾਂਭ-ਸੰਭਾਲ ਅਤੇ ਵਾਧੇ-ਵਿਕਾਸ ਦੀ ਜ਼ਿੰਮੇਵਾਰੀ ਵੀ ਇਸ ਦੀ ਹੀ ਬਣਦੀ ਹੈ ਜਿਸ ਨੂੰ ਇਹ ਵਾਹ ਲੱਗਦੇ ਨਿਭਾਉਣ ਦੀ ਕੋਸ਼ਿਸ਼ ਵੀ ਕਰ ਰਿਹਾ ਹੈ। 'ਸਾਂਸਕ੍ਰਿਤਿਕ ਰਾਸ਼ਟਰਵਾਦ' ਦੇ ਸੰਕਲਪ ਵਿਚੋਂ ਜੇ ਇਕੱਲੇ 'ਰਾਸ਼ਟਰਵਾਦ' ਦੇ ਵਿਸ਼ੇ ਉਪਰ ਵਿਚਾਰ ਕਰੀਏ ਤਾਂ ਕਾਫ਼ੀ ਕੰਮ ਹੋਇਆ ਹੈ, ਅਜੇ ਹੋਰ ਬਹੁਤ ਹੋਣਾ ਬਾਕੀ ਹੈ; ਪਰ ਜੇ ਸਾਂਸਕ੍ਰਿਤਿਕ, ਅਰਥਾਤ ਸਭਿਆਚਾਰਕ ਪਹਿਲੂ ਨੂੰ ਦੇਖੀਏ ਤਾਂ ਐਨੇ ਸਾਲਾਂ ਬਾਅਦ ਵੀ ਇਸ ਪਾਸੇ ਅਜੇ ਕੋਈ ਖਾਸ ਪ੍ਰਗਤੀ ਨਹੀਂ ਹੋਈ। ਭਾਸ਼ਾ, ਸਾਹਿਤ, ਕਲਾ, ਗੀਤ-ਸੰਗੀਤ ਆਦਿ ਕਿਸੇ ਵੀ ਸੰਸਕ੍ਰਿਤੀ ਦੇ ਖਾਸ ਅੰਗ, ਖਾਸ ਪਛਾਣ ਹੁੰਦੇ ਹਨ। ਇਸ ਸੰਦਰਭ ਵਿਚ ਪੰਜਾਬੀ ਸੰਸਕ੍ਰਿਤੀ ਦੇ ਸੰਕੱਰਸ਼ਣ-ਸੰਵਰਧਨ ਦੀ ਗੱਲ ਕਰੀਏ ਤਾਂ ਹਾਲੇ ਤੱਕ ਬਹੁਤ ਸਾਰੇ ਪੰਜਾਬੀ ਆਪਣੀ ਮਾਤ ਭਾਸ਼ਾ ਨੂੰ ਲੈ ਕੇ ਹੀ ਭੰਬਲਭੂਸੇ ਵਿਚ ਹਨ। ਭੰਬਲਭੂਸੇ ਦੀ ਇਹ ਸਥਿਤੀ ਕਿਸ ਨੇ ਪੈਦਾ ਕੀਤੀ? ਕਿਉਂ ਕੀਤੀ? ਇਸ ਦਾ ਪੰਜਾਬ ਨੂੰ ਕੀ ਖਮਿਆਜਾ ਭੁਗਤਣਾ ਪਿਆ? ਬੜੀਆਂ ਲੰਮੀਆਂ-ਚੌੜੀਆਂ ਬਹਿਸਾਂ ਹਨ। ਜੇ ਸਾਰਾ ਕੁਝ ਠੀਕ-ਠਾਕ ਹੁੰਦਾ ਤਾਂ ਛੇਵੇਂ ਦਹਾਕੇ ਵਿਚ ਹੋਈ ਜਨਗਣਨਾ ਸਮੇਂ ਸੰਘ ਦੇ ਦੂਜੇ ਸਰਸੰਘਚਾਲਕ ਗੁਰੂ ਗੋਲਵਲਕਰ ਜੀ ਨੂੰ ਇਹ ਨਾ ਕਹਿਣਾ ਪੈਂਦਾ ਕਿ ਸਮੂਹ ਪੰਜਾਬੀਆਂ ਨੂੰ ਆਪਣੀ ਮਾਤ ਭਾਸ਼ਾ ਪੰਜਾਬੀ ਹੀ ਲਿਖਾਉਣੀ ਚਾਹੀਦੀ ਹੈ।

ਗੱਲ ਤਾਂ ਮਾਤਾ ਭਾਸ਼ਾ ਦਾ ਮਹੱਤਵ ਸਮਝਣ ਦੀ ਹੈ, ਉਸ ਨੂੰ ਮਹੱਤਵ ਦੇਣ ਦੀ ਹੈ। ਸਰਬ ਹਿਤੈਸ਼ੀ ਭਾਸ਼ਾ ਨੀਤੀ ਤਿਆਰ ਕਰਨਾ, ਉਸ ਨੂੰ ਅਮਲ ਵਿਚ ਲਿਆਉਣਾ ਤੇ ਉਸ ਦੇ ਚੰਗੇ ਨਤੀਜਿਆਂ ਦਾ ਆਨੰਦ ਲੈਣਾ ਕੋਈ ਰਾਤੋ-ਰਾਤ ਹੋਣ ਵਾਲਾ ਕੰਮ ਨਹੀਂ, ਹਾੜ੍ਹੀ-ਸਾਉਣੀ ਦੀਆਂ ਫਸਲਾਂ ਦਾ ਝਾੜ ਲੈਣ ਵਾਲੀ ਗੱਲ ਨਹੀਂ, ਇਹ ਤਾਂ ਉਨ੍ਹਾਂ ਬ੍ਰਹਮ ਬਿਰਖਾਂ ਨੂੰ ਲਾਉਣ ਵਾਲੀ ਗੱਲ ਹੈ ਜਿਨ੍ਹਾਂ ਤੋਂ ਘਣੀ ਛਾਂ ਅਤੇ ਔਸ਼ਧੀਯੁਕਤ ਆਬੋ-ਹਵਾ ਲੈਣ ਲਈ ਦੋ-ਤਿੰਨ ਪੀੜ੍ਹੀਆਂ ਇੰਤਜ਼ਾਰ ਕਰਨਾ ਪੈਂਦਾ ਹੈ। ਤਿਆਗ-ਤਪੱਸਿਆ-ਬਲਿਦਾਨਾਂ ਦੀਆਂ ਗੱਲਾਂ ਕਰਨੀਆਂ ਸੁਖਾਲੀਆਂ ਹਨ, ਪਰ ਇਨ੍ਹਾਂ ਜੀਵਨ ਮੁੱਲਾਂ ਨੂੰ ਆਪਣੇ ਜੀਵਨ ਵਿਚ ਪ੍ਰਤੱਖ ਰੂਪ ਨਾਲ ਉਤਾਰਨਾ ਹੋਰ ਗੱਲ ਐ। ਅਸੀਂ ਪੰਜਾਬੀ ਖੁਦ ਨੂੰ ਸਰਬੰਸਦਾਨੀਆਂ ਦੇ ਵਾਰਿਸ ਕਹਾਉਂਦੇ ਹਾਂ, ਪਰ ਕੀ ਅਸੀਂ ਆਪਣੀ ਮਾਤ ਭਾਸ਼ਾ ਪੰਜਾਬੀ ਨੂੰ ਪ੍ਰਫੁੱਲਿਤ ਕਰਨ ਲਈ ਆਪਣੇ ਬੱਚਿਆਂ ਨੂੰ ਉਨ੍ਹਾਂ ਦੀ ਮੁੱਢਲੀ ਸਿੱਖਿਆ ਮਾਤ ਭਾਸ਼ਾ ਵਿਚ ਦਿਵਾਉਣ ਦਾ ਜੋਖਮ ਲੈਣ ਲਈ ਤਿਆਰ ਹਾਂ? ਕੀ ਪੰਜਾਬੀ ਭਾਸ਼ਾ ਦੇ ਅਖੌਤੀ ਅਲੰਬਰਦਾਰ ਆਪਣੇ ਬੱਚਿਆਂ ਤੋਂ ਇਹ ਸ਼ੁਰੂਆਤ ਕਰਨ ਲਈ ਤਿਆਰ ਹਨ? ਸਾਰੇ ਪ੍ਰਯੋਗ ਗਰੀਬ ਦੇ ਬੱਚਿਆਂ ਉਪਰ ਹੀ ਕਿਉਂ? ਚਲੋ ਛੱਡੋ, ਬੱਚਿਆਂ ਨੂੰ ਦੇਸ਼-ਕੌਮ ਤੋਂ ਵਾਰਨਾ ਜਾਂ ਦੇਸ਼-ਕੌਮ ਦੇ ਭਵਿੱਖ ਲਈ ਬੱਚਿਆਂ ਦਾ ਭਵਿੱਖ ਦਾਅ 'ਤੇ ਲਾਉਣਾ ਤਾਂ ਬਹੁਤ ਅਗਾਂਹ ਦੀਆਂ ਗੱਲਾਂ ਹਨ।

ਗੱਲ ਬੱਚਿਆਂ ਨੂੰ ਮੁੱਢਲੀ ਜਾਂ ਉਚੇਰੀ ਸਿੱਖਿਆ ਮਾਤ ਭਾਸ਼ਾ ਵਿਚ ਦੇਣ ਤੱਕ ਸੀਮਿਤ ਨਹੀਂ, ਮਾਤ ਭਾਸ਼ਾ ਨੂੰ ਮਹੱਤਵ ਤਾਂ ਵੱਡਿਆਂ ਨੂੰ ਵੀ ਦੇਣ ਚਾਹੀਦੈ। ਦੇਖਦੇ ਹਾਂ, ਮੋਦੀ ਸਰਕਾਰ ਜਾਂ ਭਾਜਪਾ ਦੀਆਂ ਰਾਜ ਸਰਕਾਰਾਂ ਮਾਤ ਭਾਸ਼ਾ ਪ੍ਰਤੀ ਪ੍ਰਗਟ ਕੀਤੇ ਗਏ ਦਰਦ ਨੂੰ ਕਿੰਨਾ ਕੁ ਮਹਿਸੂਸ ਕਰਦੀਆਂ ਹਨ, ਤੇ ਪੰਜਾਬ? 'ਪੰਥਕ' ਸਰਕਾਰ ਤੋਂ ਬਹੁਤੀ ਉਮੀਦ ਨਾ ਵੀ ਰੱਖੀਏ, ਤਾਂ ਕੀ 'ਸਾਂਸਕ੍ਰਿਤਿਕ ਰਾਸ਼ਟਰਵਾਦ' ਨੂੰ ਸਮਰਪਿਤ ਪੰਜਾਬ ਦੀਆਂ ਦਰਜਨਾਂ ਸਵੈਮਸੇਵੀ ਸੰਸਥਾਵਾਂ ਆਪਣੇ ਜਥੇਬੰਦਕ ਕੰਮ-ਕਾਜ ਮਾਤ ਭਾਸ਼ਾ ਪੰਜਾਬੀ ਵਿਚ ਕਰਨ ਲਈ ਅੱਗੇ ਆਉਂਦੀਆਂ ਹਨ? ਸੂਚਨਾ ਪੱਤਰ, ਨਿਮੰਤ੍ਰਣ ਪੱਤਰ, ਕੰਮ-ਕਾਜ ਦਾ ਲੇਖਾ-ਜੋਖਾ, ਬੈਠਕਾਂ ਦੇ ਪ੍ਰਸਤਾਵ, ਮਤੇ, ਸੂਚੀਆਂ, ਬੌਧਿਕ ਪੱਤਰ,




ਮਾਰਗ ਦਰਸ਼ਨ ਪੱਤ੍ਰਕਾ, ਇਸ਼ਤਿਹਾਰ, ਬੈਨਰ, ਪੰਫਲੈਟ, ਕੈਲੰਡਰ, ਡਾਇਰੀਆਂ,ਰਜਿਸਟਰ, ਰੋਜ਼ਨਾਮਚੇ, ਮਕਾਨਾਂ-ਦੁਕਾਨਾਂ ਤੇ ਸੰਸਥਾਨਾਂ ਦੀਆਂ ਨਾਂ-ਪੱਟੀਆਂ, ਸਾਈਨ-ਬੋਰਡ ਪੰਜਾਬੀ ਵਿਚ ਲਿਖਣੇ-ਲਿਖਾਉਣੇ ਸ਼ੁਰੂ ਕਰਦੀਆਂ ਹਨ? ਵਿਦੇਸ਼ੀ ਤੇ ਪਰਦੇਸੀ ਭਾਸ਼ਾਵਾਂ ਦੇ ਮਿਲਗੋਭੇ ਵਿਚ ਚਬੜ ਚਬੜ ਕਰਦੇ ਸਾਡੇ ਬੱਚਿਆਂ ਨੂੰ ਖੱਬੇ-ਸੱਜੇ-ਗੱਭੇ, ਚੱਪੇ-ਅੱਧੇ-ਪੌਣੇ-ਸਬੂਤੇ, ਉਨਾਹਟ-ਉਣੱਤਰ, ਪੂਰਬ-ਪੱਛਮ ਤੱਕ ਦਾ ਪੰਜਾਬੀ ਵਿਚ ਨਹੀਂ ਪਤਾ, ਉਨ੍ਹਾਂ ਹੌਲੀ ਹੌਲੀ ਧੋਵੀਂ ਮੂੰਗੀ ਨੂੰ ਯੈਲੋ ਦਾਲ ਹੀ ਕਹਿਣਾ ਸ਼ੁਰੂ ਕਰ ਦਿੱਤਾ ਹੈ, ਸਾਬਤ ਮੂੰਗੀ-ਮੋਠ ਦਾ ਅੰਤਰ ਗਰੀਨ ਤੇ ਬਰਾਊਨ ਦਾਲ ਕਹਿ ਕੇ ਕਰਦੇ ਹਨ। ਖੈਰ! ਜੇ ਬਾਕੀ ਸਾਰੇ ਕੰਮਾਂ ਵਿਚ ਰਿਜ਼ਰਵੇਸ਼ਨ ਹੋ ਸਕਦੀ ਐ ਤਾਂ ਆਪਣੀ ਮਾਤ ਭਾਸ਼ਾ ਵਿਚ ਪੜ੍ਹਨ ਵਾਲਿਆਂ ਲਈ ਕਿਉਂ ਨਹੀਂ? ਕਲਰਕ ਤੋਂ ਲੈ ਕੇ ਆਈ.ਏ.ਐਸ. ਅਫ਼ਸਰਾਂ ਤੱਕ ਦੀ ਭਰਤੀ ਵਿਚ ਸਪੈਸ਼ਲ ਕੋਟਾ, ਤਰੱਕੀ, ਪ੍ਰੋਤਸਾਹਨ, ਬਹੁਤ ਕੁਝ ਹੋ ਸਕਦਾ ਹੈ, ਸਰਕਾਰੀ ਇੱਛਾ ਸ਼ਕਤੀ ਨਾਲ ਵੀ ਤੇ ਸਮਾਜਕ ਸੰਸਥਾਵਾਂ ਵੱਲੋਂ ਜਾਗ੍ਰਿਤੀ ਪੈਦਾ ਕਰ ਕੇ, ਅੰਦੋਲਨ ਕਰ ਕੇ, ਦਬਾ ਬਣਾ ਕੇ ਵੀ। ਇਕ ਗੱਲ ਹੋਰ, ਜੇ ਆਪਣੀ ਮਾਂ ਬੋਲੀ ਨੂੰ ਵਿਸਾਰਨਾ ਪਾਪ ਹੈ, ਤਾਂ ਦੂਜੇ ਦੀ ਮਾਤ ਭਾਸ਼ਾ ਨੂੰ ਆਪਣੇ ਸੌੜੇ ਹਿੱਤਾਂ ਦੀ ਬਲੀ ਚੜ੍ਹਾ ਦੇਣਾ ਮਹਾਂਪਾਪ ਹੈ। ਆਓ, ਜਾਣੇ ਅਣਜਾਣੇ ਵਿਚ ਹੋ ਰਹੇ ਇਨ੍ਹਾਂ ਪਾਪਾਂ ਤੋਂ ਬਚੀਏ।

# ਬਾਪੂ ਸੂਰਤ ਸਿੰਘ ਖਾਲਸਾ ਦੇ ਸੰਘਰਸ਼ ਦੀ ਹਮਾਇਤ ਵਿਚ ਰੈਲੀ

**ਸੈਕਰਾਮੈਂਟੋ (ਬਿਊਰੋ):** ਸਜ਼ਾਵਾਂ ਭੁਗਤ ਚੁੱਕੇ ਸਿੱਖਾਂ ਕੈਦੀਆਂ ਦੀ ਰਿਹਾਈ ਲਈ ਪਿੰਡ ਹਸਨਪੁਰ ਵਿਚ ਲੰਮੇ ਸਮੇਂ ਤੋਂ ਭੁੱਖ ਹੜਤਾਲ 'ਤੇ ਬੈਠੇ ਬਾਪੂ ਸੂਰਤ ਸਿੰਘ ਖਾਲਸਾ ਦੀ ਹਮਾਇਤ ਵਿਚ ਇਥੇ ਸਕੱਤਰੇਤ ਅੱਗੇ ਇਕ ਰੈਲੀ ਕੀਤੀ ਗਈ।

ਇਹ ਰੈਲੀ ਬਾਪੂ ਸੂਰਤ ਸਿੰਘ ਦੇ ਪਰਿਵਾਰ, ਸਿੱਖ ਇਨਫਰਮੇਸ਼ਨ ਸੈਂਟਰ, ਓਰਗੇਨਾਈਜੇਸ਼ਨ ਫਾਰ ਮਾਈਨਾਰਟੀਜ਼ ਆਫ ਇੰਡੀਆ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਸੰਗਤਾਂ ਦੇ ਸਹਿਯੋਗ ਨਾਲ ਕੀਤੀ ਗਈ।

ਰੈਲੀ ਵਿਚ ਲੈਥਰੋਪ ਦੀ ਵਿਧਾਨ ਸਭਾ ਮੈਂਬਰ ਸੂਜ਼ਨ ਐਗਮੈਨ ਦੇ ਮੁੱਖ ਪ੍ਰਤੀਨਿਧ ਡੇਵਿਡ ਨੇ ਆਪਣੇ ਵਿਚਾਰ ਰੱਖਦਿਆਂ ਮਨੁੱਖੀ ਅਧਿਕਾਰਾਂ ਬਾਰੇ ਗੱਲਾਂ ਕੀਤੀਆਂ। ਇਸ ਤੋਂ ਇਲਾਵਾ ਪੀਟਰ ਫਰੈਡਰਿਕ, ਜੇਡਾ ਬਰਨਾਰਡ, ਸਟੀਵ ਮੇਸੀਆਜ਼, ਫਾਦਰ ਜੋਸ਼ੂਆ ਲਿਕਟਰ, ਪਨੀਤ ਕੌਰ ਖਾਲਸਾ, ਅਜੈ ਸਿੰਘ, ਸੰਦੀਪ ਸਿੰਘ, ਗੁਰਲੀਨ ਸਿੰਘ ਬੋਪਾਰਾਏ, ਕੁਲਬੀਰ ਕੌਰ ਬੈਨੀਵਾਲ ਅਤੇ ਭਜਨ ਸਿੰਘ ਭਿੰਡਰ ਨੇ ਵੀ ਆਪਣੇ ਵਿਚਾਰ ਰਖੇ।

ਬੁਲਾਰਿਆਂ ਨੇ ਪੰਜਾਬ ਵਿਚਲੀ ਅਕਾਲੀ ਦਲ-ਭਾਜਪਾ ਸਰਕਾਰ ਅਤੇ ਭਾਰਤ ਦੀ ਕੇਂਦਰ ਸਰਕਾਰ ਦੀ ਮਨੁੱਖੀ ਅਧਿਕਾਰਾਂ ਵਰਗੇ ਵਡੇ ਮਸਲਿਆਂ ਬਾਰੇ ਬੇਧਿਆਨੀ ਦੀ ਸਖਤ ਆਲੋਚਨਾ ਕਰਦਿਆਂ ਇਹ ਗੱਲ ਜੋਰ ਦੇ ਕੇ ਆਖੀ ਕਿ ਭਾਰਤ ਸਰਕਾਰ ਨੇ ਖਾਸ ਤੌਰ 'ਤੇ ਸਿੱਖਾਂ ਅਤੇ ਦੂਜੇ ਘੱਟ ਗਿਣਤੀ ਭਾਈਚਾਰੇ ਪ੍ਰਤੀ ਵਡੇ ਪੈਮਾਨੇ ਉਤੇ ਵਿਤਕਰੇ ਅਤੇ ਨਫਰਤ ਭਰੀ ਨੀਤੀ ਲਗਾਤਾਰ ਅਪਨਾਈ ਹੋਈ ਹੈ ਜਿਸ ਕਾਰਨ ਇਨ੍ਹਾਂ ਘੱਟ ਭਾਈਚਾਰਿਆਂ ਨੂੰ ਦੁੱਖ ਜਰਨੇ ਪੈ ਰਹੇ ਹਨ।

ਇਸ ਮੌਕੇ ਬਾਪੂ ਸੂਰਤ ਸਿੰਘ ਖਾਲਸਾ ਦੀ ਬੇਟੀ ਬੀਬੀ ਮਨਦੀਪ ਕੌਰ ਨੇ ਭਾਰਤ ਅੰਦਰ ਮਨੁੱਖੀ ਅਧਿਕਾਰਾਂ ਦੇ ਹੋ ਰਹੇ ਘਾਣ ਦੀ ਗੱਲ ਕਰਦਿਆਂ ਪੰਜਾਬ ਅਤੇ ਭਾਰਤ ਸਰਕਾਰ ਦੀ ਆਲੋਚਨਾ ਕੀਤੀ। ਉਨ੍ਹਾਂ ਇਸ ਰੈਲੀ ਵਿਚ ਪਹੁੰਚੀ ਸੰਗਤਾਂ ਦਾ ਉਚੇਚਾ ਧੰਨਵਾਦ ਕੀਤਾ।

ਰੈਲੀ ਵਿਚ ਇਸਾਈ ਭਾਈਚਾਰੇ ਦੇ ਲੋਕ ਵੀ ਸ਼ਾਮਲ ਹੋਏ। ਗੁਰਦੁਆਰਾ ਸਟਾਕਟਨ, ਫਰੀਮਾਂਟ, ਟਰਲਕ, ਮਿਲਪੀਟਸ ਤੇ ਸੈਕਰਾਮੈਂਟੋ ਦੀਆਂ ਪ੍ਰਬੰਧਕ ਕਮੇਟੀਆਂ ਦੇ ਨੁਮਾਇੰਦਿਆਂ ਨੇ ਵੀ ਸ਼ਿਰਕਤ ਕੀਤੀ।



*ਸੈਕਰਾਮੈਂਟੋ 'ਚ ਸਕੱਤਰੇਤ ਅੱਗੇ ਬਾਪੂ ਸੂਰਤ ਸਿੰਘ ਖਾਲਸਾ ਦੀ ਹਮਾਇਤ 'ਚ ਕੀਤੀ ਰੈਲੀ 'ਚ ਸ਼ਾਮਲ ਲੋਕ*



*ਸਿਆਟਲ: ਸਥਾਨਕ ਜਿਮਨਾਸਟਿਕ ਖਿਡਾਰਨ ਸਿਮਰਨ ਕੌਰ ਰਾਏ, ਜੋ ਨਿਊਪੋਰਟ ਹਾਈ ਸਕੂਲ ਬੈਲਵੀਓ ਵਿਚ ਹੋਏ ਮੁਕਾਬਲੇ ਦੌਰਾਨ 'ਮਿਸ ਟੀਨ ਇੰਡੀਆ ਸਿਆਟਲ' ਚੁਣੀ ਗਈ ਹੈ। ਹੁਣ ਉਹ ਦਸੰਬਰ ਵਿਚ ਨਿਊ ਯਾਰਕ ਵਿਖੇ ਹੋਣ ਵਾਲੇ 'ਮਿਸ ਟੀਨ ਇੰਡੀਆ ਯੂ ਐਸ ਏ' ਵਿਚ ਹਿੱਸਾ ਲਵੇਗੀ। ਸਿਮਰਨ ਕੌਰ ਸਥਾਨਕ ਪਤਵੰਤੇ ਲਖਬੀਰ ਸਿੰਘ ਰਾਏ ਦੀ ਧੀ ਹੈ।*

## ਨਵਾਜ਼ ਸ਼ਰੀਫ ਖ਼ਿਲਾਫ਼ ਵਿਦੇਸ਼ੀ ਧਨ ਦਾ ਮਾਮਲਾ ਰੱਦ

**ਲਾਹੌਰ (ਪੰਜਾਬ ਟਾਈਮਜ਼ ਬਿਊਰੋ):** ਕਾਲੇ ਧਨ ਨੂੰ ਜਾਇਜ਼ ਬਣਾ ਵਿਦੇਸ਼ਾਂ ਵਿਚ ਅਰਬਾਂ ਦੀ ਜਾਇਦਾਦ ਰੱਖਣ ਵਾਲੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੂੰ ਜਨਤਕ ਅਹੁਦਾ ਸੰਭਾਲਣ ਤੋਂ ਅਯੋਗ ਐਲਾਨਣ ਦੀ ਮੰਗ ਕਰਨ ਵਾਲੀ 24 ਸਾਲ ਪੁਰਾਣੀ ਇਕ ਪਟੀਸ਼ਨ ਨੂੰ ਅਦਾਲਤ ਨੇ ਰੱਦ ਕਰ ਦਿੱਤਾ ਹੈ।

ਇਸ ਪਟੀਸ਼ਨ ਨੂੰ ਜਸਟਿਸ ਮੁਹੰਮਦ ਫਰੁਖ ਇਰਫਾਨ ਖ਼ਾਨ ਦੀ ਅਗਵਾਈ ਵਾਲੀ ਲਾਹੌਰ ਹਾਈਕੋਰਟ ਦੀ ਪੰਜ ਮੈਂਬਰੀ ਬੈਂਚ ਨੇ ਰੱਦ ਕਰ ਦਿੱਤਾ ਹੈ।









# ਸ਼ੇਕਸਪੀਅਰ ਦਾ ਦੁਰਲੱਭ ਚਿੱਤਰ




ਕਲਾ ਪਰਿਕਰਮਾ

ਗੁਰਬਖਸ਼ ਸਿੰਘ ਸੋਢੀ


ਸੰਸਾਰ ਪ੍ਰਸਿੱਧ ਲੇਖਕ ਵਿਲੀਅਮ ਸ਼ੇਕਸਪੀਅਰ ਦਾ ਇਕ ਹੋਰ ਚਿੱਤਰ ਮਿਲਣ ਦਾ ਖੁਲਾਸਾ ਹੋਇਆ ਹੈ। ਬ੍ਰਿਟਿਸ਼ ਬਨਸਪਤੀ ਵਿਗਿਆਨੀ ਮਾਰਕ ਗ੍ਰਿਫਿਥਸ ਨੇ ਦਾਅਵਾ ਕੀਤਾ ਹੈ ਕਿ ਜੌਹਨ ਗੇਰਾਰਡ ਦੀ 1598 ਵਿਚ ਛਪੀ ਕਿਤਾਬ 'ਦਿ ਹਰਬਲ' ਵਿਚ ਜਿਹੜਾ ਚਿੱਤਰ ਛਪਿਆ ਹੈ, ਉਹ ਸ਼ੇਕਸਪੀਅਰ ਦੇ ਸਮਕਾਲੀ ਦਾ ਬਣਾਇਆ ਹੋਇਆ ਹੈ। ਬ੍ਰਿਟਿਸ਼ ਹਫ਼ਤਾਵਾਰੀ 'ਕੰਟਰੀ ਲਾਈਫ਼' ਵਿਚ ਲਿਖੇ ਆਪਣੇ ਲੇਖ ਵਿਚ ਮਾਰਕ ਨੇ ਦਾਅਵਾ ਕੀਤਾ ਹੈ ਕਿ ਇਹ ਸ਼ੇਕਸਪੀਅਰ ਦਾ ਅਸਲੀ ਚਿੱਤਰ ਹੈ। ਉਂਜ ਇਹ ਲੇਖ ਛਪਣ ਤੋਂ ਬਾਅਦ ਕੁਝ ਲੋਕਾਂ ਨੇ ਮਾਰਕ ਗ੍ਰਿਫਿਥਸ ਦੇ ਇਸ ਦਾਅਵੇ ਨੂੰ ਖਾਰਜ ਵੀ ਕੀਤਾ ਹੈ ਕਿ ਬਨਸਪਤੀ ਨਾਲ ਸਬੰਧਤ ਕਿਤਾਬ ਉਤੇ ਸ਼ੇਕਸਪੀਅਰ ਦਾ ਚਿੱਤਰ ਕਿਸ ਤਰ੍ਹਾਂ ਆ ਸਕਦਾ ਹੈ? ਇਸ ਦੇ ਨਾਲ ਹੀ ਇਹ ਵੀ ਕਿਹਾ ਜਾ ਰਿਹਾ ਹੈ ਕਿ ਸ਼ੇਕਸਪੀਅਰ ਨਾਲ ਸਬੰਧਤ ਇਕ ਬੁੱਤ ਅਤੇ ਫਸਟ ਫੋਲੀਓ (1623) ਵਾਲੀ ਤਸਵੀਰ ਇਸ ਨਵੇਂ ਲੱਭੇ ਚਿੱਤਰ ਨਾਲ ਮਿਲਦੀ-ਜੁਲਦੀ ਹੈ। ਇਹ ਬੁੱਤ ਸਟਰੈਟਫੋਰਡ ਚਰਚ ਵਿਚ ਪਿਆ ਹੈ ਅਤੇ ਚਿੱਤਰ ਨੈਸ਼ਨਲ ਪੋਰਟਰੇਟ ਗੈਲਰੀ ਦਾ ਸ਼ਿੰਗਾਰ ਹੈ।

ਮਾਰਕ ਗ੍ਰਿਫਿਥਸ ਦਾ ਦਾਅਵਾ ਹੈ ਕਿ 1484 ਸਫਿਆਂ ਦੀ ਕਿਤਾਬ 'ਦਿ ਹਰਬਲ' ਵਿਚ ਛਪੇ ਚਿੱਤਰ ਵਾਲੇ ਤਿੰਨ ਬੰਦੇ ਤਾਂ ਸਹਿਜੇ ਹੀ ਪਛਾਣੇ ਜਾਂਦੇ ਹਨ, ਪਰ ਚਿੱਤਰ ਵਿਚਲੇ ਚੌਥੇ ਬੰਦੇ ਬਾਰੇ ਉਨ੍ਹਾਂ ਨੂੰ ਥੋੜ੍ਹਾ ਸ਼ੱਕ ਸੀ। ਮਗਰੋਂ ਜਦੋਂ ਉਸ ਨੇ ਥੋੜ੍ਹੀ ਜਿਹੀ ਛਾਣ-ਬੀਣ ਕੀਤੀ ਤਾਂ ਸਪਸ਼ਟ ਹੋ ਗਿਆ ਕਿ ਇਹ ਚਿੱਤਰ ਕਿਸੇ ਹੋਰ ਦਾ ਨਹੀਂ, ਸਗੋਂ ਸ਼ੇਕਸਪੀਅਰ ਦਾ ਹੈ। ਗੌਰਤਲਬ ਹੈ ਕਿ ਸ਼ੇਕਸਪੀਅਰ ਦੇ ਚਿੱਤਰਾਂ ਬਾਰੇ ਪਹਿਲਾਂ ਵੀ ਕਈ ਕਿਸਮ ਦੇ ਦਾਅਵੇ ਕੀਤੇ ਜਾਂਦੇ ਰਹੇ ਹਨ। 'ਕੰਟਰੀ ਲਾਈਫ' ਪਰਚੇ ਨੇ ਤਾਂ ਵਿਲੀਅਮ ਸ਼ੇਕਸਪੀਅਰ ਦਾ ਕੋਈ ਨਵਾਂ ਨਾਟਕ ਲੱਭਣ ਦਾ ਦਾਅਵਾ ਵੀ ਕਰ ਮਾਰਿਆ ਹੈ, ਪਰ ਵਿਲੀਅਮ ਸ਼ੇਕਸਪੀਅਰ ਦੇ ਹੁਣ ਤੱਕ ਪ੍ਰਾਪਤ ਚਿੱਤਰਾਂ ਵਿਚੋਂ ਹੁਣੇ-ਹੁਣੇ ਲੱਭੇ ਚਿੱਤਰ ਦੀ ਝਲਕ ਜ਼ਰੂਰ ਮਿਲਦੀ ਹੈ। ਇਸ ਲਈ ਇਹ ਤਾਂ ਸਪਸ਼ਟ ਹੋ ਗਿਆ ਹੈ ਕਿ ਸ਼ੇਕਸਪੀਅਰ ਦੀ ਦਿੱਖ ਮਾਰਕ ਗ੍ਰਿਫਿਥਸ ਵਲੋਂ ਕੀਤੇ ਜਾ ਰਹੇ ਦਾਅਵੇ ਵਾਲੇ ਚਿੱਤਰ ਨਾਲ ਮੇਲ ਖਾਂਦੀ ਹੈ।

ਸ਼ੇਕਸਪੀਅਰ ਦੀ ਪ੍ਰਸਿੱਧ ਤੁਕ ਹੈ, 'ਨਾਂ ਵਿਚ ਕੀ ਪਿਆ ਹੈ', ਇਸੇ ਤਰ੍ਹਾਂ ਸ਼ੇਕਸਪੀਅਰ ਦੀ ਦਿੱਖ ਜੋ ਵੀ ਹੋਵੇ, ਉਹਦਾ ਅਸਲ ਸਰਮਾਇਆ ਤਾਂ ਉਸ ਦੀਆਂ ਰਚਨਾਵਾਂ ਹਨ। ਸ਼ੇਕਸਪੀਅਰ ਦੇ 38 ਨਾਟਕ, 154 ਸੋਨਟ, 2 ਲੰਮੀਆਂ ਬਿਰਤਾਂਤਕ ਕਵਿਤਾਵਾਂ ਤੇ ਕੁਝ ਹੋਰ ਵਾਰਤਕ ਰਚਨਾਵਾਂ ਮਿਲਦੀਆਂ ਹਨ। ਉਹਦੀ ਜਨਮ ਤਰੀਕ ਬਾਰੇ ਪੱਕੀ ਖ਼ਬਰਸਾਰ ਨਹੀਂ; ਹਾਂ, ਜਨਮ ਸਾਲ 1564 ਜ਼ਰੂਰ ਲੱਭ ਪਿਆ ਹੈ ਅਤੇ ਉਸ ਦੀ ਮੌਤ 23 ਅਪਰੈਲ 1616 ਦਰਜ ਕੀਤੀ ਗਈ ਹੈ। ਹੁਣ ਉਸ ਦੀ ਮੌਤ ਤੋਂ 400 ਸਾਲ ਪਿਛੋਂ ਜਦੋਂ ਉਹਦੀ ਦਿੱਖ ਬਾਰੇ ਦਾਅਵੇ ਕੀਤੇ ਜਾ ਰਹੇ ਹਨ, ਤਾਂ ਸਾਹਿਤ ਪ੍ਰੇਮੀਆਂ ਦੀ ਇਸ ਬਹਿਸ ਬਾਰੇ ਦਿਲਚਸਪੀ ਬਣਨੀ ਸੁਭਾਵਿਕ ਹੀ ਹੈ।



ਵਿਲੀਅਮ ਦੀ ਵਸੀਅਤ: *ਵਿਲੀਅਮ ਸ਼ੇਕਸਪੀਅਰ ਦੀ ਵਸੀਅਤ ਦੀ ਝਲਕ। ਇਹ ਵਸੀਅਤ ਉਸ ਦੀ ਸਕੱਤਰ ਦੇ ਹੱਥ ਦੀ ਲਿਖੀ ਹੋਈ ਹੈ। ਇਸ ਦੇ ਹੇਠਾਂ ਕਰ ਕੇ 'ਬਾਈ ਮੀ' ਲਿਖ ਕੇ ਦਸਤਖਤ ਸ਼ੇਕਸਪੀਅਰ ਦੇ ਕੀਤੇ ਹੋਏ ਹਨ।*




## 'ਕੰਟਰੀ ਲਾਈਫ' ਦਾ ਖੁਲਾਸਾ

*ਸਾਲ 1897 ਤੋਂ ਛਪ ਰਹੇ ਹਫਤਾਵਾਰੀ ਪਰਚੇ 'ਕੰਟਰੀ ਲਾਈਫ' ਨੇ ਆਪਣੇ 20 ਮਈ 2015 ਵਾਲੇ ਅੰਕ ਵਿਚ ਵਿਲੀਅਮ ਸ਼ੇਕਸਪੀਅਰ ਦੇ ਦੁਰਲੱਭ ਚਿੱਤਰ ਬਾਰੇ ਮਾਰਕ ਗ੍ਰਿਫਿਥਸ ਦਾ ਲੇਖ ਛਾਪ ਕੇ ਨਵੀਂ ਬਹਿਸ ਛੇੜ ਦਿੱਤੀ ਹੈ। ਲੇਖ ਵਿਚ ਮਾਰਕ ਨੇ ਪੂਰੇ ਵਿਸਥਾਰ ਨਾਲ ਇਸ ਚਿੱਤਰ ਬਾਰੇ ਖੁਲਾਸਾ ਕੀਤਾ ਹੈ। ਪਰਚੇ ਦੇ ਸੰਪਾਦਕ ਮਾਰਕ ਹੈਜਜ਼ ਮੁਤਾਬਕ ਸ਼ੇਕਸਪੀਅਰ ਬਾਰੇ ਹਰ ਖਬਰ ਸਮੁੱਚੇ ਸੰਸਾਰ ਲਈ ਬੜੀ ਮੁੱਲਵਾਨ ਹੁੰਦੀ ਹੈ। ਸ਼ੇਕਸਪੀਅਰ ਅਤੇ ਉਸ ਦੇ ਸਾਹਿਤ ਬਾਰੇ ਭਾਵੇਂ ਹੁਣ ਤੱਕ ਬਥੇਰਾ ਕੁਝ ਛਪ ਚੁੱਕਾ ਹੈ, ਪਰ ਸਾਹਿਤ ਦੀ ਦੁਨੀਆਂ ਨਾਲ ਜੁੜੇ ਲੋਕ ਸ਼ੇਕਸਪੀਅਰ ਨਾਲ ਜੁੜੀ ਹਰ ਗੱਲ ਬਾਰੇ ਵੱਧ ਤੋਂ ਵੱਧ ਜਾਣਨ ਦੇ ਇੱਛੁਕ ਰਹਿੰਦੇ ਹਨ। ਇਸ ਚਿੱਤਰ ਨਾਲ ਇਕ ਵਾਰ ਫਿਰ ਸਾਹਿਤ ਦੇ ਇਸ ਮਹਾਰਥੀ ਬਾਰੇ ਚਰਚਾ ਚੱਲ ਪਈ ਹੈ।*

## ਆਖ ਤਸਵੀਰਾਂ ਬੋਲਦੀਆਂ

***ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 6 ਜੂਨ 2015 ਹੈ। -ਸੰਪਾਦਕ***

### ਕੈਪਸ਼ਨ ਮੁਕਾਬਲਾ-171



***ਘੁੱਗ ਵੱਸਦੇ ਪਿੰਡ ਉਜਾੜ ਬਣ ਗਏ,
ਚਸਕਾ 'ਬਾਹਰ' ਦਾ ਪੈ ਗਿਆ ਭੋਲ਼ਿਆਂ ਨੂੰ।
ਸਬਰ, ਸ਼ੁਕਰ ਇਤਫਾਕ ਵੀ ਗੁੰਮ ਇੱਥੇ,
ਨੀਝ ਨਾਲ ਜੇ ਦੇਖੀਏ ਖੋਲ਼ਿਆਂ ਨੂੰ।***

### ਕੈਪਸ਼ਨ ਮੁਕਾਬਲਾ-169



ਮਿੱਠੀਆਂ ਯਾਦਾਂ ਵਿਰਸੇ ਵਾਲੀਆਂ
ਜਦ ਚੇਤੇ ਵਿਚ ਆਵਣ।
ਮਾਨਣ ਖਾਤਰ ਲੱਜ਼ਤ ਉਹਦੀ
ਸਭ ਦੇ ਮਨ ਲਲਚਾਵਣ।
ਗੱਡੇ ਚੜ੍ਹ ਮੁਟਿਆਰਾਂ ਚਹਿਕਣ
ਸਭ ਕੁਝ ਭੁੱਲ ਭੁਲਾਵਣ।
ਕੋਕਿਆਂ ਵਾਲਾ ਫੜ ਕੇ ਖੂੰਡਾ
ਗੱਭਰੂ ਰੋਹਬ ਜਮਾਵਣ।
ਵਿਲੱਖਣ ਵਿਰਸਾ ਰੱਖ ਜਿਉਂਦਾ
ਜੱਗ ਵਿਚ ਧੁੰਮਾਂ ਪਾਵਣ।

***-ਜਗਮੀਤ ਸਿੰਘ ਪੰਧੇਰ
ਫੋਨ:91-98783-37222***

---

ਮੇਲੇ ਜਾਣ ਦਾ ਸਵਾਂਗ ਬਣਾ ਕੇ
ਮਾਰ ਛੜੱਪਾ ਆ ਗੱਡੇ 'ਤੇ ਚੜ੍ਹੀਆਂ।
ਹਰੇ, ਪੀਲੇ ਪਾ ਸੂਟ ਗੁਲਾਬੀ
ਸੋਹਣੀਆਂ ਮਜਾਜਣਾਂ ਨਖਰੇ ਸੜੀਆਂ।
ਹਾਰ-ਹਮੇਲਾਂ, ਬੂੰਦੇ-ਝੁਮਕੇ ਕੰਨੀਂ
ਲੱਗਦਾ ਹੂਰਾਂ ਆ ਅੰਬਰੋਂ ਖੜੀਆਂ।
ਸਿਰ ਫੁਲਕਾਰੀ, ਘੱਗਰਾ ਸੂਫ ਦਾ
ਤੰਗ ਕੁੜਤੀਆਂ ਕੁਝ ਦੀਆਂ ਬੜੀਆਂ।
ਜਾਗੋ ਕੱਢਣੀ, ਛੱਜ ਵੀ ਭੰਨਣਾ
ਬੰਬੀਹੇ ਰੌਣਕਾਂ ਲਾਣੀਆਂ ਬੜੀਆਂ।
ਘੱਗਰਾ ਜਾਊ ਧਰਤੀ ਸੁੰਭਰਦਾ
ਮਾਰ ਅੱਡੀ ਗਿੱਧੇ ਵਿਚ ਵੜੀਆਂ।
ਨੱਚ ਨੱਚ ਦੋਹਰੀਆਂ ਹੋਣ ਪੰਜਾਬਣਾਂ
ਬੋਲੀਆਂ ਦੀਆਂ ਫਿਰ ਲਾਂਦੀਆਂ ਝੜੀਆਂ।

***-ਸੇਵਾ ਸਿੰਘ ਨੂਰਪੁਰੀ
ਫੋਨ: 408-912-3438***

---

ਸਭ ਨੇ ਸਮਾਏ ਦੇਖੋ ਰੰਗਦਾਰ ਲੀੜੇ
ਖੁੱਲ੍ਹਾ ਚਾਦਰਾ ਤੇ ਕੁੜਤਾ ਕਲੀਆਂ ਵਾਲਾ।
ਖਿੱਚ ਪੱਗ ਦਾ ਤੁਰਲਾ ਤੇ ਲੜ ਛੱਡਵਾਂ
ਪੈਰੀਂ ਪਾਇਆ ਖੁੱਸਾ ਤਿੱਲੇਵਾਲਾ।
ਨੱਚਦੇ ਤੇ ਟੱਪਦੇ ਪਾਉਂਦੇ ਪਏ ਭੰਗੜਾ
ਫੜ ਹੱਥਾਂ ਵਿਚ ਸੰਮਾਂ ਵਾਲੀ ਡਾਂਗ।
ਕੁੜੀਆਂ ਨੇ ਪਾਈ ਨੇ ਧਮਾਲ ਗਿੱਧੇ ਵਿਚ
ਤੇ ਧੜਕੇ ਧਰਤ ਦਿਲ ਵਾਂਗ।
ਜਾ ਰਹੇ ਨੇ ਮੇਲੇ ਇਕ ਦੂਜੇ ਦੇ ਮਗਰ
ਕੇਰਾਂ ਗੱਡੇ ਵਾਲੀ ਬਣ ਗਈ ਸਟੇਜ।
ਇਕ ਹੱਥ ਕੰਨ ਉਤੇ, ਦੂਜਾ ਹਵਾ ਵਿਚ
ਰਾਗ-ਰਤਨਾਂ ਦੀ ਲੱਗ ਰਹੀ ਹੇਕ।
ਖੁਸ਼ੀਆਂ ਤੇ ਖੇੜੇ ਬਣੇ ਨਾਟਕ ਇਹ ਪੂਰਾ
ਹੁਣ ਛੱਡਣਾ ਅਧੂਰਾ ਨਹੀਓਂ ਕਾਜ।
ਨਸ਼ਿਆਂ ਨੂੰ ਛੱਡੀਏ ਅਲਾਮਤਾਂ ਨੂੰ ਵੱਢੀਏ
ਤੇ ਸਾਂਭੀਏ ਰੰਗੀਲਾ ਸਭਿਆਚਾਰ।

***-ਦਰਸ਼ਨ ਪਾਲ ਦੋਸਾਂਝ***


## ਵਿਅੰਗ

ਪਾਣੀ ਨਹਿਰੀ ਪੰਜਾਬ ਦਾ ਵਗੇ ਜ਼ਹਿਰੀ, ਫਿਰ ਵੀ ਪੰਜ ਦਰਿਆਵਾਂ ਦਾ ਮਾਣ ਸਾਨੂੰ।
ਜ਼ਖਮਾਂ ਉਤੇ ਭੁੱਕਦੇ ਨੇ ਲੂਣ ਭਾਵੇਂ, ਫਿਰ ਵੀ ਸ਼ਰੀਕ ਭਰਾਵਾਂ ਦਾ ਮਾਣ ਸਾਨੂੰ।
ਪੀਤੀ-ਖਾਤੀ ਤੋਂ ਉਚੇ ਝੰਡੇ, ਨਾਹਰੇ, ਫਿਰ ਵੀ ਲਾਲਚੀ ਬਾਹਵਾਂ ਦਾ ਮਾਣ ਸਾਨੂੰ।
ਬੋਹੜ, ਪਿੱਪਲ, ਟਾਹਲੀ ਗਾਇਬ ਹੋਏ, ਸਫੈਦੇ, ਪਾਪੂਲਰੀ ਛਾਂਵਾਂ ਦਾ ਮਾਣ ਸਾਨੂੰ।
ਸੌਦੇ ਵੀਜ਼ੇ ਦੇ ਬਣੇ ਵਿਆਹ 'ਗਿੱਲਾ' ਫਿਰ ਵੀ ਚਾਰ ਕੁ ਲਾਵਾਂ ਦਾ ਮਾਣ ਸਾਨੂੰ।

***-ਜੁਗਰਾਜ ਗਿੱਲ, ਸ਼ਾਰਲਟ, ਫੋਨ: 704-257-6693***


ੴ ਵਾਹਿਗੁਰੂ ਜੀ ਕੀ ਫਤਿਹ॥

## ਜੂਨ 1984 ਦੇ ਘੱਲੂਘਾਰੇ ਨੂੰ ਸਮਰਪਿਤ
## ਅਮੈਰਿਕਨ ਸਿੱਖ ਆਰਗੇਨਾਈਜੇਸ਼ਨ ਵਲੋਂ




# ਪੰਥਕ ਕਾਨਫਰੰਸ

*ਸਿੱਖਾਂ ਦੇ ਅਹਿਮ ਮਸਲਿਆਂ 'ਤੇ ਹੋਣਗੀਆਂ ਗੰਭੀਰ ਵਿਚਾਰਾਂ*






## 13 ਜੂਨ 2015 (ਸਨਿਚਰਵਾਰ) *ਸਵੇਰੇ 10 ਵਜੇ ਤੋਂ ਸ਼ਾਮੀਂ 6 ਵਜੇ ਤੱਕ*

**India Palace Banquet Hall:** 4213 Lafayette Rd., Indianapolis, IN 46254

### ਪਹੁੰਚ ਰਹੇ ਪੰਥਕ ਵਿਦਵਾਨ

**ਡਾ. ਗੁਰਦਰਸ਼ਨ ਸਿੰਘ ਢਿੱਲੋਂ (ਚੰਡੀਗੜ੍ਹ)**
ਵਿਸ਼ਾ: ਆਰ. ਐਸ. ਐਸ ਦਾ ਭਗਵਾਂ ਏਜੰਡਾ ਸਿੱਖ ਕੌਮ ਲਈ ਘਾਤਕ ਕਿਵੇਂ?

**ਸ. ਕਰਮਜੀਤ ਸਿੰਘ ਚੰਡੀਗੜ੍ਹ**
*(ਸਾਬਕਾ ਸਹਾਇਕ ਸੰਪਾਦਕ, ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ)*
ਵਿਸ਼ਾ: ਬਿਪਰਵਾਦੀ ਸਰਕਾਰੀ ਤੰਤਰ ਜੂਨ 1984 ਦੇ ਘੱਲੂਘਾਰੇ ਨੂੰ ਭੁੱਲ ਜਾਣ ਦੀਆਂ ਸਲਾਹਾਂ ਕਿਉਂ ਦੇ ਰਿਹੈ ਅਤੇ ਇਹ ਰਿਸਦੇ ਜ਼ਖਮ ਸਿੱਖਾਂ ਦੇ ਮਨਾਂ ਅੰਦਰ ਸੂਰਜ ਦੀ ਤਰ੍ਹਾਂ ਮਘਦੇ ਰਹਿਣੇ ਕਿਉਂ ਜਰੂਰੀ?

**ਡਾ. ਅਮਰਜੀਤ ਸਿੰਘ**
*(ਮੁਖੀ ਖਾਲਿਸਤਾਨ ਅਫੇਅਰ ਸੈਂਟਰ)*
ਵਿਸ਼ਾ: ਭਾਰਤੀ ਖਿੱਤੇ ਅੰਦਰ ਬਿਪਰਵਾਦ ਦੇ ਪ੍ਰਛਾਵੇਂ ਹੇਠ ਸਿੱਖ ਕੌਮ ਦਾ ਆਪਣੇ ਦੇਸ਼ ਖਾਲਿਸਤਾਨ ਤੋਂ ਬਿਨਾ ਵਰਤਮਾਨ ਅਤੇ ਭਵਿੱਖ?

**ਭਾਈ ਦਵਿੰਦਰ ਸਿੰਘ ਕੈਲੀਫੋਰਨੀਆ**
*(ਚੀਫ ਆਰਗੇਨਾਈਜ਼ਰ, ਏ ਐਸ ਓ)*
ਵਿਸ਼ਾ: ਗੁਰਮੁਖੀ ਭਾਸ਼ਾ, ਸਿੱਖ ਸਭਿਆਚਾਰ ਤੇ ਕੌਮੀ ਆਜ਼ਾਦੀ ਦੇ ਆਪਸੀ ਸਬੰਧ?

ਗੁਰੂ ਪਿਆਰੇ ਖਾਲਸਾ ਪੰਥ ਜੀਓ! ਗੁਰੂ ਨਾਨਕ ਸਾਹਿਬ ਜੀ ਦੇ ਇਲਾਹੀ ਪ੍ਰਮਾਣ "ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ" ਅਨੁਸਾਰ ਇਨ੍ਹਾਂ ਕੌਮੀਂ ਮਸਲਿਆਂ ਨੂੰ ਵਿਚਾਰਨ ਲਈ ਆਪ ਜੀ ਦੀ ਸ਼ਮੂਲੀਅਤ ਕੌਮੀ ਭਵਿੱਖ ਲਈ ਸਾਰਥਕ ਹੋਵੇਗੀ। ਅਸੀਂ ਆਪ ਜੀ ਦੇ ਧੰਨਵਾਦੀ ਹੋਵਾਂਗੇ।

ਪ੍ਰੋਗਰਾਮ ਦਾ ਸਿੱਧਾ ਪ੍ਰਸਾਰਣ ਪੰਜਾਬੀ ਰੇਡੀਓ ਯੂ ਐਸ ਏ ਅਤੇ ਰੇਡੀਓ ਵਾਇਸ ਆਫ ਖਾਲਸਾ ਤੋਂ ਹੋਵੇਗਾ

------> ਗੁਰੂ ਪੰਥ ਦੇ ਦਾਸ <------

ਭਾਈ ਜਸਦੀਪ ਸਿੰਘ ਜੱਸੀ, ਭਾਈ ਅਮਰਦੀਪ ਸਿੰਘ ਅਮਰ, ਭਾਈ ਬਲਵਿੰਦਰ ਸਿੰਘ
ਜਾਣਕਾਰੀ ਲਈ ਸੰਪਰਕ ਕਰੋ: (317) 560-0019, (765) 987-5197, (570) 604-3177


## ਬੇਨਤੀ ਕਰਤਾ: ਅਮੈਰਿਕਨ ਸਿੱਖ ਆਰਗੇਨਾਈਜੇਸ਼ਨ

# ਪਰਵਾਸੀ ਪੰਜਾਬੀਆਂ ਦਾ ਐਨ.ਆਰ.ਆਈ. ਕਮਿਸ਼ਨ ਤੋਂ ਭਰੋਸਾ ਉਠਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਪਰਵਾਸੀ ਭਾਰਤੀਆਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਕਾਇਮ ਕੀਤਾ ਐਨ.ਆਰ.ਆਈ. ਕਮਿਸ਼ਨ ਅਮਲੇ ਦੀ ਘਾਟ ਤੇ ਵਿੱਤੀ ਤੰਗੀ ਵਿਚ ਉਲਝਿਆ ਹੋਇਆ ਹੈ। 2011 ਵਿਚ ਬਣਿਆ ਇਹ ਕਮਿਸ਼ਨ ਇਕ ਚੇਅਰਮੈਨ ਤੇ ਚਾਰ ਮੈਂਬਰਾਂ ਉਤੇ ਅਧਾਰਿਤ ਸੀ।ਸਰਕਾਰ ਵੱਲੋਂ ਚੇਅਰਮੈਨ ਸਮੇਤ ਸਿਰਫ ਦੋ ਮੈਂਬਰਾਂ ਦੀਆਂ ਅਸਾਮੀਆਂ ਹੀ ਭਰੀਆਂ ਗਈਆਂ ਸਨ ਤੇ ਦੋ ਸ਼ੁਰੂ ਤੋਂ ਖਾਲੀ ਚੱਲ ਰਹੀਆਂ ਸਨ। ਜਿਹੜੇ ਦੋ ਮੈਂਬਰ ਨਿਯੁਕਤ ਕੀਤੇ ਗਏ ਸਨ ਉਨ੍ਹਾਂ ਵਿਚੋਂ ਇਕ ਮੈਂਬਰ ਜਗਤਾਰ ਸਿੰਘ ਸੈਣੀ ਨੂੰ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸਮਿਤੀ ਚੋਣਾਂ ਵਿਚ ਸੱਤਾਧਾਰੀ ਪਾਰਟੀਆਂ ਲਈ ਪ੍ਰਚਾਰ ਕਰਨ ਦਾ ਮਾਮਲਾ ਸਾਹਮਣੇ ਆਉਣ ਪਿੱਛੋਂ ਅਸਤੀਫਾ ਦੇਣਾ ਪੈ ਗਿਆ ਸੀ।

ਕਮਿਸ਼ਨ ਕੋਲ ਅੱਜ ਕੱਲ੍ਹ ਘੱਟ ਹੀ ਐਨ.ਆਰ.ਆਈ. ਸ਼ਿਕਾਇਤ ਲੈ ਪੁੱਜਦੇ ਹਨ। ਸਾਲ 2011 ਵਿਚ ਕਮਿਸ਼ਨ ਦੇ ਗਠਨ ਉਪਰੰਤ ਕਮਿਸ਼ਨ ਨੂੰ ਸਿਰਫ ਚਾਰ ਸ਼ਿਕਾਇਤਾਂ ਮਿਲੀਆਂ ਸਨ। ਸ਼ਿਕਾਇਤਾਂ ਦੀ ਗਿਣਤੀ 2012 ਵਿਚ 343 , 2013 ਵਿਚ 319 ਤੇ 2014 ਵਿਚ ਘਟ ਕੇ 271 ਰਹਿ ਗਈ, 2015 ਵਿਚ 31 ਮਾਰਚ ਤੱਕ 59 ਸ਼ਿਕਾਇਤਾਂ ਹੀ ਕਮਿਸ਼ਨ ਕੋਲ ਪਹੁੰਚੀਆਂ ਹਨ। ਇਸ ਸੂਚਨਾ ਮੁਤਾਬਕ ਕਮਿਸ਼ਨ ਨੂੰ ਪ੍ਰਾਪਤ ਹੋਈਆਂ ਕੁੱਲ 996 ਸ਼ਿਕਾਇਤਾਂ ਵਿਚੋਂ 623 ਦਾ ਨਿਪਟਾਰਾ ਹੋ ਚੁੱਕਾ ਹੈ ਤੇ 373 ਬਕਾਇਆ ਹਨ। ਕਮਿਸ਼ਨ ਕੋਲ ਪਹੁੰਚਣ ਵਾਲੀਆਂ ਸ਼ਿਕਾਇਤਾਂ ਦੀ ਗਿਣਤੀ ਹਰੇਕ ਸਾਲ ਘਟ ਰਹੀ ਹੈ। ਆਰ.ਟੀ.ਆਈ. ਕਾਰਕੁਨ ਪਰਵਿੰਦਰ ਕਿੱਤਣਾ ਵੱਲੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਹਾਸਲ ਕੀਤੀ ਜਾਣਕਾਰੀ ਵਿਚ ਦੱਸਿਆ ਗਿਆ ਹੈ ਕਿ ਕਮਿਸ਼ਨ ਵੱਲੋਂ ਹੁਣ ਤੱਕ ਮੁਕੱਦਮੇ ਦਰਜ ਕਰਨ ਜਾਂ ਮੁਆਵਜ਼ਾ ਦੇਣ ਲਈ ਕੀਤੀਆਂ ਗਈਆਂ ਸਿਫਾਰਸ਼ਾਂ ਬਾਰੇ ਕੋਈ ਵੱਖਰਾ ਰਿਕਾਰਡ ਨਾ ਹੋਣ ਕਾਰਨ ਸੂਚਨਾ ਨਹੀਂ ਦਿੱਤੀ ਗਈ।

ਕਮਿਸ਼ਨ ਦੇ ਚੇਅਰਮੈਨ ਤੇ ਮੈਂਬਰਾਂ ਦੀ ਮੀਟਿੰਗ ਬਾਰੇ ਕੋਈ ਕਾਰਵਾਈ ਰਜਿਸਟਰ ਨਹੀਂ ਲਗਾਇਆ ਗਿਆ ਹੈ। ਪਰਵਿੰਦਰ ਸਿੰਘ ਕਿੱਤਣਾ ਦਾ ਕਹਿਣਾ ਹੈ ਕਿ ਆਰ.ਟੀ.ਆਈ. ਐਕਟ ਦੀ ਧਾਰਾ 4-ਬੀ ਤਹਿਤ ਹਰੇਕ ਅਦਾਰੇ ਜਾਂ ਵਿਭਾਗ ਲਈ ਇਹ ਲਾਜ਼ਮੀ ਹੈ ਕਿ ਉਹ ਆਪਣੇ ਕੰਮ ਕਾਜ, ਬਜਟ ਤੇ ਜ਼ਿੰਮੇਵਾਰੀਆਂ ਬਾਰੇ ਮੁਢਲੀ ਜਾਣਕਾਰੀ ਪ੍ਰਕਾਸ਼ਿਤ ਕਰੇ ਜਾਂ ਵੈੱਬਸਾਈਟ ਉਤੇ ਅਪਲੋਡ ਕਰੇ। ਐਨ.ਆਰ.ਆਈ. ਕਮਿਸ਼ਨ ਨੇ ਇਸ ਬਾਰੇ ਜਵਾਬ ਦਿੱਤਾ ਹੈ ਕਿ ਕਮਿਸ਼ਨ, ਪੰਜਾਬ ਸਟੇਟ ਕਮਿਸ਼ਨ ਫਾਰ ਐਨ.ਆਰ.ਆਈਜ਼. ਐਕਟ 2011 ਅਨੁਸਾਰ ਹੀ ਕੰਮ ਕਰ ਰਿਹਾ ਹੈ। ਕਮਿਸ਼ਨ ਦੇ ਚੇਅਰਮੈਨ ਜਸਟਿਸ (ਰਿਟਾਇਰਡ) ਰਾਕੇਸ਼ ਕੁਮਾਰ ਗਰਗ ਇਸ ਵੇਲੇ 1,50,400 ਰੁਪਏ ਪ੍ਰਤੀ ਮਹੀਨਾ ਤਨਖਾਹ ਲੈ ਰਹੇ ਹਨ ਤੇ ਕਮਿਸ਼ਨ ਦੇ ਇਕ ਮੈਂਬਰ ਐਸ. ਚਟੋਪਾਧਿਆਏ ਜੋ ਕਿ ਏ.ਡੀ.ਜੀ.ਪੀ. ਰੈਂਕ ਦੇ ਅਧਿਕਾਰੀ ਹਨ, 1,60,700 ਰੁਪਏ ਪ੍ਰਤੀ ਮਹੀਨਾ ਤਨਖਾਹ ਲੈ ਰਹੇ ਹਨ।




## ਪਰਵਾਸੀ ਭਾਰਤੀਆਂ ਨੂੰ ਹੁਣ ਈ-ਵੋਟਿੰਗ ਦਾ ਹੱਕ

**ਨਵੀਂ ਦਿੱਲੀ:** ਹੁਣ ਵਿਦੇਸ਼ਾਂ ਵਿਚ ਬੈਠੇ ਭਾਰਤੀ ਵੀ ਦੇਸ਼ ਦੇ ਜਮਹੂਰੀ ਅਮਲ ਵਿਚ ਨੇੜਿਓਂ ਸ਼ਿਰਕਤ ਕਰਦਿਆਂ ਚੋਣਾਂ ਦੌਰਾਨ ਮੁਖ਼ਤਾਰੀ ਵੋਟ ਜਾਂ ਈ-ਵੋਟਿੰਗ ਰਾਹੀਂ ਆਪਣੀ ਵੋਟ ਪਾ ਸਕਣਗੇ। ਇਸ ਬਾਰੇ ਚੋਣ ਕਮਿਸ਼ਨ ਨੇ ਇਕ ਕਾਨੂੰਨੀ ਢਾਂਚਾ ਪੇਸ਼ ਕੀਤਾ ਹੈ। ਚੋਣ ਕਮਿਸ਼ਨ ਵੱਲੋਂ ਇਸ ਮੁਤੱਲਕ ਬਣਾਈ ਗਈ ਮਾਹਿਰਾਨਾ ਕਮੇਟੀ ਨੇ ਇਹ ਕਾਨੂੰਨੀ ਢਾਂਚਾ ਕਾਨੂੰਨ ਮੰਤਰਾਲੇ ਨੂੰ ਭੇਜਿਆ ਹੈ, ਤਾਂ ਕਿ ਦੇਸ਼ ਦੇ ਚੋਣ ਕਾਨੂੰਨਾਂ ਵਿਚ ਲੋੜੀਂਦੀਆਂ ਤਰਮੀਮਾਂ ਕਰ ਕੇ ਪਰਵਾਸੀ ਭਾਰਤੀਆਂ ਨੂੰ ਵੋਟਿੰਗ ਦੀ ਸਹੂਲਤ ਦਿੱਤੀ ਜਾ ਸਕੇ।

## ਐਨ.ਆਰ.ਆਈ. ਥਾਣੇ ਵੀ ਰੋਕ ਨਾ ਸਕੇ ਧੱਕੇਸ਼ਾਹੀ

**ਮੋਗਾ:** ਪੰਜਾਬ ਸਰਕਾਰ ਵੱਲੋਂ ਪਰਵਾਸੀ ਪੰਜਾਬੀਆਂ ਦੀਆਂ ਜਾਇਦਾਦਾਂ ਉਤੇ ਕਬਜ਼ੇ ਰੋਕਣ ਤੇ ਹੋਰ ਸਮੱਸਿਆਵਾਂ ਦੇ ਹੱਲ ਲਈ ਬਣਾਏ ਐਨ.ਆਰ.ਆਈ. ਥਾਣੇ ਤੇ ਵਿਸ਼ੇਸ਼ ਅਦਾਲਤਾਂ ਵੀ ਇਹ ਧੱਕੇਸ਼ਾਹੀ ਰੋਕਣ ਵਿਚ ਅਸਮਰਥ ਜਾਪ ਆ ਰਹੇ ਹਨ। ਵਿਜੀਲੈਂਸ ਬਿਊਰੋ ਨੇ ਇਕ ਪਰਵਾਸੀ ਪੰਜਾਬੀ ਦੀ ਕਰੋੜਾਂ ਰੁਪਏ ਦੀ ਜ਼ਮੀਨ ਹੜੱਪਣ ਦੀ ਸਾਜਿਸ਼ ਹੇਠ ਮੋਗਾ ਸ਼ਹਿਰ ਦੇ ਪਟਵਾਰੀ ਤੇ ਕਾਨੂੰਨਗੋ ਸਮੇਤ ਤਿੰਨ ਖਿਲਾਫ਼ ਕੇਸ ਦਰਜ ਕੀਤਾ ਹੈ। ਵਿਜੀਲੈਂਸ ਅਨੁਸਾਰ ਇਥੇ ਪਟਵਾਰ ਹਲਕਾ ਮੋਗਾ ਮਹਿਲਾ ਸਿੰਘ-1 ਵਿਖੇ ਚਾਰ ਵਰ੍ਹੇ ਪਹਿਲਾਂ ਤਾਇਨਾਤ ਪਟਵਾਰੀ ਸੋਹਣ ਸਿੰਘ ਨੇ ਪਰਵਾਸੀ ਪੰਜਾਬੀ ਸੁਖਮੰਦਰ ਸਿੰਘ ਪੁੱਤਰ ਕਰਤਾਰ ਸਿੰਘ ਦੇ ਕਰੋੜਾਂ ਰੁਪਏ ਦੇ ਪਲਾਟ ਦਾ ਇੰਤਕਾਲ ਜਾਅਲੀ ਨੰਬਰ ਦਰਜ ਕਰਕੇ ਜਸਪਾਲ ਸਿੰਘ ਪੁੱਤਰ ਦਲੀਪ ਸਿੰਘ ਦੇ ਹੱਕ ਵਿਚ ਮਨਜ਼ੂਰ ਕਰਵਾ ਲਿਆ। ਵਿਜੀਲੈਂਸ ਮੁਤਾਬਕ ਸੋਹਣ ਸਿੰਘ ਨੇ ਇੰਤਕਾਲ ਨੰਬਰ 66264 (ਮੋਗਾ ਮਹਿਲਾ ਸਿੰਘ-1) 24 ਸਤੰਬਰ 2010 ਨੂੰ ਦਰਜ ਕੀਤਾ ਤੇ ਹਲਕਾ ਕਾਨੂੰਨਗੋ ਗੁਰਮੇਲ ਸਿੰਘ ਨੇ 28 ਸਤੰਬਰ 2010 ਨੂੰ ਇੰਤਕਾਲ ਠੀਕ ਹੋਣ ਦੀ ਸਹੀ ਪਾਈ ਤੇ ਪਟਵਾਰੀ ਸੋਹਣ ਸਿੰਘ ਨੇ ਹਲਕਾ ਮਾਲ ਅਫ਼ਸਰ ਕੋਲੋਂ ਸੱਤ ਅਕਤੂਬਰ 2010 ਨੂੰ ਮਨਜ਼ੂਰ ਕਰਵਾ ਦਿੱਤਾ।

# ਪੰਜਾਬ ਵਿਚ ਮੁਸੀਬਤ ਬਣ ਗਈਆਂ ਹਾਈ ਸਿਕਿਓਰਿਟੀ ਪਲੇਟਾਂ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਪਿਛਲੇ ਪੰਜ ਮਹੀਨਿਆਂ ਤੋਂ ਹਾਈ ਸਿਕਿਓਰਿਟੀ ਰਜਿਸਟਰਡ ਪਲੇਟਾਂ (ਐਚ.ਐਸ.ਆਰ.ਪੀ.) ਦਾ ਰੱਫੜ ਖ਼ਤਮ ਨਾ ਕਰਨ ਕਾਰਨ ਪੰਜਾਬ ਦੇ 73 ਲੱਖ ਵਾਹਨ ਚਾਲਕ ਹਵਾ ਵਿਚ ਲਟਕੇ ਪਏ ਹਨ ਤੇ ਰੋਜ਼ਾਨਾ ਸੈਂਕੜੇ ਪੰਜਾਬੀਆਂ ਦੇ ਵਾਹਨਾਂ ਦੇ ਐਚ.ਐਸ.ਆਰ.ਪੀ. ਦੀ ਅਣਹੋਂਦ ਕਾਰਨ ਹੋਰ ਰਾਜਾਂ ਵਿਚ ਚਾਲਾਨ ਕੱਟੇ ਜਾ ਰਹੇ ਹਨ। ਪੰਜਾਬ ਸਰਕਾਰ ਵੱਲੋਂ ਐਚ.ਐਸ.ਆਰ.ਪੀ. ਪਲੇਟਾਂ ਲਾਉਣ ਵਾਲੀ ਕੰਪਨੀ ਦਾ ਠੇਕਾ ਰੱਦ ਕਰਨ ਕਾਰਨ ਇਸ ਕੰਪਨੀ ਵੱਲੋਂ ਰਾਜ ਦੇ 17 ਲੱਖ ਲੋਕਾਂ ਕੋਲੋਂ ਪਲੇਟਾਂ ਲਾਉਣ ਦੇ ਇਵਜ ਵਜੋਂ ਹਾਸਲ ਕੀਤੇ 60 ਕਰੋੜ ਰੁਪਏ ਦੇ ਕਰੀਬ ਖੁਹ-ਖਾਤੇ ਪੈ ਗਏ ਹਨ।

ਕੰਪਨੀ ਵੱਲੋਂ ਪੰਜਾਬ ਦੇ 13.19 ਲੱਖ ਲੋਕਾਂ ਦੇ ਵਾਹਨਾਂ ਉਪਰ ਲਾਈਆਂ ਪਲੇਟਾਂ ਅਣਅਧਿਕਾਰਿਤ ਐਲਾਨਣ ਕਾਰਨ ਇਨ੍ਹਾਂ ਦਾ ਵੀ ਕੋਈ ਬਦਲਵਾਂ ਪ੍ਰਬੰਧ ਨਹੀਂ ਕੀਤਾ ਗਿਆ। ਇਸ ਤੋਂ ਇਲਾਵਾ ਚਾਰ ਲੱਖ ਦੇ ਕਰੀਬ ਲੋਕਾਂ ਦੇ ਇਸ ਕੰਪਨੀ ਕੋਲ ਐਚ.ਐਸ.ਆਰ.ਪੀ. ਪਲੇਟ ਲਾਉਣ ਲਈ ਕਰੋੜਾਂ ਰੁਪਏ ਦੀ ਪੇਸ਼ਗੀ ਰਕਮ ਜਮ੍ਹਾਂ ਹੋਈ ਹੈ, ਸਰਕਾਰ ਉਸ ਉਪਰ ਵੀ ਖਾਮੋਸ਼ ਹੈ। ਚੇਤੇ ਰਹੇ ਕਿ ਇਸ ਵਰ੍ਹੇ ਜਨਵਰੀ ਵਿਚ ਪੰਜਾਬ ਸਰਕਾਰ ਨੇ ਨਿਰਧਾਰਤ ਕੰਪਨੀ ਨੂੰ ਰਾਜ ਵਿਚ ਐਚ.ਐਸ.ਆਰ.ਪੀ. ਸਪਲਾਈ ਕਰਨ ਦਾ ਦਿੱਤਾ ਠੇਕਾ ਰੱਦ ਕਰਕੇ ਕੰਪਨੀ ਦੀ ਇਕ ਕਰੋੜ ਰੁਪਏ ਦੀ ਗਰੰਟੀ ਰਾਸ਼ੀ ਜ਼ਬਤ ਕਰ ਦਿੱਤੀ ਸੀ। ਜਿਸ ਦੇ ਵਿਰੁੱਧ ਕੰਪਨੀ ਅਦਾਲਤ ਵਿਚ ਗਈ ਹੈ ਤੇ ਸਰਕਾਰ ਹਾਲੇ ਤੱਕ ਰਾਜ ਵਿਚ ਹਾਈ ਸਿਕਿਓਰਿਟੀ ਪਲੇਟਾਂ ਲਾਉਣ ਦਾ ਕੋਈ ਬਦਲਵਾਂ ਪ੍ਰਬੰਧ ਨਹੀਂ ਕਰ ਸਕੀ।




## ਅੰਮ੍ਰਿਤਸਰ, ਪਟਿਆਲਾ, ਲੁਧਿਆਣਾ ਤੇ ਜਲੰਧਰ ਬਣਨਗੇ ਸਮਾਰਟ ਸਿਟੀ

**ਪਟਿਆਲਾ:** ਪੰਜਾਬ ਦੇ ਚਾਰ ਸ਼ਹਿਰਾਂ ਨੂੰ ਕੇਂਦਰ ਦੀ 'ਸਮਾਰਟ ਸਿਟੀ' ਯੋਜਨਾ ਵਿਚ ਸਥਾਨ ਮਿਲ ਗਿਆ ਹੈ। ਇਸ ਯੋਜਨਾ ਤਹਿਤ ਅੰਮ੍ਰਿਤਸਰ, ਪਟਿਆਲਾ, ਲੁਧਿਆਣਾ ਤੇ ਜਲੰਧਰ ਸ਼ਹਿਰਾਂ ਨੂੰ ਹੁਣ ਸਮਾਰਟ ਸਿਟੀ ਵਾਲੀ ਗਰਾਂਟ ਪ੍ਰਾਪਤ ਹੋਵੇਗੀ। ਕੇਂਦਰ ਸਰਕਾਰ ਦੀ ਇਸ ਯੋਜਨਾ ਤਹਿਤ 100 ਸ਼ਹਿਰਾਂ ਲਈ ਪਹਿਲੀ ਕਿਸ਼ਤ ਵਜੋਂ 6000 ਕਰੋੜ ਰੁਪਏ ਜਾਰੀ ਹੋਣਗੇ।

ਜਾਣਕਾਰੀ ਅਨੁਸਾਰ 2014 ਦੇ ਬਜਟ ਸੈਸ਼ਨ ਵਿਚ ਭਾਜਪਾ ਸਰਕਾਰ ਨੇ 100 ਸਮਾਰਟ ਸਿਟੀ ਬਣਾਉਣ ਦਾ ਐਲਾਨ ਕੀਤਾ ਸੀ। ਇਸ ਤਹਿਤ ਪੰਜਾਬ ਸਰਕਾਰ ਤੇ 'ਆਪ' ਆਗੂਆਂ ਵੱਲੋਂ ਪੰਜਾਬ ਦੇ ਛੇ ਸ਼ਹਿਰਾਂ ਨੂੰ ਸਮਾਰਟ ਸਿਟੀ ਯੋਜਨਾ ਤਹਿਤ ਲਿਆਂਦੇ ਜਾਣ ਲਈ ਉਪਰਾਲੇ ਕੀਤੇ ਸਨ। ਪਟਿਆਲਾ ਤੋਂ ਸੰਸਦ ਮੈਂਬਰ ਧਰਮਵੀਰ ਗਾਂਧੀ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ 100 ਸ਼ਹਿਰਾਂ ਨੂੰ ਸਮਾਰਟ ਸਿਟੀ ਬਣਾਉਣ ਦੀ ਸੂਚੀ ਜਾਰੀ ਕਰ ਦਿੱਤੀ ਗਈ ਹੈ। ਪਟਿਆਲਾ ਦਾ ਨਾਂ ਪਹਿਲਾਂ ਸਮਾਰਟ ਸਿਟੀ ਵਜੋਂ ਨਹੀਂ ਵਿਚਾਰਿਆ ਜਾ ਰਿਹਾ ਸੀ। ਉਨ੍ਹਾਂ ਰਿਪੋਰਟ ਪੇਸ਼ ਕਰਕੇ ਸ਼ਹਿਰ ਦਾ ਪੱਖ ਪੇਸ਼ ਕੀਤਾ ਜਿਸ ਉਤੇ ਪਟਿਆਲਾ ਨੂੰ ਵੀ ਇਸ ਯੋਜਨਾ ਤਹਿਤ ਸ਼ਾਮਲ ਕਰ ਲਿਆ ਗਿਆ।

# ਕੇਬਲ ਅਪਰੇਟਰ ਮਾਮਲੇ ਵਿਚ ਤੱਥਾਂ ਨਾਲ ਛੇੜਛਾੜ ਦਾ ਦੋਸ਼

**ਅੰਮ੍ਰਿਤਸਰ:** ਕੇਬਲ ਅਪਰੇਟਰ ਖੁਦਕੁਸ਼ੀ ਮਾਮਲੇ ਨੇ ਉਸ ਵੇਲੇ ਨਵਾਂ ਮੋੜ ਲਿਆ, ਜਦੋਂ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਨੇ ਪੁਲਿਸ ਕਮਿਸ਼ਨਰ ਨੂੰ ਦਰਖ਼ਾਸਤ ਦੇ ਕੇ ਮੰਗ ਕੀਤੀ ਕਿ ਇਸ ਕੇਸ ਨਾਲ ਛੇੜਛਾੜ ਕਰਨ ਦੇ ਦੋਸ਼ ਹੇਠ ਪੁਲਿਸ ਦੇ ਏ.ਡੀ.ਸੀ.ਪੀ. ਖ਼ਿਲਾਫ਼ ਕੇਸ ਦਰਜ ਕੀਤਾ ਜਾਵੇ। ਜਥੇਬੰਦੀ ਦੇ ਆਗੂ ਸਰਬਜੀਤ ਸਿੰਘ ਵੇਰਕਾ ਨੇ ਪੁਲਿਸ ਕਮਿਸ਼ਨਰ ਜਤਿੰਦਰ ਸਿੰਘ ਔਲਖ ਨੂੰ ਸ਼ਿਕਾਇਤ ਭੇਜੀ ਹੈ।

ਇਸ ਵਿਚ ਉਨ੍ਹਾਂ ਏ.ਡੀ.ਸੀ.ਪੀ. ਹਰਜੀਤ ਸਿੰਘ ਬਰਾੜ ਖ਼ਿਲਾਫ਼ ਕੇਸ ਨਾਲ ਛੇੜਛਾੜ ਦੇ ਦੋਸ਼ ਹੇਠ ਅਪਰਾਧਕ ਕੇਸ ਦਰਜ ਕਰਨ ਦੀ ਅਪੀਲ ਕੀਤੀ ਹੈ। ਸ੍ਰੀ ਬਰਾੜ ਇਸ ਮਾਮਲੇ ਬਾਰੇ ਬਣਾਈ ਵਿਸ਼ੇਸ਼ ਜਾਂਚ ਟੀਮ ਦੀ ਅਗਵਾਈ ਕਰ ਰਹੇ ਸਨ। ਪੁਲਿਸ ਕਮਿਸ਼ਨਰ ਨੇ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਵੱਲੋਂ ਭੇਜੀ ਸ਼ਿਕਾਇਤ ਬਾਰੇ ਪੁਸ਼ਟੀ ਕਰਦਿਆਂ ਆਖਿਆ ਕਿ ਇਸ ਸ਼ਿਕਾਇਤ ਦੀ ਜਾਂਚ ਕਰਾਈ ਜਾਵੇਗੀ। ਇਸ ਸ਼ਿਕਾਇਤ ਵਿਚ ਦੋਸ਼ ਲਾਇਆ ਗਿਆ ਕਿ ਇਸ ਕੇਸ ਵਿਚ ਮੁਲਜ਼ਮਾਂ ਨੂੰ ਫਾਇਦਾ ਪਹੁੰਚਾਉਣ ਦਾ ਯਤਨ ਕੀਤਾ ਗਿਆ ਹੈ। ਇਸ ਤਹਿਤ ਪੁਲਿਸ ਅਧਿਕਾਰੀ ਨੇ ਇਸ ਕੇਸ ਸਬੰਧੀ ਦਸਤਾਵੇਜ਼ਾਂ ਵਿਚੋਂ ਕੁਝ ਬਿਆਨ ਤੇ ਸਬੂਤ ਹਟਾ ਦਿੱਤੇ ਹਨ, ਜੋ ਉਨ੍ਹਾਂ ਨੂੰ ਜਾਂਚ ਦੌਰਾਨ ਸੌਂਪੇ ਗਏ ਸਨ। ਉਨ੍ਹਾਂ ਦਾਅਵਾ ਕੀਤਾ ਕਿ ਇਸ ਮਾਮਲੇ ਵਿਚ ਜ਼ਮਾਨਤ ਦੀ ਅਰਜ਼ੀ ਉਤੇ ਵਿਚਾਰ ਕਰਨ ਲਈ ਅਦਾਲਤ ਨੂੰ ਦਿੱਤੇ ਗਏ ਦਸਤਾਵੇਜ਼ਾਂ ਵਿਚੋਂ ਨਾ ਸਿਰਫ਼ ਉਨ੍ਹਾਂ ਦੇ ਬਿਆਨ ਸਗੋਂ ਕਈ ਹੋਰ ਚਸ਼ਮਦੀਦ ਗਵਾਹਾਂ ਦੇ ਬਿਆਨ ਹਟਾ ਦਿੱਤੇ ਗਏ ਹਨ।

ਇਸ ਕਾਰਨ ਕੇਸ ਵਿਚ ਗ੍ਰਿਫ਼ਤਾਰ ਕੀਤੇ ਸਰਬਜੀਤ ਸਿੰਘ ਰਾਜੂ, ਗੁਰਵਿੰਦਰ ਸਿੰਘ ਬੱਬੀ ਤੇ ਪ੍ਰਿਤਪਾਲ ਸਿੰਘ ਨੂੰ ਜ਼ਮਾਨਤਾਂ ਮਿਲੀਆਂ ਹਨ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਪੁਲਿਸ ਅਧਿਕਾਰੀ ਵੱਲੋਂ ਕਈ ਚਸ਼ਮਦੀਦ ਗਵਾਹਾਂ ਦੇ ਬਿਆਨਾਂ ਨੂੰ ਵੀ ਅਣਦੇਖਿਆ ਕਰ ਦਿੱਤਾ ਗਿਆ, ਜੋ ਇਸ ਮਾਮਲੇ ਵਿਚ ਆਪਣੇ ਬਿਆਨ ਦਰਜ ਕਰਾਉਣਾ ਚਾਹੁੰਦੇ ਸਨ। ਪੁਲਿਸ ਅਧਿਕਾਰੀ ਹਰਜੀਤ ਸਿੰਘ ਬਰਾੜ ਨੇ ਦੋਸ਼ਾਂ ਨੂੰ ਰੱਦ ਕਰਦਿਆਂ ਆਖਿਆ ਕਿ ਵਿਸ਼ੇਸ਼ ਜਾਂਚ ਟੀਮ ਵੱਲੋਂ ਇਸ ਮਾਮਲੇ ਵਿਚ ਪੂਰੀ ਪਾਰਦਰਸ਼ਤਾ ਵਰਤਦੇ ਹੋਏ ਜਾਂਚ ਕੀਤੀ ਗਈ ਹੈ।

## ਸਿੰਗਾਪੁਰ ਵਿਚ ਪਰਵਾਸੀ ਭਾਰਤੀ ਨੂੰ ਜੁਰਮਾਨਾ

**ਸਿੰਗਾਪੁਰ:** ਇਥੋਂ ਦੀ ਇਕ ਅਦਾਲਤ ਵੱਲੋਂ ਭਾਰਤੀ ਮੂਲ ਦੇ ਨਾਗਰਿਕ ਨੂੰ 1,497 ਅਮਰੀਕੀ ਡਾਲਰ ਜੁਰਮਾਨੇ ਦੇ ਨਾਲ ਉਸ ਦੇ ਨੌਂ ਮਹੀਨੇ ਵਾਹਨ ਚਲਾਉਣ ਉਤੇ ਪਾਬੰਦੀ ਦੇ ਹੁਕਮ ਸੁਣਾਏ ਗਏ ਹਨ। ਉਸਨੇ ਆਪਣੇ ਇਕ ਦੋਸਤ ਨਾਲ ਪੈਸਿਆਂ ਦੇ ਮਾਮਲੇ ਵਿਚ ਤਕਰਾਰ ਦੇ ਚੱਲਦਿਆਂ ਆਪਣੀ ਕਾਰ ਪੁਲਿਸ ਚੌਕੀ ਵਿਚ ਠੋਕ ਦਿੱਤੀ ਸੀ। ਸਟ੍ਰੇਟਸ ਟਾਈਮਜ਼ ਦੀ ਰਿਪੋਰਟ ਅਨੁਸਾਰ ਇਹ ਮਾਮਲਾ ਪਿਛਲੇ ਸਾਲ ਅਕਤੂਬਰ ਦਾ ਹੈ। ਮੁਰਲੀ ਕ੍ਰਿਸ਼ਨ ਨਾਇਡੂ (44) ਆਪਣੀ ਪਤਨੀ ਤੇ ਬੇਟੇ ਨਾਲ ਕਾਰ ਉਤੇ ਘਰ ਜਾ ਰਿਹਾ ਸੀ। ਇਸੇ ਦੌਰਾਨ ਉਸ ਦਾ ਦੋਸਤ ਹਰੀਸ਼ ਗੋਵਿੰਦਰਾਜੂ ਪੈਸੇ ਲੈਣ ਲਈ ਆਪਣੇ ਦੋ ਦੋਸਤਾਂ ਨਾਲ ਨਾਇਡੂ ਦੇ ਘਰ ਕੋਲ ਉਸ ਦਾ ਇੰਤਜ਼ਾਰ ਕਰ ਰਿਹਾ ਸੀ। ਉਨ੍ਹਾਂ ਨੇ ਨਾਇਡੂ ਦੀ ਕਾਰ ਨੂੰ ਦੇਖਦੇ ਹੋਏ ਉਸ ਦੇ ਪਿੱਛੇ ਭੱਜਣਾ ਸ਼ੁਰੂ ਕਰ ਦਿੱਤਾ ਤੇ ਨਾਇਡੂ ਨੇ ਆਪਣੀ ਸੁਰੱਖਿਆ ਦੇ ਮੱਦੇਨਜ਼ਰ ਗੱਡੀ ਭਜਾ ਲਈ ਤੇ ਪੁਲੀਸ ਚੌਕੀ ਵਿਚ ਵਾੜ ਦਿੱਤੀ। ਨਾਇਡੂ ਨੇ ਆਪਣੀ ਲਾਪਰਵਾਹੀ ਕਬੂਲ ਲਈ। ਇਸ ਦੇ ਚਲਦਿਆਂ ਉਸ ਨੂੰ ਛੇ ਮਹੀਨੇ ਦੀ ਕੈਦ ਵੀ ਹੋ ਸਕਦੀ ਹੈ।

# ਪੰਜਾਬ ਵਿਚ ਵਿਹਲੜ ਸੰਸਦੀ ਸਕੱਤਰਾਂ ਨੇ ਲੁੱਟਿਆ ਖਜ਼ਾਨਾ

**ਬਠਿੰਡਾ:** ਪੰਜਾਬ ਵਿਚ ਮੁੱਖ ਸੰਸਦੀ ਸਕੱਤਰ ਮੁਫ਼ਤ ਦੀ ਤਨਖਾਹ ਲੈ ਰਹੇ ਹਨ ਤੇ ਇਨ੍ਹਾਂ ਨੂੰ ਕੋਈ ਕੰਮ ਨਹੀਂ ਦਿੱਤਾ ਗਿਆ। ਮੁੱਖ ਸੰਸਦੀ ਸਕੱਤਰਾਂ ਨੂੰ ਅਖਤਿਆਰੀ ਕੋਟੇ ਦੇ ਫੰਡ ਦਿੱਤੇ ਜਾਂਦੇ ਹਨ, ਜਿਨ੍ਹਾਂ ਦੀ ਵੰਡ ਕਰਨ ਤੋਂ ਬਿਨਾਂ ਇਨ੍ਹਾਂ ਨੂੰ ਕੋਈ ਸਰਕਾਰੀ ਕੰਮ ਨਹੀਂ ਦਿੱਤਾ ਗਿਆ। ਮੁੱਖ ਸੰਸਦੀ ਸਕੱਤਰ ਖੁਦ ਕਈ ਵਾਰ ਰੌਲਾ ਪਾ ਚੁੱਕੇ ਹਨ ਕਿ ਉਨ੍ਹਾਂ ਨੂੰ ਸਰਕਾਰੀ ਕੰਮ ਤੇ ਤਾਕਤ ਦਿੱਤੀ ਜਾਵੇ। ਪੰਜਾਬ ਵਿਚ ਇਸ ਵੇਲੇ 19 ਮੁੱਖ ਸੰਸਦੀ ਸਕੱਤਰ ਹਨ ਜਦਕਿ 16 ਵਜ਼ੀਰ ਹਨ। ਇਹ ਸੰਸਦੀ ਸਕੱਤਰ ਵਜ਼ੀਰਾਂ ਨਾਲੋਂ ਮਹਿੰਗੇ ਪੈ ਰਹੇ ਹਨ। ਬੀਤੇ ਤਿੰਨ ਵਰ੍ਹਿਆਂ ਤੋਂ ਮੁੱਖ ਸੰਸਦੀ ਸਕੱਤਰਾਂ ਦਾ ਖਰਚਾ ਵਜ਼ੀਰਾਂ ਨਾਲੋਂ ਵਧ ਗਿਆ ਹੈ।

ਆਰ.ਟੀ.ਆਈ. ਤਹਿਤ ਮਿਲੀ ਜਾਣਕਾਰੀ ਮੁਤਾਬਕ ਪੰਜਾਬ ਸਰਕਾਰ ਨੇ ਬੀਤੇ ਤਿੰਨ ਸਾਲਾਂ ਦੌਰਾਨ ਮੁੱਖ ਸੰਸਦੀ ਸਕੱਤਰਾਂ ਉਤੇ 7.12 ਕਰੋੜ ਰੁਪਏ ਖਰਚੇ ਗਏ ਹਨ ਜਦਕਿ ਵਜ਼ੀਰਾਂ ਦਾ ਖਰਚਾ 6.05 ਕਰੋੜ ਰੁਪਏ ਰਿਹਾ ਹੈ। ਇਹ ਖਰਚਾ ਇਕੱਲਾ ਤਨਖਾਹਾਂ ਤੇ ਭੱਤਿਆਂ ਭੱਤਿਆਂ ਦਾ ਹੈ। ਨਵੀਆਂ ਗੱਡੀਆਂ ਦੀ ਖ਼ਰੀਦ ਤੇ ਤੇਲ ਖਰਚ ਇਸ ਤੋਂ ਵੱਖਰਾ ਹੈ। ਪੰਜਾਬ ਸਰਕਾਰ ਵੱਲੋਂ ਹਰ ਸਾਲ ਵਜ਼ੀਰਾਂ ਤੇ ਮੁੱਖ ਸੰਸਦੀ ਸਕੱਤਰਾਂ ਵਾਸਤੇ ਇੰਨਾ ਖੁੱਲ੍ਹਾ ਬਜਟ ਰੱਖਿਆ ਜਾਂਦਾ ਹੈ ਕਿ ਪੂਰਾ ਬਜਟ ਖਰਚ ਹੀ ਨਹੀਂ ਕੀਤਾ ਜਾਂਦਾ ਹੈ।

ਸਾਲ 2014-15 ਦੌਰਾਨ ਵਜ਼ੀਰਾਂ ਤੇ ਮੁੱਖ ਸੰਸਦੀ ਸਕੱਤਰਾਂ ਵਾਸਤੇ 5.74 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ, ਜਿਸ ਵਿਚੋਂ 4.37 ਕਰੋੜ ਰੁਪਏ ਖਰਚੇ ਗਏ। ਅਕਾਲੀ ਭਾਜਪਾ ਗਠਜੋੜ ਦੇ 2007-12 ਦੇ ਕਾਰਜਕਾਲ ਦੌਰਾਨ ਵਜ਼ੀਰਾਂ ਦਾ ਖਰਚਾ 13.52 ਕਰੋੜ ਰੁਪਏ ਸੀ। ਉਨ੍ਹਾਂ ਪੰਜ ਵਰ੍ਹਿਆਂ ਦੌਰਾਨ ਮੁੱਖ ਸੰਸਦੀ ਸਕੱਤਰਾਂ ਦਾ ਖਰਚਾ 5.66 ਕਰੋੜ ਰੁਪਏ ਸੀ। ਚਾਲੂ ਮਾਲੀ ਵਰ੍ਹੇ ਦੌਰਾਨ ਜਦੋਂ ਨਵੀਆਂ ਤਨਖਾਹਾਂ ਤੇ ਭੱਤੇ ਲਾਗੂ ਹੋ ਜਾਣਗੇ ਤਾਂ ਇਹ ਖਰਚਾ ਹੋਰ ਵਧੇਗਾ। ਅਕਾਲੀ ਭਾਜਪਾ ਗਠਜੋੜ ਦੀ ਸਰਕਾਰ ਦੌਰਾਨ ਸਾਲ 2007-08 ਤੋਂ ਸਾਲ 2014-15 ਤੱਕ ਵਜ਼ੀਰਾਂ ਤੇ ਮੁੱਖ ਸੰਸਦੀ ਸਕੱਤਰਾਂ ਦੀਆਂ ਤਨਖਾਹਾਂ ਤੇ ਭੱਤਿਆਂ ਭੱਤੇ 32.36 ਕਰੋੜ ਰੁਪਏ ਬਣੇ ਸਨ।

ਸਾਲ 2012-13 ਦੌਰਾਨ ਵਜ਼ੀਰਾਂ ਦਾ ਖਰਚਾ 1.76 ਕਰੋੜ ਰੁਪਏ ਸੀ ਜਦਕਿ ਮੁੱਖ ਸੰਸਦੀ ਸਕੱਤਰਾਂ ਦਾ ਖਰਚਾ 2.08 ਕਰੋੜ ਰੁਪਏ ਰਿਹਾ। ਇਸੇ ਤਰ੍ਹਾਂ ਸਾਲ 2013-14 ਵਿਚ ਵਜ਼ੀਰਾਂ ਦਾ ਖਰਚ 2.17 ਕਰੋੜ ਰੁਪਏ ਤੇ ਮੁੱਖ ਸੰਸਦੀ ਸਕੱਤਰਾਂ ਦਾ ਖਰਚ 2.77 ਕਰੋੜ ਰੁਪਏ ਰਿਹਾ। ਬੀਤੇ ਮਾਲੀ ਵਰ੍ਹੇ ਦੌਰਾਨ ਵਜ਼ੀਰ ਉਤੇ 2.11 ਕਰੋੜ ਤੇ ਮੁੱਖ ਸੰਸਦੀ ਸਕੱਤਰਾਂ 'ਤੇ 2.26 ਕਰੋੜ ਖਰਚੇ ਗਏ। ਪੰਜਾਬ ਸਰਕਾਰ ਨੇ ਮੁੱਖ ਸੰਸਦੀ ਸਕੱਤਰਾਂ ਨੂੰ ਕਰੋਲਾ ਗੱਡੀਆਂ ਤੇ ਜਿਪਸੀਆਂ ਦਿੱਤੀਆਂ ਹਨ। ਸਾਲ 2007-12 ਦੌਰਾਨ ਸਰਕਾਰ ਨੇ ਮੁੱਖ ਸੰਸਦੀ ਸਕੱਤਰਾਂ ਨੂੰ 13 ਕਰੋਲਾ ਗੱਡੀਆਂ 1.36 ਕਰੋੜ ਵਿਚ ਖਰੀਦ ਕੇ ਦਿੱਤੀਆਂ। ਇਨ੍ਹਾਂ ਪੰਜ ਵਰ੍ਹਿਆਂ ਦੌਰਾਨ ਮੁੱਖ ਸੰਸਦੀ ਸਕੱਤਰਾਂ ਦੇ ਤੇਲ ਦਾ ਖਰਚ 7.05 ਕਰੋੜ ਰੁਪਏ ਰਿਹਾ। ਮੁੱਖ ਸੰਸਦੀ ਸਕੱਤਰਾਂ ਨੂੰ ਅਖਤਿਆਰੀ ਕੋਟੇ ਦੇ ਫੰਡ ਦਿੱਤੇ ਜਾਂਦੇ ਹਨ, ਜਿਨ੍ਹਾਂ ਦੀ ਵੰਡ ਕਰਨ ਤੋਂ ਬਿਨਾਂ ਇਨ੍ਹਾਂ ਨੂੰ ਕੋਈ ਸਰਕਾਰੀ ਕੰਮ ਨਹੀਂ ਦਿੱਤਾ ਗਿਆ। ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਸਕੱਤਰ ਕਾਮਰੇਡ ਹਰਦੇਵ ਅਰਸ਼ੀ ਨੇ ਕਿਹਾ ਕਿ ਮੁੱਖ ਸੰਸਦੀ ਸਕੱਤਰ ਲੋਕਾਂ ਉਤੇ ਬੋਝ ਹਨ ਤੇ ਗਠਜੋੜ ਵੱਲੋਂ ਸਿਰਫ਼ ਆਪਣਿਆਂ ਨੂੰ ਨਿਵਾਜਣ ਲਈ ਅਹੁਦੇ ਦਿੱਤੇ ਜਾਂਦੇ ਹਨ।

## ਇਸਰਾਈਲ ਦੇ ਸਾਬਕਾ ਪ੍ਰਧਾਨ ਮੰਤਰੀ ਨੂੰ ਕੈਦ

**ਯੋਰੋਸ਼ਲਮ:** ਇਸਰਾਈਲ ਦੇ ਸਾਬਕਾ ਪ੍ਰਧਾਨ ਮੰਤਰੀ ਇਹੁਦ ਓਲਮਰਟ (69) ਨੂੰ ਭ੍ਰਿਸ਼ਟਾਚਾਰ, ਜਾਲਸਾਜ਼ੀ ਤੇ ਭਰੋਸਾ ਤੋੜਨ ਦੇ ਜੁਰਮ ਵਿਚ ਅੱਠ ਮਹੀਨਿਆਂ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਦੇਸ਼ ਦੇ ਇਤਿਹਾਸ ਵਿਚ ਉਹ ਪਹਿਲੇ ਪ੍ਰਧਾਨ ਮੰਤਰੀ ਹਨ, ਜਿਨ੍ਹਾਂ ਨੂੰ ਜੇਲ੍ਹ ਜਾਣਾ ਪਏਗਾ। ਅਦਾਲਤ ਨੇ ਉਨ੍ਹਾਂ ਨੂੰ 25 ਹਜ਼ਾਰ ਅਮਰੀਕੀ ਡਾਲਰ ਦਾ ਜੁਰਮਾਨਾ ਵੀ ਠੋਕਿਆ ਹੈ।

ਯੋਰੋਸ਼ਲਮ ਜ਼ਿਲ੍ਹਾ ਅਦਾਲਤ ਨੇ ਤਲਨਸਕਾਈ ਕੇਸ ਵਿਚ ਸਜ਼ਾ ਸੁਣਾਈ ਹੈ। ਅਦਾਲਤ ਨੇ ਓਲਮਰਟ ਨੂੰ ਅਮਰੀਕੀ-ਯਹੂਦੀ ਕਾਰੋਬਾਰੀ ਮੌਰਿਸ ਮੋਸ਼ੇ ਤਲਨਸਕਾਈ ਤੋਂ ਪੈਸਿਆਂ ਨਾਲ ਭਰਿਆ ਲਿਫ਼ਾਫ਼ਾ ਲੈਣ ਦਾ ਦੋਸ਼ੀ ਪਾਇਆ ਸੀ। ਓਲਮਰਟ ਨੂੰ ਦੂਜੀ ਵਾਰ ਜੇਲ੍ਹ ਦੀ ਸਜ਼ਾ ਹੋਈ ਹੈ।

ਪਹਿਲਾਂ ਹੋਲੀਲੈਂਡ ਰੀਅਲ ਅਸਟੇਟ ਵਿਚ ਰਿਸ਼ਵਤ ਲੈਣ ਦੇ ਦੋਸ਼ ਵਿਚ ਉਨ੍ਹਾਂ ਨੂੰ ਛੇ ਸਾਲ ਦੀ ਸਜ਼ਾ ਹੋਈ ਸੀ। ਉਸ ਸਮੇਂ ਉਨ੍ਹਾਂ ਸਜ਼ਾ ਖ਼ਿਲਾਫ਼ ਸੁਪਰੀਮ ਕੋਰਟ ਵਿਚ ਅਪੀਲ ਪਾਈ ਸੀ ਪਰ ਅਦਾਲਤ ਨੇ ਕੋਈ ਹਮਦਰਦੀ ਨਹੀਂ ਦਿਖਾਈ।

*ਭਾਰਤ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੂੰ ਕਾਇਮ ਹੋਇਆਂ ਇਕ ਸਾਲ ਹੋ ਗਿਆ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਪਣੇ ਇਕ ਸਾਲ ਦੇ ਕੰਮ-ਕਾਰ ਦੇ ਪ੍ਰਚਾਰ ਲਈ ਧੂੜਾਂ ਪੁੱਟੀਆਂ ਹੋਈਆਂ ਹਨ। ਥਾਂ ਥਾਂ ਰੈਲੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਵੱਡੇ ਵੱਡੇ ਸਮਾਗਮ ਰਚਾਏ ਜਾ ਰਹੇ ਹਨ। ਮੀਡੀਆ ਵਿਚ ਅੱਜ ਕੱਲ੍ਹ ਇਸ ਸਾਲ ਬਾਰੇ ਹੀ ਚਰਚਾ ਚੱਲ ਰਹੀ ਹੈ। 'ਮੁੱਲ ਦੇ ਮੀਡੀਆ' ਨੇ ਤਾਂ ਮਹੀਨਾ ਪਹਿਲਾਂ ਹੀ ਨਰੇਂਦਰ ਮੋਦੀ ਅਤੇ ਕੇਂਦਰ ਸਰਕਾਰ ਦੀਆਂ ਪ੍ਰਾਪਤੀਆਂ ਦੇ ਕਸੀਦੇ/ਸਿਹਰੇ ਪੜ੍ਹਨੇ ਅਰੰਭ ਕਰ ਦਿੱਤੇ ਸਨ ਅਤੇ ਉਚੇਚੇ ਪ੍ਰੋਗਰਾਮ ਤਿਆਰ ਕਰ ਕੇ ਪ੍ਰਸਾਰਤ ਕੀਤੇ ਜਾ ਰਹੇ ਹਨ, ਪਰ ਸੰਜੀਦਾ ਪੱਤਰਕਾਰਾਂ, ਨਿਰਪੱਖ ਸੋਚ ਰੱਖਦੇ ਅਤੇ ਜੁਰਅਤਮੰਦ ਲੋਕਾਂ ਨੇ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਨਿਤਾਰਦਿਆਂ ਇਸ ਇਕ ਸਾਲ ਦਾ ਲੇਖਾ-ਜੋਖਾ ਕੀਤਾ ਹੈ। ਇਸ ਇਕ ਸਾਲ ਉਤੇ ਉਡਦੀ ਜਿਹੀ ਝਾਤੀ ਪਵਾਉਣ ਲਈ ਅਸੀਂ ਆਪਣੇ ਪਾਠਕਾਂ ਲਈ ਪੱਤਰਕਾਰ ਪੁੰਨਯ ਪ੍ਰਸੂਨ ਬਾਜਪਈ ਦਾ ਲੇਖ ਛਾਪ ਰਹੇ ਹਾਂ। ਇਨ੍ਹਾਂ ਲੇਖਾਂ ਵਿਚ ਭਾਵੇਂ ਇਕ ਸਾਲ ਦੌਰਾਨ ਲੋਕਾਂ ਨਾਲ ਹੋਈਆਂ ਵਧੀਕੀਆਂ ਦੀਆਂ ਗੱਲਾਂ ਉਸ ਰੂਪ ਵਿਚ ਨਹੀਂ ਛੋਹੀਆਂ ਗਈਆਂ, ਪਰ ਵੱਖ ਵੱਖ ਫਰੰਟਾਂ ਉਤੇ ਸਰਕਾਰ ਦੀਆਂ ਨਾਕਾਮੀਆਂ ਦੀ ਨਿਸ਼ਾਨਦੇਹੀ ਤਾਂ ਕੀਤੀ ਹੀ ਗਈ ਹੈ। -ਸੰਪਾਦਕ*

# ਬਾਤਾਂ ਵਿਚ ਹੀ ਬੀਤ ਗਏ ਬਾਰਾਂ ਮਹੀਨੇ

ਤੁਹਾਨੂੰ ਨੌਕਰੀ ਮਿਲੀ? ਕਿਸਾਨਾਂ ਨੂੰ ਖੂਨ-ਪਸੀਨੇ ਦੀ ਕਮਾਈ ਦਾ ਮੁੱਲ ਮਿਲਿਆ? ਮਹਿੰਗਾਈ ਤੋਂ ਨਿਜਾਤ ਮਿਲੀ? ਬਿਨਾਂ ਰਿਸ਼ਵਤ ਕੰਮ ਹੋ ਰਿਹਾ ਹੈ? ਜਵਾਬ ਹੈ 'ਨਹੀਂ'।... ਸਵਿਸ ਬੈਂਕਾਂ ਤੋਂ ਕਾਲਾ ਧਨ ਲਿਆਵਾਂਗੇ? ਹਾਂ ਲਿਆਵਾਂਗੇ। ਤੁਸੀਂ ਉਨ੍ਹਾਂ ਨੂੰ ਸੱਠ ਸਾਲ ਦਿੱਤੇ, ਸਾਨੂੰ ਸਿਰਫ਼ 60 ਮਹੀਨੇ ਦਿਓਗੇ? ਹਾਂ ਦੇਵਾਂਗੇ।... ਤੇ ਹੁਣ 60 ਮਹੀਨਿਆਂ ਵਿਚੋਂ ਬਚੇ ਹਨ 48 ਮਹੀਨੇ! ਚੋਣਾਂ ਤੋਂ ਪਹਿਲਾਂ ਖੂਬ ਨਾਅਰੇ ਲਾਏ। ਹੁਣ ਇਨ੍ਹਾਂ ਨਾਅਰਿਆਂ ਦੀ ਗੂੰਜ ਨਾਲ ਬਾਰਾਂ ਮਹੀਨਿਆਂ ਵਿਚ ਹੀ ਮੁਲਕ ਨੂੰ ਅਜਿਹੇ ਮੁਹਾਣ 'ਤੇ ਲਿਆ ਖੜ੍ਹਾ ਕੀਤਾ ਹੈ ਜਿਥੇ ਨਾਅਰਿਆਂ ਨਾਲ ਸੁਰ ਮਿਲਾ ਰਹੀ ਜਨਤਾ



**ਪੁੰਨਯ ਪ੍ਰਸੂਨ ਬਾਜਪਈ**

ਨੂੰ ਲੱਗਣ ਲੱਗ ਪਿਆ ਹੈ ਕਿ ਸੱਤਾਧਾਰੀ ਫਰੇਬ ਕਰ ਰਹੇ ਹਨ ਅਤੇ 'ਅੱਛੇ ਦਿਨ' ਲਿਆਉਣ ਦਾ ਦਾਅਵਾ ਕਰਨ ਵਾਲਾ ਨਰੇਂਦਰ ਮੋਦੀ ਵੀ ਉਸੇ ਵਿਵਸਥਾ ਦਾ ਸ਼ਿਕਾਰ ਹੋ ਗਿਆ ਹੈ ਜਿਸ ਨੇ 1991 ਵਾਲੇ ਆਰਥਿਕ ਸੁਧਾਰਾਂ ਤੋਂ ਬਾਅਦ ਹਰ ਸਰਕਾਰ ਨੂੰ ਗਿੱਚੀ ਤੋਂ ਫੜ ਲਿਆ ਸੀ। ਇਹ ਭਾਵੇਂ ਯੂ.ਪੀ.ਏ. ਸੀ, ਜਾਂ ਐਨ.ਡੀ.ਏ. ਤੇ ਜਾਂ ਫਿਰ ਯੂਨਾਈਟਿਡ ਫਰੰਟ, ਸਭ ਦਾ ਇਕੋ ਹਾਲ ਹੈ।

ਕਿਸਾਨਾਂ ਦਾ ਮਸਲਾ ਆਰਥਿਕ ਸੁਧਾਰ ਹੋਣ ਨਹੀਂ ਦੇਵੇਗਾ। ਜਵਾਨਾਂ ਦਾ ਮੁੱਦਾ ਕੌਮਾਂਤਰੀ ਡਿਪਲੋਮੇਸੀ ਚੱਲਣ ਨਹੀਂ ਦੇਵੇਗਾ। ਕਾਲੇ ਧਨ ਨੂੰ ਨੱਥ, ਆਵਾਰਾ ਪੂੰਜੀ ਉਤੇ ਟਿਕੇ ਵਿਕਾਸ ਦੀ ਰੀੜ੍ਹ ਦੀ ਹੱਡੀ ਤੋੜ ਦੇਵਗੀ। ਮਹਿੰਗਾਈ ਉਤੇ ਰੋਕ ਵਿਚੋਲਿਆਂ ਦੀ ਸਿਆਸੀ ਗਠਜੋੜ ਖਤਮ ਕਰ ਦੇਵੇਗੀ। ਕੀ ਮੋਦੀ ਸਰਕਾਰ ਕੋਲ ਵਿਕਾਸ ਦਾ ਕੋਈ ਅਜਿਹਾ ਢਾਂਚਾ ਹੈ ਜਿਸ ਦੇ ਸਹਾਰੇ ਮੁਲਕ ਵਿਚ ਆਰਥਿਕ ਸਮਾਜਕ ਚੜ੍ਹਤ ਹੋ ਸਕੇ, ਸਮਾਜ ਵਿਚ ਲਗਾਤਾਰ ਆ ਰਹੇ ਨਿਘਾਰ ਨੂੰ ਰੋਕਿਆ ਜਾ ਸਕੇ। ਯਕੀਨਨ, ਪਹਿਲਾ ਸਾਲ ਲੰਘਦਿਆਂ ਲੰਘਦਿਆਂ ਇਹੀ ਸਵਾਲ ਹਰ ਇਕ ਦੇ ਅੱਗੇ ਆਣ ਖੜ੍ਹਾ ਹੋਇਆ ਹੈ। ਜੇ ਮਨਮੋਹਨ ਸਿੰਘ ਮਾਰਕਾ ਆਰਥਿਕਤਾ ਹੀ ਮੋਦੀ ਦੇ ਵਿਕਾਸ ਦੇ ਨਾਅਰੇ ਵਿਚ ਫਿੱਟ ਕਰਨੀ ਹੈ, ਤਾਂ ਫਿਰ ਜੋ ਕੰਮ ਮਨਮੋਹਨ ਸਿੰਘ ਸਿਆਸੀ ਮਜਬੂਰੀ ਕਰ ਕੇ ਨਹੀਂ ਸੀ ਕਰ ਸਕਿਆ, ਉਹ ਕੰਮ ਆਸਾਨੀ ਨਾਲ ਨਰੇਂਦਰ ਮੋਦੀ ਤਾਂ ਕਰ ਸਕਦਾ ਹੈ!

ਅਸਲ ਵਿਚ ਮੋਦੀ ਸਰਕਾਰ ਦੇ ਪਹਿਲੇ ਬਾਰਾਂ ਮਹੀਨੇ ਚੋਣਾਂ ਲੜਨ ਅਤੇ ਮਨਮੋਹਨ ਸਿੰਘ ਵਾਲੀਆਂ ਨੀਤੀਆਂ ਨੂੰ ਉਪਰੋਂ ਉਪਰੋਂ ਹੀ ਰੱਦ ਕਰਨ ਉਤੇ ਖਰਚ ਹੋ ਗਏ। ਸਰਕਾਰ ਚਲਾਉਣ ਲਈ ਸੱਤਾ ਦੀ ਤਾਕਤ ਪ੍ਰਧਾਨ ਮੰਤਰੀ ਦਫ਼ਤਰ (ਪੀ.ਐਮ.ਓ.) ਵਿਚ ਕਿਸ ਤਰ੍ਹਾਂ ਕੇਂਦਰਤ ਹੋਵੇਗੀ, ਇਨ੍ਹਾਂ ਸਕੀਮਾਂ ਵਿਚ ਹੀ ਵਧੇਰੇ ਸਮਾਂ ਲੰਘ ਗਿਆ। ਹੁਣ ਸਵਾਲ ਹੈ ਕਿ ਪਹਿਲੇ 12 ਮਹੀਨੇ ਮੋਦੀ ਸਰਕਾਰ ਨੇ ਸਿਸਟਮ ਸਮਝਣ-ਸਮਝਾਉਣ ਉਤੇ ਹੀ ਲਾ ਦਿੱਤੇ ਹਨ? ਮਤਲਬ ਕੰਮ ਅਗਲੇ 48 ਮਹੀਨਿਆਂ ਵਿਚ ਹੋਣਾ ਹੈ। ਉਂਝ ਪਿਛਲੇ ਸਾਲ ਨੂੰ ਜ਼ਰਾ ਗੌਰ ਨਾਲ ਦੇਖੀਏ ਤਾਂ ਸਵਾਲ ਸਮਝਣ-ਸਮਝਾਉਣ ਦਾ ਨਹੀਂ, ਸਗੋਂ ਆਪਣੀ ਦਿਸ਼ਾ ਮਿਥਣ ਜਾਂ ਸਿਆਸੀ ਵਿਰੋਧ ਨੂੰ ਦਰਕਿਨਾਰ ਕਰ ਕੇ ਅੱਗੇ ਕਿਸ ਤਰ੍ਹਾਂ ਵਧਿਆ ਜਾਵੇ, ਇਹ ਮੁਸ਼ੱਕਤ ਕਰਨ ਉਤੇ ਹੀ ਲੱਗਦਾ ਰਿਹਾ ਹੈ। ਮੋਦੀ ਸਰਕਾਰ ਲਈ ਪਹਿਲੇ ਬਾਰਾਂ ਮਹੀਨਿਆਂ ਦਾ ਜਿਹੜਾ ਮਸਲਾ ਸਭ ਤੋਂ ਵੱਡਾ ਬਣਿਆ, ਉਹ ਹੈ ਮੋਦੀ ਦੇ ਵਿਕਾਸ ਦੀ ਧਾਰਨਾ ਨੂੰ ਮਾਨਤਾ ਮਿਲਣੀ। ਵਿਕਾਸ ਲਈ ਜਿਸ ਤਰ੍ਹਾਂ ਖੁੱਲ੍ਹੇ ਦੌਰ 'ਤੇ ਵਿਦੇਸ਼ੀ ਨਿਵੇਸ਼ ਦੀ ਜ਼ਰੂਰਤ ਦਰਸਾਈ ਗਈ, ਕਿਰਤ ਕਾਨੂੰਨਾਂ ਵਿਚ ਤਬਦੀਲੀ ਕਰਨ ਬਾਰੇ ਸੋਚਿਆ ਗਿਆ, ਉਸ ਨੇ ਮੋਦੀ ਦੇ ਸਾਹਮਣੇ ਸੰਘ ਪਰਿਵਾਰ ਦੀ ਉਸੇ ਵਿਚਾਰਧਾਰਾ ਨੂੰ ਸਾਹਮਣੇ ਲਿਆ ਖੜ੍ਹਾ ਕੀਤਾ ਹੈ ਜੋ ਹੁਣ ਤੱਕ ਸਵਦੇਸੀ ਦਾ ਰਾਗ ਅਲਾਪ ਰਹੀ ਸੀ, ਵਿਦੇਸ਼ੀ ਨਿਵੇਸ਼ ਦੀ ਜਗ੍ਹਾ ਦੇਸੀ ਪੂੰਜੀ ਨੂੰ ਮਹੱਤਵ ਦੇਣ ਦੀ ਇੱਛਾ ਰੱਖ ਰਹੀ ਸੀ, ਮਜ਼ਦੂਰ ਹਿੱਤਾਂ ਲਈ ਸੰਘਰਸ਼ ਲਈ ਉਤਾਰੂ ਸੀ, ਭਾਵ ਵਿਕਾਸ ਨੂੰ ਲੈ ਕੇ ਪਹਿਲਾ ਟਕਰਾਅ ਸਿਆਸੀ ਵਿਰੋਧੀਆਂ ਨਾਲ ਨਹੀਂ, ਸਗੋਂ ਆਪਣਿਆਂ ਨਾਲ ਹੋਇਆ।

ਭਾਰਤੀ ਮਜ਼ਦੂਰ ਸੰਘ ਅਤੇ ਸਵਦੇਸੀ ਜਾਗਰਨ ਮੰਚ ਨੂੰ ਜਿਵੇਂ-ਕਿਵੇਂ ਸੰਭਾਲ ਲਿਆ ਗਿਆ, ਤਾਂ ਅਗਲਾ ਸਵਾਲ ਵਿਦੇਸੀ ਨਿਵੇਸ਼ ਲਈ ਮਾਹੌਲ ਪੈਦਾ ਕਰਨ ਦਾ ਖੜ੍ਹਾ ਹੋ ਗਿਆ। ਫਿਰ ਜ਼ਮੀਨ ਬਾਰੇ ਸਵਾਲ ਅਣ ਖੜ੍ਹੋਇਆ ਜਿਸ ਤੋਂ ਬਗੈਰ ਕੋਈ ਯੋਜਨਾ ਮੁਲਕ ਵਿਚ ਲਾਗੂ ਹੀ ਨਹੀਂ ਹੋ ਸਕਦੀ। ਭੂਮੀ ਗ੍ਰਹਿਣ ਦੇ ਸਵਾਲ ਨੇ ਕਿਸਾਨਾਂ ਨੂੰ ਮੋਦੀ ਸਰਕਾਰ ਦੇ ਖਿਲਾਫ਼ ਲਿਆ ਖਿਲਾਰਿਆ। ਇਸ ਸਵਾਲ ਬਾਰੇ ਹਰ ਸਰਕਾਰ ਨੇ ਨਾ ਸਿਰਫ਼ ਅੱਖਾਂ ਬੰਦ ਕੀਤੀਆਂ, ਸਗੋਂ ਆਰਥਿਕ ਸੁਧਾਰ ਤੋਂ ਬਾਅਦ ਸਾਰੀਆਂ ਪਾਰਟੀਆਂ ਨੇ ਸਰਬਸੰਮਤੀ ਨਾਲ ਇਸ ਸਮਝ ਤੇ ਸੋਚ ਉਤੇ ਮੋਹਰ ਲਗਾ ਦਿੱਤੀ ਹੈ ਕਿ ਖੇਤੀ ਆਪਣੀ ਮੌਤ ਖੁਦ ਮਰੇਗੀ। ਸਪਸ਼ਟ ਹੈ ਕਿ ਜੋ ਸੋਚ 1991 ਵਿਚ ਵਿੱਤ ਮੰਤਰੀ ਮਨਮੋਹਨ ਸਿੰਘ ਨੇ ਲਿਆਂਦੀ ਸੀ, ਉਸ ਨੂੰ ਹੀ 24 ਸਾਲ ਬਾਅਦ ਅਮਲੀ ਜਾਮਾ ਪਹਿਨਾਉਣ ਲਈ ਜੇ ਕਿਸੇ ਸਰਕਾਰ ਨੂੰ ਬਹੁਮਤ ਮਿਲੀ ਤਾਂ ਉਹ ਮੋਦੀ ਸਰਕਾਰ ਹੀ ਹੈ। ਮੋਦੀ ਸ਼ਾਇਦ ਇਸ ਸੱਚ ਨੂੰ ਭੁੱਲ ਗਿਆ ਹੈ ਕਿ ਆਜ਼ਾਦੀ ਤੋਂ ਬਾਅਦ



ਉਸੇ ਦੀ ਸਰਕਾਰ ਨੂੰ ਸਭ ਤੋਂ ਘੱਟ ਵੋਟ ਫੀਸਦ ਦੇ ਆਧਾਰ 'ਤੇ ਸਭ ਤੋਂ ਜ਼ਿਆਦਾ ਸੀਟਾਂ ਮਿਲੀਆਂ ਹਨ, ਸਿਰਫ਼ 31 ਫੀਸਦੀ ਵੋਟਾਂ ਅਤੇ 281 ਸੀਟਾਂ; ਮਤਲਬ, ਮੁਲਕ ਉਸ ਦੌਰ ਵਿਚ ਵੀ ਭਾਰਤੀ ਜਨਤਾ ਪਾਰਟੀ ਬਾਰੇ ਵੰਡਿਆ ਹੋਇਆ ਸੀ, ਜਦੋਂ ਮਨਮੋਹਨ ਸਿੰਘ ਸਰਕਾਰ ਖਿਲਾਫ਼ ਗੁੱਸਾ ਬਹੁਤ ਜ਼ਿਆਦਾ ਫੈਲਿਆ ਹੋਇਆ ਸੀ। 2014 ਵਿਚ ਜਾ ਰਹੀ ਸਰਕਾਰ ਦੇ ਇਵਜ਼ ਵਿਚ ਜਿਸ ਨੂੰ ਚੁਣਿਆ ਗਿਆ, ਉਸ ਦੇ ਕੋਲ ਬਹੁਮਤ ਦੀ ਤਾਕਤ ਹੈ, ਪਰ ਜਨਤਾ ਦਾ ਉਹ ਸਾਥ ਨਹੀਂ ਜੋ 'ਅੱਛੇ ਦਿਨਾਂ' ਦੇ ਨਾਅਰਿਆਂ ਵਿਚ ਗੁਆਚਣ ਲਈ ਤਿਆਰ ਹੋ ਜਾਵੇ। ਮੁਸ਼ਕਿਲ ਮਨਮੋਹਨ ਸਿੰਘ ਦੇ ਵਕਤ ਵੀ ਸੀ, ਹੁਣ ਵੀ ਹੈ। ਪਹਿਲੇ ਸਾਲ ਦੀ ਮੋਦੀ ਦੀ ਸੱਤਾ ਨੇ ਸਿਆਸੀ ਤੌਰ 'ਤੇ ਸਮਝਾ ਦਿੱਤਾ ਹੈ ਕਿ ਸੱਤਾ ਵਿਚ ਜੋ ਵੀ ਹੋਵੇਗਾ, ਉਸ ਦੀ ਸਮਝ ਵਿਰੋਧੀ ਧਿਰ ਨਾਲੋਂ ਬਿਲਕੁਲ ਵੱਖਰੀ ਹੋਵੇਗੀ। 'ਮੇਕ ਇਨ ਇੰਡੀਆ' ਦਾ ਨਾਅਰਾ ਲਾ ਕੇ ਦੁਨੀਆਂ ਭਰ ਵਿਚ ਭਾਰਤ ਨੂੰ ਵਧੀਆ ਬਾਜ਼ਾਰ ਦੇ ਤੌਰ 'ਤੇ ਪੇਸ਼ ਕਰਨ ਵਾਲੇ ਪ੍ਰਧਾਨ ਮੰਤਰੀ ਮੋਦੀ ਸੰਸਦ ਵਿਚ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਦੇ ਇਸ ਸਵਾਲ ਦਾ ਜਵਾਬ ਨਹੀਂ ਦੇ ਸਕੇ ਕਿ, ਕੀ ਕਿਸਾਨ 'ਮੇਕ ਇਨ ਇੰਡੀਆ' ਨਹੀਂ ਕਰ ਰਿਹਾ? ਸਿਆਸਤ ਜਿਸ ਤਰ੍ਹਾਂ ਜਨਤਾ ਨੂੰ ਠੱਗ ਰਹੀ ਹੈ, ਉਸ ਦੌਰਾਨ ਕੋਈ ਰਾਹੁਲ ਤੋਂ ਇਹ ਪੁੱਛ ਨਹੀਂ ਸਕਿਆ ਕਿ ਲੰਘੇ 60 ਸਾਲਾਂ ਵਿਚ ਕਿਸਾਨ 'ਮੇਕ ਇੰਨ ਇੰਡੀਆ' ਹੀ ਤਾਂ ਕਰ ਰਿਹਾ ਹੈ, ਫਿਰ ਮਨਮੋਹਨ ਸਿੰਘ ਸਰਕਾਰ ਹੀ ਨਹੀਂ, ਕਾਂਗਰਸ ਦੀਆਂ ਸਾਰੀਆਂ ਸਰਕਾਰਾਂ ਵੇਲੇ ਕਿਸਾਨਾਂ ਲਈ ਬਜਟ ਤੋਂ ਲੈ ਕੇ ਨੀਤੀ ਵਿਚ ਕੋਈ ਬੁਨਿਆਦੀ ਢਾਂਚਾ ਪੈਦਾ ਕਿਉਂ ਨਹੀਂ ਕੀਤਾ ਗਿਆ ਜਿਸ ਨਾਲ ਕਿਸਾਨਾਂ ਨੂੰ ਵੀ ਮਹਿਸੂਸ ਹੋਵੇ ਕਿ ਉਨ੍ਹਾਂ ਦਾ ਵਿੱਤ ਮੰਤਰੀ ਜਾਂ ਪ੍ਰਧਾਨ ਮੰਤਰੀ ਕੋਈ ਇੰਦਰ ਦੇਵਤਾ ਨਹੀਂ, ਸਗੋਂ ਚੁਣੀ ਹੋਈ ਸਰਕਾਰ ਹੈ।

## ਮੋਦੀ ਦਾ ਸਾਲ ਭਰ ਦਾ ਰਿਪੋਰਟ ਕਾਰਡ



*ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਸਾਰਾ ਜ਼ੋਰ ਇਸ ਪ੍ਰਚਾਰ ਉਤੇ ਲੱਗਾ ਹੋਇਆ ਹੈ ਕਿ ਸੰਸਾਰ ਭਰ ਵਿਚ ਭਾਰਤ ਦੀ ਪੈਂਠ ਬਣਾ ਦਿੱਤੀ ਗਈ ਹੈ। ਠੀਕ ਹੈ ਕਿ ਵਿਦੇਸ਼ ਨੀਤੀ ਬਾਰੇ ਸਰਗਰਮੀ ਕੀਤੀ ਜਾ ਰਹੀ ਹੈ, ਪਰ ਇਸ ਪਾਸੇ ਕੋਈ ਅਜਿਹਾ ਤੀਰ ਇਹ ਸਰਕਾਰ ਸ਼ਾਇਦ ਹੀ ਮਾਰ ਸਕੀ ਹੈ। ਘਰੇਲੂ ਫਰੰਟ ਉਤੇ ਤਾਂ ਸਰਕਾਰ ਦੀ ਆਏ ਦਿਨ ਤੋਏ ਤੋਏ ਹੁੰਦੀ ਰਹਿੰਦੀ ਹੈ, ਕਿਉਂਕਿ ਇਹ ਸਰਕਾਰ ਬਣਨ ਤੋਂ ਬਾਅਦ ਧਾਰਮਿਕ ਘੱਟ-ਗਿਣਤੀਆਂ ਉਤੇ ਸਿੱਧੇ-ਅਸਿੱਧੇ ਹਮਲੇ ਲਗਾਤਾਰ ਤੇਜ਼ ਹੋਏ ਹਨ। ਸਰਕਾਰ ਨਾਲ ਸਬੰਧਤ ਲੀਡਰਾਂ ਦੇ ਭੜਕਾਊ ਭਾਸ਼ਣ ਹੱਦਾਂ ਪਾਰ ਕਰ ਰਹੇ ਹਨ ਅਤੇ ਇਨ੍ਹਾਂ ਨੂੰ ਡੱਕਣ ਵਾਲਾ ਕੋਈ ਨਹੀਂ ਹੈ। ਅਸਲ ਵਿਚ ਇਹ ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਦੇ ਉਸ ਹਿੰਦੂਤਵ ਏਜੰਡੇ ਦਾ ਹੀ ਇਕ ਹਿੱਸਾ ਹੈ ਜਿਸ ਦੀ ਉਡੀਕ ਇਹ ਜਥੇਬੰਦੀਆਂ ਦਹਾਕਿਆਂ ਤੋਂ ਕਰ ਰਹੀਆਂ ਸਨ। ਹੁਣ ਸੱਤਾ ਹਾਸਲ ਕਰ ਕੇ ਇਨ੍ਹਾਂ ਨੂੰ ਮਨਮਰਜ਼ੀ ਕਰਨ ਦਾ ਮੌਕਾ ਮਿਲ ਗਿਆ ਹੈ।*


ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening

• 8 Drive Tires For $3300 Kelly KDA

• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਚਾਰ ਹਜ਼ਾਰ ਕਰੋੜ ਦਾ ਘਾਟਾ ਝੱਲਣਗੇ ਪੰਜਾਬ ਦੇ ਕਿਸਾਨ

**ਚੰਡੀਗੜ੍ਹ:** ਪੰਜਾਬ ਵਿਚ ਇਸ ਵਾਰੀ ਕਣਕ ਦਾ ਉਤਪਾਦਨ 13 ਫ਼ੀਸਦੀ ਘਟਣ ਕਾਰਨ ਕਿਸਾਨਾਂ ਨੂੰ ਵੱਡੀ ਵਿੱਤੀ ਮਾਰ ਪਈ ਹੈ। ਇਸ ਦਾ ਸੂਬੇ ਦੀ ਆਰਥਿਕਤਾ ਉਤੇ ਵੀ ਮਾੜਾ ਅਸਰ ਪੈਣਾ ਯਕੀਨੀ ਹੈ ਕਿਉਂਕਿ ਕਿਸਾਨਾਂ ਨੂੰ ਅੰਦਾਜ਼ਨ ਚਾਰ ਹਜ਼ਾਰ ਕਰੋੜ ਰੁਪਏ ਦਾ ਘਾਟਾ ਪੈਣ ਦਾ ਅਨੁਮਾਨ ਲਾਇਆ ਗਿਆ ਹੈ। ਸੂਬੇ ਦੇ ਖੇਤੀਬਾੜੀ ਵਿਭਾਗ ਵੱਲੋਂ ਇਕੱਤਰ ਕੀਤੀ ਰਿਪੋਰਟ ਮੁਤਾਬਕ ਇਸ ਵਾਰੀ ਕਣਕ ਦਾ ਝਾੜ ਔਸਤਨ ਪ੍ਰਤੀ ਹੈਕਟੇਅਰ 44 ਕੁਇੰਟਲ ਨਿਕਲਿਆ ਹੈ। ਪਿਛਲੇ ਸਾਲ ਫਸਲ ਦਾ ਝਾੜ 50 ਕੁਇੰਟਲ ਪ੍ਰਤੀ ਹੈਕਟੇਅਰ ਰਿਹਾ ਸੀ। ਇਸ ਵਾਰ ਝਾੜ 50 ਕੁਇੰਟਲ ਤੋਂ ਵਧ ਨਿਕਲਣ ਦਾ ਅਨੁਮਾਨ ਸੀ ਪਰ ਕੁਦਰਤੀ ਕਰੋਪੀ ਨੇ ਕਿਸਾਨਾਂ ਦੇ ਸੁਪਨੇ ਰੋਲ ਦਿੱਤੇ।



ਇਸ ਤਰ੍ਹਾਂ ਨਾਲ ਛੇ ਕੁਇੰਟਲ ਕਣਕ ਘੱਟ ਨਿਕਲੀ ਹੈ ਤੇ ਕਿਸਾਨਾਂ ਨੂੰ ਪ੍ਰਤੀ ਹੈਕਟੇਅਰ 9 ਹਜ਼ਾਰ ਰੁਪਏ ਦਾ ਨੁਕਸਾਨ ਹੋਇਆ ਹੈ। ਨਵਾਂਸ਼ਹਿਰ ਜ਼ਿਲ੍ਹੇ ਵਿਚ ਕਣਕ ਦਾ ਝਾੜ ਸਭ ਤੋਂ ਜ਼ਿਆਦਾ ਘਟਣ ਕਾਰਨ ਇਸ ਜ਼ਿਲ੍ਹੇ ਦੇ ਕਿਸਾਨਾਂ ਨੂੰ ਜ਼ਿਆਦਾ ਮਾਰ ਪਈ ਹੈ। ਰਿਪੋਰਟਾਂ ਮੁਤਾਬਕ ਨਵਾਂਸ਼ਹਿਰ ਵਿਚ ਪ੍ਰਤੀ ਹੈਕਟੇਅਰ 28 ਕੁਇੰਟਲ ਝਾੜ ਨਿਕਲਿਆ ਹੈ ਜੋ ਪਿਛਲੇ ਸਾਲ ਦੇ ਮੁਕਾਬਲੇ 40 ਫ਼ੀਸਦੀ ਘੱਟ ਗਿਆ ਹੈ। ਗੁਰਦਾਸਪੁਰ ਤੇ ਪਠਾਨਕੋਟ ਵਿਚ ਵੀ ਝਾੜ ਬੇਹੱਦ ਘੱਟ ਨਿਕਲਣ ਕਾਰਨ ਕਿਸਾਨ ਨਿਰਾਸ਼ ਹਨ। ਇਸ ਨਾਲ ਜ਼ਮੀਨਾਂ ਦੀ ਕੀਮਤ, ਠੇਕਾ ਘਟਣ ਤੇ ਦਿਹਾਤੀ ਆਰਥਿਕਤਾ ਉਤੇ ਕਈ ਤਰ੍ਹਾਂ ਦੇ ਅਸਰ ਪੈਣ ਦੀਆਂ ਰਿਪੋਰਟਾਂ ਆ ਰਹੀਆਂ ਹਨ।

ਖੇਤੀਬਾੜੀ ਵਿਭਾਗ ਦਾ ਮੰਨਣਾ ਹੈ ਕਿ ਕਣਕ ਦਾ ਕੁੱਲ ਉਤਪਾਦਨ ਮਸਾਂ 150 ਲੱਖ ਟਨ ਦੇ ਕਰੀਬ ਹੋਇਆ ਹੈ ਜਦੋਂ ਕਿ 175 ਲੱਖ ਟਨ ਕਣਕ ਦਾ ਝਾੜ ਨਿਕਲਣ ਦੀ ਉਮੀਦ ਸੀ। ਕੇਂਦਰੀ ਪੂਲ ਵਿਚ ਕਣਕ ਦਾ ਪਾਇਆ ਜਾਣ ਵਾਲਾ ਟੀਚਾ ਵੀ ਪੂਰਾ ਹੋਣ ਦੇ ਆਸਾਰ ਨਹੀਂ ਹਨ। ਵਿਭਾਗ ਨੂੰ 105 ਲੱਖ ਕੁਇੰਟਲ ਮੀਟ੍ਰਿਕ ਟਨ ਕਣਕ ਮੰਡੀਆਂ ਵਿਚ ਆਉਣ ਦੀ ਉਮੀਦ ਹੈ। ਪਿਛਲੇ ਸਾਲ 118 ਲੱਖ ਕੁਇੰਟਲ ਕਣਕ ਦੀ ਖ਼ਰੀਦ ਕੀਤੀ ਗਈ ਸੀ ਤੇ ਇਸ ਵਾਰ 120 ਲੱਖ ਟਨ ਖ਼ਰੀਦ ਦਾ ਟੀਚਾ ਮਿੱਥਿਆ ਗਿਆ ਸੀ। ਲੰਘੇ ਹਾੜ੍ਹੀ ਦੇ ਸੀਜ਼ਨ ਵਿਚ ਬੇਮੌਸਮੀ ਬਰਸਾਤ ਨਾਲ ਹੋਏ ਨੁਕਸਾਨ ਦੇ 717 ਕਰੋੜ ਰੁਪਏ ਮੰਗੇ ਸਨ ਪਰ ਕਿਸਾਨਾਂ ਨੂੰ ਇਸ ਵਿਚੋਂ ਇਕ ਧੇਲਾ ਵੀ ਨਹੀਂ ਮਿਲਿਆ। ਇਹ ਸਭ ਐਲਾਨ ਕਾਗਜ਼ਾਂ ਤੱਕ ਸੀਮਤ ਰਹਿ ਗਏ ਹਨ।

ਮੰਡੀ ਬੋਰਡ ਦੇ ਇਕ ਸੀਨੀਅਰ ਅਧਿਕਾਰੀ ਅਨੁਸਾਰ ਸੂਬੇ ਵਿਚ ਤਕਰੀਬਨ 40 ਹਜ਼ਾਰ ਕਰੋੜ ਰੁਪਏ ਦੀਆਂ ਫ਼ਸਲ ਮੰਡੀ ਵਿਚ ਵਿਕਦੀ ਹੈ। ਦੋ ਫ਼ੀਸਦ ਪੇਂਡੂ ਵਿਕਾਸ ਫੰਡ ਰਾਹੀਂ 800 ਕਰੋੜ ਰੁਪਏ ਦੇ ਕਰੀਬ ਪੈਸਾ ਹਰ ਸਾਲ ਇਕੱਠਾ ਹੁੰਦਾ ਹੈ। ਇੰਨੀ ਹੀ ਰਾਸ਼ੀ ਮਾਰਕੀਟ ਫੀਸ ਰਾਹੀਂ ਮਿਲਦੀ ਹੈ। ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਵੱਲੋਂ 18 ਮਾਰਚ ਨੂੰ ਵਿਧਾਨ ਸਭਾ ਵਿਚ ਪੇਸ਼ ਕੀਤੇ ਬਜਟ ਦੌਰਾਨ 600 ਕਰੋੜ ਰੁਪਏ ਦੀ ਮੁੱਖ ਮੰਤਰੀ ਪੇਂਡੂ ਵਿਕਾਸ ਯੋਜਨਾ ਲਾਗੂ ਕਰਨ ਦਾ ਐਲਾਨ ਕੀਤਾ ਸੀ ਪਰ ਉਸ ਵੇਲੇ ਜਾਣਕਾਰੀ ਨਹੀਂ ਦਿੱਤੀ ਕਿ ਪੈਸਾ ਕਿਥੋਂ ਆਵੇਗਾ।

ਖੇਤੀਬਾੜੀ ਵਿਭਾਗ ਦੀ ਰਿਪੋਰਟ ਮੁਤਾਬਕ ਸੰਗਰੂਰ, ਬਰਨਾਲਾ, ਫਿਰੋਜ਼ਪੁਰ, ਮੋਗਾ ਤੇ ਮਾਨਸਾ ਜ਼ਿਲ੍ਹੇ ਹੀ ਅਜਿਹੇ ਹਨ ਜਿਥੇ ਝਾੜ ਦਾ ਬਹੁਤਾ ਅਸਰ ਨਹੀਂ ਹੋਇਆ। ਬਠਿੰਡਾ ਵਿਚ ਪਿਛਲੇ ਸਾਲ ਦੇ 49 ਕੁਇੰਟਲ ਪ੍ਰਤੀ ਹੈਕਟੇਅਰ ਦੇ ਮੁਕਾਬਲੇ ਐਤਵੀਂ 50 ਕੁਇੰਟਲ ਪ੍ਰਤੀ ਹੈਕਟੇਅਰ ਝਾੜ ਨਿਕਲਿਆ ਹੈ। ਰਾਜ ਵਿਚ ਜ਼ਿਲ੍ਹੇ ਵਾਰ ਝਾੜ ਦੇਖਿਆ ਜਾਵੇ ਤਾਂ ਅੰਮ੍ਰਿਤਸਰ ਵਿਚ 37.5 ਕੁਇੰਟਲ ਪ੍ਰਤੀ ਹੈਕਟੇਅਰ, ਬਰਨਾਲਾ ਵਿਚ 46.5 ਕੁਇੰਟਲ, ਬਠਿੰਡਾ ਵਿਚ 51 ਕੁਇੰਟਲ, ਫਰੀਦਕੋਟ ਵਿਚ 47.5 ਕੁਇੰਟਲ, ਫਤਿਹਗੜ੍ਹ ਸਾਹਿਬ 40 ਕੁਇੰਟਲ, ਫਿਰੋਜ਼ਪੁਰ 47.5 ਕੁਇੰਟਲ, ਫ਼ਾਜ਼ਿਲਕਾ 44 ਕੁਇੰਟਲ, ਗੁਰਦਾਸਪੁਰ 31 ਕੁਇੰਟਲ, ਹੁਸ਼ਿਆਰਪੁਰ 37 ਕੁਇੰਟਲ, ਜਲੰਧਰ 40.5 ਕੁਇੰਟਲ, ਕਪੂਰਥਲਾ 38.68 ਕੁਇੰਟਲ, ਲੁਧਿਆਣਾ 45 ਕੁਇੰਟਲ, ਮਾਨਸਾ 45 ਕੁਇੰਟਲ, ਮੋਗਾ 48.5 ਕੁਇੰਟਲ, ਮੁਹਾਲੀ 41 ਕੁਇੰਟਲ, ਮੁਕਤਸਰ 41 ਕੁਇੰਟਲ, ਪਠਾਨਕੋਟ 35 ਕੁਇੰਟਲ, ਪਟਿਆਲਾ 44 ਕੁਇੰਟਲ, ਰੋਪੜ 41 ਕੁਇੰਟਲ, ਸੰਗਰੂਰ 51 ਕੁਇੰਟਲ, ਨਵਾਂਸ਼ਹਿਰ 28 ਕੁਇੰਟਲ ਅਤੇ ਤਰਨਤਾਰਨ 41 ਕੁਇੰਟਲ ਪ੍ਰਤੀ ਹੈਕਟਰ ਝਾੜ ਰਿਹਾ।

### ਰਾਹਤ ਬਾਰੇ ਕੇਂਦਰ ਤੇ ਪੰਜਾਬ ਸਰਕਾਰਾਂ ਚੁੱਪ

ਕੁਦਰਤੀ ਆਫ਼ਤਾਂ ਨਾਲ ਹੋਏ ਨੁਕਸਾਨ ਦੀ ਭਰਪਾਈ ਲਈ ਰਾਜ ਤੇ ਕੇਂਦਰ ਸਰਕਾਰ ਇਕ ਦੂਜੇ ਉਤੇ ਦੋਸ਼ ਮੜ੍ਹ ਰਹੇ ਹਨ। ਸਰਕਾਰ ਵੱਲੋਂ ਗਿਰਦਾਵਰੀ ਵੀ ਕਰਾਈ ਗਈ ਪਰ ਕਿਸਾਨਾਂ ਨੂੰ ਮੁਆਵਜ਼ਾ ਦੇਣ ਦਾ ਮਾਮਲਾ ਸਰਕਾਰ ਦੀ ਮਾਲੀ ਤੰਗੀ ਕਾਰਨ ਰੁਕ ਗਿਆ। ਰਾਜ ਸਰਕਾਰ ਨੇ ਕੇਂਦਰ ਤੋਂ ਵੀ 717 ਕਰੋੜ ਰੁਪਏ ਦੀ ਮਾਲੀ ਰਾਹਤ ਮੰਗੀ ਤੇ ਕੇਂਦਰ ਸਰਕਾਰ ਨੇ ਵੀ ਕੁਝ ਪੱਲੇ ਨਹੀਂ ਪਾਇਆ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮੀਂਹ ਤੇ ਗੜੇਮਾਰੀ ਪ੍ਰਭਾਵਿਤ ਕਿਸਾਨਾਂ ਲਈ ਮੁਆਵਜ਼ੇ ਲਈ 96 ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰਨ ਦੀ ਗੱਲ ਕੀਤੀ ਹੈ ਪਰ ਬੇਮੌਸਮੀ ਬਰਸਾਤ ਕਾਰਨ ਕਣਕ ਦੇ ਘਟੇ ਝਾੜ ਦੀ ਮਾਰ ਝੱਲ ਰਹੇ ਕਿਸਾਨਾਂ ਲਈ ਕੇਂਦਰ ਤੇ ਪੰਜਾਬ ਸਰਕਾਰ ਦੋਵੇਂ ਹੀ ਚੁੱਪ ਹਨ।

# ਮੋਦੀ ਸਰਕਾਰ ਦੀ ਕਿਫਾਇਤੀ ਮੁਹਿੰਮ ਨੂੰ ਸੱਤ ਮਹੀਨਿਆਂ ਵਿਚ ਹੀ ਬਰੇਕਾਂ

**ਬਠਿੰਡਾ:** ਮੋਦੀ ਸਰਕਾਰ ਦੀ ਕਿਫਾਇਤੀ ਮੁਹਿੰਮ ਨੂੰ ਸੱਤ ਮਹੀਨੇ ਵਿਚ ਹੀ ਬਰੇਕ ਲੱਗ ਗਈ ਹੈ। ਕੇਂਦਰ ਸਰਕਾਰ ਨੇ ਅਫ਼ਸਰਾਂ ਨੂੰ ਪੰਜ ਤਾਰਾ ਹੋਟਲਾਂ ਵਿਚ ਸਰਕਾਰੀ ਮਹਿਫ਼ਿਲਾਂ ਸਜਾਉਣ ਦੀ ਖੁੱਲ੍ਹ ਦੇ ਦਿੱਤੀ ਹੈ। ਮੋਦੀ ਸਰਕਾਰ ਨੇ ਖਰਚੇ ਘਟਾਉਣ ਖਾਤਰ 29 ਅਕਤੂਬਰ 2014 ਨੂੰ ਕਿਫਾਇਤੀ ਮੁਹਿੰਮ ਦਾ ਮੁੱਢ ਬੰਨ੍ਹਿਆ ਸੀ, ਜਿਸ ਤਹਿਤ ਅਫ਼ਸਰਾਂ ਦੇ ਪਹਿਲੀ ਸ਼੍ਰੇਣੀ ਵਿਚ ਹਵਾਈ ਯਾਤਰਾ ਕਰਨ ਉਤੇ ਰੋਕ ਲਗਾਈ ਗਈ ਸੀ, ਨਾਲ ਹੀ ਪੰਜ ਤਾਰਾ ਹੋਟਲਾਂ ਵਿਚ ਮੀਟਿੰਗਾਂ, ਸੈਮੀਨਾਰ ਤੇ ਕਾਨਫਰੰਸਾਂ ਆਦਿ ਕਰਨ ਉਤੇ ਵੀ ਪਾਬੰਦੀ ਲਗਾ ਦਿੱਤੀ ਸੀ।

### ਅਫਸਰਾਂ ਨੂੰ ਪੰਜ ਤਾਰਾ ਹੋਟਲਾਂ 'ਚ ਮਹਿਫਿਲਾਂ ਦੀ ਖੁੱਲ੍ਹ



ਕੇਂਦਰੀ ਵਿੱਤ ਮੰਤਰਾਲੇ ਨੇ ਸਾਰੇ ਮੰਤਰਾਲਿਆਂ ਤੇ ਵਿਭਾਗਾਂ ਨੂੰ ਪੱਤਰ ਜਾਰੀ ਕਰ ਦਿੱਤਾ ਹੈ, ਜਿਸ ਵਿਚ ਪੰਜ ਤਾਰਾ ਹੋਟਲਾਂ ਵਿਚ ਮੀਟਿੰਗ ਕਰਨ ਦੀ ਖੁੱਲ੍ਹ ਦਿੱਤੇ ਜਾਣ ਦਾ ਜ਼ਿਕਰ ਹੈ। ਕੇਂਦਰ ਸਰਕਾਰ ਨੇ ਇਸ ਤੋਂ ਇਲਾਵਾ ਰਿਫਰੈਸ਼ਮੈਂਟ ਆਦਿ ਦੀ ਖਰਚ ਸੀਮਾ ਵੀ ਵਧਾ ਦਿੱਤੀ ਹੈ ਜੋ ਕਿ ਯੂ.ਪੀ.ਏ. ਸਰਕਾਰ ਵੱਲੋਂ 150 ਰੁਪਏ ਪ੍ਰਤੀ ਵਿਅਕਤੀ ਨਿਸ਼ਚਿਤ ਕੀਤੀ ਗਈ ਸੀ। ਜ਼ਿਕਰਯੋਗ ਹੈ ਕਿ ਮੋਦੀ ਸਰਕਾਰ ਨੇ ਸੱਤਾ ਵਿਚ ਆਉਣ ਮਗਰੋਂ ਪੰਜ ਤਾਰਾ ਹੋਟਲਾਂ ਵਿਚ ਮੀਟਿੰਗਾਂ ਤੇ ਕਾਨਫਰੰਸਾਂ ਆਦਿ ਕਰਨ ਉਤੇ ਪਾਬੰਦੀ ਲਗਾ ਕੇ ਵਾਹ-ਵਾਹ ਖੱਟੀ ਸੀ। ਕੇਂਦਰ ਨੇ ਉਦੋਂ ਇਹ ਵੀ ਫ਼ੈਸਲਾ ਕੀਤਾ ਸੀ ਕਿ ਵਿਭਾਗਾਂ ਦੇ ਉਚ ਅਧਿਕਾਰੀ ਵੀਡੀਓ ਕਾਨਫਰੰਸਿੰਗ ਨੂੰ ਤਰਜੀਹ ਦੇਣ ਤਾਂ ਜੋ ਖਰਚਿਆਂ ਵਿਚ ਕਟੌਤੀ ਕੀਤੀ ਜਾ ਸਕੇ। ਕੇਂਦਰੀ ਪੱਤਰ ਅਨੁਸਾਰ ਬਹੁਤ ਸਾਰੇ ਮੰਤਰਾਲਿਆਂ ਨੇ ਵਿੱਤ ਮੰਤਰਾਲੇ ਨੂੰ ਪੱਤਰ ਭੇਜੇ ਸਨ ਕਿ ਕੌਮਾਂਤਰੀ ਲਹਿਜੇ ਵਾਲੀਆਂ ਮੀਟਿੰਗਾਂ ਤੇ ਕਾਨਫਰੰਸਾਂ ਵਾਸਤੇ ਪੰਜ ਤਾਰਾ ਹੋਟਲ ਹੀ ਢੁੱਕਵੇਂ ਸਥਾਨ ਹਨ। ਇਨ੍ਹਾਂ ਪੱਤਰਾਂ ਦੇ ਆਧਾਰ ਉਤੇ ਵਿੱਤ ਮੰਤਰਾਲੇ ਨੇ ਪੰਜ ਤਾਰਾ ਹੋਟਲਾਂ ਵਿਚ ਮੀਟਿੰਗਾਂ ਤੇ ਕਾਨਫਰੰਸਾਂ ਕਰਨ ਦੀ ਖੁੱਲ੍ਹ ਦਿੱਤੀ ਹੈ ਤੇ ਨਾਲ ਹੀ ਦੁਪਹਿਰ ਤੇ ਰਾਤ ਦੇ ਖਾਣੇ ਦੇ ਰੇਟ ਤੈਅ ਕਰ ਦਿੱਤੇ ਹਨ।

ਤੈਅ ਰੇਟਾਂ ਅਨੁਸਾਰ ਪ੍ਰਤੀ ਵਿਅਕਤੀ 750 ਰੁਪਏ ਦੁਪਹਿਰ ਦੇ ਖਾਣੇ ਤੇ 750 ਰੁਪਏ ਰਾਤ ਦੇ ਖਾਣੇ ਦੇ ਨਿਸ਼ਚਿਤ ਕੀਤੇ ਗਏ ਹਨ। ਕੌਕਟੇਲ ਦੇ 575 ਰੁਪਏ ਨਿਸ਼ਚਿਤ ਕੀਤੇ ਗਏ ਹਨ। ਰਾਤ ਦੇ ਮਨਪਸੰਦ ਖਾਣੇ ਲਈ ਪ੍ਰਤੀ ਵਿਅਕਤੀ 1050 ਰੁਪਏ ਨਿਸ਼ਚਿਤ ਕੀਤੇ ਗਏ ਹਨ। ਸਰਕਾਰੀ ਪੱਤਰ ਅਨੁਸਾਰ ਕੇਂਦਰ ਵਿਚ ਯੂ.ਪੀ.ਏ. ਦੀ ਸਰਕਾਰ ਦੌਰਾਨ ਮੀਟਿੰਗਾਂ, ਸੈਮੀਨਾਰਾਂ ਤੇ ਕਾਨਫਰੰਸਾਂ ਦੌਰਾਨ ਦਫ਼ਤਰਾਂ ਵਿਚ 150 ਰੁਪਏ ਪ੍ਰਤੀ ਵਿਅਕਤੀ ਰਿਫਰੈਸ਼ਮੈਂਟ ਦੇਣ ਦੀ ਵਿਵਸਥਾ ਸੀ। ਕੇਂਦਰ ਨੇ ਇਸ ਖਰਚ ਸੀਮਾ ਵਿਚ ਵਾਧਾ ਕਰ ਦਿੱਤਾ ਹੈ। ਚਾਹ ਤੇ ਸਨੈਕਸ ਲਈ ਪ੍ਰਤੀ ਵਿਅਕਤੀ ਖਰਚ ਸੀਮਾ 200 ਰੁਪਏ ਕਰ ਦਿੱਤੀ ਗਈ ਹੈ ਤੇ ਹਾਈ ਟੀ ਦੀ ਖਰਚ ਸੀਮਾ 500 ਰੁਪਏ ਕਰ ਦਿੱਤੀ ਗਈ ਹੈ।

ਇਸੇ ਤਰ੍ਹਾਂ ਦਫ਼ਤਰਾਂ ਵਿਚ ਦਿੱਤੇ ਜਾਣ ਵਾਲੇ ਲੰਚ ਤੇ ਡਿਨਰ ਦੀ ਖਰਚ ਸੀਮਾ ਪ੍ਰਤੀ ਵਿਅਕਤੀ 750 ਰੁਪਏ ਰੱਖੀ ਗਈ ਹੈ। ਆਮ ਆਦਮੀ ਪਾਰਟੀ ਪੰਜਾਬ ਦੇ ਬੁਲਾਰੇ ਕੁਲਤਾਰ ਸਿੰਘ ਸੰਧਵਾਂ ਦਾ ਕਹਿਣਾ ਹੈ ਕਿ ਮੋਦੀ ਸਰਕਾਰ ਦੀ ਕਿਫਾਇਤੀ ਮੁਹਿੰਮ ਸਿਰਫ ਡਰਾਮਾ ਸੀ ਤੇ ਦਿਖਾਵੇ ਵਾਸਤੇ ਫ਼ੈਸਲੇ ਲਏ ਗਏ ਸਨ। ਉਨ੍ਹਾਂ ਆਖਿਆ ਕਿ ਹੁਣ ਸੱਤ ਮਹੀਨੇ ਮਗਰੋਂ ਕੇਂਦਰ ਸਰਕਾਰ ਮੁੜ ਯੂ.ਪੀ.ਏ. ਵਾਲੇ ਰਾਹ ਉਤੇ ਚੱਲ ਪਈ ਹੈ। ਸਰਕਾਰ ਨੇ ਚੁੱਪ ਚੁਪੀਤੇ ਕਿਫਾਇਤੀ ਮੁਹਿੰਮ ਠੱਪ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਕਾਰਪੋਰੇਟ ਸੁਭਾਅ ਵਾਲੀ ਸਰਕਾਰ ਪੰਜ ਤਾਰਾ ਕਲਚਰ ਵਿਚੋਂ ਬਾਹਰ ਨਿਕਲ ਹੀ ਨਹੀਂ ਸਕਦੀ।

# ਸੋਧ ਮਗਰੋਂ ਰਿਲੀਜ਼ ਹੋਵੇਗੀ ਫਿਲਮ 'ਨਾਨਕ ਸ਼ਾਹ ਫਕੀਰ'

**ਪਟਿਆਲਾ:** ਫਿਲਮ 'ਨਾਨਕ ਸ਼ਾਹ ਫਕੀਰ' ਨੂੰ ਕੁਝ ਸੋਧਾਂ ਮਗਰੋਂ ਸਿਨੇਮਾ ਘਰਾਂ ਵਿਚ ਚਲਾਉਣ ਲਈ ਪ੍ਰਮਾਣ ਪੱਤਰ ਜਾਰੀ ਕਰ ਦਿੱਤਾ ਜਾਵੇਗਾ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਦਾ ਕਹਿਣਾ ਹੈ ਕਿ ਫ਼ਿਲਮ ਬਾਰੇ ਕਮੇਟੀ ਨੇ ਰਿਪੋਰਟ ਦੇ ਦਿੱਤੀ ਹੈ ਤੇ ਉਨ੍ਹਾਂ ਨੇ ਖ਼ੁਦ ਵੀ ਫ਼ਿਲਮ ਦੇਖੀ ਹੈ। ਫ਼ਿਲਮ ਵਿਚ ਕੁਝ ਇਤਰਾਜ਼ਯੋਗ ਸੀਨ ਹਨ, ਜੋ ਸੋਧਣੇ ਜ਼ਰੂਰੀ ਹਨ ਕਿਉਂਕਿ ਸਿੱਖ ਕੌਮ ਇਹ ਕਦੇ ਬਰਦਾਸ਼ਤ ਨਹੀਂ ਕਰ ਸਕਦੀ ਕਿ ਕੋਈ ਵੀ ਵਿਅਕਤੀ ਗੁਰੂ ਸਾਹਿਬਾਨ ਜਾਂ ਉਨ੍ਹਾਂ ਦੇ ਪਰਿਵਾਰ ਦੀ ਨਕਲ ਕਰੇ। ਸੁਖਦੇਵ ਸਿੰਘ ਭੌਰ ਨੇ ਕਿਹਾ ਕਿ ਨਾਨਕਸ਼ਾਹੀ ਕਲੰਡਰ ਬਾਰੇ ਫ਼ੈਸਲਾ ਪੰਥ ਨੇ ਕਰਨਾ ਹੈ, ਇਸ ਬਾਰੇ ਉਹ ਕੁਝ ਨਹੀਂ ਕਹਿ ਸਕਦੇ। ਉਨ੍ਹਾਂ ਕਿਹਾ ਕਿ ਸਾਰੇ ਤਖ਼ਤਾਂ ਦਾ ਵਿਧਾਨ ਇਕ ਨਾ ਹੋਣ ਦੇਣ ਪਿੱਛੇ ਕੁਝ ਲੋਕਾਂ ਦਾ ਹੱਥ ਹੈ।

# ਹੁਣ ਪਸ਼ੂ ਮੇਲਿਆਂ ਵਾਲੀ ਜ਼ਮੀਨ ਨੂੰ ਟੱਕ ਲਾਵੇਗੀ ਸਰਕਾਰ

**ਬਠਿੰਡਾ:** ਪੰਜਾਬ ਸਰਕਾਰ ਨੇ ਹੁਣ ਪਸ਼ੂ ਮੇਲਿਆਂ ਵਾਲੀ ਜ਼ਮੀਨ ਉਤੇ ਨਿਗ੍ਹਾ ਟਿਕਾਈ ਹੋਈ ਹੈ। ਸੂਬਾ ਸਰਕਾਰ ਵਿਕਾਸ ਪ੍ਰੋਜੈਕਟਾਂ ਲਈ ਨਵੀਂ ਜ਼ਮੀਨ ਐਕੁਆਇਰ ਕਰਨ ਦੇ ਝੰਜਟ ਤੋਂ ਬਚਣਾ ਚਾਹੁੰਦੀ ਹੈ ਤੇ ਪਸ਼ੂ ਮੇਲਿਆਂ ਵਾਲੀ ਜ਼ਮੀਨ ਅਸਾਨੀ ਨਾਲ ਹੀ ਮਿਲ ਜਾਂਦੀ ਹੈ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੀ ਵੱਡੇ-ਛੋਟੇ ਸ਼ਹਿਰਾਂ ਵਿਚ ਅਜਿਹੀ ਕਾਫ਼ੀ ਜਾਇਦਾਦ ਹੈ ਜਿਥੇ ਮਹੀਨਾਵਾਰ ਪਸ਼ੂ ਮੇਲੇ ਲੱਗਦੇ ਹਨ। ਪੰਜਾਬ ਸਰਕਾਰ ਨੂੰ ਲੰਘੇ ਅੱਠ ਵਰ੍ਹਿਆਂ ਵਿਚ ਤਕਰੀਬਨ 200 ਕਰੋੜ ਰੁਪਏ ਦੀ ਕਮਾਈ ਇਕੱਲੇ ਪਸ਼ੂ ਮੇਲਿਆਂ ਤੋਂ ਹੋਈ ਹੈ।

ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵਿਭਾਗ ਤੋਂ ਸੂਚਨਾ ਦਾ ਅਧਿਕਾਰ ਐਕਟ ਤਹਿਤ ਮਿਲੇ ਵੇਰਵਿਆਂ ਅਨੁਸਾਰ ਅੰਮ੍ਰਿਤਸਰ ਦੇ ਵੱਲਾ ਵਿਚ ਪਸ਼ੂ ਮੇਲਾ ਗਰਾਊਂਡ ਦਾ ਰਕਬਾ 30 ਏਕੜ ਪੰਜ ਕਨਾਲ ਹੈ। ਇਸ ਰਕਬੇ ਵਿਚੋਂ 24 ਕਨਾਲ ਛੇ ਮਰਲੇ ਜਗ੍ਹਾ ਮੰਡੀ ਮਾਰਕੀਟ ਬਣਾਉਣ ਵਾਸਤੇ ਦੇ ਦਿੱਤੀ ਗਈ ਹੈ। ਬਰਨਾਲਾ ਵਿਚ ਪਸ਼ੂ ਮੇਲਾ ਗਰਾਊਂਡ ਦੀ ਜਗ੍ਹਾ 60 ਕਨਾਲ 11 ਮਰਲੇ ਹੈ। ਇਹ ਸਾਰੀ ਜ਼ਮੀਨ ਜ਼ਿਲ੍ਹਾ ਪ੍ਰੀਸ਼ਦ ਦਾ ਦਫ਼ਤਰ ਬਣਾਉਣ ਵਾਸਤੇ ਦੇ ਦਿੱਤੀ ਗਈ ਹੈ। ਸੂਤਰ ਅਨੁਸਾਰ ਪਹਿਲਾਂ ਇਸ ਜਗ੍ਹਾ ਉਤੇ ਸ਼ਹੀਦ ਭਗਤ ਸਿੰਘ ਪਾਰਕ ਬਣਾਇਆ ਗਿਆ ਸੀ। ਨਗਰ ਕੌਂਸਲ ਬਰਨਾਲਾ ਨੇ ਤਕਰੀਬਨ 60 ਲੱਖ ਰੁਪਏ ਦੀ ਲਾਗਤ ਨਾਲ ਪਾਰਕ ਬਣਾਇਆ ਸੀ। ਹੁਣ ਇਹ ਜਗ੍ਹਾ ਜ਼ਿਲ੍ਹਾ ਪ੍ਰੀਸ਼ਦ ਕੰਪਲੈਕਸ ਨੂੰ ਦੇ ਦਿੱਤੀ ਗਈ ਹੈ। ਮੌੜ ਮੰਡੀ ਵਿਚ ਪਸ਼ੂ ਮੇਲਾ ਗਰਾਊਂਡ



ਦੀ 28 ਏਕੜ ਜ਼ਮੀਨ ਵਿਚੋਂ ਦੋ ਏਕੜ ਜ਼ਮੀਨ ਸੀਵਰੇਜ ਪਲਾਂਟ ਵਾਸਤੇ ਦੇ ਦਿੱਤੀ ਗਈ ਹੈ। ਰਾਮਾਂ ਮੰਡੀ ਵਿਚ ਪਸ਼ੂ ਮੇਲਾ ਗਰਾਊਂਡ ਦੀ 130 ਕਨਾਲ ਜ਼ਮੀਨ ਹੈ ਜਿਸ ਵਿਚੋਂ 64 ਕਨਾਲਾਂ ਜ਼ਮੀਨ ਪੰਜਾਬ ਮੰਡੀ ਬੋਰਡ ਨੂੰ ਵੇਚ ਦਿੱਤੀ ਗਈ ਹੈ। ਰਾਮਪੁਰਾ ਸ਼ਹਿਰ ਵਿਚ ਪਸ਼ੂ ਮੇਲਾ ਗਰਾਊਂਡ ਦੀ 23 ਏਕੜ ਜ਼ਮੀਨ ਹੈ ਜਿਸ ਵਿਚੋਂ ਪੰਜ ਏਕੜ ਜ਼ਮੀਨ ਨਵੇਂ ਬਣ ਰਹੇ ਵੈਟਰਨਰੀ ਕਾਲਜ ਨੂੰ ਦਿੱਤੀ ਗਈ ਹੈ।

ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਕਈ ਸ਼ਹਿਰਾਂ ਵਿਚ ਜ਼ਮੀਨ ਵੇਚੀ ਜਾ ਰਹੀ ਹੈ ਤੇ ਕਈ ਸ਼ਹਿਰਾਂ ਵਿਚ ਵਿਭਾਗ ਲੀਜ਼ ਉਤੇ ਜ਼ਮੀਨ ਲੈ ਕੇ ਪਸ਼ੂ ਮੇਲਾ ਗਰਾਊਂਡ ਬਣਾ ਰਿਹਾ ਹੈ। ਮੁਕਤਸਰ ਦੇ ਕਿੱਲਿਆਂ ਵਾਲੀ ਵਿਚ ਵਿਭਾਗ ਨੇ ਮੰਡੀ ਬੋਰਡ ਤੋਂ 13 ਏਕੜ ਜ਼ਮੀਨ 33 ਵਰ੍ਹਿਆਂ ਲਈ ਜ਼ਮੀਨ ਲੀਜ਼ ਉਤੇ ਲਈ ਹੈ। ਪੀਪਲਜ਼ ਫਾਰ ਟਰਾਂਸਪੇਰੈਂਸੀ ਦੇ ਜਨਰਲ ਸਕੱਤਰ ਐਡਵੋਕੇਟ ਕਮਲ ਆਨੰਦ ਸੰਗਰੂਰ ਦਾ ਪ੍ਰਤੀਕਰਮ ਸੀ ਕਿ ਸਰਕਾਰੀ ਜਾਇਦਾਦਾਂ ਨੂੰ ਵੇਚਣ ਦੀ ਥਾਂ ਇਹ ਜਾਇਦਾਦਾਂ ਭਵਿੱਖ ਦੀ ਯੋਜਨਾ ਤਹਿਤ ਵਿੱਦਿਅਕ ਤੇ ਸਿਹਤ ਸੰਸਥਾਵਾਂ ਲਈ ਰਾਖਵੀਆਂ ਰੱਖਣੀਆਂ ਚਾਹੀਦੀਆਂ ਹਨ। ਇੰਜ ਲਗਦਾ ਹੈ, ਸਰਕਾਰ ਪ੍ਰੋਜੈਕਟਾਂ ਵਾਸਤੇ ਜ਼ਮੀਨਾਂ ਐਕੁਆਇਰ ਕਰਨ ਤੋਂ ਡਰਦੀ ਹੈ।

ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਸਿਕੰਦਰ ਸਿੰਘ ਮਲੂਕਾ ਦਾ ਕਹਿਣਾ ਸੀ ਕਿ ਜਿਹੜੇ ਸ਼ਹਿਰਾਂ ਵਿਚ ਪਸ਼ੂ ਮੇਲੇ ਲੱਗਣੇ ਬੰਦ ਹੋ ਗਏ ਹਨ ਜਾਂ ਫਿਰ ਜਗ੍ਹਾ ਸਰਪਲੱਸ ਪਈ ਹੈ, ਉਹੀ ਥਾਂ ਵਿਕਾਸ ਪ੍ਰੋਜੈਕਟਾਂ ਵਾਸਤੇ ਦਿੱਤੀ ਜਾ ਰਹੀ ਹੈ ਤੇ ਬਦਲੇ ਵਿਚ ਸਬੰਧਤ ਵਿਭਾਗਾਂ ਤੋਂ ਜ਼ਮੀਨ ਦੀ ਬਣਦੀ ਰਕਮ ਲਈ ਜਾਂਦੀ ਹੈ। ਉਨ੍ਹਾਂ ਆਖਿਆ ਕਿ ਇਸ ਵੇਲੇ ਪਸ਼ੂ ਮੇਲਿਆਂ ਵਾਸਤੇ ਜਗ੍ਹਾ ਦੀ ਕਮੀ ਨਹੀਂ ਹੈ।


WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
ਹੁਣ ਸ਼ਿਕਾਗੋ ਤੋਂ
REQUEST SONG
MUSIC 24/7
LISTEN ON PHONE
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

# ਸੁਰ ਨਾਲੋਂ ਵੀ ਯਾਰੀ 'ਤੇ ਖਰਾ ਉਤਰਦਾ ਰਿਹੈ ਮਲਕੀਤ

**ਪੰਜਾਬੀ ਗਾਇਕੀ ਦੇ ਅੰਦਰ ਬਾਹਰ**



ਐਸ. ਅਸ਼ੋਕ ਭੌਰਾ
ਫੋਨ: 510-415-3315

ਸ਼ਰੀਫ ਨੂੰ ਬੇਇਜ਼ਤੀ, ਲੁੱਚੇ ਨੂੰ ਸਨਮਾਨ ਤੇ ਛੜੇ ਨੂੰ ਵਿਆਹ ਕਦੇ ਵੀ ਭੁੱਲਦੇ ਨਹੀਂ ਹੁੰਦੇ, ਤੇ ਗਾਇਕ ਨੂੰ ਉਹ ਗੀਤ, ਕੈਸਿਟ, ਤਵਾ ਜਾਂ ਉਹ ਐਲਬਮ ਹਮੇਸ਼ਾ ਯਾਦ ਰਹਿੰਦੀ ਹੈ ਜਿਹਦੇ ਨਾਲ ਲੋਕਾਂ ਨੇ ਦਿਲ ਦੀਆਂ ਖਿੜਕੀਆਂ, ਮੁਹੱਬਤ ਦੀ 'ਆਓ ਭਗਤ' ਨਾਲ ਖੋਲ੍ਹੀਆਂ ਹੋਣ। 'ਤੂਤਕ ਤੂਤਕ ਤੂਤਕ ਤੂਤੀਆਂ' ਵਿਚ ਹੋਵੇ ਭਾਵੇਂ ਕੁਝ ਵੀ ਨਾ, ਪਰ ਇਹ ਉਹ ਗੀਤ ਹੈ ਜਿਹੜਾ ਗੈਰ-ਪੰਜਾਬੀ ਲੋਕਾਂ ਵਿਚ ਹੀ ਨਹੀਂ ਵੱਜਿਆ, ਗਿੰਨਿਜ਼ ਬੁੱਕ ਦਾ ਰਿਕਾਰਡ ਹੀ ਨਹੀਂ ਬਣਿਆ, ਸਗੋਂ ਮਾਈਕਲ ਜੈਕਸਨ ਦੀ ਪਹਿਲੀ ਐਲਬਮ 'ਆਫ਼ ਦਾ ਵਾਲ' ਨਾਲੋਂ ਵੀ ਵੱਧ ਵਿਕਣ ਦਾ ਅੰਕੜਾ ਬਣਾ ਕੇ ਗਿਆ ਸੀ... ਤੇ ਗਾਇਕ ਮਲਕੀਤ ਸਿੰਘ ਇਸ ਗੀਤ 'ਤੇ ਮਾਣ ਕਰਦਾ ਹੈ, ਕਰਦੇ ਵੀ ਰਹਿਣਾ ਚਾਹੀਦਾ ਹੈ, ਭਾਵੇਂ ਉਸ ਦਾ ਰਚਣਹਾਰਾ ਵੀਰ ਰਹੀਮਪੁਰੀ ਮੁੜ ਕੇ ਲੱਭਾ ਹੀ ਨਹੀਂ। ਮਲਕੀਤ ਨੇ 'ਮਾਂ ਦੇ ਹੱਥਾਂ ਦੀਆਂ ਰੋਟੀਆਂ' ਤੇ 'ਕੋਈ ਅਜਮੇਰ ਸ਼ਰੀਫ਼ ਨੂੰ ਤਰਸੇ, ਕੋਈ ਵਿਛੜੇ ਨਨਕਾਣੇ ਨੂੰ' ਵਰਗੇ ਹੋਰ ਹਿੱਟ ਗੀਤ ਵੀ ਦਿੱਤੇ ਹਨ ਤੇ ਪਿਛਲੇ ਢਾਈ ਕੁ ਦਹਾਕਿਆਂ ਤੋਂ ਜੇ ਉਹਦਾ ਕੱਦ ਵਧਿਆ ਨਹੀਂ, ਤਾਂ ਸੁੰਗੜਿਆ ਵੀ ਨਹੀਂ ਹੈ। ਉਸ ਨੂੰ ਗਾਇਕ ਵਜੋਂ ਸਾਰੇ ਜਾਣਦੇ ਹਨ, ਪਰ ਆਪਣੇ ਇਸ ਮਿੱਤਰ ਗਾਇਕ ਦੀ ਸਿਰੜਮੰਦ ਪਿੱਠਭੂਮੀ ਵੱਲ ਗੇੜਾ ਵੀ ਮਾਰਦੇ ਹਾਂ। ਮਲਕੀਤ ਨੂੰ ਕਾਫ਼ੀ ਹੱਦ ਤੱਕ ਮੈਂ ਵੀ ਇਉਂ ਜਾਣਦਾ ਹਾਂ...

ਫਗਵਾੜੇ ਵਾਲੇ ਨਰਿੰਦਰ ਠੁਕਰਾਲ ਦੀ ਕੰਪਨੀ ਟੀ.ਐਮ.ਸੀ. ਸਭ ਤੋਂ ਪਹਿਲਾਂ 'ਗੁੜ ਨਾਲੋਂ ਇਸ਼ਕ ਮਿੱਠਾ' ਨਾਲ ਚੱਲੀ, ਤੇ ਪੈਰ ਇਹਦੇ ਨਾਲ ਗਾਇਕੀ ਵਿਚ ਮਲਕੀਤ ਦੇ ਵੀ ਟਿਕ ਗਏ। ਇਥੋਂ ਕੁ ਹੀ ਮੈਂ ਉਸ ਨੂੰ ਜਾਨਣ ਲੱਗ ਪਿਆ ਸੀ। ਉਹਦੇ ਨਾਲ ਮੁਲਾਕਾਤਾਂ ਪ੍ਰੋ. ਇੰਦਰਜੀਤ ਸਿੰਘ ਦੇ ਘਰ ਜਲੰਧਰ ਹੁੰਦੀਆਂ ਰਹੀਆਂ ਹਨ, ਪਰ ਮੈਂ ਉਹਦੇ ਪਿੰਡ ਹੁਸੈਨਪੁਰ ਕਦੇ ਨਹੀਂ ਗਿਆ, ਤੇ ਇਹੋ ਪਿੰਡ 'ਕਿਹੜੇ ਪਿੰਡ ਦੀ ਤੂੰ ਨੀ ਸਾਨੂੰ ਦੱਸ ਜਾ ਮੇਲਣੇ' ਵਾਲੇ ਗਾਇਕ ਲਹਿੰਬਰ ਦਾ ਵੀ ਹੈ।

ਮੇਰੇ ਨਾਲ ਮਲਕੀਤ ਦੀ ਜਿਹੜੀ ਮੁਲਾਕਾਤ ਐਨ ਖੁੱਲ੍ਹ ਕੇ ਹੋਈ, ਉਹ 1992 ਵਿਚ ਇੰਗਲੈਂਡ ਸਥਿਤ ਬਰਮਿੰਘਮ ਉਹਦੇ ਘਰ ਵਿਚ ਹੋਈ ਸੀ। ਉਦੋਂ ਉਹ 'ਤੂਤਕ ਤੂਤਕ' ਨਾਲ ਪੂਰਾ ਸਟਾਰ ਬਣ ਚੁੱਕਾ ਸੀ, ਪਰ ਮੇਰੇ ਮਨ ਵਿਚ ਇਸ ਕਰ ਕੇ ਧੁਰ ਅੰਦਰ ਤੱਕ ਚਲੇ ਗਿਆ ਕਿ ਉਹ ਮੈਨੂੰ ਆਪ ਗੱਡੀ ਚਲਾ ਕੇ ਇਕ ਮਹਿਫਿਲ ਵਿਚੋਂ ਲੈ ਕੇ ਗਿਆ, ਆਪਣੇ ਘਰ ਦੋ ਦਿਨ ਰੱਖਿਆ। ਨਾਲ ਮੇਰਾ ਹਮਜਮਾਤੀ ਚਰਨਜੀਤ ਸਿੰਘ ਵੀ ਸੀ ਜੋ ਆਸਟਰੇਲੀਆ ਤੋਂ ਆਇਆ ਹੋਇਆ ਸੀ। ਉਹਦੀ ਪਤਨੀ ਦਲਜੀਤ ਕੌਰ ਨੇ ਸਾਡੀ ਆਓ ਭਗਤ ਵੀ ਬਹੁਤ ਕੀਤੀ। ਇੰਗਲੈਂਡ ਦੇ ਸਮੁੱਚੇ ਗਾਇਕਾਂ ਨੇ ਉਦੋਂ ਮੇਰੇ ਸਨਮਾਨ ਵਿਚ ਜਿਹੜਾ ਵੱਡਾ ਸਮਾਰੋਹ ਕੀਤਾ ਸੀ, ਉਹ ਵੀ ਮਲਕੀਤ ਦਾ ਹੀ ਉੱਦਮ ਸੀ। ਇਸ ਸਮਾਰੋਹ ਵਿਚ ਤਰਲੋਚਨ ਬਿਲਗਾ ਵੀ ਆਇਆ, ਪਰ ਉਹ ਆਪਸ ਵਿਚ ਰਿਸ਼ਤੇਦਾਰ ਹੋ ਕੇ ਵੀ ਬੋਲੇ ਨਾ; ਹਾਲਾਂਕਿ ਉਹ ਦੋਵੇਂ ਜਦੋਂ ਵੀ ਪੰਜਾਬ ਆਉਂਦੇ, ਮੇਰੇ ਕੋਲ ਪਿੰਡ ਗੇੜਾ ਮਾਰਦੇ। ਸ਼ਾਇਦ ਬਹੁਤਿਆਂ ਨੂੰ ਪਤਾ ਹੋਵੇ ਕਿ 'ਗੋਲਡਨ ਸਟਾਰ ਗਰੁਪ' ਪਹਿਲਾਂ ਦੋਹਾਂ ਇਕੱਠਿਆਂ ਦਾ ਸੀ, ਤੇ ਜਦੋਂ ਪੈਸਾ ਜਾਂ ਸ਼ੋਹਰਤ ਆ ਜਾਵੇ, ਤਾਂ ਟੁੱਟ-ਭੱਜ ਵੀ ਨਾਲੋ-ਨਾਲ ਹੋਣ ਲੱਗ ਪੈਂਦੀ ਹੈ। ਉਂਜ, ਤਰਲੋਚਨ ਨੂੰ ਇਕੱਲਿਆਂ ਗਾਉਣਾ ਫਿਰ ਬਹੁਤਾ ਰਾਸ ਨਾ ਆਇਆ।

ਸਾਡੀ ਇਥੇ ਗੂੜ੍ਹੀ ਯਾਰੀ ਵਿਚ ਫਿਰ ਦੋ ਕੁ ਸਾਲ ਸਬੰਧਾਂ ਵਿਚ ਚੁੱਪ ਵੀ ਰਹੀ, ਭਾਵੇਂ ਉਹ ਇਸ ਗੱਲ ਤੋਂ ਇਨਕਾਰ ਵੀ ਕਰਦਾ ਰਿਹਾ ਹੈ। ਗੱਲ ਇੱਦਾਂ ਹੋਈ ਕਿ 'ਤੂਤਕ ਤੂਤਕ' ਨਾਲ ਮਲਕੀਤ ਦੀ ਪੂਰੀ ਚੜ੍ਹਾਈ ਸੀ, ਤੇ ਉਧਰ ਪ੍ਰੋ. ਮੋਹਨ ਸਿੰਘ ਮੇਲੇ ਵਾਂਗ ਸ਼ੌਂਕੀ ਮੇਲੇ ਦੀ ਵੀ ਬੱਲੇ ਬੱਲੇ ਹੋ ਗਈ ਸੀ। ਅਗਲੇ ਸਾਲ (1993) ਉਹਨੂੰ ਮੈਂ ਮੇਲੇ ਵਿਚ ਆਉਣ ਦਾ ਸੱਦਾ ਦਿੱਤਾ, ਤਾਂ ਉਹਨੇ ਹੱਸ ਕੇ ਮੰਨ ਲਿਆ, ਬਿਨਾਂ ਪੈਸੇ ਲਿਆਂ ਮੁਫ਼ਤ ਆਉਣ ਦਾ। ਦੂਜੇ ਪਾਸੇ, ਗਰਮ ਖਿਆਲੀਏ ਉਹਨੂੰ ਤੂਤਾਂ ਵਾਲੇ ਖੂਹ 'ਤੇ ਮਿਲਣ ਦੇ ਸੱਦੇ ਵਾਲੀਆਂ ਖਬਰਾਂ ਲੁਆ ਰਹੇ ਸਨ। ਹਾਲਾਤ ਪੰਜਾਬ ਦੇ ਤਪੇ ਪਏ ਸਨ। ਉਨ੍ਹੀਂ ਦਿਨੀਂ ਗੜ੍ਹਸ਼ੰਕਰ ਐਸ.ਡੀ.ਐਮ.




*ਮਾਹਿਲਪੁਰ ਸ਼ੌਂਕੀ ਮੇਲੇ 'ਤੇ ਮਲਕੀਤ।*

ਸੀ ਸਤਵੰਤ ਸਿੰਘ ਜੌਹਲ, ਮੇਰਾ ਗੂੜ੍ਹਾ ਮਿੱਤਰ। ਮੈਂ ਉਹਨੂੰ ਮਲਕੀਤ ਦੇ ਆਉਣ ਦੀ ਖਬਰ ਦਿੱਤੀ। ਉਹ ਮੈਨੂੰ ਸਰਕਾਰੀ ਗੱਡੀ ਵਿਚ ਬਿਠਾ ਕੇ ਡਿਪਟੀ ਕਮਿਸ਼ਨਰ ਗੁਰਮੇਲ ਸਿੰਘ ਬੈਂਸ ਕੋਲ ਲੈ ਗਿਆ। ਤੈਅ ਹੋਇਆ ਕਿ 28 ਤੇ 29 ਜਨਵਰੀ ਨੂੰ ਮੇਲਾ ਹੈ, 27 ਨੂੰ ਗੜ੍ਹਸ਼ੰਕਰ ਦੇ ਮਾਹਲ ਥਿਏਟਰ ਵਿਚ ਰੈਡ ਕਰਾਸ ਲਈ ਨਾਈਟ ਕਾਰਵਾਈ ਜਾਵੇ। ਉਨ੍ਹੀਂ ਦਿਨੀਂ ਰੈਡ ਕਰਾਸ ਫੰਡ ਦੀ ਮਹੱਤਤਾ ਬੜੀ ਸੀ। ਬੰਬਾਂ-ਗੋਲੀਆਂ ਨਾਲ ਮਰਨ ਵਾਲਿਆਂ ਨੂੰ ਇਸੇ ਵਿਚੋਂ ਮਦਦ ਦਿੱਤੀ ਜਾਂਦੀ ਸੀ।

ਖੈਰ! ਮਲਕੀਤ ਮੰਨ ਗਿਆ, ਉਂਜ ਉਹਨੇ ਪੈਸੇ ਦੀ ਕੋਈ ਮੰਗ ਨਹੀਂ ਰੱਖੀ, ਪਰ ਮੇਰੇ ਕਹਿਣ ਉਤੇ 25 ਹਜ਼ਾਰ ਰੁਪਏ ਦੇਣ ਦਾ ਫਿਰ ਵੀ ਫੈਸਲਾ ਹੋ ਗਿਆ। ਉਸ ਨਾਈਟ ਲਈ ਜਸਵਿੰਦਰ ਭੱਲਾ ਤੇ ਬਾਲ ਮੁਕੰਦ ਸ਼ਰਮਾ ਨੂੰ ਦਸ ਹਜ਼ਾਰ, ਅਤਰੋ-ਚਤਰੋ ਨੂੰ ਸੱਤ ਹਜ਼ਾਰ ਤੇ ਕਮਲਜੀਤ ਨੀਲੋਂ ਨੂੰ ਇਕੱਤੀ ਸੌ ਵਿਚ ਲਿਆਂਦਾ। ਨਾਈਟ ਸਫਲ ਰਹੀ ਤੇ ਰੈਡ ਕਰਾਸ ਲਈ ਪੈਸਾ ਵੀ ਚੰਗਾ ਇਕੱਠਾ ਹੋ ਗਿਆ। ਡਿਪਟੀ ਕਮਿਸ਼ਨਰ ਨੂੰ ਮੈਂ ਕਿਹਾ ਕਿ ਖਾਣਾ ਅਸੀਂ ਬੰਗੇ ਜਾ ਕੇ ਖਾ ਲਵਾਂਗੇ ਤੇ ਗਿਆਰਾਂ ਕੁ ਵਜੇ ਸਾਨੂੰ ਪੁਲਿਸ ਦੀ ਬਖਤਰਬੰਦ ਗੱਡੀ ਨਾਲ ਸੁਰੱਖਿਆ ਦੇ ਕੇ ਤੋਰ ਦਿੱਤਾ ਗਿਆ। ਬੰਗੇ ਅਸੀਂ ਖਾਣਾ ਖਾਧਾ, ਮੇਰੇ ਨਾਲ ਆਸਟਰੇਲੀਆ ਤੋਂ ਆਏ ਦੋ ਦੋਸਤ ਵੀ ਸਨ ਜਿਨ੍ਹਾਂ ਕੋਲ ਕੋਈ ਤੇਰਾਂ ਹਜ਼ਾਰ ਡਾਲਰ ਸਨ। ਉਨ੍ਹਾਂ ਨੇ ਅਗਲੇ ਦਿਨ ਨਵਾਂ ਸ਼ਹਿਰ ਵਿਚ ਰਜਿਸਟਰੀ ਕਰਵਾਉਣੀ ਸੀ। ਮਲਕੀਤ ਬੰਗੇ ਤੋਂ ਜਲੰਧਰ ਚਲਾ ਗਿਆ ਤੇ ਅਸੀਂ ਪਿੰਡ ਭੌਰੇ। ਸਵੇਰੇ ਸ਼ੌਂਕੀ ਮੇਲੇ ਦਾ ਵੀ ਪਹਿਲਾ ਦਿਨ ਸੀ। ਅਸੀਂ ਦੋ ਕੁ ਵਜੇ ਪਏ ਹੋਵਾਂਗੇ, ਪਰ ਸਾਡਾ ਨਿੱਕਾ ਜਿਹਾ ਕੁੱਤਾ ਭੌਂਕਣੋਂ ਨਾ ਹਟਿਆ। ਸਾਢੇ ਕੁ ਚਾਰ ਵਜੇ ਪਿੰਡ ਵਿਚ 'ਲਾ ਲਾ ਲਾ ਲਾ' ਹੋ ਗਈ, ਅਸੀਂ ਵੀ ਤ੍ਰਭਕ ਕੇ ਉਠੇ; 27 ਜਨਵਰੀ 1993 ਦੀ ਰਾਤ ਨੂੰ ਕਾਲੇ ਕੱਛੇ ਵਾਲਿਆਂ ਨੇ ਪਿੰਡ ਦੇ ਅੱਠ ਵੱਡੇ ਘਰ ਲੁੱਟ ਲਏ ਸਨ। ਪੁਲਿਸ ਨੇ ਜਦੋਂ ਮੁਕਾਬਲੇ ਵਿਚ ਉਹ ਮਾਰੇ ਤਾਂ ਭੇਤ ਖੁੱਲ੍ਹਿਆ ਕਿ ਵਾਰੀ ਮੇਰੀ ਵੀ ਆਉਣੀ ਸੀ, ਪਰ ਘਰ ਵਿਚ ਸਾਰੇ ਜਾਗਦੇ ਹੋਣ ਕਾਰਨ ਉਹ ਖਾਲੀ ਮੁੜ ਗਏ, ਨਹੀਂ ਤਾਂ ਘੱਟੋ-ਘੱਟ ਮਿੱਤਰਾਂ ਦਾ ਤੇਰਾਂ ਹਜ਼ਾਰ ਡਾਲਰ ਤਾਂ ਪੱਕਾ ਗਿਆ ਸੀ।

...ਤੇ ਫਿਰ ਇਕ ਦਿਨ ਛੱਡ ਕੇ 29 ਜਨਵਰੀ ਮੇਰੀ ਜ਼ਿੰਦਗੀ ਦੇ ਇਤਿਹਾਸ ਵਿਚ ਲਿਖੀ ਗਈ। ਮਲਕੀਤ ਦੇ ਸ਼ੌਂਕੀ ਮੇਲੇ ਵਿਚ ਆਉਣ ਕਰ ਕੇ ਪੂਰਾ ਮਾਹਿਲਪੁਰ ਹੀ ਨੱਕੋ-ਨੱਕ ਭਰ ਗਿਆ ਸੀ, ਤੇ ਨਵਾਂ ਸ਼ਹਿਰ ਤੇ ਹੁਸ਼ਿਆਰਪੁਰ ਦੇ ਪੰਜਾਬ ਰੋਡਵੇਜ਼ ਡਿਪੂਆਂ ਨੇ ਵੀਹ ਵੀਹ ਸਪੈਸ਼ਲ ਬੱਸਾਂ ਲਾਈਆਂ ਸਨ। ਕਰੇਜ਼ ਇੰਨਾ ਸੀ ਕਿ ਜੱਜਾਂ ਸਮੇਤ ਪੂਰਾ ਪ੍ਰਸ਼ਾਸਨ ਪਰਿਵਾਰਾਂ ਨਾਲ ਹੀ ਨਹੀਂ, ਰਿਸ਼ਤੇਦਾਰਾਂ ਨਾਲ ਪਹੁੰਚਿਆ ਸੀ। ਜਦੋਂ ਮਲਕੀਤ ਗਾਉਣ ਲੱਗਾ ਤਾਂ ਸਟੇਜ 'ਤੇ ਭੀੜ ਪੂਰੀ ਸੀ। ਮੈਂ ਸਾਹਮਣੇ ਪਹਿਲੀ ਕਤਾਰ ਵਿਚ ਡਿਪਟੀ ਕਮਿਸ਼ਨਰ ਗੁਰਮੇਲ ਸਿੰਘ ਬੈਂਸ ਤੇ ਐਸ.ਐਸ.ਪੀ. ਆਰ.ਸੀ. ਸਿੰਘ ਦੇ ਨਾਲ ਦੀ ਕੁਰਸੀ 'ਤੇ ਬੈਠਾ ਸਾਂ। ਅਚਾਨਕ ਜੇਬ ਨਾਲ ਫੁੱਲ ਲਟਕਾਈ ਇਕ ਮੁੰਡਾ ਮੇਰੇ ਕੋਲ ਆ ਕੇ ਕਹਿਣ ਲੱਗਾ, "ਤੁਹਾਨੂੰ ਪਿੱਛੇ ਕੋਈ ਮਿਲਣਾ ਚਾਹੁੰਦਾ।" ਮੈਂ ਉਠ ਕੇ ਤੁਰ ਗਿਆ। ਮਾਹਿਲਪੁਰ ਦੇ ਸਰਕਾਰੀ ਸਕੂਲ ਦੀ ਗਰਾਊਂਡ ਵਿਚ ਮੇਲਾ ਚੱਲ ਰਿਹਾ ਸੀ ਤੇ ਹਲਕੀ ਹਲਕੀ ਬੂੰਦਾ-ਬਾਂਦੀ ਹੋ ਰਹੀ ਸੀ।


ਪਿੱਛੇ ਗਿਆ ਤਾਂ ਦੋ ਮੁੰਡੇ ਕੰਬਲੀ ਦੀ ਬੁੱਕਲ ਮਾਰੀ ਖੜ੍ਹੇ ਸਨ। ਮੈਂ ਇਹ ਸੋਚ ਕੇ ਗਿਆ ਸੀ ਕਿ ਸ਼ਾਇਦ ਕੋਈ ਗਾਇਕ ਦੇਰ ਨਾਲ ਆਇਆ ਹੋਵੇਗਾ। ਮੁੰਡਿਆਂ ਵਿਚੋਂ ਇਕ ਬੋਲਿਆ, "ਤੇਰਾ ਨਾਂ ਅਸ਼ੋਕ ਭੌਰਾ ਹੈ?" ਮੈਂ 'ਹਾਂ' ਕਿਹਾ ਤਾਂ ਦੂਜਾ ਬੋਲਿਆ, "ਸਾਡੇ ਸਿੰਘ ਸ਼ਹੀਦ ਹੋ ਰਹੇ ਨੇ, ਤੇ ਤੂੰ ਤੂੰਬੀਆਂ ਖੜਕਾਉਨੈਂ ਮੇਲਿਆਂ ਵਿਚ।" ਤੇ ਜਿਹੜਾ ਸੱਦਣ ਗਿਆ ਸੀ, ਉਹ ਬੋਲਿਆ, "ਮਲਕੀਤ ਨੂੰ ਤੈਂ ਸੱਦਿਆ?" ਹਾਲਾਤ ਠੀਕ ਨਹੀਂ ਸਨ। ਉਨ੍ਹਾਂ ਵਿਚੋਂ ਇਕ ਨੇ ਕੰਬਲੀ ਚੁੱਕ ਕੇ ਅਸਾਲਟ ਵਿਖਾਈ ਤੇ ਧਮਕੀ ਭਰੇ ਲਹਿਜ਼ੇ ਵਿਚ ਲਾਲ ਅੱਖਾਂ ਨਾਲ ਘੂਰ ਕੇ ਆਖਣ ਲੱਗਾ, "ਜਾਹ ਚਲੇ ਜਾ, ਅਸੀਂ ਮਾਰ ਤੈਨੂੰ ਹੁਣ ਵੀ ਸਕਦੇ ਹਾਂ, ਪਰ ਅਸੀਂ ਦੋਹਾਂ (ਮਲਕੀਤ) ਨੂੰ ਦਿਨ ਚੜ੍ਹਨ ਨਹੀਂ ਦੇਣਾ।"

ਮੈਂ ਘਬਰਾ ਕੇ ਆਇਆ। ਐਸ.ਐਸ.ਪੀ. ਦੇ ਕੰਨ ਵਿਚ ਵਾਰਦਾਤ ਦਾ ਵੇਰਵਾ ਦਿੱਤਾ। ਕਮਾਂਡੋ ਹੋਰ ਮੰਗਵਾ ਲਏ ਗਏ। ਸਟੇਜ ਦੁਆਲੇ ਸਕਿਉਰਿਟੀ ਟਾਈਟ ਕਰ ਦਿੱਤੀ ਗਈ ਤੇ ਮੈਨੂੰ ਸਰਕਾਰੀ ਗੱਡੀ ਵਿਚ ਉਥੋਂ ਹੁਸ਼ਿਆਰਪੁਰ ਭੇਜ ਦਿੱਤਾ ਗਿਆ। ਪੁਲਿਸ ਮੁਤਾਬਕ ਉਹ ਮੁੰਡੇ ਉਸ ਦਿਨ ਤਾਂ ਲੱਭੇ ਨਹੀਂ, ਦੌੜੇ ਵੀ ਨਹੀਂ, ਮੇਰੇ ਜਾਣ ਕਰ ਕੇ ਫੁੱਲਾਂ ਵਾਲੇ ਬੈਜ ਲਾ ਕੇ ਰਹੇ ਵੀ ਸਟੇਜ 'ਤੇ ਹੀ, ਪਰ ਮਲਕੀਤ 'ਤੇ ਅਟੈਕ ਦਾ ਮੌਕਾ ਹੀ ਨਾ ਮਿਲਿਆ; ਹਾਲਾਂਕਿ ਪੁਲਿਸ ਮੁਕਾਬਲੇ ਵਿਚ ਮਾਰੇ ਸ਼ਾਇਦ ਉਹ ਵੀ ਗਏ ਸਨ। ਮਲਕੀਤ ਨੂੰ ਤਾਂ ਕੀ ਸੁਨਣਾ ਸੀ, ਮੈਂ ਹਫਤਾ ਘਰ ਹੀ ਨਾ ਮੁੜਿਆ। ਉਸ ਨੂੰ ਇਹ ਗਿਲਾ ਰਿਹਾ ਕਿ ਉਹ ਅੱਧੀ ਜ਼ੁਬਾਨ ਉਤੇ ਇੰਗਲੈਂਡ ਤੋਂ ਮੁਫ਼ਤ ਗਾਉਣ ਆਇਆ ਮੇਲੇ ਉਤੇ, ਪਰ ਉਹਦੀ ਬਾਤ ਨਹੀਂ ਪੁੱਛੀ। ਸਥਿਤੀ ਸਪਸ਼ਟ ਕਰਨ ਨੂੰ ਫਿਰ ਕਈ ਸਾਲ ਲੱਗ ਗਏ।

ਸਾਲ 2000 ਵਿਚ ਫਖ਼ਰ ਜ਼ਮਾਨ ਦੀ ਵਿਸ਼ਵ ਪੰਜਾਬੀ ਕਾਨਫਰੰਸ ਉਤੇ ਲੰਡਨ ਗਿਆ ਤਾਂ ਮਲਕੀਤ ਦਾ ਸੁਨੇਹਾ ਸੁਖਦੇਵ ਕੋਮਲ ਰਾਹੀਂ ਮਿਲਿਆ ਕਿ 'ਮੇਰੇ ਕੋਲ ਘਰ ਆਵੇ।' ਉਦੋਂ ਤੱਕ ਸਾਡੇ ਰਿਸ਼ਤਿਆਂ ਵਿਚ ਮੁਹੱਬਤ ਦੀ ਸੁੱਖ-ਸ਼ਾਂਤੀ ਫਿਰ ਪੂਰੀ ਗੂੜ੍ਹੀ ਹੋ ਗਈ ਸੀ। ਫਰਕ ਇਹ ਸੀ ਕਿ ਜਦੋਂ 1992 ਵਿਚ ਗਿਆ ਸਾਂ ਉਹਦੇ ਘਰ, ਤਾਂ ਉਹ ਖੁਸ਼ ਹੋ ਕੇ ਦੱਸ ਰਿਹਾ ਸੀ, "ਅਸ਼ੋਕ ਹੁਣ ਲੋਕ ਪੰਦਰਾਂ ਸੌ ਪੌਂਡ ਵੀ ਭਰ ਦਿੰਦੇ ਹਨ ਇਕ ਪ੍ਰੋਗਰਾਮ ਦਾ।" ਤੇ ਅੱਠ ਸਾਲਾਂ ਵਿਚ ਲੋਕਾਂ ਦੀ ਭਾਅ ਪ੍ਰਤੀ ਖੁਸ਼ੀ ਵੀ ਦੁੱਗਣੀ ਹੋ ਗਈ ਸੀ, ਤੇ ਢਾਈ-ਤਿੰਨ ਹਜ਼ਾਰ ਪੌਂਡ ਉਹਨੂੰ ਮਿਲਣ ਲੱਗ ਪਿਆ ਸੀ। ਫਿਲਮਾਂ ਵਿਚ ਪ੍ਰੀਤੀ ਸਪਰੂ ਸੁਨੱਖਾ ਦੇਖ ਕੇ ਆਪਣੇ ਨਾਲ ਹੀਰੋ ਬਣਾ ਬੈਠੀ ਸੀ, ਪਰ ਇਸ ਤੋਂ ਵੀ ਵੱਡੀ ਗੱਲ ਇਹ ਵੀ ਸੀ ਕਿ ਮਲਕੀਤ ਨੇ ਘਰ ਬਹੁਤ ਵੱਡਾ ਲੈ ਲਿਆ ਸੀ।

ਮੇਰਾ ਇਕ ਰਿਸ਼ਤੇਦਾਰ ਮੈਨੂੰ ਉਹਦੇ ਬਰਮਿੰਘਮ ਲਾਗੇ ਹੀ ਨਵੇਂ ਘਰ ਵਿਚ ਲੈ ਗਿਆ। ਮਲਕੀਤ ਘੁੱਟ ਕੇ ਮਿਲਿਆ, "ਆਹ ਸਰਦੂਲ ਵੀ ਹੁਣੇ ਗਿਐ, ਬੜਾ ਖਲਾਰਾ ਪਾ ਕੇ ਗਏ ਨੇ ਮੀਰ-ਆਲਮ, ਪਰ ਨੂਰੀ ਇਸ ਘਰ ਵਿਚ ਹੋਰ ਵੀ ਸੁਨੱਖੀ ਲੱਗਦੀ ਸੀ।" ਤੇ ਫਿਰ ਉਹ ਉਵੇਂ ਹੱਸ ਪਿਆ ਜਿਵੇਂ ਸਾਰੇ ਜਾਣਦੇ ਨੇ ਕਿ ਜਦੋਂ ਉਹ ਨਿੱਕੀਆਂ ਅੱਖਾਂ ਘੁੱਟ ਕੇ ਬੁੱਲਾਂ ਵਿਚ ਹੱਸੇ ਤਾਂ ਅੰਦਰੋਂ ਖੁਸ਼ ਹੁੰਦੈ। ਚਾਹ ਪੀ ਕੇ ਪੁੱਛਣ ਲੱਗਾ, "ਅੱਜ ਕੋਈ ਕੰਮ ਤਾਂ ਨਹੀਂ?" ਫਿਰ 'ਨਹੀਂ' ਸੁਣ ਕੇ ਬੋਲਿਆ, "ਜੇ ਇਸ ਮੁੰਡੇ ਨੇ ਜਾਣਾ ਤਾਂ ਚਲਾ ਜਾਵੇ, ਤੂੰ ਭੌਰੇ ਅੱਜ ਦਾ ਦਿਨ ਮੇਰੇ ਨਾਲ ਗੁਜ਼ਾਰ। ਤੈਨੂੰ ਨਵੀਂਆਂ ਗੱਲਾਂ ਦੱਸੂੰ, ਤੂੰ ਹੈਰਾਨ ਰਹਿ ਜਾਵੇਂਗਾ ਕਿ ਦੁਨੀਆਂ 'ਤੇ ਤਰੱਕੀ ਹੋ ਕਿੰਨੀ ਗਈ ਹੈ?"

ਮੇਰਾ ਰਿਸ਼ਤੇਦਾਰ ਮੁੰਡਾ ਚਲਾ ਗਿਆ, ਉਹਨੇ ਘਰ ਘੁਮਾ ਕੇ ਵਿਖਾਇਆ। ਘਰ ਦੇਖ ਕੇ ਚਿੱਤ ਮੇਰਾ ਵੀ ਬਾਗੋ-ਬਾਗ ਹੋ ਗਿਆ। ਫਿਰ ਉਹਨੇ ਚਾਬੀਆਂ ਵਾਲੇ ਗੁੱਛੇ ਵਿਚੋਂ ਇਕ ਬਟਨ ਦੱਬ ਕੇ ਗਰਾਜ ਖੋਲ੍ਹਿਆ ਤਾਂ ਝੱਟ ਦੇਣੀ ਦੱਸਣ ਲੱਗਾ, "ਰਿਮੋਟ ਨਾਲ ਟੀ.ਵੀ. ਤਾਂ ਚੱਲਦੇ ਸਨ, ਵੇਖ ਲੈ ਦਰਵਾਜ਼ਾ ਵੀ ਖੁੱਲ੍ਹ ਗਿਆ।" ਨਵੀਂ ਮਰਸੀਡੀਜ਼ ਬਾਹਰ ਕੱਢੀ ਤਾਂ ਬੋਲਿਆ, "ਮਿੱਤਰਾ! ਇੱਦਾਂ ਦੀਆਂ ਕਾਰਾਂ ਵਿਚ ਤਾਂ ਤੂੰ ਬਹੁਤ ਬੈਠਿਆ ਹੋਵੇਂਗਾ, ਪਰ ਅੰਦਰ ਜਿਹੜੇ ਯੰਤਰ ਲੱਗੇ ਆ, ਉਹ ਤਾਂ ਇੰਗਲੈਂਡ ਵਿਚ ਮੈਂ ਵੀ ਪਹਿਲੀ ਵਾਰ ਦੇਖੇ ਆ, ਫਿਰ ਤੂੰ ਕਿਥੇ ਦੇਖੇ ਹੋਣੇ ਆ। ਗੱਡੀ ਵਿਚ ਵੇਖੀਂ ਤੀਵੀਂ ਕਿੰਨਾ ਮਿੱਠਾ ਬੋਲਦੀ ਐ... ਰਾਹ ਦੱਸਦੀ ਜਾਊ।" ਪੰਦਰਾਂ ਸਾਲ ਪਹਿਲਾਂ ਨੇਵੀਗੇਸ਼ਨ ਦਾ ਇਹ ਕ੍ਰਿਸ਼ਮਾ ਮੇਰੇ ਲਈ ਵੀ ਮੰਗਲ ਗ੍ਰਹਿ 'ਤੇ ਚੜ੍ਹਨ ਵਾਲਾ ਸੀ।



*1992 ਵਿਚ ਮਲਕੀਤ ਦੇ ਪੁਰਾਣੇ ਘਰ ਦੇ ਬਾਹਰ ਦੀ ਤਸਵੀਰ।*

ਜਿਸ ਰਿਮੋਟ ਨਾਲ ਉਹਨੇ ਗਰਾਜ ਦੀ ਡੋਰ ਖੋਲ੍ਹੀ ਸੀ, ਉਸੇ ਨਾਲ ਫਿਰ ਬਾਹਰਲਾ ਗੇਟ ਖੋਲ੍ਹ ਕੇ ਹੱਸ ਪਿਆ, "ਤੀਵੀਂ ਰਿਮੋਟ ਵਿਚੋਂ ਵੀ ਬੋਲਣੀ ਚਾਹੀਦੀ ਸੀ।"

ਨੇਵੀਗੇਟਰ ਵਿਚ ਉਹਨੇ ਐਡਰੈਸ ਭਰਿਆ ਤੇ ਕਹਿਣ ਲੱਗਾ, "ਲੈ ਅਸ਼ੋਕ, ਬੱਸ ਸਟੇਰਿੰਗ ਸੰਭਾਲਣਾ ਅੱਖਾਂ ਮੀਚ ਕੇ, ਤੀਵੀਂ ਬੋਲੀ ਜਾਵੇਗੀ, ਇਧਰ ਨੂੰ ਮੁੜੋ, ਦੋ ਮੀਲ 'ਤੇ ਸੱਜੇ ਨੂੰ ਜਾਣਾ, ਫਿਰ ਡੇਢ ਮੀਲ 'ਤੇ ਖੱਬੇ ਨੂੰ, ਤੇ ਸੱਜੇ ਪਾਸੇ ਆ ਗਿਆ ਡੈਸਟੀਨੇਸ਼ਨ...ਤੈਨੂੰ ਪਤਾ ਈ ਹੋਣੈ ਪਈ ਟਿਕਾਣਾ?"

ਅੱਧ ਕੁ ਜਿਹੇ ਵਿਚ ਜਾ ਕੇ ਫਿਰ ਬੋਲਿਆ, "ਲੈ ਹੁਣ ਇਹ ਜਗਮੋਹਨ ਕੌਰ ਜਿੱਧਰ ਨੂੰ ਕਹਿੰਦੀ ਆ, ਉਹਦੇ ਉਲਟ ਮੋੜ ਕੇ ਦਿਖਾਉਣਾਂ...ਦੇਖੀ ਜਾਈਂ, ਹੁੰਦਾ ਕੀ ਐ? ਤੇ ਜਦੋਂ ਬੀਬੀ ਬੋਲੀ, 'ਮੇਕ ਏ ਯੂ ਟਰਨ ਐਂਡ ਟੇਕ ਲੈਫ਼ਟ', ਤਾਂ ਤਾੜੀ ਵਜਾ ਕੇ ਉੱਚੀ ਦੇਣੀ ਹੱਸ ਪਿਆ, "ਵੇਖਿਆ ਕਮਾਲ! ਇਹਨੂੰ ਕਮਲੀ ਨੂੰ ਇਹ ਵੀ ਪਤੈ ਕਿ ਆਪਾਂ ਜਿਥੇ ਜਾਣਾ, ਉਥੇ ਨਹੀਂ ਜਾ ਰਹੇ। ਭਲਾ ਇੰਨੀ ਮਹਿੰਗੀ ਪਹਿਲਾਂ ਤਾਂ ਗੱਡੀ ਨ੍ਹੀਂ ਹੋਣੀ ਕਿਸੇ ਗਾਇਕ ਕੋਲ, ਤੇ ਜੇ ਗੁਰਦਾਸ ਕੋਲ ਹੋਈ ਤਾਂ ਵਿਚ ਤੀਵੀਂ ਦੀ ਇੰਨੀ ਮਿੱਠੀ ਆਵਾਜ਼ ਨ੍ਹੀਂ ਹੋ ਸਕਦੀ।"

ਬਣਾ ਸਵਾਰ ਕੇ ਮਲਕੀਤ ਫਿਰ ਕਹਿਣ ਲੱਗਾ, "ਕਈਆਂ ਦੀ ਗੱਡੀ 'ਚ ਬੰਦਾ ਬੋਲਦਾ ਪਰ ਆਪਾਂ ਥੋੜੇ ਪੈਸੇ ਵੱਧ ਖਰਚ ਕਰਕੇ ਤੀਵੀਂ ਰੱਖ ਲਈ ਹੈ, ਇਹ ਸਾਨੂੰ ਦੱਸਦੀ ਹੈ ਰਾਹ ਕਿ ਕਿਧਰ ਨੂੰ ਜਾਣੈ" ਤੇ ਉਦਣ ਮੈਨੂੰ ਪੜ੍ਹਿਆ-ਲਿਖਿਆ ਹੋਇਆ ਹੋਣ ਦੇ ਬਾਵਜੂਦ ਪਹਿਲੀ ਵਾਰੀ ਪਤਾ ਲੱਗਾ ਕਿ ਮੈਂ ਉੱਲੂ ਕਿਵੇਂ ਬਣ ਗਿਆ ਸੀ ਤੇ ਉੱਲੂਆਂ ਨੂੰ ਦਿਨ ਨੂੰ ਦੀਹਦਾ ਕਿਉਂ ਨਹੀਂ ਹੁੰਦਾ।

ਘਰ ਆ ਕੇ ਫਿਰ ਉਹ ਬਾਰ ਵਿਚ ਬਹੁਤ ਦੇਰ ਬੈਠਾ ਰਿਹਾ। ਦੋ ਕੁ ਪੈਗ ਪੀ ਕੇ ਮੈਂ ਵੀ ਕਿਹਾ, "ਮਲਕੀਤ, ਦੱਸ! ਉਸ ਦਿਨ ਕੀ ਹੋਇਆ ਸੀ ਮਾਹਿਲਪੁਰ ਸ਼ੌਂਕੀ ਮੇਲੇ 'ਤੇ?"

"ਛੱਡ ਪਰ੍ਹੇ...ਤੂੰ ਤਾਂ ਖਿਸਕ ਗਿਆ ਹੋਣਾ ਕਿ ਕਿਤੇ ਸਾਜ਼ੀਆਂ ਦੀ ਪੇਮੈਂਟ ਨਾ ਮੰਗ ਲਵੇ।"

(ਬਾਕੀ ਸਫਾ 28 ਉਤੇ)



*ਨਵੇਂ ਘਰ ਵਿਚ ਅੱਠ ਸਾਲ ਬਾਅਦ ਖੂਬਸੂਰਤ ਬਾਰ ਵਿਚ ਗਲਾਸੀ ਦੀ ਸਾਂਝ।*

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਕਬਰਾਂ ਵਿਚ ਵਿਲਕਦਾ ਬਾਪ

ਅੱਧੀ ਰਾਤੀਂ ਬੁੱਢਾ ਬਾਪੂ ਕਬਰਾਂ ਰਿਹਾ ਏ ਫੋਲ,
ਜਿਹੜੇ ਤੈਨੂੰ ਖਾ ਗਏ ਪੁੱਤਰਾ, ਸੁਣਦੇ ਨਹੀਂ ਉਹ ਬੋਲ।
ਮਾਂ ਤੇਰੀ ਦੀ ਦੀਦੇ ਦੋਵੇਂ, ਰੋ ਰੋ ਹੋਏ ਬੇਹਾਲ,
ਕੰਧਾਂ-ਕੌਲਿਆਂ ਦੇ ਗਲ ਲੱਗ ਕੇ ਉਹ ਵੀ ਲੱਭਦੀ ਕਾਲ।
ਤੋੜੀ ਕਿਉਂ ਡੰਗੋਰੀ ਸਾਡੀ, ਪੁੱਛੀਏ ਕਿੰਜ ਸਰਕਾਰਾਂ ਨੂੰ,
ਚਿੱਤ ਕਰੇ ਤੇਰੇ ਨਾਲ ਫੂਕ ਦਿਆਂ ਧੂੜ ਉਡਾਉਂਦੀਆਂ ਕਾਰਾਂ ਨੂੰ।
ਪਰਸੋਂ ਵਿਧਵਾ ਹੋ ਗਈ ਪਾਲ, ਕੱਲ੍ਹ ਪੁੱਤ ਮਰ ਗਿਆ ਧੰਨੇ ਦਾ,
ਪਤਾ ਨਹੀਂ ਹੁਣ ਕੀ ਬਣੇਗਾ 'ਕੱਲੇ ਜਾਗਰ ਅੰਨੇ ਦਾ।
ਮਿੱਠੀ ਤੇਰੀ ਲੱਗਦੀ ਮੈਨੂੰ ਢੇਰੀ ਕੋਈ ਸਮੇਕਾਂ ਦੀ,
ਘਰ ਘਰ ਇਹੀ ਕਹਾਣੀ ਚੱਲ ਪਈ ਵੈਲੀ ਪੁੱਤ ਨਲਾਇਕਾਂ ਦੀ।
ਮੇਰੇ ਵਾਂਗੂੰ ਖਾਕ ਪਤਾ ਨਹੀਂ ਕਿਹੜਾ ਹੋਰ ਫਰੋਲੇਗਾ,
ਹੋਈ ਹੰਕਾਰੀ ਹੋਣੀ ਮੂਹਰੇ, ਲਗਦਾ ਨਹੀਂ ਕੋਈ ਬੋਲੇਗਾ।
ਮੱਛੀਆਂ ਦੀ ਗੱਲ ਮੁੱਕ ਗਈ, ਰੌਲਾ ਮਗਰਮੱਛਾਂ ਦਾ ਪੈਂਦਾ ਏ,
ਭੋਇੰ ਖਾ ਲਈ, ਪੁੱਤ ਨਿਗਲ ਲਿਆ, ਬਾਕੀ ਕੀ ਹੁਣ ਰਹਿੰਦਾ ਏ?
ਕੱਲ੍ਹ ਨੂੰ 'ਭੌਰੇ' ਕਬਰਾਂ ਦੇ ਵਿਚ ਕਿਹੜਾ ਬਾਪੂ ਰੋਵੇਗਾ?
ਰਾਜਨੀਤਾਂ ਦੇ ਕੱਫਣ ਦੇ ਵਿਚ ਕਿਹਦਾ ਪੁੱਤਰ ਹੋਵੇਗਾ?

# ਤੇਰਾ ਕੀਆ ਮੀਠਾ ਲਾਗੈ...

**ਸ਼ਹੀਦੀ ਪੂਰਬ 'ਤੇ ਵਿਸ਼ੇਸ਼**

ਸ਼ਹੀਦਾਂ ਦੇ ਸਿਰਤਾਜ ਤੇ ਸ਼ਾਂਤੀ ਦੇ ਪੁੰਜ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਦਾ ਸੰਸਾਰ ਭਰ ਦੇ ਅਧਿਆਤਮਕ ਜਗਤ ਵਿਚ ਸਰਬ-ਉਚ ਸਥਾਨ ਹੈ। ਉਨ੍ਹਾਂ ਨੂੰ ਅਧਿਆਤਮਵਾਦ ਦੇ ਬ੍ਰਹਮ ਗਿਆਨੀ ਵੀ ਕਿਹਾ ਜਾਂਦਾ ਹੈ। ਉਨ੍ਹਾਂ ਦੀ ਸ਼ਹੀਦੀ ਸੰਸਾਰ ਦੇ ਇਤਿਹਾਸ ਵਿਚ ਅਦੁੱਤੀ ਤੇ ਬੇਮਿਸਾਲ ਹੈ। ਗੁਰੂ ਨਾਨਕ ਦੇਵ ਵੱਲੋਂ ਅਰੰਭ ਕੀਤੇ ਮਿਸ਼ਨ ਨੂੰ ਉਨ੍ਹਾਂ ਆਪਣੀ ਸ਼ਹਾਦਤ ਦੇ ਕੇ ਖੂਨ ਨਾਲ ਸਿੰਜਿਆ ਅਤੇ ਸਿੱਖੀ ਦੇ ਬੂਟੇ ਦੀਆਂ ਜੜ੍ਹਾਂ ਨੂੰ ਮਜ਼ਬੂਤ ਆਧਾਰ ਦਿੱਤਾ। ਉਨ੍ਹਾਂ ਦੀ ਇਸ ਸ਼ਹਾਦਤ ਨੇ ਸਿੱਖ ਸਭਿਆਚਾਰ ਨੂੰ ਨਵੇਂ ਅਰਥ ਦੇ ਕੇ ਭਵਿੱਖ ਲਈ ਨਵਾਂ ਤੇ ਮਜ਼ਬੂਤ ਰਸਤਾ ਲੱਭਣ ਵਾਸਤੇ ਰਾਹ ਖੋਲ੍ਹੇ। ਇਹ ਕਹਿਣਾ ਵੀ ਅਤਿਕਥਨੀ ਨਹੀਂ ਕਿ ਉਹ ਸ਼ਾਂਤਮਈ ਤਰੀਕੇ ਨਾਲ ਸਿੱਖੀ ਦੇ ਸਿਧਾਂਤਾਂ ਨੂੰ ਪ੍ਰਫੁਲਿਤ ਕਰ ਰਹੇ ਸਨ ਪਰ ਈਰਖਾਲੂ ਤੇ ਕੱਟੜਪੰਥੀ ਲੋਕਾਂ ਦੇ ਅਸਲ ਚਿਹਰੇ ਜੋ ਧਰਮ ਦੇ ਨਾਂ 'ਤੇ



**ਪ੍ਰੋ. ਐਚ.ਐਲ. ਕਪੂਰ**
**ਫੋਨ: 916-587-4002**

ਅਤਿਆਚਾਰ ਕਰ ਰਹੇ ਸਨ, ਲੋਕਾਈ ਦੇ ਸਾਹਮਣੇ ਨੰਗੇ ਹੋਏ।

ਗੁਰੂ ਅਰਜਨ ਦੇਵ ਸਿੱਖਾਂ ਦੇ ਚੌਥੇ ਗੁਰੂ ਰਾਮ ਦਾਸ ਦੇ ਪੁੱਤਰ ਸਨ। ਉਨ੍ਹਾਂ ਦੇ ਮਾਤਾ ਬੀਬੀ ਭਾਨੀ ਤੀਜੇ ਗੁਰੂ ਅਮਰਦਾਸ ਦੀ ਪੁੱਤਰੀ ਸਨ। ਗੁਰੂ ਅਰਜਨ ਦੇਵ ਦਾ ਜਨਮ 15 ਅਪਰੈਲ 1563 ਈਸਵੀ ਨੂੰ ਗੋਇੰਦਵਾਲ ਅਤੇ ਵਿਆਹ 1579 ਨੂੰ ਹੋਇਆ। ਸਿੱਖ ਸੰਸਕ੍ਰਿਤੀ ਤੇ ਸਿਧਾਂਤਾਂ ਨੂੰ ਘਰ ਘਰ ਪਹੁੰਚਾਉਣ ਲਈ ਉਨ੍ਹਾਂ ਨੇ ਸਿਰ-ਤੋੜ ਯਤਨ ਕੀਤੇ। ਉਨ੍ਹਾਂ ਦੇ ਪਿਤਾ ਸ੍ਰੀ ਗੁਰੂ ਰਾਮ ਦਾਸ ਨੇ ਸਿੱਖੀ ਦੇ ਮਹਾਨ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਮੁਸਲਮਾਨ ਫਕੀਰ ਸਾਂਈਂ ਮੀਆਂ ਮੀਰ ਪਾਸੋਂ ਰਖਵਾਈ ਸੀ ਅਤੇ ਉਨ੍ਹਾਂ ਸਿੱਖੀ ਦੇ ਇਸ ਮਹਾਨ ਕੇਂਦਰ ਦੀ ਉਸਾਰੀ ਪੂਰੀ ਕਰਵਾਉਣ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਸੰਨ 1590 ਵਿਚ ਤਰਨ ਤਾਰਨ ਸਾਹਿਬ ਦੇ ਸਰੋਵਰ ਦੀ ਪੱਕੀ ਉਸਾਰੀ ਵੀ ਉਨ੍ਹਾਂ ਨੇ ਕਰਵਾਈ।

ਗੁਰੂ ਜੀ ਬਹੁਤ ਸ਼ਾਂਤ ਤੇ ਗੰਭੀਰ ਸੁਭਾਅ ਦੇ ਮਾਲਕ ਸਨ। ਉਹ ਦਿਨ-ਰਾਤ ਸਾਧ-ਸੰਗਤ ਦੀ ਸੇਵਾ ਵਿਚ ਲੱਗੇ ਰਹਿੰਦੇ। ਉਨ੍ਹਾਂ ਦੇ ਮਨ ਵਿਚ ਸਾਰੇ ਧਰਮਾਂ ਲਈ ਅਥਾਹ ਪਿਆਰ ਸੀ। ਮਾਨਵ ਕਲਿਆਣ ਲਈ ਉਨ੍ਹਾਂ ਨੇ ਅਥਾਹ ਕੰਮ ਕੀਤੇ। ਗੁਰੂ ਅਰਜਨ ਦੇਵ ਨੇ 1604 ਈਸਵੀ ਨੂੰ ਸ੍ਰੀ ਆਦਿ ਗ੍ਰੰਥ ਦੀ ਸੰਪਾਦਨਾ ਭਾਈ ਗੁਰਦਾਸ ਦੀ ਸਹਾਇਤਾ ਨਾਲ ਕੀਤੀ। ਇਸ ਵਿਚ 31 ਰਾਗਾਂ ਵਿਚ ਬਾਣੀ ਦਰਜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਵੱਧ ਬਾਣੀ ਉਨ੍ਹਾਂ ਦੀ ਹੀ ਹੈ। ਉਨ੍ਹਾਂ ਰਾਗਾਂ ਦੇ ਆਧਾਰ 'ਤੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀਆਂ ਦਾ ਜੋ ਵਰਗੀਕਰਨ ਕੀਤਾ ਹੈ, ਇਸ ਦੀ ਭਾਰਤ ਦੇ ਮੱਧ ਕਾਲ ਵਿਚ ਕਿਧਰੇ ਹੋਰ ਮਿਸਾਲ ਨਹੀਂ ਮਿਲਦੀ। ਪੰਜਾਬੀ ਸਾਹਿਤ ਦੇ ਇਤਿਹਾਸ ਵਿਚ 17ਵੀਂ ਸਦੀ ਨੂੰ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਕਾਰਨ ਸੁਨਹਿਰੀ ਯੁੱਗ ਵੀ ਕਿਹਾ ਜਾਂਦਾ ਹੈ। ਇਸ ਵਿਚ ਤਕਰੀਬਨ 600 ਸਾਲਾਂ ਦੇ ਰਚੇ ਮਹਾਨ ਸਾਹਿਤ ਤੇ ਸੰਸਕ੍ਰਿਤੀ ਨੂੰ ਸੁਰਜੀਤ ਕੀਤਾ ਗਿਆ ਹੈ। ਇਸ ਵਿਚ ਨਵੀਆਂ ਜੀਵਨ ਕਦਰਾਂ-ਕੀਮਤਾਂ ਦੀ ਸਥਾਪਨਾ ਕੀਤੀ ਗਈ ਹੈ ਜਿਨ੍ਹਾਂ ਨਾਲ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਨਵਾਂ ਯੁੱਗ ਸ਼ੁਰੂ ਹੁੰਦਾ ਹੈ।

ਗੁਰੂ ਅਰਜਨ ਦੇਵ ਦੀ ਬਾਣੀ ਦੀ ਮੂਲ ਸੰਵੇਦਨਾ, ਪ੍ਰੇਮ ਭਗਤੀ ਨਾਲ ਜੁੜੀ ਹੋਈ ਹੈ। ਗੁਰਮਤਿ ਵਿਚਾਰਧਾਰਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਉਨ੍ਹਾਂ ਦਾ ਯੋਗਦਾਨ ਕਦੀ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਪੰਜਾਬੀ ਭਾਸ਼ਾ, ਸਾਹਿਤ ਤੇ ਸੰਸਕ੍ਰਿਤੀ ਨੂੰ ਜੋ ਦਿੱਤਾ, ਉਸ ਦੀ ਸ਼ਬਦਾਂ ਵਿਚ ਪ੍ਰਸ਼ੰਸਾ ਕਰਨੀ ਮੁਸ਼ਕਿਲ ਹੈ।

ਸੁਖਮਨੀ ਸਾਹਿਬ, ਸੁਖ ਦਾ ਅਨੰਦ ਦੇਣ ਵਾਲੀ ਬਾਣੀ ਹੈ। ਸੁਖਮਨੀ ਸਾਹਿਬ ਮਾਨਸਿਕ ਤਣਾਅ ਦੀ ਅਵਸਥਾ ਦੇ ਸ਼ੁੱਧੀਕਰਨ ਦਾ ਵਧੀਆ ਉਪਰਾਲਾ ਹੈ। ਇਸ ਰਚਨਾ ਦੀ ਭਾਸ਼ਾ, ਭਾਵਾਂ-ਅਨੁਕੂਲ ਹੀ ਹੈ। ਸਰਲ ਬ੍ਰਿਜ ਭਾਸ਼ਾ ਤੇ ਪੰਜਾਬੀ ਵਿਚ ਰਚਿਤ ਇਹ ਬਾਣੀ ਗੁਰੂ ਅਰਜਨ ਦੇਵ ਦੀ ਮਹਾਨ ਅਧਿਆਤਮਕ ਕਲਾਕ੍ਰਿਤ ਹੈ। ਇਹ ਸਮੁੱਚੀ ਮਾਨਵਤਾ ਨੂੰ ਸ਼ਾਂਤੀ ਦਾ ਉਪਦੇਸ਼ ਵੀ ਦਿੰਦੀ ਹੈ। ਇਹ ਅਮਰ ਬਾਣੀ ਹੈ ਜੋ ਕਰੋੜਾਂ ਜਗਿਆਸੂਆਂ ਨੂੰ ਅੰਮ੍ਰਿਤ ਵੇਲੇ, ਇਸ ਦਾ ਪਾਠ ਕਰਨ ਨਾਲ ਸ਼ਾਂਤੀ ਨਾਲ ਨਿਵਾਜਦੀ ਹੈ। ਰਾਗ ਗਾਉੜੀ ਵਿਚ ਰਚੀ ਗਈ ਇਸ ਰਚਨਾ ਵਿਚ 24 ਅਸ਼ਟਪਦੀਆਂ ਹਨ। ਇਸ ਦੀ ਸ਼ੈਲੀ ਸੂਤਰਕ ਹੈ। ਇਸ ਵਿਚ ਸਾਧਨਾ, ਨਾਮ ਸਿਮਰਨ ਤੇ ਇਸ ਦੇ ਪ੍ਰਭਾਵ, ਸੇਵਾ, ਤਿਆਗ, ਮਾਨਸਿਕ ਸੁੱਖ-ਦੁੱਖ ਦਾ ਵਰਣਨ ਹੈ। ਸੁਖਮਨੀ ਸ਼ਬਦ ਆਪਣੇ ਆਪ ਵਿਚ ਵੀ ਬਹੁਤ ਭਾਵਪੂਰਨ ਸ਼ਬਦ ਹੈ। ਮਨ ਨੂੰ ਸੁਖ ਦੇਣ ਵਾਲੀ ਜਾਂ ਸੁਖਾਂ ਦੀ ਮਣੀ।

ਸੁਖਮਨੀ ਸੁਖ ਅੰਮ੍ਰਿਤ ਪ੍ਰਭੂ ਨਾਮ॥
ਭਗਤ ਜਨਾ ਕੈ ਮਨਿ ਬਿਸ੍ਰਾਮ॥

ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਨੇ ਸਿੱਖ ਧਰਮ ਦੇ ਪਸਾਰ ਤੇ ਪ੍ਰਚਾਰ ਲਈ ਦੂਰ ਦੂਰ ਤੱਕ ਮੰਜੀਆਂ, ਭਾਵ ਪ੍ਰਚਾਰ ਕੇਂਦਰ ਜਿਸ ਨੂੰ ਮਸੰਦ ਪ੍ਰਥਾ ਵੀ ਕਿਹਾ ਜਾਂਦਾ ਹੈ, ਸਥਾਪਤ ਕੀਤੀਆਂ। ਇਨ੍ਹਾਂ ਕੇਂਦਰਾਂ ਤੋਂ ਸਿੱਖ ਸਿਧਾਂਤਾਂ ਤੇ ਸਿੱਖਿਆਵਾਂ ਦਾ ਪ੍ਰਚਾਰ ਕੀਤਾ ਜਾਂਦਾ ਸੀ। ਗੁਰਬਾਣੀ ਦਾ ਕੀਰਤਨ ਗੁਰੂ ਨਾਨਕ ਦੇਵ ਤੋਂ ਹੀ ਸ਼ੁਰੂ ਹੋ ਗਿਆ ਸੀ। ਉਨ੍ਹਾਂ ਦਾ ਸਾਥੀ ਮਰਦਾਨਾ ਉਸ ਸਮੇਂ ਦਾ ਬਹੁਤ ਵੱਡਾ ਰਬਾਬੀ ਸੀ। ਉਸ ਤੋਂ ਬਾਅਦ ਗੁਰੂ ਅੰਗਦ ਦੇਵ ਸਮੇਂ ਇਸ ਪਰੰਪਰਾ ਨੂੰ ਸੱਤਾ ਤੇ ਬਲਵੰਡ ਨੇ ਖੂਬ ਨਿਭਾਇਆ। ਉਹ ਗੁਰੂ ਘਰ ਦੇ ਅਧਿਆਤਮਕ ਢਾਡੀ ਸਨ ਜੋ ਆਪਣੀਆਂ ਵਾਰਾਂ ਤੇ ਗੁਰੂ ਸਾਹਿਬ ਵੱਲੋਂ ਰਚੀ ਗਈ ਬਾਣੀ ਦਾ ਕੀਰਤਨ ਕਰ ਕੇ, ਸੰਗਤਾਂ ਨੂੰ ਨਿਹਾਲ ਕਰਦੇ ਸਨ।

ਗੁਰਬਾਣੀ ਦੀ ਸੰਗੀਤਕ ਵਿਆਖਿਆ ਗੁਰੂ ਅਰਜਨ ਦੇਵ ਤੱਕ ਨਿਰੰਤਰ ਚੱਲਦੀ ਰਹੀ। ਇਸ ਨਾਲ ਦੂਜੇ ਧਰਮਾਂ ਦੇ ਲੋਕਾਂ ਵਿਚ ਸਿੱਖ ਧਰਮ ਤੇ ਗੁਰੂ ਸਾਹਿਬਾਨ ਪ੍ਰਤੀ ਨਫ਼ਰਤ ਤੇ ਈਰਖਾ ਉਪਜਣ ਲੱਗ ਪਈ ਜੋ ਬਾਅਦ ਵਿਚ ਗੁਰੂ ਅਰਜਨ ਦੇਵ ਦੀ ਸ਼ਹਾਦਤ ਦੇ ਰੂਪ ਵਿਚ ਪ੍ਰਗਟ ਹੋਈ।

ਇਕ ਵਾਰ ਅਕਬਰ ਬਾਦਸ਼ਾਹ ਗੋਇੰਦਵਾਲ ਸਾਹਿਬ ਆਏ। ਉਨ੍ਹਾਂ ਸਿੱਖ ਧਰਮ ਦੀ ਸੋਭਾ ਬਹੁਤ ਸੁਣੀ ਹੋਈ ਸੀ। ਉਨ੍ਹਾਂ ਉਥੇ ਪੰਗਤ ਵਿਚ ਬੈਠ ਕੇ ਗੁਰੂ ਦਾ ਸਾਦਾ ਲੰਗਰ ਛਕਿਆ ਅਤੇ ਗੁਰੂ ਅਮਰ ਦਾਸ ਦੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਹੋਏ।

ਗੁਰੂ ਅਰਜਨ ਦੇਵ ਦੇ ਦੋਖੀ, ਉਨ੍ਹਾਂ ਦੇ ਵੱਡੇ ਭਰਾ ਪ੍ਰਿਥੀ ਚੰਦ ਤੇ ਭਤੀਜਾ ਮਿਹਰਵਾਨ, ਗੁਰਗੱਦੀ ਨਾ ਮਿਲਣ ਕਾਰਨ ਉਨ੍ਹਾਂ ਨਾਲ ਨਫ਼ਰਤ ਕਰਦੇ ਸਨ। ਉਨ੍ਹਾਂ ਨੇ ਗੁਰੂ ਅਰਜਨ ਦੇਵ ਵਿਰੁਧ ਅਕਬਰ ਬਾਦਸ਼ਾਹ ਕੋਲ ਸ਼ਿਕਾਇਤ ਜਾ ਕੀਤੀ ਕਿ ਇਸਲਾਮ ਬਾਰੇ ਗੁਰੂ ਜੀ ਨੇ ਆਦਿ ਗ੍ਰੰਥ ਵਿਚ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਹਨ। ਇਸ ਸ਼ਿਕਾਇਤ ਦਾ ਬਾਦਸ਼ਾਹ 'ਤੇ ਕੋਈ ਅਸਰ ਨਾ ਹੋਇਆ। ਸ਼ਿਕਾਇਤ ਬਾਰੇ ਉਨ੍ਹਾਂ ਨੇ ਸਾਂਈਂ ਮੀਆਂ ਮੀਰ ਤੋਂ ਸਪਸ਼ਟੀਕਰਨ ਲੈ ਲਿਆ। ਬਾਦਸ਼ਾਹ ਨੇ ਗੁਰੂ ਅਰਜਨ ਦੇਵ ਅਤੇ ਉਨ੍ਹਾਂ ਤੋਂ ਪਹਿਲੇ ਸਿੱਖ ਗੁਰੂ ਸਾਹਿਬਾਨ ਦੀ ਬੜੀ ਤਾਰੀਫ਼ ਕੀਤੀ। ਗੁਰੂ ਅਰਜਨ ਦੇਵ ਦੇ ਵਿਰੋਧੀਆਂ ਦੀ ਸਾਜ਼ਿਸ਼ ਦਾ ਜਦੋਂ ਬਾਦਸ਼ਾਹ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਭਾਈ ਗੁਰਦਾਸ ਤੇ ਬਾਬਾ ਬੁੱਢਾ ਰਾਹੀਂ 51 ਮੋਹਰਾਂ ਭੇਟ ਕਰ ਕੇ ਅਫ਼ਸੋਸ ਪ੍ਰਗਟ ਕੀਤਾ।

ਵੱਖ ਵੱਖ ਇਤਿਹਾਸਕਾਰਾਂ ਨੇ ਗੁਰੂ ਅਰਜਨ ਦੇਵ ਦੀ ਸ਼ਹਾਦਤ ਦੇ ਕਈ ਕਾਰਨ ਦੱਸੇ ਹਨ; ਜਿਵੇਂ ਚੰਦੂ ਸ਼ਾਹ ਦੀ ਦੁਸ਼ਮਣੀ, ਪ੍ਰਿਥੀ ਚੰਦ ਦਾ ਗੁਰਗੱਦੀ ਪ੍ਰਾਪਤ ਨਾ ਕਰ ਸਕਣਾ ਤੇ ਗੁਰੂ ਸਾਹਿਬ ਦਾ ਵਿਰੋਧ ਕਰਨਾ, ਬਾਗੀ ਸ਼ਹਿਜ਼ਾਦੇ ਖੁਸਰੋ ਦੀ ਮਦਦ ਕਰਨਾ, ਪੰਥ ਦੋਖੀਆਂ ਵੱਲੋਂ ਬਾਦਸ਼ਾਹ ਜਹਾਂਗੀਰ ਦੇ ਕੰਨ ਭਰਨਾ, ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ, ਬਾਦਸ਼ਾਹ ਜਹਾਂਗੀਰ ਦੀ ਸੋਚ ਨਾਲ ਜੁੜੇ ਕੁਝ ਨਿਜੀ ਕਾਰਨ, ਰਾਜਨੀਤਕ ਤੇ ਕੁਝ ਫੁਟਕਲ ਕਾਰਨ ਆਦਿ।

'ਨਕਸ਼ਬੰਦੀ' ਇਸਲਾਮ ਧਰਮ ਦਾ ਕੱਟੜ ਸੂਫ਼ੀ ਸਿਲਸਿਲਾ ਸੀ। ਸ਼ੇਖ ਅਹਿਮਦ ਸਰਹਿੰਦੀ ਇਨ੍ਹਾਂ ਦਾ ਮੁਖੀ ਸੀ। ਉਹ ਆਪਣੀ ਸ਼ਖ਼ਸੀਅਤ ਨੂੰ ਗੁਰੂ ਸਾਹਿਬ ਤੋਂ ਉਪਰ ਮੰਨਦਾ ਸੀ। ਸਿੱਖ ਧਰਮ ਦਾ ਪਸਾਰ ਦੇਖ ਕੇ ਉਹ ਬਹੁਤ ਚਿੰਤਤ ਸੀ ਤੇ ਇਸ ਨੂੰ ਉਹ ਇਸਲਾਮ ਧਰਮ ਲਈ ਖਤਰੇ ਦੀ ਘੰਟੀ ਸਮਝਦਾ ਸੀ। ਧਰਮਸ਼ਾਲਾਵਾਂ, ਬਾਉਲੀਆਂ ਤੇ ਗੁਰਦੁਆਰਿਆਂ ਦੇ ਨਾਲ ਨਾਲ ਮੰਜੀਦਾਰ ਤੇ ਮਸੰਦ ਸੰਸਥਾ ਸਥਾਪਤ ਹੋ ਚੁੱਕੀ ਸੀ। ਚਾਰੇ ਵਰਨਾਂ ਦਾ ਉਪਦੇਸ਼ ਦੇਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਹੋ ਚੁੱਕੀ ਸੀ। ਇਸ ਸਭ ਵਰਤਾਰੇ ਨੂੰ ਕੱਟੜਪੰਥੀ ਕਿਸ ਤਰ੍ਹਾਂ ਬਰਦਾਸ਼ਤ ਕਰ ਸਕਦੇ ਸਨ? ਉਹ ਤਾਂ ਸਾਰੇ ਭਾਰਤ ਵਿਚ ਇਸਲਾਮ ਦਾ ਬੋਲਬਾਲਾ ਦੇਖਣਾ ਚਾਹੁੰਦੇ ਸਨ। ਇਸੇ ਲਈ ਹੀ ਉਨ੍ਹਾਂ ਨੇ ਅਕਬਰ ਬਾਦਸ਼ਾਹ ਦੇ ਕਈ ਵਾਰ ਕੰਨ ਭਰੇ ਤੇ ਕਈ ਤੋਹਮਤਾਂ ਲਾਈਆਂ ਪਰ ਉਨ੍ਹਾਂ ਦੀ ਇਕ ਨਾ ਚੱਲੀ।

1605 ਈਸਵੀ ਵਿਚ ਬਾਦਸ਼ਾਹ ਅਕਬਰ ਦੀ ਮੌਤ ਹੋ ਗਈ ਅਤੇ ਰਾਜਗੱਦੀ ਪ੍ਰਾਪਤ ਕਰਨ ਲਈ ਕਈ ਧੜੇ ਬਣ ਗਏ। ਸ਼ਹਿਜ਼ਾਦਾ ਸਲੀਮ ਜੋ ਬਾਅਦ ਵਿਚ ਜਹਾਂਗੀਰ ਦੇ ਨਾਂ ਨਾਲ ਪ੍ਰਸਿੱਧ ਹੋਇਆ, ਦੇ ਗੱਦੀ ਪ੍ਰਾਪਤ ਕਰਨ ਵਿਚ ਸ਼ੇਖ ਫ਼ਰੀਦ ਬੁਖ਼ਾਰੀ ਨੇ ਬਹੁਤ ਮਦਦ ਕੀਤੀ। ਸ਼ੇਖ ਫ਼ਰੀਦ ਬੁਖ਼ਾਰੀ ਖੁਦ ਨਕਸ਼ਬੰਦੀ ਪ੍ਰਥਾ ਦਾ ਮੁਖੀ ਸੀ ਜਿਸ ਦਾ ਮੁਗਲ ਦਰਬਾਰ ਵਿਚ ਬੜਾ ਅਸਰ-ਰਸੂਖ ਸੀ। ਹੁਣ ਨਕਸ਼ਬੰਦੀਆਂ ਕੋਲ ਸੁਨਹਿਰੀ ਮੌਕਾ ਸੀ ਕਿ ਉਹ ਬਾਦਸ਼ਾਹ ਨੂੰ ਗੁਰੂ ਸਾਹਿਬ ਵਿਰੁਧ ਭੜਕਾਉਣ।

ਬਾਦਸ਼ਾਹ ਜਹਾਂਗੀਰ ਨੇ ਤਖ਼ਤ ਉਤੇ ਬੈਠਦਿਆਂ ਸਾਰ ਇਸਲਾਮ ਧਰਮ ਦਾ ਪਸਾਰ ਕਰਨਾ ਆਪਣਾ ਪਰਮ ਧਰਮ ਸਮਝਿਆ। ਸਭ ਤੋਂ ਪਹਿਲਾਂ ਉਸ ਨੇ ਅਕਬਰ ਵੱਲੋਂ ਚਲਾਏ ਗਏ 'ਦੀਨ-ਏ-ਇਲਾਹੀ' ਦੀ ਸਰਕਾਰੀ ਸਰਪ੍ਰਸਤੀ ਖਤਮ ਕੀਤੀ ਅਤੇ ਉਸ ਤੋਂ ਬਾਅਦ ਇਸਲਾਮ ਵਿਰੋਧੀਆਂ ਦਾ ਖਾਤਮਾ ਕਰਨ ਲਈ ਨੀਤੀ ਬਣਾਈ। ਅਕਬਰ ਦੇ ਗੁਰੂ ਸਾਹਿਬ ਨਾਲ ਸਬੰਧ ਬੜੇ ਚੰਗੇ ਸਨ, ਪਰ ਉਹਦੀ ਮੌਤ ਤੋਂ ਬਾਅਦ ਜਹਾਂਗੀਰ ਦੇ ਗੱਦੀ ਉਤੇ ਬੈਠਦਿਆਂ ਹੀ ਗੁਰੂ ਸਾਹਿਬ ਨਾਲ ਵਿਰੋਧ ਸ਼ੁਰੂ ਹੋ ਗਿਆ। ਸਿੱਖ ਧਰਮ ਵਿਰੁਧ ਉਸ ਦੀ ਨੀਤੀ ਬਾਰੇ ਉਸ ਦੀ ਸਵੈ-ਜੀਵਨੀ 'ਤੁਜ਼ਕਿ-ਜਹਾਂਗੀਰੀ' ਤੋਂ ਪਤਾ ਲੱਗਦਾ ਹੈ ਜਿਸ ਵਿਚ ਉਹ ਆਪਣੀ ਬੁਰੀ ਨੀਅਤ ਖੁਦ ਬਿਆਨ ਕਰਦਾ ਹੈ: "ਗੋਇੰਦਵਾਲ ਜਿਹੜਾ ਬਿਆਸ ਨਦੀ ਦੇ ਕੰਢੇ ਸਥਿਤ ਹੈ, ਉਥੇ ਪੀਰਾਂ ਫਕੀਰਾਂ ਦੇ ਲਿਬਾਸ ਵਿਚ (ਗੁਰੂ) ਅਰਜਨ ਨਾਮੀ ਇਕ ਹਿੰਦੂ ਫਕੀਰ ਸੀ। ਤਿੰਨ-ਚਾਰ ਪੀੜ੍ਹੀਆਂ ਤੋਂ ਝੂਠ ਦੀ ਦੁਕਾਨ (ਦੁਕਾਨੇ-ਬਾਤਲ) ਗਰਮ ਸੀ। ਕਈ ਚਿਰਾਂ ਤੋਂ ਮੇਰੇ ਦਿਲ ਵਿਚ ਖਿਆਲ ਆਉਂਦਾ ਹੈ ਕਿ ਝੂਠ ਦੇ ਇਸ ਵਪਾਰ ਨੂੰ ਬੰਦ ਕਰ ਦੇਵਾਂ ਜਾਂ ਫਿਰ ਉਸ ਨੂੰ ਇਸਲਾਮ ਵਿਚ ਲੈ ਆਵਾਂ।"

ਬਾਦਸ਼ਾਹ ਜਹਾਂਗੀਰ ਦੇ ਗੱਦੀ ਉਤੇ ਬੈਠਣ ਤੋਂ ਥੋੜ੍ਹਾ ਸਮਾਂ ਬਾਅਦ ਉਸ ਦੇ ਪੁੱਤਰ ਖੁਸਰੋ ਨੇ ਬਗਾਵਤ ਕਰ ਦਿੱਤੀ ਤੇ ਉਹ ਲਾਹੌਰ ਭੱਜ ਨਿਕਲਿਆ। ਬਿਆਸ ਦਰਿਆ ਪਾਰ ਕਰ ਕੇ ਗੋਇੰਦਵਾਲ ਸਾਹਿਬ ਵਿਖੇ ਖੁਸਰੋ ਨੇ ਗੁਰੂ ਅਰਜਨ ਦੇਵ ਦੇ ਦਰਸ਼ਨ ਕੀਤੇ। ਗੁਰੂ ਸਾਹਿਬ ਨੇ ਉਸ ਨੂੰ ਅਸ਼ੀਰਵਾਦ ਦਿੱਤਾ। ਇਸ ਮਿਲਾਪ ਨੂੰ ਜਹਾਂਗੀਰ ਨੇ ਗੁਰੂ ਅਰਜਨ ਦੇਵ ਵਿਰੁਧ ਕਾਰਵਾਈ ਦੇ ਚੰਗੇ ਮੌਕੇ ਵਜੋਂ ਵਰਤਣ ਦਾ ਮਨ ਬਣਾਇਆ। ਉਸ ਨੇ ਗੁਰੂ ਅਰਜਨ ਦੇਵ ਦੀ ਗ੍ਰਿਫ਼ਤਾਰੀ ਦਾ ਹੁਕਮ ਸੁਣਾਇਆ। ਨਾਲ ਹੀ ਉਨ੍ਹਾਂ ਦੇ ਘਰ-ਘਾਟ ਤੇ



ਬੱਚਿਆਂ ਨੂੰ ਮੁਰਤਜ਼ਾ ਖਾਨ ਦੇ ਹਵਾਲੇ ਕਰਨ, ਮਾਲ-ਅਸਬਾਬ ਜ਼ਬਤ ਕਰ ਕੇ ਡਰਾਉਣ, ਸਜ਼ਾ ਦੇਣ ਤੇ ਤਸੀਹੇ ਦੇ ਕੇ ਕਤਲ ਕਰਨ ਦਾ ਹੁਕਮ ਜਾਰੀ ਕਰ ਦਿੱਤਾ।

ਗੁਰੂ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਯਾਸਾ-ਏ-ਸਿਆਸਤ ਦੇ ਕਾਨੂੰਨ ਅਧੀਨ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ। ਪਹਿਲਾਂ ਤੱਤੀ ਤਵੀ ਉਤੇ ਬਿਠਾਇਆ, ਸੀਸ ਉਪਰ ਗਰਮ ਰੇਤ ਪਾਈ ਗਈ ਤੇ ਦੇਗ ਵਿਚ ਉਬਾਲਿਆ ਗਿਆ। ਅੰਤ 16 ਜੂਨ 1606 ਈਸਵੀ ਨੂੰ ਰਾਵੀ ਦਰਿਆ ਵਿਚ ਰੋੜ੍ਹ ਦਿੱਤਾ ਗਿਆ। ਗੁਰੂ ਸਾਹਿਬ ਨੇ ਇਸ ਸਭ ਨੂੰ ਪਰਮਾਤਮਾ ਦਾ ਭਾਣਾ ਮੰਨਦਿਆਂ ਜ਼ਾਲਮ ਹਕੂਮਤ ਦੇ ਹਰ ਤਸੀਹੇ ਨੂੰ ਆਪਣੇ ਪਿੰਡੇ 'ਤੇ ਜਰਿਆ। ਤਪਦੀ ਤਵੀ, ਉਨ੍ਹਾਂ ਦੇ ਸੀਤਲ ਸੁਭਾਅ ਦੇ ਸਾਹਮਣੇ ਸੁਖਦਾਇਕ ਬਣ ਗਈ। ਤਪਦੀ ਰੇਤ ਵੀ ਉਨ੍ਹਾਂ ਦੀ ਨਿਸ਼ਠਾ ਭੰਗ ਨਾ ਕਰ ਸਕੀ। ਗੁਰੂ ਜੀ ਨੇ ਸਭ ਕਸ਼ਟ ਹੱਸਦੇ ਹੱਸਦੇ ਬਰਦਾਸ਼ਤ ਕੀਤੇ ਤੇ ਪਰਮਾਤਮਾ ਅੱਗੇ ਇਹੀ ਅਰਦਾਸ ਕੀਤੀ:

ਤੇਰਾ ਕੀਆ ਮੀਠਾ ਲਾਗੈ
ਹਰਿ ਨਾਮੁ ਪਦਾਰਥੁ ਨਾਨਕ ਮਾਂਗੈ॥

ਜਹਾਂਗੀਰ ਬਾਦਸ਼ਾਹ ਆਪਣੀ ਸਵੈ-ਜੀਵਨੀ ਵਿਚ ਮੰਨਦਾ ਹੈ ਕਿ ਉਸ ਨੇ ਗੁਰੂ ਅਰਜਨ ਦੇਵ ਦੀ ਗ੍ਰਿਫ਼ਤਾਰੀ ਦੇ ਹੁਕਮ ਦਿੱਤੇ, ਕਿਉਂਕਿ ਗੁਰੂ ਜੀ ਦੀ ਪ੍ਰਸਿੱਧੀ ਤੋਂ ਉਸ ਨੂੰ ਬਹੁਤ ਈਰਖਾ ਸੀ। ਉਹ ਹਿੰਦੂਆਂ ਤੇ ਮੁਸਲਮਾਨਾਂ, ਦੋਹਾਂ ਵਿਚ ਬਹੁਤ ਹਰਮਨ ਪਿਆਰੇ ਸਨ। ਉਹ ਇਹ ਵੀ ਮੰਨਦਾ ਹੈ ਕਿ ਉਸ ਨੂੰ ਕੱਟੜਪੰਥੀਆਂ ਨੇ ਰੱਜ ਕੇ ਗੁੰਮਰਾਹ ਕੀਤਾ, ਪਰ ਉਸ ਨੇ ਸੱਚਾਈ ਜਾਨਣ ਲਈ ਕੋਈ ਕਦਮ ਨਹੀਂ ਚੁੱਕਿਆ ਤੇ ਨਾ ਹੀ ਪੂਰੇ ਹਾਲਾਤ ਤੇ ਕਾਰਨਾਂ ਦੀ ਘੋਖ ਕਰਨ ਦਾ ਯਤਨ ਕੀਤਾ। ਉਸ ਨੂੰ ਆਪਣੀ ਗਲਤੀ ਦਾ ਮਗਰੋਂ ਅਹਿਸਾਸ ਹੋਇਆ ਕਿ ਉਸ ਨੂੰ ਗੁੰਮਰਾਹ ਕਰ ਕੇ ਅਤੇ ਸੱਚਾਈ ਨਾ ਦੱਸ ਕੇ ਗੁਰੂ ਸਾਹਿਬ ਦਾ ਕਤਲ ਕਰਵਾਇਆ ਗਿਆ ਸੀ। ਇਹ ਮਹਿਸੂਸ ਕਰਨ ਉਪਰੰਤ ਬਾਦਸ਼ਾਹ ਜਹਾਂਗੀਰ ਨੇ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਨਾਲ ਨੇੜਤਾ ਬਣਾ ਲਈ।

ਪੰਜਵੇਂ ਪਾਤਸ਼ਾਹ ਦੀ ਇਸ ਅਦੁੱਤੀ ਸ਼ਹਾਦਤ ਨੇ ਸਿੱਖ ਧਰਮ ਦੇ ਇਤਿਹਾਸਕ, ਸਿਧਾਂਤਕ ਤੇ ਵਿਚਾਰਕ ਰੂਪ ਵਿਚ ਤਬਦੀਲੀ ਲਿਆਂਦੀ। ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਗੱਦੀ ਉਤੇ ਬਿਰਾਜਮਾਨ ਹੋਣ ਸਮੇਂ 'ਮੀਰੀ ਤੇ ਪੀਰੀ' ਦੀਆਂ ਦੋ ਤਲਵਾਰਾਂ ਪਹਿਨੀਆਂ ਤਾਂ ਜੋ ਜਬਰ ਤੇ ਜ਼ੁਲਮ ਦਾ ਟਾਕਰਾ ਕੀਤਾ ਜਾ ਸਕੇ। ਉਨ੍ਹਾਂ ਭਗਤੀ ਤੇ ਸ਼ਕਤੀ ਦੇ ਪ੍ਰਤੀਕ ਸ੍ਰੀ ਅਕਾਲ ਤਖ਼ਤ ਦੀ ਸਥਾਪਨਾ ਕੀਤੀ; ਬੀਰ ਰਸੀ ਸਾਹਿਤ 'ਵਾਰਾਂ' ਦਾ ਗਾਇਨ (ਢਾਡੀ ਪਰੰਪਰਾ) ਅਰੰਭ ਕਰਵਾਇਆ। ਮੁਗਲ ਫੌਜਾਂ ਦਾ ਮੈਦਾਨ-ਏ-ਜੰਗ ਵਿਚ ਡਟ ਕੇ ਸਾਹਮਣਾ ਕੀਤਾ ਤੇ ਜਿੱਤਾਂ ਪ੍ਰਾਪਤ ਕੀਤੀਆਂ।

ਗੁਰੂ ਅਰਜਨ ਦੇਵ ਦੀ ਸ਼ਹਾਦਤ ਨੇ ਸਿੱਖੀ ਜਜ਼ਬੇ ਅੰਦਰ ਐਸਾ ਉਤਸ਼ਾਹ ਭਰਿਆ ਕਿ ਸਿੱਖਾਂ ਅੰਦਰ ਜਬਰ ਤੇ ਜ਼ੁਲਮ ਦਾ ਟਾਕਰਾ ਡਟ ਕੇ ਕਰਨ ਦਾ ਅਹਿਸਾਸ ਪੈਦਾ ਹੋਇਆ।

ਅੱਜ ਗੁਰੂ ਅਰਜਨ ਦੇਵ ਦੇ ਸ਼ਹੀਦੀ ਪੁਰਬ ਉਤੇ ਉਨ੍ਹਾਂ ਨੂੰ ਯਾਦ ਕਰਨ ਦਾ ਅਰਥ ਉਸ ਧਰਮ ਨਿਰਪੱਖ ਵਿਚਾਰਧਾਰਾ ਨੂੰ ਮਾਨਤਾ ਦੇਣਾ ਹੈ ਜਿਸ ਦਾ ਸਮਰਥਨ ਗੁਰੂ ਜੀ ਨੇ ਆਪਣਾ ਬਲੀਦਾਨ ਦੇ ਕੇ ਕੀਤਾ। ਉਨ੍ਹਾਂ ਨੇ ਸੰਦੇਸ਼ ਦਿੱਤਾ ਕਿ ਮਹਾਨ ਕਦਰਾਂ-ਕੀਮਤਾਂ ਲਈ ਆਤਮ ਬਲੀਦਾਨ ਦੇਣ ਲਈ ਮਾਨਵ ਨੂੰ ਸਦਾ ਤਿਆਰ ਰਹਿਣਾ ਚਾਹੀਦਾ ਹੈ, ਤਾਂ ਹੀ ਕੌਮ ਤੇ ਰਾਸ਼ਟਰ ਆਪਣੇ ਗੌਰਵ ਨਾਲ ਜ਼ਿੰਦਾ ਰਹਿ ਸਕਦੇ ਹਨ। ਉਨ੍ਹਾਂ ਦੀ ਸ਼ਹੀਦੀ ਨਾਲ ਸਿੱਖ ਕੌਮ ਨੂੰ ਆਪਣੀ, ਧਰਮ ਦੀ ਰੱਖਿਆ ਤੇ ਜ਼ੁਲਮ ਦਾ ਟਾਕਰਾ ਕਰਨ ਲਈ ਨਵੀਂ ਸੋਚ ਦਾ ਆਧਾਰ ਮਿਲਿਆ ਜੋ ਅੱਗੇ ਚੱਲ ਕੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਮੇਂ ਪੰਜ ਪਿਆਰਿਆਂ ਦੀ ਸਥਾਪਨਾ ਕਰ ਕੇ, ਪੰਥ ਖਾਲਸਾ ਦੇ ਰੂਪ ਵਿਚ ਪ੍ਰਗਟ ਹੋਇਆ।

#

## ਸੂਰਜ ਦਾ ਕਤਲ

ਤੱਤੀ ਰੁੱਤ ਦੇ ਵਿਚ ਵਗੇ ਹਵਾ ਤੱਤੀ, ਤਪਦਾ ਸੂਰਜ ਮਹੀਨਾ ਸੀ ਜੂਨ ਤੱਤਾ।
ਵਰ੍ਹੀ ਅੱਗ ਲਾਹੌਰ ਦੀ ਧਰਤ ਉਤੇ, ਆਇਆ ਦਿੱਲੀਓਂ ਸੀ ਮੌਨਸੂਨ ਤੱਤਾ।
ਤੱਤੀ ਰੇਤ ਤੋਂ ਉਬਲਦੀ ਦੇਗ ਤੱਤੀ, ਚੜ੍ਹਿਆ ਤਵੀ ਨੂੰ ਕੋਈ ਜਨੂੰਨ ਤੱਤਾ।
ਪ੍ਰਿਥੀ ਚੰਦ ਦੀ ਈਰਖਾ ਮੱਚ ਰਹੀ ਸੀ, ਉਬਲ ਰਿਹਾ ਸੀ ਚੰਦੂ ਦਾ ਖੂਨ ਤੱਤਾ।
ਸੁਲਹੀ ਖਾਨ ਤੱਤਾ, ਸੁਲਭੀ ਖਾਨ ਤੱਤਾ, ਜਹਾਂਗੀਰ ਦਾ ਕੁੱਲ ਕਾਨੂੰਨ ਤੱਤਾ।
ਏਨੇ ਤੱਤਿਆਂ ਨੇ ਤੱਤੀ ਤਵੀ ਵਾਲਾ, ਤਵਾਰੀਖ ਨੂੰ ਦਿੱਤਾ ਮਜ਼ਮੂਨ ਤੱਤਾ।
ਤੱਤੀ ਤਵੀ ਸੀ ਲਾਲ ਅੰਗਿਆਰ ਵਾਂਗੂੰ, ਬੈਠਾ ਤਵੀ ਉਤੇ ਸੋਮਾ ਠੰਡ ਦਾ ਸੀ।
ਏਨੀ ਤਪਸ਼ ਵਿਚ ਭਾਨੀ ਦਾ ਚੰਦ ਵੇਖੋ, ਪਿਆ ਜੱਗ ਨੂੰ ਸ਼ੀਤਲਤਾ ਵੰਡਦਾ ਸੀ।
ਪ੍ਰਿਥੀ ਚੰਦ ਇਕ ਦਰਿਆ ਸੀ ਈਰਖਾ ਦਾ, ਹਉਮੈ ਅਤੇ ਕ੍ਰੋਧ ਦਾ ਹੜ੍ਹ ਸੀ ਉਹ।
ਗੁਰੂ ਪਿਤਾ ਜੋ ਸਾਗਰ ਸਨ ਨਿਮਰਤਾ ਦੇ, ਪੈਂਦਾ ਉਨ੍ਹਾਂ ਦੇ ਨਾਲ ਵੀ ਲੜ ਸੀ ਉਹ।
ਮਿਲ ਗਈ ਛੋਟੇ ਭਰਾ ਨੂੰ ਜਦੋਂ ਗੱਦੀ, ਗਿਆ ਵੇਖ ਕੇ ਹੋਰ ਵੀ ਸੜ ਸੀ ਉਹ।
ਪੰਚਮ ਪਿਤਾ ਨੂੰ ਜਿਵੇਂ ਸ਼ਹੀਦ ਕੀਤਾ, ਅਸਲ ਸਾਰੇ ਪੁਆੜੇ ਦੀ ਜੜ੍ਹ ਸੀ ਉਹ।
ਜਿਸ ਦੇ ਕੋਲ ਸੁਖਮਨੀ ਦੀ ਹੋਏ ਠੰਡਕ, ਉਹਨੂੰ ਅੱਗ ਦਾ ਸੇਕ ਨਹੀਂ ਸਾੜ ਸਕਦਾ।
ਜਿਸ ਦੇ ਕੋਲ ਗੁਰ ਸ਼ਬਦ ਦਾ ਕਵਚ ਹੋਵੇ, ਉਹਦਾ ਕੱਖ ਨਹੀਂ ਕੋਈ ਵਿਗਾੜ ਸਕਦਾ।
ਊਣਾ ਹੋਏ ਭਾਂਡਾ, ਬਹੁਤਾ ਸ਼ੋਰ ਕਰਦੈ, ਐਪਰ ਭਰੇ ਭਾਂਡੇ ਥੋੜਾ ਖੜਕਦੇ ਨੇ।
ਗੁਣੀ ਪੁਰਸ਼ ਹਮੇਸ਼ਾ ਸੰਸਾਰ ਅੰਦਰ, ਗੁਣਹੀਣਾਂ ਦੀਆਂ ਅੱਖਾਂ ਵਿਚ ਰੜਕਦੇ ਨੇ।
ਮਿਲ ਜਾਏ ਕਿਤੇ ਵਡਿਆਈ ਜੇ ਦੂਸਰੇ ਨੂੰ, ਅੰਦਰ ਈਰਖਾ ਦੇ ਭਾਂਬੜ ਭੜਕਦੇ ਨੇ।
ਜਿਹੜੇ ਸੱਚ ਦੀ ਮੰਜ਼ਿਲ ਦੇ ਹੋਣ ਪਾਂਧੀ, ਨਾ ਉਹ ਅੜਕਦੇ ਨੇ, ਨਾ ਉਹ ਧੜਕਦੇ ਨੇ।
ਰੱਬ ਵੀ ਆਪਣੇ ਭਗਤਾਂ ਦੀ ਪੈਜ ਰੱਖਦੈ, ਦੁੱਖ ਉਨ੍ਹਾਂ ਦਾ ਉਹ ਵੀ ਨਹੀਂ ਜਰ ਸਕਦਾ।
ਜਿਸ ਦੇ ਵੱਲ ਹੋਵੇ ਸੱਚਾ ਸਾਹਿਬ ਉਸ ਦਾ, ਕੋਈ ਵਾਲ ਵੀ ਵਿੰਗਾ ਨਹੀਂ ਕਰ ਸਕਦਾ।

ਲਾਲ ਭਾਨੀ ਦੇ ਬਾਨੀ ਕੁਰਬਾਨੀਆਂ ਦੇ, ਤੱਤੀ ਤਵੀ 'ਤੇ ਚੌਂਕੜਾ ਮਾਰ ਬਹਿ ਗਏ।
ਬੈਠਾ ਜਿਵੇਂ ਕੋਈ ਫ਼ੁੱਲਾਂ ਦੀ ਸੇਜ ਉਤੇ, ਏਦਾਂ ਤਵੀ 'ਤੇ ਸੱਚੀ ਸਰਕਾਰ ਬਹਿ ਗਏ।
ਦੇਵੀ ਦੇਵ ਤੇ ਤੇਤੀ ਕਰੋੜ ਆ ਕੇ, ਗਿਰਦੇ ਚੰਨ ਦੇ ਕਰਨ ਵਿਚਾਰ ਬਹਿ ਗਏ।
ਕੜਛੇ ਰੇਤ ਹੰਭ ਗਏ ਪਾਉਣ ਵਾਲੇ, ਬਾਲਣ ਡਾਹੁਣ ਵਾਲੇ ਥੱਕ ਹਾਰ ਬਹਿ ਗਏ।
ਏਧਰ ਹਾਕਮ ਤ੍ਰਿਲੋਕੀ ਦੇ ਨਾਥ ਉਤੇ, ਸਾਰੇ ਜਬਰ ਦੇ ਢੰਗ ਅਜ਼ਮਾ ਰਿਹਾ ਸੀ।
ਓਧਰ ਭਾਨ ਵੀਰ ਵੀ ਆਂਦੇ ਰਵੀ ਉਤੇ, ਆਪਣੀ ਕਿਰਣਾਂ ਦੇ ਬਾਣ ਚਲਾ ਰਿਹਾ ਸੀ।
ਚਿੱਟੇ ਦਿਨ ਜਦ ਸੂਰਜ ਦਾ ਕਤਲ ਹੋਇਆ, ਧਰਤੀ ਚੰਨ ਤਾਰੇ ਆਸਮਾਨ ਰੋਇਆ।
ਹਰ ਇਕ ਨਰ-ਨਾਰੀ ਹਰ ਇਕ ਜੀਵ-ਜੰਤੂ, ਹਰ ਇਕ ਪਸ਼ੂ-ਪੰਛੀ ਬੇਜ਼ੁਬਾਨ ਰੋਇਆ।
ਮੀਆਂ ਮੀਰ ਤੇ ਚੰਦੂ ਦੀ ਨੂੰਹ ਰੋਈ, ਰੋਈ ਗੀਤਾ ਤੇ ਨਾਲੇ ਕੁਰਾਨ ਰੋਇਆ।
ਹਰ ਦਰਵੇਸ਼ ਫ਼ਕੀਰ ਦੀ ਰੂਹ ਤੜਫ਼ੀ, ਹਰ ਧਰਮੀ ਦਾ ਧਰਮ ਈਮਾਨ ਰੋਇਆ।
ਉਹ ਵੀ ਰੋਇਆ ਜੋ ਕਦੀ ਵੀ ਨਹੀਂ ਰੋਇਆ, ਹਰ ਪੱਥਰ ਤੋਂ ਪੱਥਰ ਇਨਸਾਨ ਰੋਇਆ।
ਕਿਸੇ ਕੋਨੇ ਵਿਚ ਲੁਕ ਕੇ ਬੈਠ ਕੱਲਾ, ਅੱਜ ਲਾਜ਼ਮੀ ਹੋਊ ਭਗਵਾਨ ਰੋਇਆ।
ਤਨ ਜਲ ਗਿਆ 'ਨੂਰ' ਦੇ ਪੁੰਜ ਸਤਿਗੁਰ, ਮਹਾਂਨੂਰ ਵਿਚ ਓਤਪੋਤ ਹੋ ਗਏ।
ਅੰਤ ਰਾਵੀ ਦੇ ਵਿਚ ਇਸ਼ਨਾਨ ਕਰਕੇ ਜਲ ਵਿਚ ਜਲ ਤੇ ਜੋਤ ਵਿਚ ਜੋਤ ਹੋ ਗਏ।

*-ਇੰਜੀ. ਕਰਮਜੀਤ ਸਿੰਘ ਨੂਰ, ਫੋਨ: 214-843-3122*

# ਜਿੰਦਾ ਖੋਲ੍ਹੀਏ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਕਿਸੇ ਕਮਰੇ, ਬਕਸੇ, ਦਰਾਜ਼, ਫਾਟਕ ਆਦਿ ਨੂੰ ਕੁੰਡਾ ਲਾ ਕੇ ਤੇ ਇਸ ਨੂੰ ਕੁੰਜੀ ਨਾਲ ਨਾ-ਖੋਲ੍ਹਣਯੋਗ ਬਣਾਉਣ ਵਾਲੇ ਕਲ-ਪੁਰਜ਼ੇ ਲਈ ਪੰਜਾਬੀ ਵਿਚ ਦੋ ਸ਼ਬਦ ਹਨ, ਜਿੰਦਾ, ਜਿਸ ਨੂੰ ਜਿੰਦਰਾ ਵੀ ਕਿਹਾ ਤੇ ਲਿਖਿਆ ਜਾਂਦਾ ਹੈ ਅਤੇ ਤਾਲਾ। ਠੇਠ ਤੇ ਪਿੰਡਾਂ ਵਿਚ ਆਮ ਵਰਤਿਆ ਜਾਂਦਾ ਸ਼ਬਦ ਪਹਿਲਾ ਹੀ ਹੈ। ਪਿੰਡਾਂ ਵਿਚ ਤਾਲਾ ਉਸ ਕਲ-ਪੁਰਜ਼ੇ ਨੂੰ ਕਹਿੰਦੇ ਹਨ ਜੋ ਬੂਹੇ ਦੇ ਅੰਦਰਲੇ ਪਾਸੇ ਲੱਗਾ ਹੁੰਦਾ ਹੈ ਤੇ ਜਿਸ ਵਿਚ ਅਰਲ ਫਸਾ ਕੇ ਇਸ ਨੂੰ ਬਾਹਰੋਂ ਦਾਤਣ ਜਿੱਡੀ ਚਾਬੀ ਘੁਮਾ ਕੇ ਬੰਦ ਕੀਤਾ ਜਾਂਦਾ ਹੈ। ਅਸਾਂ ਊੜੇ ਦੀ ਸ਼ਕਲ ਵਾਲੇ ਚਾਪੜ ਜਿੱਡੇ ਸੇਰ ਸੇਰ ਪੱਕੇ ਦੇ ਜਿੰਦੇ ਵੀ ਦੇਖੇ ਹਨ ਤੇ ਕਾਟੋ ਦੇ ਸਿਰ ਜਿੱਡੀਆਂ ਤੋਲੇ ਭਰ ਦੀਆਂ ਜਿੰਦੀਆਂ ਵੀ। ਪਾਕਿਸਤਾਨ ਦੇ ਇਕ ਬੰਦੇ ਨੇ 140 ਕਿਲੋ ਦਾ ਜਿੰਦਾ ਬਣਾਇਆ ਹੈ ਜੋ ਸ਼ਾਇਦ ਦੁਨੀਆਂ ਦਾ ਸਭ ਤੋਂ ਵੱਡਾ ਤੇ ਭਾਰਾ ਜਿੰਦਾ ਹੈ।

ਕਿਆ ਕਹਿਣੇ ਰੂਪੋਵਾਲ ਦੇ ਜਿੰਦਿਆਂ ਦੇ ਜਿਨ੍ਹਾਂ ਦੀਆਂ ਵੱਖੀਆਂ ਵਿਚ ਚੂੜੀਦਾਰ ਚਾਬੀਆਂ ਘੁਮਾ ਘੁਮਾ ਕੇ ਇਸ ਦੇ ਕੁੰਡੇ ਦੀ ਜਕੜ ਨੂੰ ਮਸੀਂ ਢਿੱਲਾ ਕਰੀਦਾ ਸੀ। ਫਿਰ ਤਾਂ ਨੰਬਰਾਂ ਵਾਲੇ ਜਿੰਦੇ, ਇਲੈਕਟ੍ਰਾਨਿਕ ਜਿੰਦੇ ਤੇ ਹੁਣ ਰੀਮੋਟ ਕੰਟਰੋਲ ਜਿੰਦੇ ਵੀ ਬਣ ਗਏ ਹਨ। ਜਿੰਦੇ ਦੀ ਵਰਤੋਂ ਮੁਖ ਤੌਰ 'ਤੇ ਚੋਰਾਂ ਦੀ ਚੜ੍ਹਾਈ ਨਿਸਫਲ ਕਰਨ ਲਈ ਕੀਤੀ ਜਾਂਦੀ ਹੈ ਪਰ ਨਾਲ ਇਹ ਵੀ ਕਿਹਾ ਜਾਂਦਾ ਹੈ ਕਿ ਜਿੰਦਾ ਤਾਂ ਸਾਧਾਂ ਲਈ ਹੁੰਦਾ ਹੈ। ਘਾਗ ਚੋਰ ਨੂੰ ਦੇਖ ਕੇ ਜਿੰਦਾ ਇਸ ਤਰ੍ਹਾਂ ਆਪੇ ਖੁਲ੍ਹ ਜਾਂਦਾ ਹੈ ਜਿਵੇਂ ਅੱਗ ਦੇਖ ਕੇ ਮੱਖਣ ਪਿਘਲ ਜਾਂਦਾ ਹੈ।

ਬੁਢੜੀ ਨੂੰਹਾਂ ਤੋਂ ਬਚਾਉਣ ਲਈ ਘਿਉ ਦੀ ਪੀਪੀ ਨੂੰ ਜਿੰਦਰਾ ਮਾਰ ਦਿੰਦੀ ਹੈ ਪਰ ਜਦ "ਪੁੱਤਾਂ ਘਰ ਸੰਭਾਲੇ ਰਾਮ, ਨੂੰਹਾਂ ਜਿੰਦਰੇ ਮਾਰੇ ਰਾਮ।" ਤਾਂ ਬੁਢੜੀ ਨੂੰ ਕੀਤੀ ਦਾ ਫਲ ਮਿਲਦਾ ਹੈ।

ਪੰਜਾਬ ਵਿਚ ਰੋਪੜ ਦੇ ਤੇ ਦੇਸ਼ ਭਰ ਵਿਚ ਅਲੀਗੜ੍ਹ ਦੇ ਜਿੰਦੇ ਮਸ਼ਹੂਰ ਹਨ। ਅਲੀਗੜ੍ਹ ਦੇ ਇਕ ਉਪਨਗਰ ਦਾ ਤਾਂ ਨਾਂ ਹੀ ਤਾਲਾ ਨਗਰੀ ਮਸ਼ਹੂਰ ਹੋ ਗਿਆ ਹੈ। ਜਿੰਦਾ ਨਾਮੀਂ ਕਲ-ਪੁਰਜ਼ੇ ਦਾ ਇਤਿਹਾਸ ਓਨਾ ਹੀ ਪੁਰਾਣਾ ਹੋਵੇਗਾ ਜਿੰਨਾ ਚੋਰੀ ਦਾ। ਨਿਸਚੇ ਹੀ ਉਦੋਂ ਜਿੰਦੇ ਅਣਘੜਤ ਜਿਹੇ ਹੀ ਹੁੰਦੇ ਹੋਣਗੇ। ਪ੍ਰਾਚੀਨ ਅਸੀਰੀਆ ਵਿਚ ਸਭ ਤੋਂ ਪੁਰਾਣੇ ਕੁੰਜੀ ਨਾਲ ਖੁਲ੍ਹਣ ਵਾਲੇ ਜਿੰਦਿਆਂ ਦੀ ਸੋਅ ਮਿਲੀ ਹੈ। ਇਸ ਪਿਛੋਂ ਕੀਲੀਆਂ ਵਾਲੇ ਜਿੰਦੇ ਬਣਾਏ ਗਏ। ਆਮ ਜਿੰਦਾ ਲੁਕਵੀਆਂ ਚੜ੍ਹਾਂ ਨੂੰ ਕੁੰਜੀ ਨਾਲ ਘੁਮਾ ਕੇ ਖੋਲ੍ਹਿਆ ਜਾਂਦਾ ਹੈ। ਮੁੱਕਦੀ ਗੱਲ, ਚਾਬੀ ਦੇ ਬਾਹਰਲੇ ਅਤੇ ਜਿੰਦੇ ਦੇ ਅੰਦਰਲੇ ਤਾਲ-ਮੇਲ ਨਾਲ ਜਿੰਦਾ ਆਪਣੀ ਜਕੜ ਛੱਡਦਾ ਹੈ। ਤਦੇ ਇਸ ਨੂੰ ਤਾਲਾ ਵੀ ਕਿਹਾ ਜਾਂਦਾ ਹੈ ਤੇ ਇਸ ਨੂੰ ਖੋਲ੍ਹਣ ਵਾਲੀ ਸ਼ੈਅ ਨੂੰ ਤਾਲੀ। ਬਾਬੇ ਦੇ ਕੰਨ ਵਿਚ ਜਿੰਨਾ ਚਿਰ ਬੋਬੋ ਨਹੀਂ ਵੜਦੀ, ਬਾਬਾ ਆਪਣੀ ਅੜੀ ਨਹੀਂ ਛੱਡਦਾ। ਤਾਲੀ ਵੀ ਦੋ ਹੱਥਾਂ ਦੇ ਤਾਲ-ਮੇਲ ਨਾਲ ਵੱਜਦੀ ਹੈ। ਮੁਢਲੇ ਤੌਰ 'ਤੇ ਸ਼ਾਇਦ ਜਿੰਦੇ ਅਤੇ ਕੁੰਜੀ ਦੋਵਾਂ ਦੇ ਜੋੜ ਨੂੰ ਹੀ ਜਿੰਦਾ ਕਿਹਾ ਜਾਂਦਾ ਹੋਵੇਗਾ। ਸੰਸਕ੍ਰਿਤ ਵਿਚ ਇਕ ਸ਼ਬਦ ਹੈ ਤਾਲ-ਯੰਤਰ ਜਿਸ ਦਾ ਅਰਥ ਹੈ ਜਿੰਦਾ-ਕੁੰਜੀ।



ਇਕ ਗੱਲ ਹੋਰ ਹੈ ਕਿ ਜਿੰਦਾ/ਜਿੰਦਰਾ ਸ਼ਬਦ ਪੰਜਾਬ ਵਿਚ ਇਕ ਹੋਰ ਜੰਤਰ ਲਈ ਵੀ ਵਰਤਿਆ ਜਾਂਦਾ ਹੈ। ਇਕ ਕੋਸ਼ ਅਨੁਸਾਰ ਉਸ ਦੀ ਪਰਿਭਾਸ਼ਾ ਹੈ, "ਇਕ ਬੰਦੇ ਦੇ ਖੜੇ ਰੁੱਖ ਲੱਗੀ ਡਾਂਗ ਨੂੰ ਦੱਬਣ 'ਤੇ ਅਤੇ ਦੂਜੇ ਵਲੋਂ ਥੱਲਵੀਂ ਫੱਟੀ ਨੂੰ ਬੰਨ੍ਹੀਆਂ ਰਾਸਾਂ ਖਿੱਚਣ 'ਤੇ ਖੇਤਾਂ ਵਿਚ ਵੱਟਾਂ ਪਾਉਣ ਵਾਲਾ ਜਟਕਾ ਸੰਦ।" ਕਿਆ ਖੂਬ ਰੇਖਾ-ਚੱਤਰ ਉਲੀਕਿਆ ਗਿਆ ਹੈ, ਇਸ ਜਟਕੇ ਸੰਦ ਦਾ। ਪਰ ਇਥੇ ਜਟਕਾ ਸ਼ਬਦ ਫਬਦਾ ਨਹੀਂ, ਇਹ ਅਪਮਾਨਸੂਚਕ ਹੈ। ਮਹਾਨ ਕੋਸ਼ ਅਨੁਸਾਰ ਇਸ ਜਟਕੇ ਸੰਦ ਲਈ ਇਹ ਸ਼ਬਦ ਇਸ ਲਈ ਵਰਤਿਆ ਜਾਂਦਾ ਹੈ ਕਿ ਇਸ ਦੀ ਸ਼ਕਲ ਜਿੰਦਰੇ ਵਰਗੀ ਹੁੰਦੀ ਹੈ ਪਰ ਪਤਾ ਨਹੀਂ ਕਿਹੜੇ ਪਾਸਿਓਂ। ਲਹਿੰਦੀ ਵਿਚ ਇਸ ਸ਼ਬਦ ਦਾ ਇਕ ਰੂਪ ਜੰਦਰ ਹੈ ਜੋ ਪਣ-ਚੱਕੀ ਜਾਂ ਘਰਾਟ ਲਈ ਵਰਤਿਆ ਜਾਂਦਾ ਹੈ। ਅਸਲ ਵਿਚ ਜਿੰਦਾ/ਜਿੰਦਰਾ ਸ਼ਬਦ ਜੰਤਰ ਸ਼ਬਦ ਦਾ ਹੀ ਬਦਲਿਆ ਰੂਪਾਂਤਰ ਹੈ। ਪਰ ਜੰਤਰ ਸ਼ਬਦ ਦੇ ਅਰਥ ਜਿੰਦਰੇ ਨਾਲੋਂ ਵਧੇਰੇ ਵਿਆਪਕ ਹਨ। ਪੰਜਾਬੀ 'ਚ ਜੰਤਰ ਕਿਸੇ ਵੀ ਮਸ਼ੀਨ ਜਾਂ ਕਲ ਪੁਰਜ਼ੇ ਲਈ ਇਕ ਆਮ ਸ਼ਬਦ ਹੈ।

ਗੁਰੂ ਅਰਜਨ ਦੇਵ ਦੇ ਕੁਝ ਸ਼ਬਦਾਂ ਵਿਚ 'ਜੀਅ ਜੰਤ੍ਰ' ਸ਼ਬਦ ਜੁੱਟ ਆਇਆ ਹੈ ਜਿਵੇਂ, "ਜੀਅ ਜੰਤ੍ਰ ਸਭਿ ਤੇਰੇ ਥਾਪੇ॥" ਮਹਾਨ ਕੋਸ਼ ਨੇ ਮਨੁਖੀ ਦੇਹ ਨੂੰ ਇਕ ਜੰਤਰ ਜਾਂ ਮਸ਼ੀਨ ਦੇ ਨਿਆਈਂ ਸਮਝਦਿਆਂ ਇਸ ਦਾ ਅਰਥ 'ਦੇਹ' ਹੀ ਕੀਤਾ ਹੈ ਪਰ ਸਾਹਿਬ ਸਿੰਘ ਦੇ ਇਕ ਸੰਕੇਤ ਅਨੁਸਾਰ ਇਹ ਜੀਵ ਦਾ ਬਹੁਵਚਨ ਹੈ। ਕਿਹੜੇ ਨਿਯਮ ਅਨੁਸਾਰ ਅਜਿਹਾ ਹੈ? ਕੁਝ ਨਹੀਂ ਦੱਸਿਆ। ਸ਼ਾਇਦ ਉਹ ਜੰਤੂ ਦਾ ਬਹੁਵਚਨ ਕਹਿਣਾ ਚਾਹੁੰਦੇ ਹੋਣ, ਪਰ ਗੱਲ ਉਥੇ ਹੀ ਖੜੀ ਹੈ। 'ਜੀਆ ਜੰਤ' ਸ਼ਬਦ ਜੁੱਟ ਆਮ ਚਲਦਾ ਹੈ, ਗੁਰੂ ਅਮਰ ਦਾਸ ਸਾਹਿਬ ਦੀ ਇਕ ਤੁਕ ਦੇਖੋ, "ਜਿਤੁ ਹਰਿਆ ਸਭੁ ਜੀਅ ਜੰਤੁ॥" ਸੋ ਸੰਭਵ ਹੈ ਕਿਸੇ ਉਕਾਈ ਕਾਰਨ 'ਜੰਤੁ' ਦਾ ਹੀ 'ਜੰਤ੍ਰ' ਬਣ ਗਿਆ ਹੋਵੇ। ਜਾਣਕਾਰ ਸੱਜਣ ਵਧੇਰੇ ਰੋਸ਼ਨੀ ਪਾ ਸਕਦੇ ਹਨ।

ਜੰਤੂ ਸ਼ਬਦ ਦਾ ਜੰਤਰ ਨਾਲ ਕੋਈ ਨਿਰੁਕਤਕ ਸਬੰਧ ਨਹੀਂ। ਇਸ ਬਾਰੇ ਕਦੇ ਫਿਰ ਲਿਖਾਂਗੇ। ਜੰਤਰ ਦਾ ਸੁੰਗੜਿਆ ਰੂਪ ਜੰਤ ਵਾਜੇ ਦੇ ਅਰਥਾਂ ਵਿਚ ਆਇਆ ਹੈ। "ਕਬੀਰ ਜੋ ਹਮ ਜੰਤੁ ਬਜਾਵਤੇ ਟੂਟਿ ਗਈ ਸਭ ਤਾਰ॥" "ਨਾਨਕ ਵਜਦਾ ਜੰਤੁ ਵਜਾਇਆ" (ਗੁਰੂ ਅਮਰ ਦਾਸ), ਪਰ ਇਥੇ ਵੀ ਇਹੋ ਸ਼ੰਕਾ ਹੈ। ਭਗਤ ਕਬੀਰ ਦੀ ਇਕ ਹੋਰ ਤੁਕ ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ, ਵਿਚ ਵਾਜੇ ਦੇ ਅਰਥਾਂ ਵਿਚ ਜੰਤ੍ਰ ਸ਼ਬਦ ਆਇਆ ਹੈ, "ਕਬੀਰ ਜੰਤ੍ਰ ਨ ਬਾਜਹੀ ਟੂਟਿ ਗਯਾ ਸਬ ਤਾਰ।" ਜੰਤਰੀ ਸ਼ਬਦ ਦਾ ਇਕ ਅਰਥ ਵਜਾਉਣ ਵਾਲਾ ਵੀ ਹੈ ਅਤੇ ਪੰਚਾਂਗਪਤ੍ਰ ਵੀ, ਜਿਸ ਵਿਚ ਰਾਸ਼ੀ ਆਦਿ ਦੇ ਯੰਤਰ ਲਿਖੇ ਹੋਣ। ਸੰਸਕ੍ਰਿਤ ਵਿਚ ਜੰਤਰ ਸ਼ਬਦ ਦਾ ਰੂਪ ਹੈ, ਯੰਤਰ। ਪੰਜਾਬੀ ਵਿਚ ਵੀ ਇਹ ਉਚਾਰਣ ਤੇ ਸ਼ਬਦਜੋੜ ਪ੍ਰਵਾਨਗੀਯੋਗ ਹੈ।

ਸੰਸਕ੍ਰਿਤ ਵਿਚ ਇਸ ਸ਼ਬਦ ਦੇ ਮੁਖ ਅਰਥ ਹਨ- ਕਾਬੂ ਕਰਨ, ਸਥਿਤ ਕਰਨ ਜਾਂ ਬੰਨ੍ਹਣ ਲਈ ਕੋਈ ਔਜ਼ਾਰ/ਸਾਜ਼, ਟੇਕ ਥੰਮੀ; ਕੜੀ, ਪੱਟੀ, ਲਗਾਮ; ਮੋਚਨੇ ਜਿਹਾ ਕੋਈ ਔਜ਼ਾਰ; ਮਸ਼ੀਨ, ਕਲ-ਪੁਰਜ਼ਾ (ਜਿਵੇਂ ਕੁੰਡਾ, ਜਿੰਦਰਾ, ਚੱਪੂ, ਬਾਦਬਾਨ); ਕਾਬੂ, ਕੰਟਰੋਲ, ਵਸੀਕਾਰ ਜ਼ੋਰ; ਤੰਤਰਸ਼ਾਸਤਰ ਅਨੁਸਾਰ ਦੇਵਤਾ ਗ੍ਰਹਿ ਆਦਿ ਦਾ ਲੀਕਾਂ ਖਿੱਚ ਕੇ ਬਣਾਇਆ, ਗੋਲ ਚੁਕੋਣਾ ਅੱਠ ਪਹਿਲੂ ਆਦਿ ਘੇਰਾ ਜਿਵੇਂ ਜਨਮ ਕੁੰਡਲੀ ਦਾ ਬਾਰਾਂ ਖਾਨੇ ਦਾ ਯੰਤਰ ਹੁੰਦਾ ਹੈ; ਤਵੀਤ, ਟੂਣਾ।

ਹੋਰਨਾਂ ਭਾਸ਼ਾਵਾਂ ਤੇ ਪੰਜਾਬੀ ਦੀਆਂ ਕੁਝ ਉਪ-ਭਾਸ਼ਾਵਾਂ ਵਿਚ ਇਸ ਤੋਂ ਬਣੇ ਸ਼ਬਦਾਂ ਦੇ ਅਰਥ ਚੱਕੀ ਦਾ ਪੁੜ, ਕੋਹਲੂ, ਚਰਖਾ, ਖਰਾਦ, ਉਖਲ, ਕੁੜਿੱਕੀ ਆਦਿ ਵੀ ਹੈ। ਗੌਰਤਲਬ ਹੈ ਕਿ ਯੰਤਰ/ਜੰਤਰ ਸ਼ਬਦ ਮੋਟੇ ਤੌਰ 'ਤੇ ਕਿਸੇ ਵੀ ਮਸ਼ੀਨ ਜਾਂ ਕਲ-ਪੁਰਜ਼ੇ ਲਈ ਇਕ ਆਮ ਸ਼ਬਦ ਹੈ। ਪਰ ਆਮ ਅਰਥਾਂ ਵਾਲੇ ਸ਼ਬਦਾਂ ਵਿਚ ਕਿਸੇ ਖਾਸ ਅਰਥ ਲਈ ਰੂੜ ਹੋ ਜਾਣ ਦੀ ਵੀ ਪ੍ਰਵਿਰਤੀ ਹੁੰਦੀ ਹੈ, ਇਸ ਲਈ ਪੰਜਾਬੀ ਵਿਚ ਇਹ ਜਿੰਦਰੇ ਦੇ ਰੂਪ ਵਿਚ ਤਾਲੇ ਦੇ ਅਰਥਾਂ ਲਈ ਰੂੜ੍ਹ ਹੋ ਗਿਆ, ਹਾਲਾਂ ਕਿ ਸੰਸਕ੍ਰਿਤ ਵਿਚ ਵੀ ਇਸ ਦਾ ਇਕ ਅਰਥ ਕੁੰਡਾ, ਚਿਟਕਣੀ ਜਾਂ ਤਾਲਾ ਹੈ।

ਸੰਸਕ੍ਰਿਤ ਦੇ ਯੰਤਰ ਸ਼ਬਦ ਦੇ ਸਾਰੇ ਅਰਥਾਂ ਵਿਚ ਕਾਬੂ, ਕੰਟਰੋਲ ਜਾਂ ਵੱਸ ਕਰਨ, ਥੰਮਣ, ਟੇਕ ਦੇਣ ਦੇ ਭਾਵ ਸਪਸ਼ਟ ਝਲਕਦੇ ਹਨ। ਹਰ ਕਲ-ਪੁਰਜ਼ਾ ਕੋਈ ਊਰਜਾ ਜਾਂ ਸ਼ਕਤੀ ਲਾਇਆਂ ਹੀ ਚਲਦਾ ਹੈ। ਤੰਤਰਸ਼ਾਸਤਰ ਅਨੁਸਾਰ ਇਹ ਸ਼ਕਤੀ ਟੂਣੇ ਆਦਿ ਵਿਚ ਮੌਜੂਦ ਹੈ ਜੋ ਆਪਣੀ ਸ਼ਕਤੀ ਨਾਲ ਕਿਸੇ ਅਹੁਰ, ਬੀਮਾਰੀ ਜਾਂ ਵਿਅਕਤੀ ਨੂੰ ਵੱਸ ਵਿਚ ਕਰਦੀ ਹੈ। ਯੰਤਰ ਤੋਂ ਹੀ ਭੌਤਿਕੀ ਦੇ ਪਦ Mechanics ਲਈ ਯਾਂਤਰਿਕੀ ਸ਼ਬਦ ਬਣਾਇਆ ਗਿਆ ਹੈ। ਮਸ਼ੀਨ ਵਰਗੀਆਂ ਦੁਹਰਾਉਪੂਰਨ ਤੇ ਨੀਰਸ ਹਰਕਤਾਂ ਨੂੰ ਯਾਂਤਰਿਕ ਕਹਿ ਦਿੱਤਾ ਜਾਂਦਾ ਹੈ। ਯੰਤਰ ਤੋਂ ਕਾਬੂ ਜਾਂ ਕੰਟਰੋਲ ਵਿਚ ਰੱਖਣ ਦੇ ਭਾਵ ਲਈ ਇਕ ਹੋਰ ਸ਼ਬਦ ਬਣਿਆ ਹੈ- ਨਿਯੰਤਰਣ, ਜਿਸ ਦੀ ਅੱਜ ਕਲ੍ਹ ਖਾਸੀ ਵਰਤੋਂ ਹੁੰਦੀ ਹੈ। ਇਨ੍ਹਾਂ ਸਾਰੇ ਸ਼ਬਦਾਂ ਦਾ ਜਨਮਦਾਤਾ ਹੈ, ਸੰਸਕ੍ਰਿਤ ਧਾਤੂ 'ਯਮ' ਜਿਸ ਵਿਚ ਕਾਬੂ ਕਰਨ, ਰੋਕਣ, ਬੰਦ ਕਰਨ, ਵੱਸ ਵਿਚ ਕਰਨ ਦੇ ਭਾਵ ਹਨ। ਇਸ ਧਾਤੂ ਤੋਂ ਅਨੇਕਾਂ ਸ਼ਬਦ ਬਣੇ ਹਨ ਜਿਨ੍ਹਾਂ ਵਿਚੋਂ ਕਈ ਪੰਜਾਬੀ ਵਿਚ ਵੀ ਆਮ ਹੀ ਵਰਤੇ ਜਾਂਦੇ ਹਨ। ਇਨ੍ਹਾਂ ਸ਼ਬਦਾਂ ਬਾਰੇ ਸਮੇਂ ਸਮੇਂ ਚਰਚਾ ਹੁੰਦੀ ਰਹੇਗੀ ਪਰ ਇਸ ਤੋਂ ਬਣੇ ਸਭ ਤੋਂ ਭਿਆਨਕ ਸ਼ਬਦ ਵੱਲ ਸੰਕੇਤ ਕਰ ਦਿੰਦੇ ਹਾਂ, ਉਹ ਹੈ 'ਯਮ' ਜਿਸ ਨੂੰ ਪੰਜਾਬੀ ਵਿਚ 'ਜਮ' ਵੀ ਕਹਿੰਦੇ ਹਨ। ਇਹ ਸਾਡੇ ਪ੍ਰਾਣ ਕੱਢਣ ਵਾਲਾ ਦੇਵਤਾ ਹੈ।

ਗੁਰਬਾਣੀ ਵਿਚ ਜਮ ਕਾਲ ਸ਼ਬਦ ਜੁੱਟ ਆਇਆ ਹੈ, "ਜਮਕਾਲੁ ਸਿਰਹੁ ਨ ਉਤਰੈ ਤ੍ਰਿਬਿਧਿ ਮਨਸਾ॥" (ਗੁਰੂ ਨਾਨਕ ਦੇਵ), "ਜਮ ਦਰਿ ਬਧੇ ਮਾਰੀਅਹਿ ਕੂਕ ਨ ਸੁਣੈ ਪੁਕਾਰ॥" (ਗੁਰੂ ਅਮਰ ਦਾਸ)। ਇਸ ਦੇਵਤੇ ਲਈ ਯਮਰਾਜ ਸ਼ਬਦ ਵੀ ਪ੍ਰਚਲਿਤ ਹੈ ਅਤੇ ਕਿਉਂਕਿ ਇਹ ਸਾਰੀ ਚੰਗੀ-ਮੰਦੀ ਦਾ ਨਿਆਂ ਕਰਦਾ ਹੈ, ਇਸ ਲਈ ਇਹ ਧਰਮੀ ਹੈ ਤੇ ਧਰਮਰਾਜ ਕਹਾਉਂਦਾ ਹੈ। ਵੇਦਾਂ ਅਨੁਸਾਰ ਇਹ ਪਹਿਲਾ ਮਨੁਖ ਸੀ ਜੋ ਮਰਿਆ, ਇਸ ਲਈ ਇਹ ਮਰੀਆਂ ਆਤਮਾਵਾਂ ਦਾ ਰਾਜਾ ਬਣਿਆ। ਇਸ ਦਾ ਵਾਸਾ ਧਰਤੀ ਦੇ ਹੇਠਾਂ ਜਮਪੁਰੀ ਵਿਚ ਹੈ। ਇਹ ਮੌਤ ਦੇ ਆਪਣੇ ਸੁਨੇਹੇ ਜਮਦੂਤ ਰਾਹੀਂ ਭੇਜਦਾ ਹੈ। ਬੋਲਚਾਲ ਵਿਚ ਜਮਦੂਤ ਨੂੰ ਹੀ ਜਮ ਕਿਹਾ ਜਾਂਦਾ ਹੈ,

ਇਕ ਅਨ੍ਹੇਰੀ ਕੋਠੜੀ
ਦੂਜਾ ਦੀਵਾ ਨ ਬਾਤੀ।
ਬਾਹੋਂ ਪਕੜ ਜਮ ਲੈ ਚਲੇ,
ਕੋਈ ਸੰਗ ਨ ਸਾਥੀ। (ਸ਼ਾਹ ਹੁਸੈਨ)

# ਹਕੁ ਪਰਾਇਆ ਨਾਨਕਾ...

ਚੱਲਦੇ ਚੱਲਦੇ ਅਚਾਨਕ ਪੈਰ ਰੁਕ ਗਏ। ਦੇਖਿਆ, ਬਹੁਤ ਵੱਡਾ ਡੇਰਾ ਸੀ ਬਾਬਿਆਂ ਦਾ। ਸੰਤ ਬਾਬਾ ਚੁੱਪਦਾਸ ਜੀ, ਡੇਰਾ ਇਕਾਂਤਵਾਸੀ। ਕੋਈ ਗਾ ਰਿਹਾ ਸੀ, ਕੋਈ ਨੱਚ ਰਿਹਾ ਸੀ, ਸਭ ਕੁਝ ਆਪ ਮੁਹਾਰਾ ਸੀ।

ਜਾ ਬੈਠਾ ਸੰਗਤ ਵਿਚ, ਘੁਸਰ-ਮੁਸਰ ਹੋ ਰਹੀ ਸੀ:

"ਸੁਣਿਐ, ਬਾਬਾ ਜੀ ਰਾਤੀਂ ਚੜ੍ਹਾਈ ਕਰ ਗਏ।"

ਪ੍ਰੋ. ਹਰਪਾਲ ਸਿੰਘ (ਆਸਟਰੇਲੀਆ)
ਫੋਨ: 0061-433-453-801

"ਤੈਨੂੰ ਕਿਹਨੇ ਦੱਸਿਆ?"

"ਸ਼ਰਧਾਲੂ ਗੱਲਾਂ ਪਏ ਕਰਦੇ ਨੇ।"

"ਐਵੇਂ ਭੁਕਾਈ ਮਾਰੀ ਜਾਂਦੇ ਨੇ, ਭੌਂਕਣ ਦੀ ਆਦਤ ਪੈ ਗਈ ਹੈ, ਕੁੱਤਿਆਂ ਨੂੰ ਖੀਰ ਨਹੀਂ ਪਚਦੀ।"

"ਗੱਲ ਤਾਂ ਜ਼ਰੂਰ ਹੈ ਕੋਈ, ਕੀ ਹੋਇਆ ਦੱਸ ਖਾਂ?"

"ਅੰਮ੍ਰਿਤ ਦੀ ਤਲਾਸ਼ ਵਿਚ ਬਾਬਾ ਜੀ ਸੱਚਖੰਡ ਵਾਸੀ ਹੋ ਗਏ ਨੇ, ਸਮਾਧੀ ਵਿਚ ਚਲੇ ਗਏ ਨੇ।"

"ਇਹ ਸਮਾਧੀ ਕਦੋਂ ਟੁੱਟੇਗੀ?"

"ਹੋ ਸਕਦਾ ਹੈ ਇਕ ਮਹੀਨਾ, ਇਕ ਸਾਲ ਜਾਂ ਇਕ ਸਦੀ...ਆਖਰਕਾਰ ਬਾਬਾ ਜੀ ਦੀ ਸਮਾਧੀ ਹੈ, ਤੇਰੇ ਮੇਰੇ ਵਰਗੇ ਕਿਸੇ ਐਰੇ-ਗੈਰੇ ਦੀ ਨਹੀਂ।"

"ਸਮਾਧੀ ਖੁੱਲ੍ਹਣ 'ਤੇ ਬਾਬਾ ਜੀ ਮੈਨੂੰ ਵੀ ਅੰਮ੍ਰਿਤ ਦੀ ਬੂੰਦ ਦੇਣਗੇ?"

"ਇਸ ਗੱਲ ਦਾ ਤਾਂ ਮੈਨੂੰ ਪਤਾ ਨਹੀਂ, ਪਰ ਯਕੀਨ ਇਸ ਗੱਲ ਦਾ ਹੈ ਕਿ ਤੈਨੂੰ ਚਿੱਟਾ ਚੋਲਾ ਜ਼ਰੂਰ ਮਿਲ ਜਾਏਗਾ।"

"ਯਾਰ, ਇਹ ਪੁਲਿਸ ਵਾਲੇ ਬਾਬੇ ਦੀ ਦੇਹ ਦੀ ਰਾਖੀ ਕਿਉਂ ਕਰੀ ਜਾਂਦੇ ਨੇ?"

"ਅਨਮੋਲ ਸਰੀਰ ਹੈ, ਕੋਈ ਭ੍ਰਿਸ਼ਟ ਨਾ ਕਰ ਦੇਵੇ।"

"ਜੇ ਕਿਸੇ ਸਾਧਵੀ ਨੇ ਛੂਹ ਲਿਆ?"

"ਮੈਨੂੰ ਨਹੀਂ ਪਤਾ, ਐਵੇਂ ਭੁਕਾਈ ਨਾ ਮਾਰ।"

"ਬਾਬੇ ਦੀ ਸਮਾਧੀ ਤਾਂ ਬਹੁਤ ਲੰਮੀ ਹੋ ਗਈ ਹੈ। ਇਹ ਨਿਆਂ-ਸੰਗਤੀ ਕੋਈ ਫੈਸਲਾ ਕਿਉਂ ਨਹੀਂ ਕਰਦੇ ਬਾਬੇ ਦੀ ਸਮਾਧੀ ਦਾ?"

"ਇਨ੍ਹਾਂ ਦੇ ਮੂੰਹ ਸੀ ਦਿੱਤੇ ਗਏ ਨੇ, ਵਿਚਾਰੇ ਕਮਜ਼ੋਰ, ਸਾਹ-ਸਤਹੀਣ।"

"ਮੈਨੂੰ ਤਾਂ ਇਨ੍ਹਾਂ ਨੇ ਇਕ ਘੰਟੇ ਵਿਚ ਹੀ ਅੰਦਰ ਕਰ ਦਿੱਤਾ ਸੀ।"

"ਭੋਲਿਆ, ਕਾਨੂੰਨ ਤੇ ਇਨਸਾਫ ਤਾਂ ਬਾਬਿਆਂ ਦੀ ਜੇਬ ਵਿਚ ਹੈ।"

"ਹੁਣ ਡੇਰੇ ਦਾ ਕੀ ਬਣੂੰ?"

"ਮੁਰਦਾਰ ਖਾਣ ਵਾਲੇ ਕੁੱਤਿਆਂ ਦੀ ਕਦੀ ਘਾਟ ਦੇਖੀ ਹੈ।"

"ਤੂੰ ਮੈਨੂੰ ਨਾਨਕਪੰਥੀ ਲਗਦਾ ਏਂ।"

"ਉਹ ਕਿਵੇਂ?"

"ਕੇਵਲ ਨਾਨਕਪੰਥੀ ਹੀ ਸੱਚ ਬੋਲਦੇ ਨੇ ਅੱਜ ਕੱਲ੍ਹ।"

"ਛੱਡ ਪਰ੍ਹਾਂ, ਇਨ੍ਹਾਂ ਵਾਧੂ ਤੇ ਫਾਲਤੂ ਗੱਲਾਂ ਨੂੰ। ਚੱਲ ਨਾਨਕ ਦੇ ਘਰ ਚਲੀਏ।"

"ਉਥੇ ਲੰਗਰ ਮਿਲੂ? ਇਥੇ ਤਾਂ ਮੌਜਾਂ ਹੀ ਮੌਜਾਂ ਨੇ।"

"ਹਾਂ, ਮਿਲੂ। ਜ਼ਰੂਰ ਮਿਲੂ।"

"ਪਰ ਕਿਹੋ ਜਿਹਾ।"

"ਮਿਹਨਤ ਤੇ ਕਿਰਤ ਦਾ, ਸੇਵਾ ਤੇ ਸਾਧਨਾ ਦਾ, ਬਾਬਾ ਜੀ ਦਾ ਪ੍ਰਵਚਨ ਹੈ,

ਹਕੁ ਪਰਾਇਆ ਨਾਨਕਾ
ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ
ਜਾ ਮੁਰਦਾਰੁ ਨ ਖਾਇ॥ (ਪੰਨਾ 141)

---

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ
ਤਿਨ ਕਿਉ ਨਿਰਮਲੁ ਚੀਤੁ॥ (ਪੰਨਾ 140)

---

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥ (ਪੰਨਾ 1245)

# ਹਰਿ ਹਰਿ ਕਬਹੂ ਨ ਮਨਹੁ ਬਿਸਾਰੇ

## ਗੁਰਬਾਣੀ ਗਿਆਨ

**ਰਾਗੁ ਗਉੜੀ ਪੂਰਬੀ ਮਹਲਾ ੫**
ਹਰਿ ਹਰਿ ਕਬਹੂ ਨ ਮਨਹੁ ਬਿਸਾਰੇ॥
ਈਹਾ ਊਹਾ ਸਰਬ ਸੁਖਦਾਤਾ
ਸਗਲ ਘਟਾ ਪ੍ਰਤਿਪਾਰੇ॥੧॥ਰਹਾਉ॥
ਮਹਾ ਕਸਟ ਕਾਟੈ ਖਿਨ ਭੀਤਰਿ
ਰਸਨਾ ਨਾਮੁ ਚਿਤਾਰੇ॥
ਸੀਤਲ ਸਾਂਤਿ ਸੂਖ ਹਰਿ ਸਰਣੀ
ਜਲਤੀ ਅਗਨਿ ਨਿਵਾਰੇ॥੧॥
ਗਰਭ ਕੁੰਡ ਨਰਕ ਤੇ ਰਾਖੈ
ਭਵਜਲੁ ਪਾਰਿ ਉਤਾਰੇ॥
ਚਰਨ ਕਮਲ ਆਰਾਧਤ ਮਨ ਮਹਿ
ਜਮ ਕੀ ਤ੍ਰਾਸ ਬਿਦਾਰੇ॥੨॥
ਪੂਰਨ ਪਾਰਬ੍ਰਹਮ ਪਰਮੇਸੁਰ
ਊਚਾ ਅਗਮ ਅਪਾਰੇ॥
ਗੁਣ ਗਾਵਤ ਧਿਆਵਤ ਸੁਖ ਸਾਗਰ
ਜੂਏ ਜਨਮੁ ਨ ਹਾਰੇ॥੩॥
ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨੋ
ਨਿਰਗੁਣ ਕੇ ਦਾਤਾਰੇ॥
ਕਰਿ ਕਿਰਪਾ ਅਪੁਨੋ ਨਾਮੁ ਦੀਜੈ
ਨਾਨਕ ਸਦ ਬਲਿਹਾਰੇ॥੪॥

ਗੁਰਬਾਣੀ ਦੇ ਇਸ ਪਾਵਨ ਪਵਿੱਤਰ ਸ਼ਬਦ ਰਾਹੀਂ ਗੁਰਦੇਵ ਜੀ ਜੀਵਾਂ ਨੂੰ ਉਪਦੇਸ਼ ਕਰਦਿਆਂ ਜੀਵਨ ਦਾ ਸਹੀ ਰਸਤਾ ਦਿਖਾਉਂਦੇ ਹੋਏ ਆਖਦੇ ਹਨ- ਹਰਿ ਹਰਿ ਕਬਹੂ ਨ ਮਨਹੁ ਬਿਸਾਰੇ, ਹੇ ਭਾਈ! ਉਸ ਮਿਹਰਵਾਨ ਪ੍ਰਭੂ ਜੀ ਨੂੰ ਆਪਣੇ ਮਨ ਤੋਂ ਕਦੀ ਵੀ ਨਾ ਵਿਸਾਰੋ; ਉਹ ਪਰਮਾਤਮਾ ਤਾਂ ਇਥੇ ਵੀ ਤੇ ਉਥੇ ਵੀ, ਭਾਵ ਲੋਕ ਪਰਲੋਕ ਦੋਹੀਂ ਥਾਂਈਂ ਜੀਵਾਂ ਨੂੰ ਸੁਖ ਦੇਣ ਵਾਲਾ ਮਾਲਕ ਹੈ; ਸੰਸਾਰ ਵਿਚ ਵਿਚਰ ਰਹੇ ਜੀਵਾਂ ਦੀ ਪਾਲਣਾ ਕਰਨ ਵਾਲਾ ਹੈ।

ਮਹਾ ਕਸਟ ਕਾਟੈ ਖਿਨ ਭੀਤਰਿ
ਰਸਨਾ ਨਾਮੁ ਚਿਤਾਰੇ॥
ਸੀਤਲ ਸਾਂਤਿ ਸੂਖ ਹਰਿ ਸਰਣੀ
ਜਲਤੀ ਅਗਨਿ ਨਿਵਾਰੇ॥੧॥

ਸਤਿਗੁਰ ਪਿਤਾ ਆਖ ਰਹੇ ਹਨ, ਜਿਹੜਾ ਵੱਡੇ ਭਾਗਾਂ ਵਾਲਾ ਜੀਵ ਉਸ ਪਰਮੇਸ਼ਰ ਦਾ ਨਾਮ ਸਿਮਰਨ ਕਰਦਾ ਹੈ, ਤਾਂ ਉਹ ਮਿਹਰਵਾਨ ਪ੍ਰਭੂ ਉਸ ਜੀਵ ਦੇ ਵੱਡੇ ਵੱਡੇ ਕਸ਼ਟ ਵੀ ਇਕ ਛਿਣ-ਪਲ ਵਿਚ ਦੂਰ ਕਰ ਦਿੰਦਾ ਹੈ। ਜਿਹੜੇ ਜੀਵ ਹਰੀ ਪ੍ਰਭੂ ਦੀ ਸ਼ਰਨ ਜਾ ਪੈਂਦੇ ਹਨ, ਤਾਂ ਹਰੀ ਪ੍ਰਭੂ ਉਨ੍ਹਾਂ ਦੇ ਅੰਦਰੋਂ ਬਲਦੀ ਹੋਈ ਤ੍ਰਿਸ਼ਨਾ ਦੀ ਅੱਗ ਬੁਝਾ ਦਿੰਦਾ ਹੈ, ਉਹ ਜੀਵ ਵਿਕਾਰਾਂ ਦੀ ਅੱਗ ਵਲੋਂ ਠੰਢੇ ਠਾਰ ਹੋ ਜਾਂਦੇ ਹਨ, ਤੇ ਅਨੰਦ ਹੀ ਅਨੰਦ ਬਣ ਜਾਂਦਾ ਹੈ।

ਗਰਭ ਕੁੰਡ ਨਰਕ ਤੇ ਰਾਖੈ
ਭਵਜਲੁ ਪਾਰਿ ਉਤਾਰੇ॥
ਚਰਨ ਕਮਲ ਆਰਾਧਤ ਮਨ ਮਹਿ
ਜਮ ਕੀ ਤ੍ਰਾਸ ਬਿਦਾਰੇ॥੨॥

ਹੇ ਭਾਈ! ਉਸ ਮਿਹਰਵਾਨ ਪ੍ਰਭੂ ਦੇ ਸੋਹਣੇ ਚਰਨ-ਕਮਲਾਂ ਦਾ ਧਿਆਨ ਮਨ ਵਿਚ ਧਰ, ਉਹ ਪਰਮਾਤਮਾ ਤਾਂ ਜੀਵ ਨੂੰ ਮਾਂ ਦੇ ਪੇਟ, ਭਾਵ ਨਰਕ ਕੁੰਡ ਦੀ ਅੱਗ ਵਿਚ ਸੜਨ ਤੋਂ ਵੀ ਬਚਾ ਲੈਂਦਾ ਹੈ; ਤਾਰਨਹਾਰ ਪਿਤਾ ਜੀਵ ਨੂੰ ਸੰਸਾਰ ਸਮੁੰਦਰ ਤੋਂ ਵੀ ਪਾਰ ਲੰਘਾ ਦਿੰਦਾ ਹੈ। ਹੇ ਭਾਈ! ਜੋ ਵਡਭਾਗੇ ਜੀਵ ਸਵਾਸ ਸਵਾਸ ਉਸ ਪਰਮੇਸ਼ਰ ਦਾ ਨਾਮ ਜਪਦੇ ਹਨ; ਤਾਂ ਬਖਸ਼ਣਹਾਰ ਪ੍ਰਭੂ ਜਮ ਦੀ ਮਾਰ, ਭਾਵ ਮੌਤ ਦਾ ਡਰ ਵੀ ਦੂਰ ਕਰ ਦਿੰਦਾ ਹੈ।

ਪੂਰਨ ਪਾਰਬ੍ਰਹਮ ਪਰਮੇਸੁਰ
ਊਚਾ ਅਗਮ ਅਪਾਰੇ॥
ਗੁਣ ਗਾਵਤ ਧਿਆਵਤ ਸੁਖ ਸਾਗਰ
ਜੂਏ ਜਨਮੁ ਨ ਹਾਰੇ॥੩॥

ਹੇ ਜੀਵ! ਮਿਹਰਵਾਨ ਪ੍ਰੀਤਮ ਪ੍ਰਭੂ ਤਾਂ ਸਰਬ ਵਿਆਪਕ ਹੈ, ਕਣ ਕਣ ਵਿਚ ਸਮਾਇਆ ਹੈ; ਸਭ ਤੋਂ ਉਚਾ ਤੇ ਵੱਡਾ ਮਾਲਕ ਹੈ, ਅਪਹੁੰਚ ਹੈ ਜਿਸ ਤੱਕ ਕਿਸੇ ਦੀ ਪਹੁੰਚ ਨਹੀਂ ਹੋ ਸਕਦੀ, ਬੇਅੰਤ ਹੈ। ਭਾਈ! ਉਸ ਸੁੱਖਾਂ ਦੇ ਭਰੇ ਹੋਏ ਸਮੁੰਦਰ, ਪ੍ਰਭੂ ਦੇ ਗੁਣਾਂ ਦਾ ਗਾਇਨ ਕੀਤਿਆਂ ਤੇ ਉਸ ਦੇ ਨਾਮ ਦਾ ਸਿਮਰਨ ਕਰਦਿਆਂ ਜੀਵ ਆਪਣਾ ਇਹ ਮਨੁੱਖਾ ਜਨਮ ਕਦੀ ਵੀ ਵਿਅਰਥ ਨਹੀਂ ਗੁਆ ਸਕਦਾ।

ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨੋ
ਨਿਰਗੁਣ ਕੇ ਦਾਤਾਰੇ॥
ਕਰਿ ਕਿਰਪਾ ਅਪੁਨੋ ਨਾਮੁ ਦੀਜੈ
ਨਾਨਕ ਸਦ ਬਲਿਹਾਰੇ॥੪॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਜੀ ਅਕਾਲ ਪੁਰਖੀ ਪਿਤਾ ਦੇ ਚਰਨਾਂ ਵਿਚ ਅਰਦਾਸ ਕਰਦੇ ਆਖ ਰਹੇ ਹਨ- ਹੇ ਮਿਹਰਾਂ ਦੇ ਮਾਲਕ ਪ੍ਰਭੂ! ਮੇਰਾ ਇਹ ਮਨ ਕਾਮ, ਕ੍ਰੋਧ, ਲੋਭ ਤੇ ਮੋਹ ਵਿਚ ਬੁਰੀ ਤਰ੍ਹਾਂ ਫਸਿਆ ਪਿਆ ਹੈ; ਗੁਣਾਂ ਤੋਂ ਹੀਣੇ ਜੀਵ ਦੇ ਦਾਤਾਰ ਪਿਤਾ ਜੀਓ; ਪ੍ਰਭੂ ਆਪਣੀ ਕਿਰਪਾ ਕਰੋ ਤੇ ਮੈਨੂੰ ਆਪਣੇ ਨਾਮ ਦੀ ਦਾਤ ਬਖਸ਼ ਕੇ ਮੇਰੀ ਝੋਲੀ ਭਰ ਦਿਓ; ਨਾਨਕ ਤੈਥੋਂ ਸਦਾ ਹੀ ਬਲਿਹਾਰ ਜਾਂਦਾ ਹੈ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

# ਧਰਤੀ ਪੇ ਭੀ ਉਤਰੋ ਕਭੀ ਮਗ਼ਰੂਰ ਖ਼ੁਦਾਓ

**ਖਰੀ ਗੱਲ**

*ਜਵਾਨੀ ਮਸਤਾਨੀ ਅਤੇ ਅਲਬੇਲੀ। ਇਹ ਚੰਚਲ, ਬੇਲਗਾਮ ਅਤੇ ਅੱਥਰੀ। ਇਸ 'ਚ ਉਮੰਗਾਂ ਦਾ ਉਛਾਲ ਏ ਅਤੇ ਵਲਵਲਿਆਂ ਦਾ ਉਬਾਲ ਏ। ਇਸ 'ਚ ਸੱਧਰਾਂ ਦਾ ਮਚਲਣ ਏ ਅਤੇ ਕਾਮਨਾਵਾਂ ਦੀ ਹੱਲਚਲ ਏ। ਗਿੱਧੇ ਅਤੇ ਭੰਗੜੇ ਹਨ ਇਸ ਦਾ ਸ਼ਿੰਗਾਰ। ਇਹ ਵਾਸ਼ਨਾਈ ਲਾਂਬੂ ਦੇ ਸੇਕ ਨਾਲ ਤੱਪਦੀ। ਇਸ ਦਾ ਹਰ ਅੰਗ ਬਰਕਦਾ ਅਤੇ ਫਰਕਦਾ। ਇਸ ਨੂੰ ਜੱਫੀ 'ਚ ਲੈਣ ਲਈ ਹਰ ਇਕ ਦਾ ਕਲਾਵਾ ਮੋਕਲਾ। ਇਸ ਦੇ ਨੈਣ ਨਿਰੇ ਮਸਤੀ ਭਰੇ ਪਿਆਲੇ। ਸ਼ੀਂਹ ਦੀ ਤਰ੍ਹਾਂ ਗੱਜਦੀ ਅਤੇ ਬੁੱਕਦੀ। ਸੁਭਾਅ ਪੱਖੋਂ, ਬਲ ਹੁੰਦਾ ਏ ਅੰਨ੍ਹਾ।*

ਸਾਧਾਰਨ ਜੀਵਨ 'ਚ ਜੇ ਕਿਸੇ ਮਨੁੱਖ ਨੂੰ ਗਿਆਨ-ਵਿਗਿਆਨ, ਧਨ-ਦੌਲਤ, ਭਗਤੀ-ਸ਼ਕਤੀ, ਵਿਦਵਤਾ-ਵਿਵੇਕ, ਹੁਸਨ-ਜੋਬਨ, ਕਲਾ-ਹੁਨਰ 'ਚ ਜਾਂ ਫਿਰ ਕਿਸੇ ਵਿਹਾਰਕ, ਸਮਾਜਕ, ਧਾਰਮਕ, ਆਰਥਕ ਜਾਂ ਸਿਆਸੀ ਖੇਤਰ 'ਚ ਚੜ੍ਹ ਮਚ ਜਾਣ ਦਾ ਜਾਂ ਗੁੱਡੀ ਚੜ੍ਹ ਜਾਣ ਦਾ ਗੁਮਾਨ ਹੋ ਜਾਏ ਅਤੇ ਜਾਂ ਉਹ ਆਪਣੀ ਯੋਗਤਾ, ਗੁਣਵਤਾ, ਵਿਸ਼ੇਸ਼ਤਾ, ਸ੍ਰੇਸ਼ਠਤਾ ਜਾਂ ਸੰਪੂਰਨਤਾ ਕਾਰਨ ਫੁੱਲ ਜਾਏ, ਭੁਕਾਨੇ ਦੀ ਤਰ੍ਹਾਂ, ਆਫਰ ਜਾਏ ਮਾਸ਼ਕੀ ਦੀ ਮਸ਼ਕ ਦੀ ਤਰ੍ਹਾਂ, ਆਕੜ ਜਾਏ ਗੱਡੇ ਹੋਏ ਮੀਲ-ਪੱਥਰ ਦੀ ਤਰ੍ਹਾਂ, ਨਸ਼ਿਆ ਜਾਏ ਰਿੰਦ ਦੀ ਤਰ੍ਹਾਂ ਜਾਂ ਫਿਰ ਭੂਤ ਪਏ ਮਸਤ

ਜੋਗਿੰਦਰ ਸਿੰਘ ਪ੍ਰਿੰਸੀਪਲ

ਹਾਥੀ ਦੀ ਤਰ੍ਹਾਂ, ਤਾਂ ਅਜਿਹੀ ਅਵਸਥਾ ਦਾ ਨਸ਼ਾ ਹੀ ਕਹਾਉਂਦਾ ਏ ਅਹੰਕਾਰ। ਆਮ ਕਰਕੇ ਦੂਜੇ ਨਸ਼ੇ ਅਸਥਾਈ।

ਮਸਤੀ ਅਤੇ ਸਰੂਰ ਥੋੜ੍ਹੇ ਸਮੇਂ ਲਈ ਪਰ ਅਹੰਕਾਰ ਦਾ ਨਸ਼ਾ ਬਹੁਤੀ ਵਾਰੀ ਸਥਾਈ। ਨਾਂ ਨਹੀਂ ਲੈਂਦਾ ਉਤਰਨ ਦਾ। ਇਸੇ ਦੀ ਖੁਮਾਰੀ 'ਚ ਮਨੁੱਖ ਦੀਵਾਨਾ ਅਤੇ ਮਸਤਾਨਾ। ਅਹੰਕਾਰ ਦੀ ਘੋੜੀ ਨਾ ਦਬਕਦੀ, ਨਾ ਤ੍ਰਹਿੰਦੀ। ਸਗੋਂ ਖੌਰੂ ਪਾਉਂਦੀ ਤੇ ਧੂੜ ਮਚਾਉਂਦੀ। ਕਈ ਵਾਰੀ ਅਹੰਕਾਰ ਆਪਣਾ ਮੱਚ ਮਰ ਜਾਣ 'ਤੇ ਵੀ, ਆਕੜ ਭੱਜ ਜਾਣ 'ਤੇ ਵੀ, ਅਪਮਾਨਤ ਹੋ ਜਾਣ 'ਤੇ ਵੀ, ਲੂਲ੍ਹਾ-ਲੰਗੜਾ ਹੋ ਜਾਣ 'ਤੇ ਵੀ ਅਤੇ ਅਲਫ ਨੰਗਾ ਹੋ ਜਾਣ 'ਤੇ ਵੀ, ਘੋਲਦਾ ਰਹਿੰਦਾ ਏ ਵਿਹੁ ਅਧਮੋਏ ਹੋਏ ਸੱਪ ਦੀ ਤਰ੍ਹਾਂ। ਬੱਸ 'ਰੱਸੀ ਸੜ ਗਈ, ਵੱਟ ਨਹੀਂ ਗਿਆ' ਵਾਲੀ ਗੱਲ। ਅਹੰਕਾਰ ਘੱਟ ਹੀ ਮਰਦਾ ਏ। ਇਹ ਆਖਰੀ ਦਮਾਂ 'ਤੇ ਵੀ ਹੋਵੇ, ਫਿਰ ਵੀ ਆਫਤ ਚੁੱਕੀ ਰੱਖਦਾ ਏ। ਫਤੂਰ ਪਾਈ ਰੱਖਦਾ ਏ ਜਾਂ ਫਿਰ ਊਧਮ ਮਚਾਈ ਰੱਖਦਾ ਏ।

ਅਹੰਕਾਰ 'ਚ ਮਨੁੱਖ ਅੰਨ੍ਹਾ। ਬੱਸ 'ਮੈਂ' ਜਾਂ 'ਆਪੇ' ਦੇ ਨਸ਼ੇ 'ਚ ਚੂਰ। ਇਕ ਅਦਭੁੱਤ ਦੀਵਾਨਗੀ ਦਾ ਦੌਰ। ਮਨੁੱਖ ਭੁੱਕਣ ਲੱਗ ਪੈਂਦਾ ਏ ਮੋਢਿਆਂ ਉਤੋਂ ਦੀ। ਚੌੜਾ ਹੋ ਹੋ ਆਕੜਿਆ ਫਿਰਦਾ ਹੈ। ਉਸ ਦੀ ਪਾਈ ਨਹੀਂ ਜਾਂਦੀ ਟੈਂ। ਆ ਜਾਂਦਾ ਏ ਉਸ 'ਚ ਮਰੋੜ। ਬਦਲ ਜਾਂਦੀ ਏ ਚਾਲ-ਢਾਲ, ਬੋਲ-ਚਾਲ ਅਤੇ ਰਹਿਣੀ-ਬਹਿਣੀ। ਅਹੰਕਾਰੀ ਮਨੁੱਖ ਨਾ ਕਿਸੇ ਨੂੰ ਮਿੱਥਦਾ ਏ ਅਤੇ ਨਾ ਹੀ ਕਿਸੇ ਨੂੰ ਲਿਆਉਂਦਾ ਏ ਨੱਕ ਥੱਲੇ। ਬੱਸ ਉਹ ਆਪਣੀ ਚੜ੍ਹਤ ਅਤੇ ਆਪਣੀ ਫੱਬਤ 'ਤੇ ਲੱਟੂ। ਭੁੱਲ ਜਾਂਦਾ ਏ ਆਪਣੀ ਤੌਫੀਕ। ਰਹਿੰਦਾ ਨਹੀਂ ਆਪਣੀ ਪਾਇਆਂ ਅੰਦਰ। ਔਕਾਤ ਦੀ ਚਾਦਰ ਕਰੀ ਜਾਂਦਾ ਏ ਲੰਮੀ ਤੋਂ ਲੰਮੀ। ਇਹ ਵੀ ਭੁੱਲ ਜਾਂਦਾ ਏ, 'ਹਮ ਆਦਮੀ ਹੈਂ ਇਕ ਦਮੀਂ।' ਚੇਤਾ ਨਹੀਂ ਰਹਿੰਦਾ ਉਸ ਨੂੰ ਆਪਣੇ ਸਰੀਰ ਦੀ ਨਾਸ਼ਮਾਨਤਾ ਦਾ। ਇਸ ਵਾਸਤਵਿਕਤਾ ਤੋਂ ਵੀ ਹੁੰਦਾ ਏ ਬੇਖਬਰ।

ਸਦਾ ਨਾ ਬੁਲਬੁਲ ਬਾਗੀਂ ਬੋਲੇ, ਸਦਾ ਨਾ ਮੌਜ ਬਹਾਰਾਂ ਨੇ। ਇਸ ਲਈ ਦੂਜਿਆਂ ਨੂੰ ਸਮਝਦਾ ਏ ਹੀਣ ਅਤੇ ਤੁੱਛ। ਦੂਜਿਆਂ ਪ੍ਰਤੀ ਵਤੀਰਾ ਰੁੱਖਾ, ਹਾਸੋਹੀਣ ਅਤੇ ਕਈ ਵਾਰੀ ਅਪਮਾਨਜਨਕ। ਅਹੰਕਾਰ ਦੀ ਮਸਤੀ 'ਚ ਭੌਂ ਜਾਂਦੇ ਨੇ ਉਸ ਦੇ ਡੌਰ-ਭੌਰ। ਅਹੰਕਾਰ ਦਾ ਮਾਲੀ ਖੋਲ੍ਹਿਆ ਮਨੁੱਖ ਦੇ ਪੈਰ ਨਹੀਂ ਲੱਗਣ ਦਿੰਦਾ ਧਰਤੀ 'ਤੇ। ਬੱਸ ਉਡਾਰੀਆਂ ਉਚੀਆਂ ਅਤੇ ਵਸੇਬਾ ਆਕਾਸ਼ 'ਚ। ਇਸ ਵਾਸਤਵਿਕਤਾ ਵੱਲ ਵੀ ਕਰ ਛੱਡਦਾ ਏ ਕੰਡ ਕਿ ਪੰਛੀ ਭਾਵੇਂ ਆਕਾਸ਼ 'ਚ ਜਿੰਨੀ ਮਰਜ਼ੀ ਲਾ ਲਏ ਉਚੀ ਉਡਾਰੀ ਪਰ ਦਾਣਾ ਧਰਤੀ 'ਤੇ ਰਹਿ ਕੇ ਹੀ ਚੁੱਗਦਾ ਏ। ਅਜਿਹੇ ਮਨੁੱਖ ਨੂੰ ਭੁੱਲਿਆ ਹੁੰਦਾ ਏ ਦਾਤਾਰ ਵੀ।

ਸ਼ੇਖੀ ਅਤੇ ਅਹੰਕਾਰ 'ਚ ਹੈ ਕੁਝ ਅੰਤਰ। ਸ਼ੇਖੀ ਦੀ ਤਾਂ ਉਹ ਗੱਲ ਹੁੰਦੀ ਏ, 'ਥੋਥਾ ਚਨਾ ਬਾਜੇ ਘਨਾ' ਜਾਂ 'ਖਾਲੀ ਸੰਖ ਵਜਾਵੇ ਦੀਪ' ਜਾਂ ਫਿਰ ਨਿਰੋਲ ਅੰਦਰੋਂ ਸੱਖਣਾ ਭਾਂਡਾ। ਸ਼ੇਖੀ ਖੋਰਾ ਖੱਟਿਆ ਖਾਂਦਾ ਏ ਨਿਰੀਆਂ ਤਿੜਾਂ ਅਤੇ ਫੂਕਾਂ ਦਾ। ਬਿਨਾਂ ਧਰਤ ਦੇ ਉਸਾਰਦਾ ਏ ਮਹਿਲ। ਸ਼ੇਖ ਚਿੱਲੀ ਦਾ ਪੱਗ ਵੱਟ ਭਰਾ ਪਰ ਅਹੰਕਾਰ ਦਾ ਢਾਂਚਾ ਕੁਝ ਕੁ ਤਾਂ ਜ਼ਰੂਰ ਹੁੰਦਾ ਏ ਆਧਾਰ 'ਤੇ। ਮਨੁੱਖ ਸਾਂਭ ਨਹੀਂ ਸਕਦਾ ਆਪਣੀ ਯੋਗਤਾ, ਗੁਣਵਤਾ ਜਾਂ ਕਿਸੇ ਸਮਰੱਥਾ ਦੀ ਸਮੱਗਰੀ ਸਗੋਂ ਆਪਣੀ ਅਜਿਹੀ ਯੋਗਤਾ ਦੀ ਕਿਸੇ ਵੱਡੀ ਦੂਰਬੀਨ ਦੁਆਰਾ, ਕਈ ਗੁਣਾ ਕਰਨਾ ਚਾਹੁੰਦਾ ਏ ਪ੍ਰਦਰਸ਼ਨੀ। ਚਾਹੁੰਦਾ ਏ ਲੋਕ ਉਸ ਦੇ ਵਡੱਪਣ ਦੀ ਧਾਕ ਨੂੰ ਮੰਨਣ। ਉਸ ਪ੍ਰਤੀ ਉਚੇਰੀ ਭਾਵਨਾ ਰੱਖਣ। ਉਸ ਦੀ ਚੌਧਰ ਕਬੂਲਣ, ਉਸ ਦੀ ਸਰਦਾਰੀ ਮੰਨਣ ਅਤੇ ਉਸ ਦੀ ਪ੍ਰਸੰਸਾ ਦੀ ਰਾਗਣੀ ਗਾਉਣ। ਧੰਨਵਾਦੀ ਹੋ ਕੇ ਉਸ ਦੀ ਕ੍ਰਿਪਾ-ਦ੍ਰਿਸ਼ਟੀ ਦੇ ਪਾਤਰ ਬਣੇ ਰਹਿਣ।

ਇਹ ਵੀ ਅੰਤਰ ਦੀ ਪਰਿਭਾਸ਼ਾ ਪੂਰੇ ਤੌਰ 'ਤੇ ਸਾਰਥਿਕ ਨਹੀਂ। ਕਈ ਮਨੁੱਖ 'ਪਿਦਰਮ ਸੁਲਤਾਨ ਬੂਦ' ਦੇ ਅਖਾਣ ਦੇ ਆਸ਼ਕ ਅਤੇ ਕਈ 'ਬਿਗਾਨੀ ਦੰਮੀਂ ਸ਼ਾਹੂਕਾਰ' ਕਹਾਵਤ ਦੇ ਉਪਾਸ਼ਕ। ਸੰਪਨ ਹੁੰਦੇ ਨੇ ਮਾਤਾ-ਪਿਤਾ ਪਰ ਨਸ਼ਾ ਚੜ੍ਹਿਆ ਹੁੰਦਾ ਏ ਸੰਤਾਨ ਨੂੰ। ਅਜਿਹਾ ਵੀ ਵੇਖਣ 'ਚ ਆਉਂਦਾ ਏ ਕਿ ਮਾਪੇ ਕਿਸੇ ਪੱਖੋਂ ਸਮਰੱਥ ਹੁੰਦੇ ਹੋਏ ਵੀ ਨਿਮਾਣੇ ਅਤੇ ਨਿਮਰ, ਪਰ ਉਨ੍ਹਾਂ ਦੀ ਸੰਤਾਨ ਮਛੰਦਰ, ਚੌੜ-ਚਾਨਣ ਅਤੇ ਤੇਡੂ ਅਹੰਕਾਰ ਦੇ ਨਸ਼ੇ 'ਚ ਇਸ ਤਰ੍ਹਾਂ ਹੋ ਜਾਂਦੇ ਹਨ ਚੂਰ ਜਿਵੇਂ ਉਨ੍ਹਾਂ ਨੂੰ ਲੱਗੇ ਹੋਣ ਸੁਰਖਾਬ ਦੇ ਪਰ। ਸੋਚਣ ਵਾਲੀ ਤਾਂ ਇਹ ਗੱਲ ਹੈ ਕਿ ਮਨੁੱਖ 'ਚ ਅਹੰਕਾਰ ਕਿਵੇਂ ਅਤੇ ਕਿਉਂ ਪੈਦਾ ਹੁੰਦਾ ਏ? ਮਨੁੱਖ 'ਚ ਕੁਝ ਪ੍ਰਵਿਰਤੀਆਂ ਜਨਮਜਾਤ। ਇਨ੍ਹਾਂ 'ਚੋਂ ਕੁਝ ਪ੍ਰਵਿਰਤੀਆਂ ਬੜੀਆਂ ਨਿਤਾਣੀਆਂ, ਨਿਮਾਣੀਆਂ, ਨਿਰਬਲ, ਕਮਜ਼ੋਰ ਅਤੇ ਸਾਊ। ਜੜ੍ਹ ਪੱਖੋਂ ਇਹ ਕਮਜ਼ੋਰ ਵਿਚਾਰੀਆਂ ਪਈਆਂ ਰਹਿੰਦੀਆਂ ਨੇ ਸਿਰ ਸੁੱਟ ਕੇ। ਮਨੁੱਖ ਨੂੰ ਨਾ ਤਾਉਂਦੀਆਂ ਅਤੇ ਨਾ ਹੀ ਸਤਾਉਂਦੀਆਂ। ਸੁਭਾਅ ਪੱਖੋਂ ਵੀ ਇਨ੍ਹਾਂ ਦੀ ਬਿਰਤੀ ਆਗਿਆਕਾਰੀ।

ਸੁਖਾਵੇਂ ਵਾਤਾਵਰਣ 'ਚ ਵੀ ਨਾ ਬਹੁਤੀਆਂ ਨਿਸਰਦੀਆਂ ਅਤੇ ਨਾ ਬਹੁਤਾ ਪਲਰਦੀਆਂ। ਮਨੁੱਖ ਪੁਚਕਾਰ ਕੇ ਕੱਸੀ ਰੱਖਦਾ ਏ ਇਨ੍ਹਾਂ ਦੀਆਂ ਤਣਾਵਾਂ ਅਤੇ ਇਨ੍ਹਾਂ ਨੂੰ ਹੋਣ ਨਹੀਂ ਦਿੰਦਾ ਬੇਕਾਬੂ। ਇਹ ਆਪ ਵੀ ਸਹਿਜ ਅਵਸਥਾ 'ਚ ਰਹਿ ਕੇ ਰਾਜ਼ੀ। ਪਰ ਕੁਝ ਪ੍ਰਵਿਰਤੀਆਂ ਸੁਭਾਅ ਪੱਖੋਂ ਵਧੇਰੇ ਹੀ ਤੇਜ਼-ਤਰਾਰ, ਭਾਵੁਕ, ਅੱਥਰੀਆਂ ਅਤੇ ਸਾਹਸੀ। ਇਨ੍ਹਾਂ 'ਚ ਅਗਨੀ ਪਰਚੰਡ ਵਧੇਰੇ। ਇਨ੍ਹਾਂ ਦੀ ਤਾਸੀਰ ਕ੍ਰਾਂਤੀਕਾਰੀ ਅਤੇ ਰੁੱਖ ਬਾਗਿਆਨਾ। ਜੜ੍ਹ ਪੱਖੋਂ ਦ੍ਰਿੜ੍ਹ। ਡੋਲਦੀਆਂ ਨਹੀਂ ਅਸੁਖਾਵੇਂ ਝੋਲਿਆਂ 'ਚ ਵੀ। ਜਾਂ ਤਾਂ ਇਨ੍ਹਾਂ ਨੂੰ ਕੋਈ ਸਿਆਣਾ ਮਾਂਦਰੀ ਕੀਲ ਸਕਦਾ ਏ ਜਾਂ ਫਿਰ ਕੋਈ ਸੁਚੱਜਾ ਸ਼ਾਹਸਵਾਰ ਇਨ੍ਹਾਂ ਨੂੰ ਪਾ ਸਕਦਾ ਏ ਜ਼ਬਤ ਦੀ ਲਗਾਮ।

ਅਜਿਹੀਆਂ ਪ੍ਰਵਿਰਤੀਆਂ ਕੁਝ ਸਮੇਂ ਲਈ ਚੁਕ ਜ਼ਰੂਰ ਜਾਂਦੀਆਂ ਹਨ ਪਰ ਇਹ ਹਿੱਲਦੀਆਂ ਨਹੀਂ ਜੜ੍ਹੋਂ। ਮਨ ਭਾਉਂਦੇ ਵਾਤਾਵਰਣ 'ਚ ਇਹ ਉਛਲਦੀਆਂ, ਟੱਪਦੀਆਂ, ਕੁਦਾੜੇ ਮਾਰਦੀਆਂ ਅਤੇ ਭੜਥੂ ਪਾਉਂਦੀਆਂ। ਜ਼ਬਤ ਦੀਆਂ ਲਗਾਮਾਂ ਤੋੜ ਕੇ ਬਣ ਜਾਂਦੀਆਂ ਨੇ ਆਪ-ਹੁਦਰੀਆਂ ਅਤੇ ਬੇਮੁਹਾਰੀਆਂ। ਫਿਰ ਸਾਧਾਰਨ ਮਨੁੱਖ ਦੀ ਨਹੀਂ ਚਲਦੀ ਇਨ੍ਹਾਂ ਅੱਗੇ ਪੇਸ਼। ਫਿਰ ਇਨ੍ਹਾਂ ਦਾ ਵਹਾਓ ਤੀਬਰ ਅਤੇ ਇਨ੍ਹਾਂ ਦਾ ਰੂਪ ਨਿਰੋਲ ਤੂਫਾਨੀ ਵਲਵਲਾ। ਬੱਸ ਮਨੁੱਖ ਨਿਵਾ ਦਿੰਦਾ ਏ ਗੋਡੇ ਅਤੇ ਸੁੱਟ ਦਿੰਦਾ ਏ ਹਥਿਆਰ। ਪਿਆਰ, ਕਰੁਣਾ, ਘ੍ਰਿਣਾ, ਕਰੋਧ, ਈਰਖਾ-ਦਵੇਸ਼, ਹਮਦਰਦੀ ਜਿਹੀਆਂ ਪ੍ਰਵਿਰਤੀਆਂ, ਮਨ ਭਾਉਂਦੇ ਵਾਤਾਵਰਣ 'ਚ ਵਿਖਾਉਂਦੀਆਂ ਹੀ ਰਹਿੰਦੀਆਂ ਨੇ ਆਪਣੇ ਚਮਤਕਾਰ। ਸੁਭਾਅ ਪੱਖੋਂ ਮੇਲ ਖਾਂਦੀਆਂ ਪ੍ਰਵਿਰਤੀਆਂ ਦੀ ਗੁੱਟ ਬੰਦੀ ਸ਼ਕਤੀਸ਼ਾਲੀ।

ਜੇ ਈਰਖਾ-ਦਵੇਸ਼, ਘ੍ਰਿਣਾ ਅਤੇ ਕਰੋਧ ਜਿਹੀਆਂ ਪ੍ਰਵਿਰਤੀਆਂ ਆਪਣਾ ਤਾਲ-ਮੇਲ ਬਣਾ ਕੇ ਹੋ ਜਾਣ ਇਕਮੁੱਠ, ਫਿਰ ਸਮਝੋ ਮਨੁੱਖੀ ਵਿਚਾਰਾਂ ਨੂੰ ਲੱਗ ਗਏ ਲਾਂਬੂ ਅਤੇ ਸਾੜ-ਫੂਕ ਦੀ ਕਿਰਿਆ ਸ਼ੁਰੂ। ਫਿਰ ਸਿੱਟੇ ਭਿਆਨਕ। ਕਰੋਧ ਆਪਣੇ 'ਚ ਅਗਨੀ ਤੱਤ ਵਧੇਰੇ ਹੋਣ ਕਾਰਨ ਅਜਿਹੀਆਂ ਪ੍ਰਵਿਰਤੀਆਂ ਨੂੰ ਉਤੇਜਿਤ ਕਰਦਾ ਏ, ਉਕਸਾਉਂਦਾ ਏ, ਭੜਕਾਉਂਦਾ ਏ ਅਤੇ ਭੂੜਾਉਂਦਾ ਏ। ਇਸੇ ਤਰ੍ਹਾਂ ਜੇ ਪਿਆਰ ਜਿਹੀ ਪ੍ਰਵਿਰਤੀ ਨੂੰ, ਹੱਲਾਸ਼ੇਰੀ ਮਿਲ ਜਾਏ ਹਮਦਰਦੀ, ਦਇਆ ਅਤੇ ਸਾਹਸ ਜਿਹੀਆਂ ਪ੍ਰਵਿਰਤੀਆਂ ਵਲੋਂ, ਫਿਰ ਪਿਆਰ ਦੀ ਤੀਬਰਤਾ ਰੂਪ ਧਾਰਨ ਕਰ ਲੈਂਦੀ ਏ ਇਕ ਅਰੁੱਕ ਵੇਗ ਦਾ, ਜਿਸ ਦਾ ਠੱਲ੍ਹਣਾ ਅਸੰਭਵ। ਪੈਸੇ ਦਾ ਲੈਣ-ਦੇਣ ਕਰਨ ਵਾਲੇ ਦਾ ਪੈਸੇ ਲਈ, ਪੂਜਾ-ਪਾਠ ਕਰਨ ਵਾਲੇ ਦਾ ਭਗਤੀ ਲਈ, ਵਿਦਿਆ ਦੇ ਖੇਤਰ 'ਚ ਰਹਿਣ ਵਾਲੇ ਦਾ ਵਿਦਿਆ ਲਈ ਅਤੇ ਸਰੀਰਕ ਬਲ ਦਾ ਕੰਮ ਕਰਨ ਵਾਲੇ ਦਾ ਸਰੀਰਕ ਬਲ ਲਈ ਸਾਂਝ, ਲਗਾਉ ਅਤੇ ਪਿਆਰ ਹੋ ਜਾਣਾ ਸੁਭਾਵਿਕ ਏ। ਜਿਸ ਕੰਮ 'ਚ ਕੋਈ ਮਨੁੱਖ ਰੁੱਝਿਆ ਰਹਿੰਦਾ ਏ, ਉਹ ਕੰਮ ਮਨੁੱਖ 'ਚ, ਉਸ ਕੰਮ ਲਈ ਆਕਰਸ਼ਨ, ਖਿੱਚ ਅਤੇ ਰੁਚੀ ਪੈਦਾ ਕਰਦਾ ਹੈ, ਦ੍ਰਿਸ਼ਟੀ ਵਿਸ਼ਾਲ ਕਰਕੇ ਉਸ ਕੰਮ ਲਈ ਗਿਆਨ ਅਤੇ ਤਜਰਬਾ ਵਧਾਉਂਦਾ ਏ, ਤੜਪ ਪੈਦਾ ਕਰਦਾ ਏ ਅਤੇ ਪਰਪੱਕਤਾ ਬਖਸ਼ਦਾ ਏ। ਗੋਦੀ 'ਚ ਬਾਲ ਹੁੰਦੇ ਹੋਏ ਵੀ ਜੇ ਮਾਂ ਉਸ ਨਾਲ ਸਨੇਹ ਨਹੀਂ ਕਰੇਗੀ ਤਾਂ ਕਦੋਂ ਕਰੇਗੀ? ਨਿਸਚੇ ਹੀ ਗੋਦੀ ਦੇ ਬਾਲ ਨਾਲ ਸਨੇਹ ਵੱਡੇ ਪੁੱਤਰਾਂ ਨਾਲੋਂ ਵਧੇਰੇ।

ਭਲਾ ਚੋਰ ਨੇ ਚਾਨਣੀ ਰਾਤ ਤੋਂ ਕੀ ਲੈਣਾ? ਉਸ ਨੂੰ ਤਾਂ ਰਾਸ ਹੈ ਕਾਲੀ ਬੋਲੀ ਰਾਤ। ਕਿਸੇ ਵੀ ਕੰਮ ਦੀ ਉਪਯੋਗਤਾ ਮਨੁੱਖੀ ਦ੍ਰਿਸ਼ਟੀ ਅਤੇ ਰੁਚੀ 'ਤੇ ਆਧਾਰਤ। ਇਸ ਲਈ ਪੈਸੇ ਦਾ ਲੈਣ-ਦੇਣ ਕਰਨ ਵਾਲੇ ਦਾ, ਪੈਸੇ ਦੀ ਦੇਖ-ਭਾਲ ਕਰਨ ਵਾਲੇ ਦਾ, ਪੈਸੇ 'ਚ ਹਰ ਵੇਲੇ ਖੇਡਣ ਵਾਲੇ ਦਾ, ਧਨ-ਦੌਲਤ ਲਈ ਮੋਹ ਅਤੇ ਮਹੱਤਵ ਵਧ ਜਾਣਾ ਸੁਭਾਵਿਕ ਏ। ਇਸ ਤਰ੍ਹਾਂ ਭਗਤ ਦਾ ਭਗਤੀ ਲਈ, ਸ਼ਕਤੀ ਵਾਲੇ ਦਾ ਸ਼ਕਤੀ ਲਈ, ਗਿਆਨੀ ਦਾ ਗਿਆਨ ਲਈ, ਕਾਮੀ ਦਾ ਕਾਮ ਲਈ, ਲੋਭੀ ਦਾ ਲੋਭ ਲਈ ਅਤੇ ਸਵਾਰਥੀ ਦਾ ਸਵਾਰਥ ਲਈ ਮੋਹ ਵਧ ਜਾਣਾ ਕੋਈ ਅਨਹੋਣੀ ਗੱਲ ਨਹੀਂ। ਪ੍ਰਵਿਰਤੀ ਆਪਣੀ ਇੱਛਾ ਦੀ ਪੂਰਤੀ ਲਈ ਮਨੁੱਖ ਨੂੰ ਲਿਆਉਂਦੀ ਏ ਹਰਕਤ 'ਚ। ਧਨ-ਸੰਪਤੀ, ਮਨੁੱਖੀ ਜੀਵਨ 'ਚ 'ਹਰ ਮਿਸਾਲੇ ਪਿਪਲਾ ਮੂਲ' ਦੀ ਤਰ੍ਹਾਂ। ਮਨੁੱਖ ਆਪਣੇ ਚੁਫੇਰੇ ਵੇਖਦਾ ਏ ਇਸ ਦੇ ਮਹੱਤਵ ਦਾ ਕਮਾਲ। ਹਰ ਖੇਤਰ 'ਚ ਇਸ ਦੀਆਂ ਮੌਜਾਂ ਬੇਜੋੜ। ਇਹ ਹਰ ਮਰਜ਼ ਦੀ ਦਵਾ ਅਤੇ ਹਰ ਸਮੱਸਿਆ ਦਾ ਸਮਾਧਾਨ ਇਸ ਦੇ ਪਾਸ।

ਇਹ ਹਰ ਤਾਲੇ ਦੀ ਚਾਬੀ ਅਤੇ ਹਰ ਗੁੱਥੀ ਸੁਲਝਾਉਂਦੀ। ਹਰ ਦਰ, ਹਰ ਘਰ, ਹਰ ਵਰਗ ਅਤੇ ਹਰ ਸਮਾਜ ਇਸ ਦੇ ਉਪਕਾਰਾਂ ਦਾ ਰਿਣੀ। ਇਹ ਹਰ ਕੁਕਰਮ, ਕੱਜਦੀ, ਪਾਪ ਢੱਕਦੀ, ਵਿਗੜੀ ਬਣਾਉਂਦੀ, ਹਰ ਤਰ੍ਹਾਂ ਦੀ ਰਣਨੀਤੀ ਚਲਾਉਂਦੀ, ਭਾਈਚਾਰੇ 'ਚ ਚੌਧਰ ਬਣਾਉਂਦੀ ਅਤੇ ਵਜਾਉਂਦੀ ਏ, ਆਪਣੀ ਫਤਹਿ ਦੇ ਡੰਕੇ। ਇਹ ਅੱਜ ਪੀਰਾਂ ਦੀ ਪੀਰ, ਇਸ ਲਈ ਹਰ ਕੋਈ ਇਸ ਦਾ ਮੁਰੀਦ। ਇਸ ਦੀ ਚਮਕ-ਦਮਕ ਵੇਖ ਕੇ ਹਰ ਇਕ ਦੀਆਂ ਅੱਖੀਆਂ ਜਾਂਦੀਆਂ ਨੇ ਚੁੰਧਿਆ ਅਤੇ ਉਹ ਇਸ ਦੇ ਕਰਿਸ਼ਮੇ ਤੋਂ ਇੰਨਾ ਹੁੰਦਾ ਏ ਪ੍ਰਭਾਵਿਤ ਕਿ ਇਸ ਨੂੰ ਤੋਲਣ ਲੱਗ ਪੈਂਦਾ ਏ ਫੁੱਲਾਂ ਦੇ ਨਾਲ। ਹੁਸਨ ਦਾ ਵੀ ਏ ਆਪਣਾ ਜਲਵਾ ਅਤੇ ਜਲਾਲ। ਕੌਣ ਝੱਲੇ ਇਸ ਦੀ ਤਾਬ? ਕਾਤਿਲ ਅਦਾ ਨਿਰੀ ਮਿੱਠੀ ਛੁਰੀ। ਨਾਜ਼ਕ ਕਲਾਈ ਦੀ ਪਕੜ ਇਕ ਮਜ਼ਬੂਤ ਜ਼ੰਜੀਰ ਦੀ ਜਕੜ। ਪੇਚਦਾਰ ਜ਼ੁਲਫ ਵਲ ਖਾਂਦੀ ਨਾਗਿਨ ਸਮਝੋ। ਮ੍ਰਿਗ ਨੈਣੀ ਦਾ ਬਾਣ ਲਜਿਆ ਦਿੰਦਾ ਏ ਵੱਡੇ ਤੋਂ ਵੱਡੇ ਧਨੁਸ਼ਧਾਰੀ ਨੂੰ। ਮੋਰਨੀ ਜਿਹੀ ਤੋਰ ਵੇਖ ਕੇ ਹਰ ਇਕ ਦੀ ਹਿੱਕ 'ਤੇ ਸੱਪ ਲੇਟਦਾ। ਲੋਹੜੇ ਦਾ ਹੁਸਨ ਅੱਗ ਲਾਉਂਦਾ ਪੱਤਣਾਂ ਨੂੰ। ਲਾਂਬੂ ਲਾਉਂਦਾ ਇਸ਼ਕੀ ਪ੍ਰਵਾਨਿਆਂ ਦੇ ਦਿਲਾਂ ਨੂੰ। ਸਮਝੋ ਜਗਾਉਂਦਾ ਸੁੱਤੀ ਹੋਈ ਕਲਾ। ਹੁਸਨ ਦੀ ਮਲਕਾ ਵਿਚਾਰੀ ਆਪ ਇਸ ਦੀ ਉਤੇਜਨਾ ਤੋਂ ਬੇਜ਼ਾਰ। ਇਹ ਆਪਣੀ ਝਲਕ ਦੇਣ ਲਈ ਬੇਤਾਬ ਅਤੇ ਬੇਜ਼ਾਬਤਾ। ਇਹ ਅਨੂਠਾ ਅਤੇ ਮਨਮੋਹਕ ਤੋਹਫਾ ਬਸ ਕੁਦਰਤ ਦੀ ਦੇਣ। ਜੇ ਕੁਦਰਤ ਪੱਖ ਪੂਰੇ ਫਿਰ ਬੰਦਾ ਕਿਉਂ ਝੂਰੇ। ਵੇਖਣ ਵਾਲਿਆਂ ਦੀ ਨਜ਼ਰ ਅਜਿਹੇ ਹੁਸਨ ਦੀ ਦਾਦ ਲਈ ਉਤਾਵਲੀ। ਮਰਮਰੀ ਜਿਸਮ ਵੀ ਅਜੂਬਾ ਹੀ ਸਮਝੋ। ਬੱਸ ਹੁਸਨ ਦਾ ਸਰੂਰ ਹੀ ਪੈਦਾ ਕਰਦਾ ਏ ਅਹੰਕਾਰ ਦਾ ਫਤੂਰ। ਹੁਸਨ ਕੀ ਕਰੇ? ਜਵਾਨੀ ਮਸਤਾਨੀ ਅਤੇ ਅਲਬੇਲੀ। ਇਹ ਚੰਚਲ, ਬੇਲਗਾਮ ਅਤੇ ਅੱਥਰੀ। ਇਸ 'ਚ ਉਮੰਗਾਂ ਦਾ ਉਛਾਲ ਏ ਅਤੇ ਵਲਵਲਿਆਂ ਦਾ ਉਬਾਲ ਏ।

ਇਸ 'ਚ ਸੱਧਰਾਂ ਦਾ ਮਚਲਣ ਏ ਅਤੇ ਕਾਮਨਾਵਾਂ ਦੀ ਹੱਲਚਲ ਏ। ਗਿੱਧੇ ਅਤੇ ਭੰਗੜੇ ਹਨ ਇਸ ਦਾ ਸ਼ਿੰਗਾਰ। ਇਹ ਵਾਸ਼ਨਾਈ ਲਾਂਬੂ ਦੇ ਸੇਕ ਨਾਲ ਤੱਪਦੀ। ਇਸ ਦਾ ਹਰ ਅੰਗ ਬਰਕਦਾ ਅਤੇ ਫਰਕਦਾ। ਇਸ ਨੂੰ ਜੱਫੀ 'ਚ ਲੈਣ ਲਈ ਹਰ ਇਕ ਦਾ ਕਲਾਵਾ ਮੋਕਲਾ। ਇਸ ਦੇ ਨੈਣ ਨਿਰੇ ਮਸਤੀ ਭਰੇ ਪਿਆਲੇ। ਸ਼ੀਂਹ ਦੀ ਤਰ੍ਹਾਂ ਗੱਜਦੀ ਅਤੇ ਬੁੱਕਦੀ। ਸੁਭਾਅ ਪੱਖੋਂ, ਬਲ ਹੁੰਦਾ ਏ ਅੰਨ੍ਹਾ। ਇਸ ਨਾਲ ਇਸ ਦੀ ਸੁਰ ਰਲਦੀ ਅਤੇ ਆੜੀ ਪੱਕੀ। ਜੇ ਕਦੇ ਹੁਸਨ ਵੀ ਲਾ ਦੇ ਇਸ ਨੂੰ ਚੁਆਤੀ, ਫਿਰ ਸ਼ਾਂਤ ਸਾਗਰਾਂ 'ਚੋਂ ਵੀ ਫੁੱਟਣ ਲੱਗ ਪੈਂਦੇ ਨੇ ਜਵਾਲਾਮੁਖੀ। ਬਲ ਅਤੇ ਹੁਸਨ ਆਪੋ-ਆਪਣੇ ਨਸ਼ੇ ਦੀ ਪੁੱਠ ਚਾੜ੍ਹ ਕੇ, ਪਹਿਲਾਂ ਹੀ ਨਸ਼ੇ 'ਚ ਚੂਰ ਜਵਾਨੀ ਨੂੰ, ਲੈ ਆਉਂਦੇ ਹਨ ਇਕ ਅਦਭੁਤ ਪ੍ਰਕਾਰ ਦੀ ਘੂਕੀ 'ਚ। ਇਹ ਘੂਕੀ ਜੇ ਹਉਮੈ ਦੀ। ਅਜਿਹਾ ਨਸ਼ਾ ਉਤਾਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ।

*ਅਹੰਕਾਰ ਦਾ ਦੂਜਾ ਨਾਂ, ਮਨੁੱਖ ਦੀ ਕਮਅਕਲੀ ਜਾਂ ਮੂਰਖਤਾ ਦਾ ਭੂਤ ਕੇ ਪਵਾੜਾ ਪਾਉਣਾ ਏ। ਅਹੰਕਾਰ ਆਪਣੇ ਅਸਤਰ ਸ਼ਸਤਰ ਵਰਤ ਕੇ, ਮਨੁੱਖ ਨੂੰ ਵਿਖਾਉਂਦਾ ਏ ਉਚੀਆਂ ਪ੍ਰਾਪਤੀਆਂ ਦੇ ਆਦਰਸ਼। ਬਾਣੀ ਦਾ ਫਰਮਾਨ ਏ, 'ਹਉਮੈ ਦੀਰਘ ਰੋਗ ਹੈ'। ਸੱਚਮੁੱਚ ਇਹ ਰੋਗ ਖਤਰਨਾਕ, ਅਵੱਲਾ ਅਤੇ ਲਾਇਲਾਜ। ਇਸ ਤੋਂ ਪੀੜਤ ਰੋਗੀ ਅਨੁਭਵ ਤਾਂ ਕਰਦਾ ਏ ਸੁਖਾਵਾਂ ਨਸ਼ਾ ਪਰ ਉਹ ਇਸ ਦੇ ਅੰਜਾਮ ਤੋਂ ਬੇਖਬਰ। ਇਸ ਤੋਂ ਪਿੱਛਾ ਛੁਡਾਉਣਾ ਅਲੂਣੀ ਸਿੱਲ ਚੱਟਣ ਦੇ ਸਮਾਨ। ਚੰਗੀ ਗੱਲ ਏ ਜੇ ਮਨੁੱਖ ਇਸ ਤੋਂ ਬਚਣ ਲਈ, ਇਸ ਦੇ ਲੱਛਣ ਵੇਖ ਕੇ ਹੀ ਰਹਿਣੀ-ਬਹਿਣੀ 'ਚ ਹੋ ਜਾਏ ਸੁਚੇਤ।*

ਚੋਰ ਲਈ ਚੋਰੀ ਇਕ ਸੁਭਾਵਿਕ ਕਿਰਿਆ ਏ। ਉਸ ਨੇ ਤਾਂ ਘਰ ਅੰਦਰ ਘੁਸ ਕੇ ਮਾਲ-ਮੱਤਾ ਸਾਂਭਣਾ ਹੋਇਆ। ਬੂਹੇ-ਬਾਰੀਆਂ ਰਾਹੀਂ ਆਵੇ ਜਾਂ ਬੰਨੇ-ਬਨੇਰੇ ਟੱਪ ਕੇ ਆਵੇ। ਚੌਕਸ ਤਾਂ ਘਰ ਦੇ ਮਾਲਕ ਨੂੰ ਰਹਿਣਾ ਪੈਂਦਾ ਏ। ਜੇ ਚੋਰ ਆਉਣ 'ਤੇ ਘਰ ਦਾ ਮਾਲਕ ਜਾਗ ਪਵੇ, ਚੋਰ ਬਾਰੇ ਸੁਚੇਤ ਹੋ ਜਾਵੇ, ਕੀ ਫਿਰ ਵੀ ਉਹ ਘੇਸ ਵੱਟੀ ਰੱਖੇਗਾ, ਤਮਾਸ਼ਬੀਨ ਬਣਿਆ ਰਹੇਗਾ, ਅੱਖਾਂ ਮੀਟੀ ਰੱਖੇਗਾ ਅਤੇ ਰੌਲਾ ਨਹੀਂ ਪਾਏਗਾ? ਜੇ ਚੋਰ ਉਸ ਦੇ ਸਾਹਮਣੇ ਉਸ ਦੀ ਧਨ-ਸੰਪਤੀ ਲੁੱਟੀ ਜਾਵੇ, ਇਕੱਠੀ ਕਰੀ ਜਾਵੇ, ਪੰਡ ਬੰਨ੍ਹ ਕੇ ਸਿਰ 'ਤੇ ਧਰ ਲਵੇ ਅਤੇ ਰਫੂ-ਚੱਕਰ ਹੋਣ ਲੱਗੇ, ਕੀ ਫਿਰ ਵੀ ਉਹ ਮਿੱਟੀ ਦਾ ਬਾਵਾ ਬਣ ਕੇ, ਹੱਥਾਂ 'ਤੇ ਹੱਥ ਧਰ ਕੇ, ਆਪਣਾ ਭੁੱਗਾ ਚੋੜ ਹੁੰਦਾ ਵੇਖੀ ਜਾਏਗਾ? ਫਿੱਟਕਾਰ ਏ ਅਜਿਹੇ ਮਾਲਕ 'ਤੇ, ਜੋ ਆਪਣੀ ਧਨ-ਸੰਪਤੀ ਬਚਾਉਣ ਲਈ ਕੋਈ ਉਪਰਾਲਾ ਨਹੀਂ ਕਰਦਾ। ਇਹ ਤਾਂ ਕਾਇਰਤਾ ਦੀ ਮੌਤ ਮਰਨ ਦੇ ਸਮਾਨ ਏ।

ਚੋਰ ਦੀ ਤਰ੍ਹਾਂ ਅਹੰਕਾਰ ਦੀ ਫੇਰੀ ਵੀ ਸੁਭਾਵਿਕ। ਮਨੁੱਖ ਦੇ ਆਦਰਸ਼ਕ ਗੁਣਾਂ ਦੀ ਲੁੱਟਮਾਰ ਕਰਕੇ, ਨੈਤਿਕ ਪੱਖੋਂ ਹੂੰਝਾ ਫੇਰ ਜਾਣਾ ਉਸ ਦਾ ਸਭ ਤੋਂ ਵੱਡਾ ਫਰਜ਼। ਅਹੰਕਾਰ ਹਰ ਪਲ ਮਨੁੱਖ ਦੇ ਮਨ 'ਚ ਘੁਸਣ ਦੇ ਮੌਕੇ ਦੀ ਤਲਾਸ਼ 'ਚ। ਇਹ ਜਾਨ ਦੀ ਬਾਜ਼ੀ ਲਾ ਕੇ ਵੀ, ਮਨੁੱਖ ਦੇ ਮਨ ਰੂਪੀ ਬੰਨੇ-ਬਨੇਰੇ ਭੰਨ ਤੋੜ ਕੇ ਵੀ, ਘੁਸ ਆਉਂਦਾ ਏ ਮਨੁੱਖੀ ਮਨ-ਮੰਦਰ 'ਚ। ਇਹ ਚੋਰ ਏ ਬੜਾ ਨਿਧੜਕ ਅਤੇ ਨਿਡਰ। ਇਸ ਨੂੰ ਡਾਕੂ ਹੀ ਸਮਝੋ। ਇਹ ਤਾਂ ਸਗੋਂ ਪੈਰ ਪਸਾਰ ਕੇ ਲਾਉਣਾ ਚਾਹੁੰਦਾ ਏ ਪੱਕੇ ਡੇਰੇ। ਪਾਉਣਾ ਚਾਹੁੰਦਾ ਏ ਪੱਕੀ ਛਾਉਣੀ। ਇਹ ਤਾਂ ਸਗੋਂ ਲੁੱਟਣਾ ਚਾਹੁੰਦਾ ਏ ਮਨੁੱਖ ਦੀ ਨਿੱਤ ਨਵੀਂ ਪੂੰਜੀ। ਮਨੁੱਖ ਦੇ ਦਿਲ ਅਤੇ ਦਿਮਾਗ 'ਤੇ ਜਾਦੂ ਜਿਹਾ ਪ੍ਰਭਾਵ ਪਾ ਕੇ, ਪਾਉਣਾ ਚਾਹੁੰਦਾ ਏ ਉਸ 'ਤੇ ਡੋਰੇ। ਪਰ ਮਨੁੱਖ ਏ ਸਰਬ-ਸ੍ਰੇਸ਼ਠ ਪ੍ਰਾਣੀ। ਇਸ ਪਾਸ ਦਿਮਾਗ ਜਿਹਾ ਏ ਵਧੀਆ ਉਪਕਰਨ। ਜੋ ਸੰਸਾਰ ਦਾ ਸਭ ਤੋਂ ਵੱਡਾ ਜੱਜ। ਭਲਾ-ਬੁਰਾ ਜਾਣਨ 'ਚ ਨਿਪੁੰਨ ਵੀ ਅਤੇ ਸਮਰੱਥ ਵੀ। ਇਸ ਨੂੰ ਪਤਾ ਲੱਗ ਜਾਂਦਾ ਏ ਲੁਟੇਰੇ ਦੇ ਘੁਸਣ ਦਾ। ਗਿਆਨ ਹੋ ਜਾਂਦਾ ਏ ਉਸ ਦੇ ਉਦੇਸ਼ ਦਾ ਵੀ। ਭਲੀ-ਭਾਂਤੀ ਜਾਣ ਜਾਂਦਾ ਏ ਕਿ ਇਹ ਮੇਰੀ ਦੀਨ, ਧਰਮ, ਈਮਾਨ ਅਤੇ ਨਿਮਰਤਾ ਜਿਹੀ ਅਨਮੋਲ ਪੂੰਜੀ ਨੂੰ ਲੈ ਜਾਏਗਾ। ਲੁੱਟ ਕੇ ਅਤੇ ਨੈਤਿਕਤਾ ਪੱਖੋਂ ਮੈਨੂੰ ਕਰ ਦਏਗਾ ਕੰਗਾਲ। ਜੇ ਫਿਰ ਵੀ ਮਨੁੱਖ ਉਸ ਨੂੰ ਕੱਢਣ ਦਾ ਨਾ ਕਰੇ ਯਤਨ ਅਤੇ ਅੱਖੀਂ ਵੇਖ ਕੇ ਮਹੁਰਾ ਖਾਂਦਾ ਜਾਏ ਤਾਂ ਅਜਿਹੇ ਮਨੁੱਖ ਨਾਲੋਂ ਨਾ ਕੋਈ ਹੋਰ ਵੱਡਾ ਕਾਇਰ ਅਤੇ ਨਾ ਹੀ ਕੋਈ ਹੋਰ ਵੱਡਾ ਬਦਬਖਤ। ਘਰ ਦੇ ਮਾਲਕ ਨੂੰ ਚਾਹੀਦਾ ਏ ਕਿ ਉਹ ਬਣੇ ਸਿਆਣਾ, ਸਾਹਸ ਤੋਂ ਲਵੇ ਕੰਮ ਅਤੇ ਵਿਖਾਏ ਦਲੇਰੀ ਅਤੇ ਨਿਡਰਤਾ। ਇਸ ਤੋਂ ਪਹਿਲਾਂ ਕਿ ਅਹੰਕਾਰ ਜਿਹਾ ਲੁਟੇਰਾ, ਕਰੇ ਕੋਈ ਫਤੂਰ ਪੈਦਾ, ਉਸ ਨੂੰ ਚਾਹੀਦਾ ਏ ਕਿ ਉਹ ਉਸ ਨੂੰ ਚੰਗੇ ਹੱਥ ਵਿਖਾਏ।

ਅਜਿਹਾ ਸਾਹਸੀ ਕਦਮ ਚੁੱਕਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਸਗੋਂ ਭੂਏ ਹੋਏ ਸ਼ੇਰ ਦੀ ਮੁੱਛ ਨੂੰ ਹੱਥ ਪਾਉਣ ਜਿਹਾ। ਕਿਉਂਕਿ ਅਹੰਕਾਰ ਨਿਰਾ ਅਫਲਾਤੂਨ। ਨਿਰੋਲ ਸ਼ੈਤਾਨੀ ਫਿਤਰਤ। ਮੱਕਾਰ ਅਤੇ ਅੱਯਾਰ ਪੁੱਜ ਕੇ। ਪੈਂਤੇਬਾਜ਼ ਅਤੇ ਫਿਤਨਾਗਰੀ 'ਚ ਬੇਜੋੜ। ਮਨੁੱਖ ਦੀ ਬੁੱਧੀ ਭ੍ਰਿਸ਼ਟ ਕਰਨੀ ਇਸ ਦਾ ਸਭ ਤੋਂ ਵੱਡਾ ਸੰਕਲਪ। ਅਹੰਕਾਰ ਦਾ ਦੂਜਾ ਨਾਂ, ਮਨੁੱਖ ਦੀ ਕਮਅਕਲੀ ਜਾਂ ਮੂਰਖਤਾ ਦਾ ਭੂਤ ਕੇ ਪਵਾੜਾ ਪਾਉਣਾ ਏ। ਅਹੰਕਾਰ ਆਪਣੇ ਅਸਤਰ ਸ਼ਸਤਰ ਵਰਤ ਕੇ, ਮਨੁੱਖ ਨੂੰ ਵਿਖਾਉਂਦਾ ਏ ਉਚੀਆਂ ਪ੍ਰਾਪਤੀਆਂ ਦੇ ਆਦਰਸ਼।

ਬਾਣੀ ਦਾ ਫਰਮਾਨ ਏ, 'ਹਉਮੈ ਦੀਰਘ ਰੋਗ ਹੈ'। ਸੱਚਮੁੱਚ ਇਹ ਰੋਗ ਖਤਰਨਾਕ, ਅਵੱਲਾ ਅਤੇ ਲਾਇਲਾਜ। ਇਸ ਤੋਂ ਪੀੜਤ ਰੋਗੀ ਅਨੁਭਵ ਤਾਂ ਕਰਦਾ ਏ ਸੁਖਾਵਾਂ ਨਸ਼ਾ ਪਰ ਉਹ ਇਸ ਦੇ ਅੰਜਾਮ ਤੋਂ ਬੇਖਬਰ। ਇਸ ਤੋਂ ਪਿੱਛਾ ਛੁਡਾਉਣਾ ਅਲੂਣੀ ਸਿੱਲ ਚੱਟਣ ਦੇ ਸਮਾਨ। ਚੰਗੀ ਗੱਲ ਏ ਜੇ ਮਨੁੱਖ ਇਸ ਤੋਂ ਬਚਣ ਲਈ, ਇਸ ਦੇ ਲੱਛਣ ਵੇਖ ਕੇ ਹੀ ਰਹਿਣੀ-ਬਹਿਣੀ 'ਚ ਹੋ ਜਾਏ ਸੁਚੇਤ। ਵੇਖੋ ਬਾਣੀ 'ਚ ਕਿਵੇਂ ਕੀਤੀ ਗਈ ਏ ਅਹੰਕਾਰ ਦੀ ਨਿਖੇਧੀ।

ਜੋ ਜਾਨੈ ਮੈਂ ਜੋਬਨ ਵੰਤ॥
ਸੋ ਹੋਵਤ ਬਿਸਟਾ ਕਾ ਜੰਤ॥
ਧਨ ਭੂਮਿ ਕਾ ਜੋ ਕਰੇ ਗੁਮਾਨੁ॥
ਸੋ ਮੂਰਖ ਅੰਧਾ ਅਗਿਆਨੁ॥
(ਸੁਖਮਨੀ ਸਾਹਿਬ)

## ਯਾਰੀ 'ਤੇ ਖਰਾ ਉਤਰਦਾ ਰਿਹੈ ਮਲਕੀਤ

(ਸਫਾ 25 ਦੀ ਬਾਕੀ)

ਮੈਂ ਉਹਦਾ ਹੱਥ ਘੁੱਟ ਕੇ ਕਿਹਾ, "ਨਹੀਂ ਇੰਦਾਂ ਨਹੀਂ ਸੀ, ਤੇ ਸੱਚ ਆਹ ਸੀ।" ਮਾਹਿਲਪੁਰ ਦੀ ਉਹ ਘਟਨਾ ਮੈਂ ਉਹਨੂੰ ਅੱਠ ਸਾਲ ਬਾਅਦ ਸੁਣਾਈ, ਤਾਂ ਉਹ ਉਲਰ ਕੇ ਕਹਿਣ ਲੱਗਾ, "ਫਿਰ ਤਾਂ ਬਚ ਗਏ... ਪਾ ਹੋਰ ਇਕ ਪੈਗ।" ਤੇ ਫਿਰ ਰੱਜ ਕੇ ਗੱਲਾਂ ਕਰਨ ਲੱਗਾ ਉਹ ਦਿਨ ਸੀ।

ਜਿੰਦਣ ਅਮਰੀਕਾ ਪਹਿਲੀ ਵਾਰ ਆਇਆ, ਮੈਂ ਦਸ ਦਿਨ ਇੰਗਲੈਂਡ ਰੁਕ ਕੇ ਆਇਆ। ਉਹ ਮੈਨੂੰ ਸੋਹੋ ਰੋਡ 'ਤੇ ਪੱਬ ਦੇ ਬਾਹਰ ਮਿਲਣ ਆਇਆ। ਮੇਰੇ ਹੱਥ ਉਤੇ ਪੰਜ ਸੌ ਧਰ ਕੇ ਕਹਿੰਦਾ, "ਆਹ 'ਅਜੀਤ' ਦੀ ਪੇਮੈਂਟ, ਤੇ ਆਹ ਸੌ ਪੌਂਡ ਤੇਰੇ ਲਈ ਅਮਰੀਕਾ ਵਾਸਤੇ। ਬਾਕੀ ਉਥੇ ਆਪਾਂ ਮਿਲਦੇ ਰਹਾਂਗੇ।" ਇਹਦੇ ਵਿਚੋਂ ਅੱਸੀ ਹਜ਼ਾਰ 'ਅਜੀਤ' ਵਿਚ ਪ੍ਰਕਾਸ਼ਤ ਇੰਗਲੈਂਡ ਦੇ ਸਪਲੀਮੈਂਟ ਵਿਚਲੇ ਇਸ਼ਤਿਹਾਰ ਦਾ ਸੀ।

ਹੁਣ ਅੱਠ ਸਾਲ ਹੋ ਗਏ ਨੇ, ਫੋਨ 'ਤੇ ਹੀ ਇਕ ਵਾਰ ਮਿਲਿਆ ਸੀ। ਕਦੋਂ ਅਮਰੀਕਾ ਆਉਂਦਾ, ਪਤਾ ਨੀਂ ਲਗਦਾ। ਇਕ ਗੱਲ ਉਹਦੇ ਨਾਲ ਜੁੜੀ ਮੈਨੂੰ ਹੋਰ ਵੀ ਯਾਦ ਰਹੇਗੀ ਕਿ 'ਤੁਤਕ ਤੁਤਕ' ਨਾਲ ਜਲੰਧਰ ਦੂਰਦਰਸ਼ਨ 'ਤੇ ਉਹਦੇ ਨਾਲ ਭੰਗੜਾ ਪਾਉਣ ਵਾਲਾ ਸਰਬਜੀਤ ਚੀਮਾ ਬਾਅਦ ਵਿਚ ਵਧੀਆ ਗਵੱਈਆ ਬਣ ਗਿਆ ਸੀ।

ਮਲਕੀਤ ਮੇਰਾ ਚਿੱਡ ਵਿਚਲਾ ਮਿੱਤਰ ਰਹੇਗਾ ਹੀ।

# ਫਿਲਮ ਕੰਪਨੀਆਂ ਅਤੇ ਦੂਜਾ ਸੰਸਾਰ ਯੁੱਧ

## ਆਵਾਜ਼ ਦੇ ਕਹਾਂ ਹੈ


3

ਸਿਨੇਮਾ ਤੇ ਸਮਾਜ ਦਾ ਬਿਰਤਾਂਤ



ਕੁਲਦੀਪ ਕੌਰ
ਫੋਨ: +91-98554-04330

ਦੂਜੇ ਸੰਸਾਰ ਯੁੱਧ ਦਾ ਭਾਰਤੀ ਫਿਲਮ ਸਨਅਤ ਉਤੇ ਗਹਿਰਾ ਅਸਰ ਪਿਆ। ਬ੍ਰਿਟਿਸ਼ ਹਕੂਮਤ ਨੇ ਫਿਲਮਾਂ ਲਈ ਵਰਤਿਆ ਜਾਂਦਾ ਕੱਚਾ ਮਾਲ ਦਰਾਮਦ ਕਰਨ ਉਤੇ ਪਾਬੰਦੀ ਲਾ ਦਿੱਤੀ। ਤਿੰਨ ਸਤੰਬਰ 1939 ਨੂੰ ਜਦੋਂ ਨਾਜ਼ੀ ਜਰਮਨੀ ਨੇ ਪੋਲੈਂਡ 'ਤੇ ਹਮਲਾ ਕੀਤਾ, ਬ੍ਰਿਟਿਸ਼ ਸਰਕਾਰ ਨੇ ਜਰਮਨੀ ਖਿਲਾਫ਼ ਯੁੱਧ ਦਾ ਐਲਾਨ ਕਰ ਦਿੱਤਾ ਅਤੇ ਇਸ ਐਲਾਨ ਵਿਚ ਭਾਰਤ ਨੂੰ ਵੀ ਸ਼ਾਮਿਲ ਕਰ ਲਿਆ। ਇੰਡੀਅਨ ਨੈਸ਼ਨਲ ਕਾਂਗਰਸ ਨੇ ਇਸ ਦਾ ਸਖ਼ਤ ਵਿਰੋਧ ਕੀਤਾ। ਕਾਂਗਰਸੀ ਨੇਤਾਵਾਂ ਨੇ ਭਾਵੇਂ ਵਧ ਰਹੇ ਫ਼ਾਸੀਵਾਦ ਅਤੇ ਨਾਜ਼ੀਵਾਦ ਤੋਂ ਖ਼ਤਰੇ ਵੀ ਨਿਸ਼ਾਨਦੇਹੀ ਕੀਤੀ, ਪਰ ਇਨ੍ਹਾਂ ਅਨੁਸਾਰ, "ਭਾਰਤ ਕਿਸੇ ਵੀ ਅਜਿਹੀ ਜੰਗ ਦਾ ਹਿੱਸਾ ਨਹੀਂ ਬਣ ਸਕਦਾ ਜਿਹੜੀ ਜਮਹੂਰੀ ਆਜ਼ਾਦੀ ਲਈ ਕਹੀ ਜਾ ਰਹੀ ਹੋਵੇ, ਜਦਕਿ ਇਹੀ ਆਜ਼ਾਦੀ ਤਾਂ ਇਸ ਤੋਂ ਖੋਹੀ ਗਈ ਹੈ।" ਕਾਂਗਰਸ ਦੇ ਰਸੂਖ ਕਾਰਨ ਫਿਲਮ ਸਨਅਤ ਦਾ ਅਗਾਂਹਵਧੂ ਤਬਕਾ ਜਿਸ ਵਿਚ ਕਈ ਫਿਲਮ ਲੇਖਕ, ਨਿਰਮਾਤਾ, ਵਿਤਰਕ ਅਤੇ ਅਦਾਕਾਰ ਸ਼ਾਮਿਲ ਸਨ, ਨੇ ਫਿਲਮਾਂ ਵਿਚ ਪੈਸਾ ਲਗਾਉਣਾ ਸ਼ੁਰੂ ਕਰ ਦਿੱਤਾ।




*ਇੰਪੀਰੀਅਲ ਕੰਪਨੀ ਦਾ ਵੱਡਾ ਯੋਗਦਾਨ ਪਹਿਲੀ ਸਵਾਕ ਫਿਲਮ 'ਆਲਮ ਆਰਾ' ਬਣਾਉਣਾ ਹੈ। ਕੰਪਨੀ ਨੇ ਫਿਲਮ ਦਾ ਨਿਰਮਾਣ ਹੈਰਾਨੀਜਨਕ ਢੰਗ ਨਾਲ ਇੰਨੇ ਘੱਟ ਸਮੇਂ ਵਿਚ ਕੀਤਾ ਕਿ ਮਦਨ ਥਿਏਟਰ ਦੀ ਤਿਆਰ ਹੋ ਚੁੱਕੀ ਪਹਿਲੀ ਸਵਾਕ ਫਿਲਮ 'ਸ਼ੀਰੀ ਫ਼ਰਿਹਾਦ' ਨੂੰ ਪਛਾੜ ਦਿੱਤਾ ਤੇ ਇਤਿਹਾਸ ਰਚਿਆ ਗਿਆ। ਫਿਲਮ ਵਿਚ ਮੁੱਖ ਭੂਮਿਕਾਵਾਂ ਮਾਸਟਰ ਬਿਠੂਲ ਤੇ ਜ਼ੁਬੈਦਾ ਨੇ ਨਿਭਾਈਆਂ ਸਨ। ਇਸ ਕੰਪਨੀ ਨੇ ਸਭ ਤੋਂ ਪਹਿਲਾਂ ਰਾਤ ਦੀ ਸ਼ੂਟਿੰਗ ਕਰਨ ਦਾ ਰਿਵਾਜ ਸ਼ੁਰੂ ਕੀਤਾ।*

ਅਸਲ ਵਿਚ 1940 ਤੋਂ ਹੀ ਭਾਰਤ ਵਿਚ ਸਨਅਤੀ ਖੇਤਰ ਵਿਚ ਨਿਵੇਸ਼ ਵਧਣਾ ਸ਼ੁਰੂ ਹੋ ਗਿਆ ਸੀ। ਬਹੁਤ ਸਾਰੀਆਂ ਭਾਰਤੀ ਸਨਅਤਾਂ ਸੰਸਾਰ ਯੁੱਧ ਵਿਚ ਮੁਨਾਫ਼ਾ ਕਮਾਉਣ ਲਈ ਗੋਲਾ-ਬਾਰੂਦ ਅਤੇ ਹਥਿਆਰ ਆਦਿ ਬਣਾ ਰਹੀਆਂ ਸਨ। ਦੂਜੇ ਪਾਸੇ ਸੰਸਾਰ ਯੁੱਧ ਦੇ ਕਾਰਨ ਰੋਜ਼ਮੱਰ੍ਹਾ ਦੀਆਂ ਖਾਣ-ਪੀਣ ਦੀਆਂ ਵਸਤਾਂ ਤੋਂ ਲੈ ਕੇ ਸਟੀਲ, ਸੀਮਿੰਟ, ਅਤੇ ਕਪਾਹ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਸਨ। ਇਸ ਸਾਰੀ ਆਰਥਿਕ ਅਸਥਿਰਤਾ ਤੋਂ ਬਲੈਕੀਆਂ ਅਤੇ ਜਮ੍ਹਾਂਖੋਰਾਂ ਨੇ ਮਣਾਂ-ਮੂੰਹੀਂ ਪੈਸਾ ਕਮਾਇਆ। ਇਹ 'ਕਾਲਾ ਪੈਸਾ' ਦਿਨ-ਬ-ਦਿਨ ਸ਼ੋਹਰਤ ਕਮਾ ਰਹੀ ਫਿਲਮ ਸਨਅਤ ਵਿਚ ਲੱਗਣਾ ਸ਼ੁਰੂ ਹੋਇਆ। ਇਸ ਨਾਲ ਜਿੱਥੇ ਇਹ 'ਕਾਲਾ ਪੈਸਾ' ਚਿੱਟੇ ਵਿਚ ਵਟਣਾ ਸ਼ੁਰੂ ਹੋਇਆ, ਉਥੇ ਟੈਕਸਾਂ ਦੀ ਬੱਚਤ ਵੀ ਕੀਤੀ ਗਈ। ਸਾਗਰ ਮੂਵੀਟੋਨ ਦੇ ਇਕ ਨਿਰਮਾਤਾ ਦੁਆਰਾ ਪ੍ਰਸਿੱਧ ਫਿਲਮੀ ਪਰਚੇ 'ਫਿਲਮਫੇਅਰ' ਨੂੰ ਦਿੱਤੀ ਇੰਟਰਵਿਊ ਅਨੁਸਾਰ, "ਇਸ ਸੰਸਾਰ ਯੁੱਧ ਤੋਂ ਬਾਅਦ ਫਿਲਮੀ ਸਿਤਾਰਿਆਂ ਨੇ ਅਚਾਨਕ ਹੀ ਆਪਣੀ ਕੀਮਤ ਦੁੱਗਣੀ-ਤਿੱਗਣੀ ਕਰ ਦਿੱਤੀ। ਉਨ੍ਹਾਂ ਨੇ ਪਹਿਲਾਂ ਵਾਂਗ ਕਿਸੇ ਇਕ ਕੰਪਨੀ ਨਾਲ ਬੱਝ ਕੇ ਕੰਮ ਕਰਨ ਦੀ ਰਵਾਇਤ ਤੋਂ ਪਾਸਾ ਵੱਟ ਲਿਆ। ਇਨ੍ਹਾਂ ਹਾਲਾਤ ਵਿਚ ਸਾਡੇ ਕੋਲ ਕੰਪਨੀ ਨੂੰ ਬੰਦ ਕਰਨ ਤੋਂ ਬਿਨਾਂ ਕੋਈ ਚਾਰਾ ਨਾ ਬਚਿਆ।"

ਇਸ ਮਾਹੌਲ ਵਿਚ ਕਈ ਨਿਰਮਾਤਾਵਾਂ ਨੇ ਯੁੱਧ ਨਾਲ ਸਬੰਧਤ ਫਿਲਮਾਂ ਦਾ ਨਿਰਮਾਣ ਕਰਨਾ ਸ਼ੁਰੂ ਕੀਤਾ। ਬੰਬੇ ਟਾਕੀਜ਼ ਨੇ ਪ੍ਰਸਿੱਧ ਅਦਾਕਾਰਾ ਦੇਵਿਕਾ ਰਾਣੀ ਦੀ ਸਲਾਹ 'ਤੇ ਫਿਲਮ 'ਚਾਰ ਆਂਖੇ' ਬਣਾਈ। ਇਹ ਫਿਲਮ ਯੁੱਧ ਦੇ ਖੇਤਰ ਵਿਚ ਨਰਸਾਂ ਦੁਆਰਾ ਰੋਗੀਆਂ ਦੀ ਸੰਭਾਲ 'ਤੇ ਆਧਾਰਿਤ ਸੀ। ਫਿਲਮ ਬੁਰੀ ਤਰ੍ਹਾਂ ਪਿਟ ਗਈ। ਪ੍ਰਭਾਤ ਅਤੇ ਬੰਬੇ ਟਾਕੀਜ਼ ਲਈ ਲਿਖਦੇ ਇਕ ਸਕਰੀਨ ਪਲੇਅ ਲੇਖਕ ਨੇ 'ਇੰਡੀਅਨ ਟਾਕੀਜ਼' ਵਿਚ ਛਪੇ ਇੰਟਰਵਿਊ ਵਿਚ ਕਿਹਾ, "ਜਿਉਂ ਜਿਉਂ ਸਨਅਤ ਵਿਚ ਪੂੰਜੀ ਨਿਵੇਸ਼ ਵਧਦਾ ਗਿਆ, ਖੁੰਬਾਂ ਵਾਂਗ ਰਾਤੋ-ਰਾਤ ਨਿਰਮਾਤਾ ਪੈਦਾ ਹੋ ਗਏ। ਇਸ ਨਾਲ ਸਭ ਤੋਂ ਵੱਧ ਧੱਕਾ ਫਿਲਮੀ ਲੇਖਕਾਂ ਨੂੰ ਲੱਗਿਆ। ਨਿਰਮਾਤਾ ਰਾਤੋ-ਰਾਤ ਨਾਵਲਾਂ ਜਾਂ ਹਾਲੀਵੁੱਡ ਫਿਲਮਾਂ ਦੇ ਪਲਾਟ ਚੋਰੀ ਕਰ ਕੇ ਕਹਾਣੀਆਂ ਲਿਖਣ ਲੱਗੇ। ਦੂਜੇ ਸੰਸਾਰ ਯੁੱਧ ਤੋਂ ਬਾਅਦ ਮੌਲਿਕ ਕਹਾਣੀ ਦੇ ਯੁੱਗ ਦਾ ਜਿਵੇਂ ਅੰਤ ਹੀ ਹੋ ਗਿਆ।" ਦੂਜੇ ਪਾਸੇ ਜਿਸ ਵੀ ਅਦਾਕਾਰ ਜਾਂ ਅਦਾਕਾਰਾ ਦੀ ਇਕ-ਅੱਧੀ ਫਿਲਮ ਹਿੱਟ ਹੋ ਜਾਂਦੀ, ਉਸ ਬਾਰੇ ਤਰ੍ਹਾਂ ਤਰ੍ਹਾਂ ਦੀਆਂ ਕਹਾਣੀਆਂ/ਅਫ਼ਵਾਹਾਂ ਫ਼ੈਲ ਜਾਂਦੀਆਂ ਕਿ ਉਸ ਨੇ ਆਪਣੀ ਤਨਖ਼ਾਹ ਦਾ 75% 'ਕਾਲਾ' ਅਤੇ 25% 'ਚਿੱਟੇ' ਵਿਚ ਲਿਆ ਹੈ।

ਫਿਲਮ ਸਨਅਤ ਤੋਂ ਬਿਨਾਂ ਪੱਤਰਕਾਰੀ ਅਤੇ ਕਲਾਵਾਂ ਦੀਆਂ ਬਾਕੀ ਵੰਨਗੀਆਂ ਉਤੇ ਵੀ ਸੰਸਾਰ ਯੁੱਧ ਦਾ ਤਿੱਖਾ ਪ੍ਰਭਾਵ ਪਿਆ। ਮਸਲਨ, ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਤੋਂ ਡਿਗਰੀ ਲੈ ਕੇ ਨਿਕਲੇ ਖਵਾਜਾ ਅਹਿਮਦ ਅੱਬਾਸ ਨੇ ਜਦੋਂ 'ਬੰਬੇ ਕਰੌਨੀਕਲ' ਅਖ਼ਬਾਰ ਵਿਚ ਨੌਕਰੀ ਸ਼ੁਰੂ ਕੀਤੀ, ਉਨ੍ਹਾਂ ਨੇ ਨਾਲੋ-ਨਾਲ ਬੰਬੇ ਟਾਕੀਜ਼ ਵਿਚ ਵੀ ਸਹਾਇਕ ਨਿਰਦੇਸ਼ਕ ਵਜੋਂ ਕੰਮ ਕੀਤਾ। ਅਖ਼ਬਾਰ ਲਈ ਉਨ੍ਹਾਂ ਫਿਲਮਾਂ ਦੀ ਸਮੀਖਿਆ ਲਿਖਣੀ ਸ਼ੁਰੂ ਕੀਤੀ। ਇਸ ਸਮੀਖਿਆ ਨੇ ਰਾਤੋ-ਰਾਤ ਅੱਬਾਸ ਦੇ ਕਈ ਦੁਸ਼ਮਣ ਪੈਦਾ ਕਰ ਦਿੱਤੇ। ਤਿੱਖੀਆਂ ਦਲੀਲਾਂ, ਤਨਜ਼ ਤੇ ਡਰਾਵਿਆਂ ਦਾ ਦੌਰ ਚੱਲਿਆ। ਇਸ ਕਸ਼ਮਕਸ਼ ਵਿਚੋਂ ਨਿਕਲਣ ਤੋਂ ਬਾਅਦ ਅਤੇ ਇਸੇ ਨੂੰ ਆਧਾਰ ਬਣਾ ਕੇ ਖਵਾਜਾ ਅਹਿਮਦ ਅੱਬਾਸ ਨੇ 1941 ਵਿਚ ਬੰਬੇ ਟਾਕੀਜ਼ ਦੇ ਬੈਨਰ ਹੇਠ 'ਨਯਾ ਸੰਸਾਰ' ਫਿਲਮ ਬਣਾਈ। 1941 ਵਿਚ ਹੀ ਹਿੰਦੀ ਦੇ ਪ੍ਰਸਿੱਧ ਨਾਵਲਕਾਰ ਭਗਵਤੀ ਚਰਨ ਵੋਹਰਾ ਦੇ ਨਾਵਲ 'ਤੇ ਆਧਾਰਿਤ ਫਿਲਮ ਬਣੀ 'ਚਿੱਤਰ ਲੇਖਾ' ਜਿਸ ਵਿਚ ਸੰਸਾਰ ਯੁੱਧ ਵਿਚੋਂ ਕਮਾਇਆ ਮੁਨਾਫ਼ਾ ਸਾਫ਼ ਝਲਕਦਾ ਹੈ।

1942 ਤੱਕ ਭਾਰਤ ਵਿਚ ਆਜ਼ਾਦੀ ਦਾ ਘੋਲ ਸਿਖਰ 'ਤੇ ਪਹੁੰਚ ਚੁੱਕਾ ਸੀ। 'ਭਾਰਤ ਛੋੜੋ ਅੰਦੋਲਨ' ਨੇ ਦੇਸ਼ ਦੇ ਹਰ ਹਿੱਸੇ ਵਿਚ ਨੌਜਵਾਨਾਂ ਨੂੰ ਵੱਡੇ ਪੱਧਰ 'ਤੇ ਇਸ ਦਾ ਹਿੱਸਾ ਬਣਨ ਲਈ ਪ੍ਰੇਰਿਆ। ਅਸਲ ਵਿਚ 1930 ਤੋਂ 1945 ਤੱਕ ਭਾਰਤੀ ਸਿਨੇਮਾ ਦਾ ਸਫ਼ਰ ਵੱਖ ਵੱਖ ਫਿਲਮ ਕੰਪਨੀਆਂ ਦੇ ਸਫ਼ਰ ਵਿਚੋਂ ਪੜ੍ਹਿਆ ਜਾ ਸਕਦਾ ਹੈ। ਕੋਹਿਨੂਰ ਫਿਲਮ ਕੰਪਨੀ, ਮੂਕ ਫਿਲਮਾਂ ਦੇ ਦੌਰ ਵਿਚ ਡੀ.ਐਨ. ਸੰਪਤ ਅਤੇ ਮਾਣਿਕ ਲਾਲ ਪਟੇਲ ਨੇ ਬਣਾਈ। ਕੰਪਨੀ ਦੇ ਸਟੂਡੀਓ ਅਤਿ-ਆਧੁਨਿਕ ਤਕਨੀਕੀ ਸਾਜ਼ੋ-ਸਮਾਨ ਨਾਲ ਲੈਸ ਸਨ। ਡੀ.ਐਨ. ਸੰਪਤ, ਗਾਂਧੀ ਦੀ ਵਿਚਾਰਧਾਰਾ ਤੋਂ ਪ੍ਰੇਰਿਤ ਸਨ ਤੇ ਉਨ੍ਹਾਂ ਦੀ ਕੰਪਨੀ ਨੇ ਗਾਂਧੀ ਦੀ ਵਿਚਾਰਧਾਰਾ ਬਾਰੇ ਕਈ ਛੋਟੀਆਂ ਫਿਲਮਾਂ ਵੀ ਬਣਾਈਆਂ। ਇਸੇ ਕੰਪਨੀ ਨੇ 1924 ਵਿਚ 'ਗੁਲੇ-ਬਕਾਵਲੀ' ਬਣਾਈ ਜਿਸ ਨੂੰ ਇਕ ਤਰ੍ਹਾਂ ਨਾਲ ਉਸ ਦੌਰ ਦੀ ਸੁਪਰ ਹਿੱਟ ਫਿਲਮ ਮੰਨਿਆ ਜਾ ਸਕਦਾ ਹੈ। ਇਸ ਫਿਲਮ ਕੰਪਨੀ ਨੇ ਭਾਰਤੀ ਸਿਨੇਮਾ ਵਿਚ ਹਾਲੀਵੁੱਡ ਦੇ ਸਟਾਈਲ 'ਤੇ ਫਿਲਮਾਂ ਬਣਾਉਣ ਦਾ ਰੁਝਾਨ ਸ਼ੁਰੂ ਕੀਤਾ। ਮੋਤੀ, ਜਮਨਾ, ਤਾਰਾ, ਖ਼ਾਲਿਦ, ਜ਼ੁਬੈਦਾ ਵਰਗੇ ਕਲਾਕਾਰਾਂ ਨੇ ਇਸ ਕੰਪਨੀ ਤੋਂ ਆਪਣਾ ਕੈਰੀਅਰ ਸ਼ੁਰੂ ਕੀਤਾ। ਕੰਪਨੀ ਨੂੰ ਅਸਲ ਪ੍ਰਸਿੱਧੀ ਅਦਾਕਾਰਾ ਸਲੋਚਨਾ (ਅਸਲ ਨਾਂ ਰੂਬੀ ਮਾਇਰਸ) ਦੀ ਸਫ਼ਲਤਾ ਨਾਲ ਮਿਲੀ ਜਿਸ ਨੂੰ ਕੰਪਨੀ ਨੇ 'ਵੀਰ ਬਾਲਾ' ਫਿਲਮ ਵਿਚ ਪੇਸ਼ ਕੀਤਾ। ਫਿਰ 1932 ਵਿਚ ਇਹ ਕੰਪਨੀ ਅਚਾਨਕ ਬੰਦ ਹੋ ਗਈ।

ਕ੍ਰਿਸ਼ਨਾ ਫਿਲਮ ਕੰਪਨੀ ਦੀ ਸਥਾਪਨਾ ਮਾਣਿਕ ਲਾਲ ਪਟੇਲ ਨੇ ਕੀਤੀ। ਉਹ ਪਹਿਲਾਂ ਕੋਹਿਨੂਰ ਕੰਪਨੀ ਵਿਚ ਡੀ.ਐਨ. ਸੰਪਤ ਨਾਲ ਭਾਈਵਾਲ ਸੀ। ਇਸ ਕੰਪਨੀ ਦੀ ਪ੍ਰਸਿੱਧੀ ਫਿਲਮ 'ਹਾਤਮਤਾਈ' ਤੋਂ ਹੋਈ। ਫਿਲਮ ਨਾਲ ਜੁੜੇ ਮਾਣਿਕ ਲਾਲ ਪਟੇਲ ਜੋ ਉਸ ਸਮੇਂ ਦੇ ਪ੍ਰਸਿੱਧ ਸਾਹਿਤਕਾਰ ਵੀ ਸਨ, ਦੁਆਰਾ ਲਿਖੀ ਫਿਲਮ 'ਜ਼ੰਜੀਰੇ-ਝਨਕਾਰ' ਉਤੇ ਬ੍ਰਿਟਿਸ਼ ਸਰਕਾਰ ਨੇ ਪਾਬੰਦੀ ਲਾ ਦਿੱਤੀ। ਫਿਲਮ ਉਤੇ ਮਹਾਤਮਾ ਗਾਂਧੀ ਦਾ ਅਸਰ ਸਾਫ ਪੜ੍ਹਿਆ ਜਾ ਸਕਦਾ ਸੀ। ਇਹ ਕੰਪਨੀ ਵੀ 1935 ਵਿਚ ਬੰਦ ਹੋ ਗਈ।

ਇੰਪੀਰੀਅਲ ਫਿਲਮ ਕੰਪਨੀ ਦੀ ਸਥਾਪਨਾ ਅਰਦੇਸ਼ਰ ਇਰਾਨੀ ਨੇ ਕੀਤੀ ਸੀ। ਇਸ ਕੰਪਨੀ ਦਾ ਭਾਰਤ ਦੇ ਫਿਲਮ ਇਤਿਹਾਸ ਵਿਚ ਖ਼ਾਸ ਦਰਜਾ ਹੈ। ਇਸ ਫਿਲਮ ਕੰਪਨੀ ਦਾ ਯੋਗਦਾਨ ਇਸ ਤੱਥ ਤੋਂ ਵੀ ਵਾਚਿਆ ਜਾ ਸਕਦਾ ਹੈ ਕਿ ਜਦੋਂ ਧਾਰਮਿਕ ਫਿਲਮਾਂ ਬਣਾਉਣ ਦਾ ਦੌਰ ਚੱਲ ਰਿਹਾ ਸੀ, ਆਰ.ਐਸ. ਚੌਧਰੀ ਦੇ ਨਿਰਦੇਸ਼ਨ ਹੇਠ ਇਸ ਕੰਪਨੀ ਨੇ 1928 ਵਿਚ ਅਨਾਰਕਲੀ ਅਤੇ ਸਲੀਮ ਦੀ ਪ੍ਰੇਮ ਕਹਾਣੀ 'ਤੇ ਆਧਾਰਿਤ ਫਿਲਮ 'ਅਨਾਰਕਲੀ' ਬਣਾਈ। ਇਸੇ ਫਿਲਮ ਨੂੰ ਕੌਮਾਂਤਰੀ ਦਰਸ਼ਕ ਵਰਗ ਲਈ 'ਦਿ ਲਵ ਆਫ਼ ਏ ਮੁਗਲ ਪ੍ਰਿੰਸ' ਦੇ ਨਾਮ ਨਾਲ ਰਿਲੀਜ਼ ਕੀਤਾ ਗਿਆ।

ਇੰਪੀਰੀਅਲ ਫਿਲਮ ਕੰਪਨੀ ਦਾ ਵੱਡਾ ਯੋਗਦਾਨ ਭਾਰਤ ਦੀ ਪਹਿਲੀ ਸਵਾਕ ਫਿਲਮ 'ਆਲਮ ਆਰਾ' ਬਣਾਉਣਾ ਵੀ ਹੈ। ਕੰਪਨੀ ਨੇ ਫਿਲਮ ਦਾ ਨਿਰਮਾਣ ਬਹੁਤ ਹੈਰਾਨੀਜਨਕ ਢੰਗ ਨਾਲ ਇੰਨੇ ਘੱਟ ਸਮੇਂ ਵਿਚ ਕੀਤਾ ਕਿ ਇਸ ਫਿਲਮ ਨੇ ਮਦਨ ਥਿਏਟਰ ਦੀ ਤਿਆਰ ਹੋ ਚੁੱਕੀ ਪਹਿਲੀ ਸਵਾਕ ਫਿਲਮ 'ਸ਼ੀਰੀ ਫ਼ਰਿਹਾਦ' ਨੂੰ ਪਛਾੜ ਦਿੱਤਾ ਤੇ ਇਤਿਹਾਸ ਰਚਿਆ ਗਿਆ। 'ਆਲਮ ਆਰਾ' ਵਿਚ ਮੁੱਖ ਭੂਮਿਕਾਵਾਂ ਮਾਸਟਰ ਬਿਠੂਲ ਤੇ ਜ਼ੁਬੈਦਾ ਨੇ ਨਿਭਾਈਆਂ ਸਨ। ਫਿਲਮ ਇਕ ਪਾਰਸੀ ਨਾਟਕ 'ਤੇ ਆਧਾਰਿਤ ਸੀ। ਇਸ ਫਿਲਮ ਕੰਪਨੀ ਨੇ ਹੀ ਸਭ ਤੋਂ ਪਹਿਲਾਂ ਰਾਤ ਦੀ ਸ਼ੂਟਿੰਗ ਕਰਨ ਦਾ ਰਿਵਾਜ ਸ਼ੁਰੂ ਕੀਤਾ। ਕੰਪਨੀ ਨੇ ਆਪਣੇ ਆਪ ਨੂੰ ਸਿਰਫ਼ ਹਿੰਦੀ ਭਾਸ਼ਾ ਤੱਕ ਮਹਿਦੂਦ ਨਾ ਰੱਖਦਿਆਂ ਗੁਜਰਾਤੀ, ਤਮਿਲ, ਤੇਲਗੂ, ਪਸ਼ਤੋ ਅਤੇ ਉਰਦੂ ਵਿਚ ਵੀ ਕਈ ਫਿਲਮਾਂ ਦਾ ਨਿਰਮਾਣ ਕੀਤਾ। ਇਸ ਕੰਪਨੀ ਦੀ ਵੱਡਾ ਹਾਸਲ ਸੀ ਫਿਲਮ 'ਕਿਸਾਨ ਕੰਨਿਆ' ਜੋ ਭਾਰਤ ਵਿਚ ਬਣੀ ਪਹਿਲੀ ਰੰਗੀਨ ਫਿਲਮ ਸੀ। 'ਕਿਸਾਨ ਕੰਨਿਆ' ਸਆਦਤ ਹਸਨ ਮੰਟੋ ਦੇ ਨਾਵਲ 'ਤੇ ਆਧਾਰਿਤ ਸੀ ਤੇ ਗਰੀਬ ਕਿਸਾਨਾਂ ਦੇ ਹਾਲਾਤ ਦੀ ਬਾਤ ਪਾਉਂਦੀ ਸੀ।



*ਖ਼ੂਬਸੂਰਤ ਅਦਾਕਾਰਾ ਸਲੋਚਨਾ ਜਿਸ ਦੀ ਫਿਲਮ 'ਵੀਰ ਬਾਲਾ' ਦੀ ਸਫਲਤਾ ਨੇ ਕੋਹਿਨੂਰ ਕੰਪਨੀ ਨੂੰ ਹਿੱਟ ਕਰ ਦਿੱਤਾ।*

ਭਾਰਤੀ ਫਿਲਮ ਸਿਨੇਮਾ ਦੇ ਇਤਿਹਾਸ ਵਿਚ ਪ੍ਰਭਾਤ ਫਿਲਮ ਕੰਪਨੀ ਦਾ ਨਾਮ ਬੇਹੱਦ ਮਹੱਤਵਪੂਰਨ ਹੈ। ਇਸ ਕੰਪਨੀ ਨਾਲ ਸਮਾਜਕ ਕਥਾ-ਵਸਤੂ 'ਤੇ ਆਧਾਰਿਤ ਮਾਰਮਿਕ ਫਿਲਮਾਂ ਬਣਾਉਣ ਵਾਲੇ ਨਿਰਦੇਸ਼ਕ ਵੀ. ਸ਼ਾਂਤਾਰਾਮ ਦਾ ਨਾਮ ਵੀ ਜੁੜਿਆ ਹੋਇਆ ਹੈ। ਇਸ ਕੰਪਨੀ ਕੋਲ ਆਪਣੀ ਪ੍ਰਯੋਗਸ਼ਾਲਾ, ਸੰਪਾਦਕੀ ਅਮਲਾ ਅਤੇ ਆਵਾਜ਼ ਰਿਕਾਰਡ ਕਰਨ ਦਾ ਵਧੀਆ ਪ੍ਰਬੰਧ ਸੀ। 'ਅੰਮ੍ਰਿਤ ਮੰਥਨ' ਨਾਲ ਇਹ ਕੰਪਨੀ ਚਰਚਾ ਵਿਚ ਆਈ। 1934 ਵਿਚ ਬਣੀ 'ਅੰਮ੍ਰਿਤ ਮੰਥਨ' ਦੀ ਕਹਾਣੀ ਦੇਵਤਿਆਂ ਅਤੇ ਰਾਖ਼ਸ਼ਾਂ ਦੇ ਆਪਸੀ ਯੁੱਧ 'ਤੇ ਆਧਾਰਿਤ ਮਿਥਿਹਾਸਕ ਲੋਕ ਕਥਾ ਉਤੇ ਆਧਾਰਿਤ ਸੀ। ਫਿਲਮ ਵਿਚ ਸ੍ਰੀ ਚੰਦਰ ਮੋਹਨ, ਨਲਿਨੀ ਤਾਰਖੜੇ, ਸਾਂਤਾ ਆਪਟੇ ਨੇ ਮੁੱਖ ਭੂਮਿਕਾਵਾਂ ਨਿਭਾਈਆਂ ਸਨ। ਇਸ ਮਿਥਿਹਾਸਕ ਲੋਕ ਕਥਾ ਨੂੰ ਪ੍ਰੇਮ ਕਹਾਣੀ ਤੇ ਸਮਾਜ ਸੁਧਾਰਕ ਰਾਜੇ ਦੀ ਕਥਾ ਨਾਲ ਜੋੜ ਕੇ ਵੀ. ਸ਼ਾਂਤਾਰਾਮ ਨੇ ਧਰਮ ਦੇ ਨਾਮ 'ਤੇ ਦਿੱਤੀ ਜਾਂਦੀ ਜਾਨਵਰਾਂ ਦੀ ਬਲੀ ਦਾ ਜ਼ੋਰਦਾਰ ਵਿਰੋਧ ਕੀਤਾ। ਕੰਪਨੀ ਨੇ ਸਿਨੇਮਾ ਨੂੰ ਸਾਹਿਤ, ਨਾਟਕ ਅਤੇ ਸੰਗੀਤ ਦੀਆਂ ਪ੍ਰੰਪਰਾਵਾਂ ਨਾਲ ਵੀ ਜੋੜਨ ਦਾ ਯਤਨ ਕੀਤਾ। ਕੰਪਨੀ ਨੇ ਆਪਣੇ ਤੌਰ 'ਤੇ ਇਨ੍ਹਾਂ ਕਲਾਵਾਂ ਨਾਲ ਸਬੰਧਿਤ ਸਰਗਰਮੀਆਂ ਤੇ ਸਮਾਰੋਹ ਕਰਾਉਣ ਦੇ ਵਿਸ਼ੇਸ ਯਤਨ ਕੀਤੇ। ਇਸੇ ਕੰਪਨੀ ਦੇ ਬੈਨਰ ਥੱਲੇ 1937 ਵਿਚ ਫਿਲਮ 'ਸੰਤ ਤੁਕਾਰਾਮ' ਬਣੀ। ਕੰਪਨੀ ਲਈ ਫਿਲਮ ਦੀ ਪਟਕਥਾ, ਉਚ-ਮਿਆਰ, ਸਮਾਜਕ ਸੁਨੇਹੇ ਦੀ ਮੌਜੂਦਗੀ ਬੇਹੱਦ ਜ਼ਰੂਰੀ ਸੀ। ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ 'ਦੁਨੀਆ ਨਾ ਮਾਨੇ' ਫਿਲਮ ਜੋ ਇਸੇ ਕੰਪਨੀ ਨੇ ਤਿਆਰ ਕੀਤੀ ਸੀ, ਨੂੰ ਕੌਮਾਂਤਰੀ ਪੱਧਰ 'ਤੇ ਖ਼ੂਬ ਮਾਣ-ਸਨਮਾਨ ਮਿਲਿਆ। 1942 ਵਿਚ ਭਾਵੇਂ ਕਈ ਕਾਰਨਾਂ ਕਰ ਕੇ ਵੀ. ਸ਼ਾਂਤਾਰਾਮ ਨੇ ਇਸ ਕੰਪਨੀ ਨੂੰ ਅਲਵਿਦਾ ਕਹਿ ਦਿੱਤੀ ਪਰ ਕੰਪਨੀ ਨੇ ਆਪਣਾ ਮਿਆਰ ਕਾਇਮ ਰੱਖਿਆ। ਦੇਵ ਅਨੰਦ ਜਿਸ ਨੂੰ ਸਦਾਬਹਾਰ ਹੀਰੋ ਦਾ ਦਰਜਾ ਪ੍ਰਾਪਤ ਹੈ, ਨੂੰ ਕੰਪਨੀ ਨੇ ਫਿਲਮ 'ਹਮ ਏਕ ਹੈਂ' ਰਾਹੀਂ ਪਰਦੇ 'ਤੇ ਪਹਿਲੀ ਵਾਰ ਦਰਸ਼ਕਾਂ ਅੱਗੇ ਪੇਸ਼ ਕੀਤਾ।

ਇਕ ਹੋਰ ਫਿਲਮ ਕੰਪਨੀ ਰਣਜੀਤ ਮੂਵੀਟੋਨ ਦਾ ਪੰਜਾਬੀ ਸਿਨੇਮਾ ਵਿਚ ਖ਼ਾਸ ਮੁਕਾਮ ਮੰਨਿਆ ਜਾਂਦਾ ਹੈ। ਇਸ ਕੰਪਨੀ ਦੀ ਸਥਾਪਨਾ ਸ੍ਰੀ ਚੰਦੂ ਲਾਲ ਸ਼ਾਹ ਤੇ ਮਸ਼ਹੂਰ ਅਭਿਨੇਤਰੀ ਗੌਹਰ ਨੇ ਕੀਤੀ ਸੀ। ਇਸ ਕੰਪਨੀ ਨੇ ਪ੍ਰਿਥਵੀ ਰਾਜਕਪੂਰ, ਮੋਤੀ ਲਾਲ ਅਤੇ ਕੇ.ਐਲ. ਸਹਿਗਲ ਵਰਗੇ ਸਮਰੱਥ ਕਲਾਕਾਰਾਂ ਨੂੰ ਪਹਿਲਾ ਮੌਕਾ ਦਿੱਤਾ। ਇਨ੍ਹਾਂ ਵਿਚੋਂ ਜ਼ਿਆਦਾਤਰ ਪੰਜਾਬ ਨਾਲ ਸਬੰਧਤ ਸਨ। 1932 ਵਿਚ ਬਣੀ ਫਿਲਮ 'ਸਤੀ ਸਵਿੱਤਰੀ' ਨੇ ਇਸ ਕੰਪਨੀ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰ ਦਿੱਤਾ। ਇਸ ਕੰਪਨੀ ਦੀਆਂ ਕਈ ਫਿਲਮ ਹਲਕੇ-ਫੁਲਕੇ ਵਿਅੰਗਾਤਮਕ ਸਮਾਜਕ ਵਰਤਾਰਿਆਂ 'ਤੇ ਆਧਾਰਿਤ ਹੁੰਦੀਆਂ ਸਨ ਜਿਵੇਂ 1935 ਵਿਚ ਬਣੀ 'ਮਿਸ 1933' ਅਤੇ 1933 ਵਿਚ ਹੀ ਬਣੀ 'ਸਿਤਮਗਰ' ਆਦਿ; ਪਰ ਕੰਪਨੀ ਨੂੰ ਅਸਲ ਪ੍ਰਸਿੱਧੀ ਕੇ.ਐਲ. ਸਹਿਗਲ ਦੀ ਅਦਾਕਾਰੀ ਨਾਲ ਸਜੀ ਫਿਲਮ 'ਤਾਨਸੇਨ' ਤੋਂ ਮਿਲੀ। ਇਸ ਫਿਲਮ ਨੂੰ ਭਾਰਤੀ ਸਿਨੇਮਾ ਦੀਆਂ ਕਲਾਸਿਕ ਫਿਲਮਾਂ ਵਿਚ ਗਿਣਿਆ ਜਾਂਦਾ ਹੈ।

ਨਿਊ ਥਿਏਟਰਜ਼ ਫਿਲਮ ਕੰਪਨੀ ਦੀ ਸਥਾਪਨਾ 1931 ਵਿਚ ਬੀ.ਐਨ. ਸਰਕਾਰ ਨੇ ਕੀਤੀ। ਕੰਪਨੀ ਨੇ ਹਿੰਦੀ ਅਤੇ ਬੰਗਲਾ, ਦੋਵਾਂ ਭਾਸ਼ਾਵਾਂ ਵਿਚ ਫਿਲਮਾਂ ਦਾ ਨਿਰਮਾਣ ਸ਼ੁਰੂ ਕੀਤਾ। ਪਹਿਲੀ ਫਿਲਮ ਵੀ ਬੰਗਾਲੀ ਭਾਸ਼ਾ ਵਿਚ ਹੀ ਬਣਾਈ ਗਈ ਜਿਸ ਦਾ ਨਾਮ ਸੀ 'ਨਾਤਿਰ ਪੂਜਾ'। ਇਸ ਫਿਲਮ ਬਾਰੇ ਸਭ ਤੋਂ ਦਿਲਚਸਪ ਤੱਥ ਇਹ ਹੈ ਕਿ ਇਸ ਫਿਲਮ ਦਾ ਨਿਰਦੇਸ਼ਨ ਰਬਿੰਦਰਨਾਥ ਟੈਗੋਰ ਨੇ ਕੀਤਾ ਸੀ। ਕੇ.ਐਲ. ਸਹਿਗਲ ਨੂੰ ਲੈ ਕੇ 1933 ਵਿਚ ਕੰਪਨੀ ਨੇ ਹਿੰਦੀ ਫਿਲਮ ਬਣਾਈ 'ਭਗਤ ਪੂਰਾਣ', ਪਰ ਕੰਪਨੀ ਨੂੰ ਅਸਲ ਪ੍ਰਸਿੱਧੀ ਫਿਲਮ 'ਚੰਡੀਦਾਸ' ਤੋਂ ਮਿਲੀ ਜਿਸ ਦਾ ਨਿਰਮਾਣ/ਨਿਰਦੇਸ਼ਨ ਦੇਵਕੀ ਬੋਸ ਨੇ ਕੀਤਾ ਸੀ ਤੇ ਫਿਲਮ ਛੂਤ-ਛਾਤ, ਜਾਤ-ਪਾਤ, ਵਿਧਵਾ-ਵਿਆਹ ਨਾ ਹੋਣ ਦੇਣ ਵਰਗੀਆਂ ਕੁਰੀਤੀਆਂ 'ਤੇ ਤਿੱਖਾ ਵਾਰ ਕਰਦੀ ਸੀ। ਫਿਲਮ 'ਦੇਵਦਾਸ' ਨੇ ਇਸ ਕੰਪਨੀ ਨੂੰ ਸਦਾ ਲਈ ਫਿਲਮ ਇਤਿਹਾਸ ਵਿਚ ਅਮਰ ਕਰ ਦਿੱਤਾ। 'ਦੇਵਦਾਸ' ਫਿਲਮ ਰਾਹੀਂ ਪਹਿਲੀ ਵਾਰ ਸਿਨੇਮਾ ਵਿਚ ਪ੍ਰੀਤ ਕਹਾਣੀਆਂ ਦੇ ਦਰਦਨਾਕ ਅੰਤ ਨੂੰ ਬੇਹੱਦ ਮਾਰਮਿਕ ਤਰੀਕੇ ਨਾਲ ਪੇਸ਼ ਕੀਤਾ ਗਿਆ। ਇਸ ਫਿਲਮ ਨੇ ਇਕ ਤਰ੍ਹਾਂ ਨਾਲ ਕੇ.ਐਲ. ਸਹਿਗਲ ਨੂੰ ਭਾਰਤੀ ਸਿਨੇਮਾ ਦਾ ਪਹਿਲਾ ਸੁਪਰ ਸਟਾਰ ਬਣਾ ਦਿੱਤਾ। ਕੰਪਨੀ ਨੇ 1937 ਵਿਚ ਫਿਲਮ 'ਪ੍ਰੈਜ਼ੀਡੈਂਟ' ਬਣਾਈ ਜਿਸ ਵਿਚ ਪ੍ਰਿਥਵੀਰਾਜ ਕਪੂਰ ਅਤੇ ਕੇ.ਐਲ. ਸਹਿਗਲ ਨੇ ਅਦਾਕਾਰੀ ਕੀਤੀ। 1944 ਵਿਚ ਬਣੀ 'ਹਮਰਾਹੀ' ਵੀ ਇਸ ਕੰਪਨੀ ਦੀਆਂ ਖ਼ਾਸ ਫਿਲਮਾਂ ਵਿਚ ਆਉਂਦੀ ਹੈ। ਇਸ ਕੰਪਨੀ ਦੇ ਸੰਸਥਾਪਕ ਬੀ.ਐਨ. ਸਰਕਾਰ ਨੂੰ 1972 ਵਿਚ ਦਾਦਾ ਸਾਹਿਬ ਫ਼ਾਲਕੇ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਬੰਬੇ ਟਾਕੀਜ਼ ਕੰਪਨੀ ਨਾਲ ਫਿਲਮਾਂ ਵਿਚ ਪੱਛਮੀ ਵਿਚਾਰਧਾਰਾ ਅਤੇ ਪੁਰਾਣੇ ਦਾਰਸ਼ਨਿਕ ਵਿਚਾਰਾਂ ਦਾ ਖ਼ੂਬਸੂਰਤ ਸੰਗਮ ਹੋਂਦ ਵਿਚ ਆਇਆ। ਇਹ ਕੰਪਨੀ 1934 ਵਿਚ ਹਿਮਾਂਸ਼ੂ ਰਾਏ ਨੇ ਕਾਇਮ ਕੀਤੀ ਸੀ। ਹਿਮਾਂਸ਼ੂ ਅਤੇ ਉਹਦੀ ਪਤਨੀ ਦੇਵਿਕਾ ਰਾਣੀ ਨੇ ਕਲਾਤਮਿਕ ਪੱਖ ਤੋਂ ਭਾਰਤੀ ਸਿਨੇਮਾ ਨੂੰ ਨਵਾਂ ਮੋੜ ਦਿੱਤਾ। ਕੰਪਨੀ ਨੇ ਭਾਰਤੀ ਫਿਲਮ ਸਨਅਤ ਨੂੰ ਦੋ ਮਸ਼ਹੂਰ ਅਦਾਕਾਰ ਵੀ ਦਿੱਤੇ- ਸਦਾਬਹਾਰ ਅਸ਼ੋਕ ਕੁਮਾਰ ਅਤੇ ਟਰੈਜਡੀ ਕਿੰਗ ਦਲੀਪ ਕੁਮਾਰ। ਇਸ ਕੰਪਨੀ ਦੀਆਂ ਜ਼ਿਆਦਾਤਰ ਫਿਲਮਾਂ ਦਾ ਨਿਰਦੇਸ਼ਨ ਫਰਾਂਸੀਸੀ ਨਿਰਦੇਸ਼ਕ ਫਰਾਜ਼ ਆਸਟਿਨ ਦਾ ਹੁੰਦਾ ਸੀ। 'ਅਛੂਤ ਕੰਨਿਆ', 'ਜਨਮਭੂਮੀ', 'ਦੁਰਗਾ' ਅਤੇ 'ਕੰਗਨ' ਵਰਗੀਆਂ ਫਿਲਮਾਂ ਜਿੱਥੇ ਰੂੜੀਵਾਦੀ ਵਿਵਸਥਾ ਦੇ ਸਿੱਧੇ ਵਿਰੋਧ ਵਜੋਂ ਦਰਜ ਕੀਤੀਆਂ ਗਈਆਂ, ਉਥੇ 'ਬੰਧਨ' ਅਤੇ 'ਆਜ਼ਾਦ' ਵਰਗੀਆਂ ਫਿਲਮਾਂ ਨੇ ਨੌਜਵਾਨਾਂ ਦੇ ਦਿਲਾਂ ਵਿਚ ਨਵੀਆਂ ਉਮੰਗਾਂ ਅਤੇ ਸੁਪਨੇ ਭਰ ਦਿੱਤੇ। ਇਸੇ ਕੰਪਨੀ ਨੇ 1943 ਵਿਚ ਭਾਰਤੀ ਸਿਨੇਮਾ ਨੂੰ ਪਹਿਲੀ ਸੁਪਰਹਿੱਟ ਫਿਲਮ ਦਿੱਤੀ 'ਕਿਸਮਤ'।

ਵਾਡੀਆ ਮੂਵੀਟੋਨ ਕੰਪਨੀ ਦੀਆਂ ਫਿਲਮਾਂ ਦੀ ਕਥਾ-ਵਸਤੂ, ਤਕਨੀਕੀ ਪੱਧਰ ਅਤੇ ਅਦਾਕਾਰੀ ਉਪਰੋਕਤ ਕੰਪਨੀਆਂ ਨਾਲੋਂ ਵੱਖਰੀ ਸੀ। ਇਸ ਕੰਪਨੀ ਨੇ ਸਟੰਟ ਆਧਾਰਿਤ ਐਕਸ਼ਨ ਫਿਲਮਾਂ ਜੋ ਜਾਦੂਈ ਚਮਤਕਾਰਾਂ, ਮਾਰ-ਕੁਟਾਈ ਅਤੇ ਦਿਲ ਦਹਿਲਾਉਣ ਵਾਲੀਆਂ ਲੜਾਈਆਂ ਨਾਲ ਭਰੀਆਂ ਹੁੰਦੀਆਂ ਸਨ, ਬਣਾਈਆਂ। 'ਫੀਅਰਲੈਸ ਨਾਦੀਆ' ਦੇ ਨਾਮ ਨਾਲ ਮਸ਼ਹੂਰ ਇਨ੍ਹਾਂ ਫਿਲਮਾਂ ਦੀ ਮੁੱਖ ਅਦਾਕਾਰਾ ਨਾਦੀਆ ਨੂੰ ਅੱਜ ਵੀ 'ਹੰਟਰਵਾਲੀ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਇਹ ਫਿਲਮਾਂ ਭਾਰਤੀ ਦਰਸ਼ਕਾਂ ਵਿਚ ਇਸ ਲਈ ਬੇਹੱਦ ਮਕਬੂਲ ਰਹੀਆਂ ਕਿ ਜਿੱਥੇ ਸਮਾਜਕ ਸਥਾਨਾਂ 'ਤੇ ਔਰਤਾਂ ਦਾ ਮੂੰਹ ਤੱਕ ਨੰਗਾ ਨਹੀਂ ਸੀ ਦੇਖਿਆ ਜਾ ਸਕਦਾ, ਉਥੇ ਇਨ੍ਹਾਂ ਫਿਲਮਾਂ ਵਿਚ ਨਾਦੀਆ, ਮਰਦਾਂ ਨੂੰ ਘਸੁੰਨਾਂ-ਮੁੱਕਿਆਂ ਨਾਲ ਕੁੱਟਦੀ ਵੀ ਸੀ ਤੇ ਬੇਖ਼ੌਫ ਹੋ ਕੇ ਹਰ ਕਿਸਮ ਦਾ ਪਹਿਰਾਵਾ ਪਹਿਨ ਕੇ ਘੋੜ ਸਵਾਰੀ, ਤੈਰਾਕੀ, ਨਿਸ਼ਾਨੇਬਾਜ਼ੀ ਕਰਦੀ ਘੁੰਮਦੀ ਦਿਸਦੀ ਸੀ।

ਭਾਰਤੀ ਸਿਨੇਮਾ ਦੇ ਸ਼ੁਰੂਆਤੀ ਦੌਰ ਵਿਚ ਫਿਲਮ ਕੰਪਨੀਆਂ ਨੇ ਜਿੱਥੇ ਬਹੁਤ ਸਾਰੀਆਂ ਸਮਾਜਕ, ਮਿਥਿਹਾਸਕ, ਇਤਿਹਾਸਕ ਤੇ ਧਾਰਮਿਕ ਫਿਲਮਾਂ ਦਾ ਨਿਰਮਾਣ ਕੀਤਾ, ਉਥੇ ਦੂਜੇ ਸੰਸਾਰ ਯੁੱਧ ਤੋਂ ਬਾਅਦ ਸ਼ੁਰੂ ਹੋਏ ਮੰਦਵਾੜੇ, ਸਟਾਰ ਸਿਸਟਮ ਦੀ ਚੜ੍ਹਤ ਅਤੇ ਸਰਕਾਰੀ ਅਣਦੇਖੀ ਨੇ ਬਹੁਤੀਆਂ ਕੰਪਨੀਆਂ ਵਿਕਣ ਦੇ ਕਗਾਰ 'ਤੇ ਲਿਆ ਖੜ੍ਹੀਆਂ ਕੀਤੀਆਂ।

**(ਚਲਦਾ)**

*ਰਣਜੀਤ ਮੂਵੀਟੋਨ ਦਾ ਪੰਜਾਬੀ ਸਿਨੇਮਾ ਵਿਚ ਖ਼ਾਸ ਮੁਕਾਮ ਮੰਨਿਆ ਜਾਂਦਾ ਹੈ। ਇਹ ਕੰਪਨੀ ਚੰਦੂ ਲਾਲ ਸ਼ਾਹ ਤੇ ਮਸ਼ਹੂਰ ਅਭਿਨੇਤਰੀ ਗੌਹਰ ਨੇ ਬਣਾਈ ਸੀ। ਕੰਪਨੀ ਨੇ ਪ੍ਰਿਥਵੀ ਰਾਜਕਪੂਰ, ਮੋਤੀ ਲਾਲ ਅਤੇ ਕੇ.ਐਲ. ਸਹਿਗਲ ਵਰਗੇ ਕਲਾਕਾਰਾਂ ਨੂੰ ਪਹਿਲਾ ਮੌਕਾ ਦਿੱਤਾ। ਇਨ੍ਹਾਂ ਵਿਚੋਂ ਜ਼ਿਆਦਾਤਰ ਪੰਜਾਬ ਨਾਲ ਸਬੰਧਤ ਸਨ। 1932 ਵਿਚ ਬਣੀ ਫਿਲਮ 'ਸਤੀ ਸਵਿੱਤਰੀ' ਨੇ ਇਸ ਕੰਪਨੀ ਨੇ ਆਪਣੇ ਪੈਰਾਂ 'ਤੇ ਖੜ੍ਹਾ ਕਰ ਦਿੱਤਾ; ਪਰ ਅਸਲ ਪ੍ਰਸਿੱਧੀ ਕੇ.ਐਲ. ਸਹਿਗਲ ਦੀ ਅਦਾਕਾਰੀ ਨਾਲ ਸਜੀ ਫਿਲਮ 'ਤਾਨਸੇਨ' ਤੋਂ ਮਿਲੀ।*



## ਗੁਰਬਚਨ ਸਿੰਘ ਭੁੱਲਰ ਦੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਵਿਚੋਂ

# ...ਫਿਰ ਮੈਅ ਕਾ ਤੂਫਾਂਅ ਹੋ ਗਏ

*ਪੰਜਾਬੀ ਸਾਹਿਤ ਜਗਤ ਦੇ ਸਮਰੱਥ ਕਲਮਕਾਰ ਗੁਰਬਚਨ ਸਿੰਘ ਭੁੱਲਰ ਦਾ ਪਲੇਠਾ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਹਾਲ ਹੀ ਵਿਚ ਛਪਿਆ ਹੈ। ਪਾਠਕਾਂ ਅਤੇ ਆਲੋਚਕਾਂ ਨੇ ਇਸ ਨਾਵਲ ਨੂੰ ਭਰਪੂਰ ਹੁੰਗਾਰਾ ਦਿੱਤਾ ਹੈ। ਭੁੱਲਰ ਨੇ ਇਸ ਲਿਖਤ ਵਿਚ ਆਜ਼ਾਦ ਖਿਆਲ ਨਾਇਕਾ ਬਾਰੇ ਗੱਲਾਂ ਦੇ ਬਹਾਨੇ ਸਮਾਜ ਦੇ ਵੱਖ ਵੱਖ ਪੱਖਾਂ ਦੀ ਖੂਬ ਚੀਰ-ਫਾੜ ਕੀਤੀ ਹੈ, ਪਰ ਉਨ੍ਹਾਂ ਨਾਇਕਾ ਦੇ ਪਤੀ ਦਾ ਜੋ ਕਿਰਦਾਰ ਪੇਸ਼ ਕੀਤਾ ਹੈ, ਉਹ ਇਸ ਨਾਵਲ ਦਾ ਹਾਸਲ ਹੈ। ਪੂਰੇ 400 ਸਫਿਆਂ ਵਿਚ ਫੈਲੇ ਇਸ ਦਿਲਚਸਪ ਅਤੇ ਜ਼ੋਰਦਾਰ ਨਾਵਲ ਦਾ ਇਕ ਅੰਸ਼ ਅਸੀਂ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ*

### ਨਾਵਲ ਬਾਰੇ ਲੇਖਕ...



*ਮੇਰੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਦੀ ਨਾਇਕਾ ਕਿਸੇ ਨਾਰੀ ਦੀ ਥਾਂ ਨਾਰੀ-ਸੋਚ ਹੈ ਜਿਸ ਦੀ ਧੁਰੀ ਮਨਚਾਹਿਆ ਆਜ਼ਾਦ ਜੀਵਨ ਜਿਉਣ ਦੀ ਕਲਪਨਾ, ਕਾਮਨਾ ਤੇ ਕੋਸ਼ਿਸ਼ ਹੈ; ਨਾਇਕ ਕਿਸੇ ਪੁਰਸ਼ ਦੀ ਥਾਂ ਸਮਾਜ ਹੈ ਜਿਸ ਦੇ ਇਕ ਹੱਥ ਵਿਚ ਮਨੁੱਖ ਨੂੰ ਜੰਗਲ ਤੋਂ ਸਭਿਅਕ ਜੀਵਨ ਤੱਕ ਲਿਆਉਣ ਵਾਲੀ ਨੇਮਾਂ ਦੀ ਪੱਟ-ਕੂਲੀ ਡੋਰ ਹੈ ਅਤੇ ਦੂਜੇ ਹੱਥ ਵਿਚ ਅਮੋੜ ਮਨੁੱਖ ਨੂੰ ਕਾਬੂ ਵਿਚ ਰੱਖਣ ਵਾਸਤੇ ਬੰਨ੍ਹਣਾਂ-ਵਰਜਨਾਂ ਦੀ ਮੁੰਜ ਦੀ ਰੱਸੀ ਹੈ। ਇਸ ਉਪਰੰਤ, ਸਮਾਜ ਪ੍ਰੰਪਰਾਵਾਂ ਤੇ ਰਹੁਰੀਤਾਂ, ਨੇਮਾਂ ਤੇ ਕਾਨੂੰਨਾਂ, ਵਿਆਹ ਤੇ ਪਰਿਵਾਰ ਦੀ ਸੰਸਥਾ ਅਤੇ ਸਦਾਚਾਰ ਤੇ ਦੁਰਾਚਾਰ ਦੇ ਸਿਧਾਂਤ ਜਿਹੇ ਅਸਤਰਾਂ-ਸ਼ਸਤਰਾਂ ਨਾਲ ਵੀ ਲੈਸ ਹੈ। ਨਾਰੀ-ਸੋਚ ਬਹੁਤੀਆਂ ਸੂਰਤਾਂ ਵਿਚ ਤਾਂ ਖੰਭ ਹੁੰਦਿਆਂ ਵੀ ਸਮਾਜਕ ਲਛਮਣਕਾਰਾਂ ਨੂੰ ਖੁਸ਼ੀ ਖੁਸ਼ੀ ਜਾਂ ਥੋੜ੍ਹੇ ਬਹੁਤੇ ਰੋਸ ਨਾਲ ਹੌਕਾ ਲੈ ਕੇ ਆਪਣੀ ਹੋਣੀ ਵਜੋਂ ਪਰਵਾਨ ਕਰ ਲੈਂਦੀ ਹੈ, ਪਰ ਕੁਝ ਸੂਰਤਾਂ ਵਿਚ ਨਾਬਰ ਵੀ ਹੋ ਜਾਂਦੀ ਹੈ। ਉਹ ਸਮਾਜ ਦੇ ਅਸਤਰਾਂ-ਸ਼ਸਤਰਾਂ ਦੇ ਬਾਵਜੂਦ ਆਪਣੀ ਮੁਕਤ ਸੋਚ ਦੇ ਖੰਭਾਂ ਦੇ ਬਲ ਨਾਲ ਸਮਾਜਕ ਪ੍ਰਬੰਧ ਦੀ ਗੁਰੂਤਾ-ਸ਼ਕਤੀ ਨੂੰ ਚੀਰ ਜਾਂਦੀ ਹੈ ਅਤੇ ਮਨਚਾਹੇ ਤੇ ਮਨਚਿਤਵੇ ਅੰਬਰਾਂ ਦੀਆਂ ਉਚੀਆਂ ਉਡਾਰੀਆਂ ਭਰਨ ਦੇ ਸਮਰੱਥ ਰਹਿੰਦੀ ਹੈ। ਵਿਗਿਆਨ ਅਨੁਸਾਰ, ਧਰਤੀ ਦੀ ਗੁਰੂਤਾ-ਖਿੱਚ ਪਾਰ ਕਰ ਕੇ ਉਚੇ ਅੰਬਰੀਂ ਪਹੁੰਚੇ ਪੁਲਾੜ ਯਾਤਰੀਆਂ ਦੇ ਤਨ-ਮਨ ਉਤੇ ਬੜੇ ਦੀਰਘ ਪ੍ਰਭਾਵ ਪੈਂਦੇ ਹਨ। ਕੀ ਮਨੋਵਿਗਿਆਨ ਅਨੁਸਾਰ, ਸਮਾਜਕ ਗੁਰੂਤਾ ਨੂੰ ਚੀਰ ਕੇ ਸਵੈ-ਸਿਰਜੇ ਅੰਬਰਾਂ ਵਿਚ ਉਡੀ ਨਾਬਰ ਨਾਰੀ ਦੇ ਤਨ-ਮਨ ਉਤੇ ਵੀ ਕੋਈ ਦੀਰਘ ਪ੍ਰਭਾਵ ਪੈਂਦੇ ਹਨ ਜਾਂ ਨਹੀਂ? ਬੱਸ ਇਹੋ ਸਵਾਲ ਇਸ ਨਾਵਲ ਦਾ ਸਰੋਕਾਰ ਹੈ।*

*-ਗੁਰਬਚਨ ਸਿੰਘ ਭੁੱਲਰ*

ਮਾਹੌਲ ਵਿਚ ਨਸ਼ਾ ਘੁਲਦਾ ਗਿਆ। ਇਸ ਮਦਮਸਤ ਮਾਹੌਲ ਵਿਚ ਜਗਦੀਪ ਤੇ ਚਰਨਜੀਤ ਦੇ ਪੈਰ ਕਦੋਂ ਡਗਮਗਾਉਣ ਲੱਗੇ, ਪਤਾ ਵੀ ਨਾ ਲੱਗਿਆ। ਰਫ਼ਤਾ ਰਫ਼ਤਾ ਹਾਲਾਤ "ਪਹਿਲੇ ਮੈਅ, ਫਿਰ ਮੈਅਕਦਾ, ਫਿਰ ਮੈਅ ਕਾ ਤੂਫ਼ਾਂਅ ਹੋ ਗਏ।" ਤੂਫ਼ਾਨ ਵਿਚ ਉਖੜੇ ਪੈਰ ਅਕਸਰ ਧਰਤੀ ਦੀ ਛੂਹ ਗੁਆ ਬੈਠਦੇ ਹਨ।

ਤੇ ਇਕ ਦਿਨ ਅਜਿਹੀ ਹੀ ਅੱਗੇ-ਪਿਛੇ ਤੋਂ ਬੇਸੁਧ ਹਾਲਤ ਵਿਚ...

ਉਸ ਦਿਨ ਬੁੱਧਵਾਰ ਸੀ। ਬੁੱਧਵਾਰ, ਗੁਰਮੁਖ ਸਿੰਘ ਦਾ ਮਾਰੋ-ਮਾਰ ਚਲਦੀ ਦੁਕਾਨ ਦੇ ਖਲਜਗਣ ਤੋਂ ਮੁਕਤੀ ਦਾ ਦਿਨ। ਨਿਰਮੋਹੀ ਹੁੰਦੀ ਜਾਂਦੀ ਜਗਦੀਪ ਨਾਲ ਵਾਹ ਦਾ ਦਿਨ! ਕਦੀ ਕਦੀ ਅਤੀਤ ਨੂੰ ਸਿਮਰਨ ਦਾ ਦਿਨ ਅਤੇ ਕਦੀ ਕਦੀ ਸਾਹਮਣੇ ਆ ਅੱਖਾਂ ਵਿਚ ਅੱਖਾਂ ਪਾ ਕੇ ਦੇਖਣ ਦਾ ਜਤਨ ਕਰਨ ਲੱਗੇ ਭਵਿੱਖ ਵੱਲੋਂ ਅੱਖਾਂ ਬੰਦ ਕਰਦੇ ਰਹਿਣ ਦਾ ਦਿਨ। ਪਰ ਅੱਖਾਂ ਬੰਦ ਕਰਿਆਂ ਹੋਣੀਆਂ ਕਦੋਂ ਟਲਦੀਆਂ ਹਨ। ਮੈਅ ਦੇ ਤੂਫ਼ਾਨ ਵਿਚ ਗੋਤੇ ਖਾਂਦੀ ਜਗਦੀਪ ਨੇ ਆ ਕੇ ਆਖਿਆ, "ਇਕ ਕੰਮ ਸੀ ਤੁਹਾਡੇ ਤੱਕ।"

ਗੁਰਮੁਖ ਸਿੰਘ ਆਪਣੇ ਕਮਰੇ ਵਿਚ ਕੁਰਸੀ ਉਤੇ ਬੈਠਾ ਅਖਬਾਰ ਪੜ੍ਹ ਰਿਹਾ ਸੀ। ਜਗਦੀਪ ਦੀ ਗੱਲ ਸੁਣ ਕੇ ਉਸ ਦਾ ਡਰਨਾ ਸੁਭਾਵਿਕ ਸੀ। ਉਹ ਜਦੋਂ "ਇਕ ਗੱਲ ਕਹਿਣੀ ਸੀ" ਜਾਂ "ਇਕ ਕੰਮ ਸੀ" ਆਖਦੀ, ਕੋਈ ਨਾ ਕੋਈ ਨਵੀਂ ਮੁਸ਼ਕਿਲ ਖੜ੍ਹੀ ਕਰ ਦਿੰਦੀ। ਉਹਨੇ ਕੁਝ ਬੋਲਣ ਦੀ ਥਾਂ ਅਖਬਾਰ ਲਾਂਭੇ ਰੱਖਿਆ ਜਿਸ ਦਾ ਭਾਵ ਸੀ, "ਹਾਂ, ਦੱਸ? ਕੀ ਗੱਲ ਹੈ?"

ਜਗਦੀਪ ਨੂੰ ਲੱਗਿਆ, ਉਹਦੇ ਪੈਰਾਂ ਹੇਠੋਂ ਧਰਤੀ ਪਾਟ ਰਹੀ ਹੈ ਅਤੇ ਉਹ ਨਿੱਘਰਦੀ ਜਾ ਰਹੀ ਹੈ। ਉਹ ਗੱਲ ਦੇ ਲਮਕਣ ਤੋਂ ਡਰ ਰਹੀ ਸੀ। ਗੁਰਮੁਖ ਨਾਲ ਸਾਹਮਣਾ ਛੇਤੀ ਖਤਮ ਕਰਨ ਵਾਸਤੇ ਉਹ ਸਭ ਵਿਸਤਾਰ ਲਾਂਭੇ ਛੱਡ ਕੇ ਬੋਲੀ, "ਇਨ੍ਹਾਂ ਕਾਗਜ਼ਾਂ ਉਤੇ ਦਸਤਖ਼ਤ ਕਰ ਦਿਓ। ਵਕੀਲ ਦੇ ਤਿਆਰ ਕੀਤੇ ਹੋਏ ਆਪਸੀ ਰਜ਼ਾਮੰਦੀ ਨਾਲ ਤਲਾਕ ਦੇ ਕਾਗਜ਼ ਸਨ।" ਉਹਨੇ ਕਾਗਜ਼ਾਂ ਉਤੇ ਤੇਜ਼ੀ ਨਾਲ ਚੱਲਵੀਂ ਨਜ਼ਰ ਮਾਰੀ। ਚਿਹਰੇ ਉਤੋਂ ਇਕ ਛਿਣ ਵਾਸਤੇ ਕਾਲਾ ਪਰਛਾਵਾਂ ਜਿਹਾ ਲੰਘਿਆ ਪਰ ਮਨ ਦਾ ਪੂਰਾ ਬਲ ਜੁਟਾ ਕੇ ਉਸ ਕਾਲੇ ਪਰਛਾਵੇਂ ਨੂੰ ਪੂੰਝਦਿਆਂ ਉਹਨੇ ਦੂਜੀ ਕੁਰਸੀ ਵੱਲ ਇਸ਼ਾਰਾ ਕੀਤਾ, "ਬੈਠ!"

ਜਗਦੀਪ ਖੜ੍ਹੀ ਰਹੀ, "ਨਹੀਂ, ਮੈਂ ਬੈਠਣਾ ਨਹੀਂ। ਤੁਸੀਂ ਕਿੰਨਾ ਵੀ ਕਹੋ, ਕੋਈ ਦਲੀਲਾਂ ਦਿਓ, ਮੈਂ ਇਹ ਫੈਸਲਾ ਬਦਲਣਾ ਨਹੀਂ। ਬੱਸ ਤੁਸੀਂ ਕਦੀ ਜੋ ਮੈਨੂੰ ਪਿਆਰ ਕੀਤਾ ਸੀ, ਉਸ ਸਦਕਾ ਦਸਤਖ਼ਤ ਕਰ ਕੇ ਮੈਨੂੰ ਬੰਧਨ-ਮੁਕਤ ਕਰ ਦਿਓ?"

ਗੁਰਮੁਖ ਸਿੰਘ ਕਹਿਣਾ ਚਾਹੁੰਦਾ ਸੀ, "ਜੇ ਘਰ, ਪਰਿਵਾਰ, ਬੱਚੇ, ਪਤੀ ਸਭ ਕੁਝ ਤੈਨੂੰ ਬੰਧਨ ਲਗਦਾ ਹੈ, ਜ਼ਰੂਰ ਤੇਰੇ ਦਿਮਾਗ਼ ਨੂੰ ਇਲਾਜ ਦੀ ਲੋੜ ਹੈ", ਪਰ ਕਿਹਾ ਨਹੀਂ। ਉਹ ਇਹ ਵੀ ਚਿਤਾਰਨਾ ਚਾਹੁੰਦਾ ਸੀ ਕਿ "ਜੇ ਵਿਆਹੁਤਾ ਜੋੜੀ ਵਿਚ ਪਤੀ-ਪਤਨੀ ਵਾਲੇ ਸਬੰਧਾਂ ਦੇ ਖਾਤਮੇ ਨੂੰ ਤਲਾਕ ਕਿਹਾ ਜਾਂਦਾ ਹੈ ਜਾਂ ਕਿਹਾ ਜਾ ਸਕਦਾ ਹੈ, ਅਜਿਹਾ ਤਲਾਕ ਤਾਂ ਤੂੰ ਅੱਜ ਅਦਾਲਤੀ ਤਲਾਕ ਮੰਗਣ ਤੋਂ ਬਹੁਤ ਪਹਿਲਾਂ ਆਪ ਹੀ ਦੇ ਦਿੱਤਾ ਸੀ", ਪਰ ਚਿਤਾਰਿਆ ਨਹੀਂ।

ਅਸਲ ਵਿਚ ਇਸ ਤਲਾਕ ਦੀ ਬੁਨਿਆਦ ਤਾਂ ਉਸੇ ਦਿਨ ਟਿਕ ਗਈ ਸੀ ਜਦੋਂ ਜਗਦੀਪ ਨੇ ਪਹਿਲੀ ਵਾਰ ਗੁਰੀ ਜਾਂ ਗੁਰੂ ਦੀ ਥਾਂ ਉਸ ਨੂੰ 'ਤੁਸੀਂ' ਆਖ ਕੇ ਬੁਲਾਇਆ ਸੀ। ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਮੋਹਨ ਸਿੰਘ ਆਇਆ ਕਰਦਾ ਸੀ। ਆਪਣੇ ਆਪ ਨੂੰ 'ਤੁਸੀਂ' ਸੁਣ ਕੇ ਉਹ ਜਾਣ ਗਿਆ ਸੀ, ਇਹਦੇ ਪੈਰ ਦੋਵਾਂ ਦਾ ਸਾਂਝਾ ਸਾਵਾਂ ਪੱਧਰਾ ਰਾਹ ਛੱਡ ਕੇ ਨਵੀਂ ਪਗਡੰਡੀ ਉਤੇ ਤੁਰਨ ਲੱਗੇ ਹਨ। ਚਾਹੁੰਦਾ ਸੀ, ਅਹਿਸਾਸ ਕਰਾਵੇ, "ਇਹ ਪਗਡੰਡੀ ਸ਼ੁਰੂ ਵਿਚ ਕੁਝ ਦੂਰ ਕਿੰਨੀ ਵੀ ਹਰਿਆਲੀ-ਫੁਲਿਆਲੀ ਧਰਤੀ ਤੋਂ ਗੁਜ਼ਰਦੀ ਹੋਵੇ, ਅੰਤ ਨੂੰ ਵੀਰਾਨ ਔਝੜ ਵਿਚ ਮਰ-ਮੁੱਕ ਜਾਵੇਗੀ ਤੇ ਅੱਗੇ ਤੈਨੂੰ ਕੋਈ ਰਾਹ ਦਿਖਾਈ ਨਹੀਂ ਦੇਣਾ", ਪਰ ਅਹਿਸਾਸ ਕਰਵਾਇਆ ਨਹੀਂ। ਉਹ ਦੀਪੀ ਦੇ ਸੁਭਾਅ ਨੂੰ ਅੰਦਰੋਂ-ਬਾਹਰੋਂ ਜਾਣਦਾ ਸੀ, ਕੁਝ ਕਹਿਣ ਦਾ ਉਕਾ ਕੋਈ ਅਸਰ ਨਹੀਂ ਸੀ ਹੋਣਾ। ਜੇ ਕੋਈ ਅਸਰ ਹੋਣਾ ਸੀ, ਆਪਣੇ ਹੰਢਾਏ ਤਲਖ ਤਜਰਬੇ ਦਾ ਹੀ ਹੋਣਾ ਸੀ। ਤਾਂ ਵੀ ਆਵਾਜ਼ ਵਿਚ ਕੁਝ ਤਲਖੀ, ਕੁਝ ਉਲਾਂਭਾ, ਕੁਝ ਮਿਹਣਾ ਮਿਲਾ ਕੇ ਉਹਦੀ 'ਕਦੀ ਕੀਤੇ ਪਿਆਰ' ਵਾਲੀ ਗੱਲ ਦਾ ਜਵਾਬ ਦੇਣਾ ਜ਼ਰੂਰੀ ਹੋ ਗਿਆ ਸੀ, "ਕਦੀ?" ਜਗਦੀਪ, ਪਿਆਰ ਜੋ ਮੈਂ ਤੈਨੂੰ ਕਦੀ ਕੀਤਾ ਸੀ? ਮੈਂ ਤਾਂ ਤੈਨੂੰ ਅੱਜ ਵੀ, ਹੁਣ ਵੀ ਉਹੋ ਪਿਆਰ ਕਰਦਾ ਹਾਂ। ਮੇਰੇ ਪਿਆਰ ਨੂੰ ਮਹਿਸੂਸ ਕਰਨ ਦੀ ਤੇਰੀ ਸ਼ਕਤੀ ਹੀ ਖੀਣ ਹੋ ਗਈ। ਤੂੰ ਉਸ ਨਿਭਾਗੇ ਪੱਥਰ ਵਾਂਗ ਹੈਂ ਜੋ ਸਾਉਣ ਦੀ ਵਰ੍ਹਦੀ ਫੁਹਾਰ ਵਿਚ ਪਿਆਸ ਬੁਝਾਉਂਦੇ ਖੇਤਾਂ, ਮੈਦਾਨਾਂ, ਬਿਰਛ-ਬੂਟਿਆਂ, ਛੱਤਾਂ-ਵਿਹੜਿਆਂ ਦੇ ਵਿਚਕਾਰ ਇਕ ਬੂੰਦ ਜੀਰਨ ਤੋਂ ਵੀ ਅਸਮਰੱਥ ਅਣਭਿੱਜ ਪਿਆ ਰਹਿੰਦਾ ਹੈ।" ਉਹਨੇ ਇਕਦਮ ਗੱਲ ਬਦਲੀ, "ਮੈਂ ਇਹ ਗੱਲਾਂ ਛੇੜ ਕੇ ਤੇਰੇ ਨਾਲ ਉਲਝਣਾ ਨਹੀਂ ਚਾਹੁੰਦਾ, ਪਰ ਕੁਝ ਗੱਲਾਂ ਤਾਂ ਕਰਨੀਆਂ ਹੀ ਪੈਣਗੀਆਂ। ਬੈਠ।"

ਉਹ ਨੀਵੀਂ ਪਾ ਕੇ ਬੈਠ ਗਈ ਤੇ ਚੁੰਨੀ ਦਾ ਕੋਨਾ ਉਂਗਲ ਉਤੇ ਵਾਰ ਵਾਰ ਲਪੇਟਣ ਤੇ ਉਧੇੜਨ ਲੱਗੀ। ਗੁਰਮੁਖ ਸਿੰਘ ਨੇ ਪੁੱਛਿਆ, "ਮੈਂ ਤਾਂ ਕਦੀ ਤੇਰੇ ਕਿਸੇ ਕੰਮ ਜਾਂ ਕਦਮ ਦਾ ਜ਼ਾਹਿਰਾ ਵਿਰੋਧ ਨਹੀਂ ਕੀਤਾ। ਮੈਂ ਤਾਂ ਤੇਰਾ ਦਿੱਤਾ ਜ਼ਹਿਰ ਦਾ ਹਰ ਘੁੱਟ ਸ਼ਿਵ ਜੀ ਵਾਂਗ ਆਪਣੇ ਗਲੇ ਵਿਚ ਸਾਂਭਦਾ ਰਿਹਾ ਹਾਂ, ਫੇਰ ਤੈਨੂੰ ਇਹ ਕਦਮ ਚੁੱਕਣ ਦੀ ਕੀ ਲੋੜ ਪੈ ਗਈ?"

"ਮੈਂ ਫਿਲਮਾਂ ਵਾਸਤੇ ਕਹਾਣੀਆਂ ਤੇ ਗੀਤ ਲਿਖਣ ਬੰਬਈ ਜਾ ਰਹੀ ਹਾਂ। ਮੇਰਾ ਪੰਜਾਬੀ ਵਿਚ ਹੀ ਨਹੀਂ, ਪੰਜਾਬੀ ਤੋਂ ਬਾਹਰ ਵੀ ਬਹੁਤ ਨਾਂ ਹੈ। ਉਥੋਂ ਦੀ ਸਫ਼ਲਤਾ ਵਿਚੋਂ ਮੁੜ ਇਥੇ ਪਰਤਣਾ ਮੇਰੇ ਵਾਸਤੇ ਸੰਭਵ ਨਹੀਂ ਹੋਣਾ। ਆਪਣਾ ਰਿਸ਼ਤਾ ਮੇਰੇ ਨਾਲ ਨਾਲ ਤੁਹਾਡੇ ਲਈ ਵੀ ਬੇਮਾਅਨੀ ਹੋ ਕੇ ਰਹਿ ਜਾਵੇਗਾ।"

"ਮੇਰੀ ਗੱਲ ਛੱਡ, ਮੇਰੇ ਵਾਸਤੇ ਤਾਂ ਇਹ ਰਿਸ਼ਤਾ ਬੇਮਾਅਨੀ ਹੈ ਜਾਂ ਨਹੀਂ, ਹੁੰਦਾ ਜਾਂ ਨਹੀਂ, ਇਹ ਗੱਲ ਹਾਲ ਦੀ ਘੜੀ ਰਹਿਣ ਹੀ ਦੇਈਏ। ਮੈਂ ਤਾਂ ਇਕ ਪਾਸੇ ਰਿਹਾ, ਪਰ ਤੇਰੇ ਦੋ ਬੱਚੇ ਵੀ ਤਾਂ ਹਨ ਜੋ ਬਚਪਨ ਵਿਚੋਂ ਨਿਕਲਣ ਦੀ ਉਮਰ ਦੇ ਹੋ ਰਹੇ ਨੇ?"

"ਬੱਚਿਆਂ ਨੂੰ ਮੌਕੇ ਅਨੁਸਾਰ ਜੋ ਮਰਜ਼ੀ ਆਖ ਦੇਣਾ, ਮੈਂ ਤਾਂ ਕੋਲ ਹੋਣਾ ਨਹੀਂ।"

"ਤੇਰਾ ਮਤਲਬ ਹੈ, ਕੋਈ ਝੂਠ ਬੋਲ ਦੇਵਾਂ ਜਾਂ ਫੇਰ ਦੋਸ਼ ਤੇਰੇ ਸਿਰ, ਯਾਨਿ ਉਨ੍ਹਾਂ ਦੀ ਗੈਰਹਾਜ਼ਰ ਮਾਂ ਦੇ ਸਿਰ ਪਾ ਦਿਆਂ? ਚੱਲ, ਬੱਚਿਆਂ ਨੂੰ ਮੈਂ ਆਪੇ ਨਜਿੱਠਾਂਗਾ", ਉਹਨੇ ਕਿਹਾ, "ਇਕ ਸਮੱਸਿਆ ਹੋਰ ਵੀ ਹੈ। ਬੰਬਈ ਜਿਸ ਸਮੁੰਦਰ ਦੇ ਕਿਨਾਰੇ ਵਸੀ ਹੋਈ ਹੈ, ਉਸ ਤੋਂ ਵੱਧ ਖਾਰੀ, ਨਿਰਦਈ ਤੇ ਕਰੂਰ ਹੈ। ਉਸ ਅਣਜਾਣੇ ਸ਼ਹਿਰ ਦੀ ਬੇਲਿਹਾਜ ਫ਼ਿਲਮ ਨਗਰੀ ਵਿਚ ਤੂੰ ਇਕੱਲੀ ਜਦੋ-ਜਹਿਦ ਕਰੇਂਗੀ? ਹਾਬੜੇ ਹੋਏ ਮਰਦਾਂ ਦੀ ਇਸ ਦੁਨੀਆਂ ਵਿਚ ਇਕੱਲੀ ਔਰਤ ਦੀ ਜਦੋ-ਜਹਿਦ! ਬੰਬਈ ਫਤਿਹ ਕਰਨ ਲਈ ਤੁਰਨ ਤੋਂ ਪਹਿਲਾਂ ਇਹ ਅੰਜਾਮ ਵੀ ਸੋਚਿਆ ਹੈ ਤੂੰ?"

ਉਹਨੇ ਗਲਾ ਸਾਫ਼ ਕੀਤਾ, "ਚਰਨਜੀਤ ਵੀ ਮੇਰੇ ਨਾਲ ਜਾਵੇਗਾ। ਉਹ ਫਿਲਮਾਂ ਦੀ ਆਰਟ ਡਾਇਰੈਕਸ਼ਨ ਦੇਵੇਗਾ।"

ਗੁਰਮੁਖ ਸਿੰਘ ਦਾ ਸ਼ੱਕ ਸੱਚ ਨਿਕਲਿਆ, "ਮੈਨੂੰ ਜੇ ਯਕੀਨ ਨਹੀਂ ਤਾਂ ਸ਼ੱਕ ਜ਼ਰੂਰ ਸੀ।... ਦੋ ਗੱਲਾਂ ਤੇਰੇ ਧਿਆਨ ਵਿਚ ਲਿਆਉਂਦਾ ਹਾਂ। ਇਕ ਤਾਂ, ਰੱਬ ਕਰੇ ਸਫ਼ਲਤਾ ਵਿਚ ਤੇਰਾ ਯਕੀਨ ਸਹੀ ਨਿਕਲੇ, ਪਰ ਇਹ ਗਲਤ ਵੀ ਤਾਂ ਹੋ ਸਕਦਾ ਹੈ। ਦੂਜੀ ਗੱਲ, ਤੇਰੇ ਪਾਰੇ ਵਰਗੇ ਕਲਾਕਾਰੀ ਸੁਭਾਅ ਨੂੰ ਮੈਥੋਂ ਵੱਧ ਕੋਈ ਨਹੀਂ ਜਾਣਦਾ। ਕਲਾਕਾਰ ਚਰਨਜੀਤ ਵੀ ਹੈ। ਦੂਰੋਂ ਪਿਆਰ ਦਾ ਦਮ ਭਰਨਾ ਹੋਰ ਗੱਲ ਹੁੰਦੀ ਹੈ। ਇਕੱਠੇ ਰਹਿੰਦਿਆਂ ਜੀਵਨ ਦੇ ਕੌੜੇ ਸੱਚ ਸਾਹਮਣੇ ਆਉਣ ਲਗਦੇ ਨੇ ਤੇ ਪਿਆਰ ਦਾ ਰੰਗ ਖੁਰਨ ਲਗਦਾ ਹੈ। ਰੱਬ ਨਾ ਕਰੇ, ਜੇ ਮੇਰੇ ਇਹ ਦੋਵੇਂ ਡਰ ਸੱਚੇ ਹੋ ਜਾਣ...!"

ਉਹਨੇ ਗੱਲ ਕੱਟੀ, "ਦੋਵਾਂ ਵਿਚੋਂ ਕੋਈ ਵੀ ਗੱਲ ਸੱਚ ਨਹੀਂ ਹੋਵੇਗੀ।" ਉਹ ਇਨ੍ਹਾਂ ਗੱਲਾਂ ਨਾਲ ਬੇਚੈਨ ਹੋ ਉਠੀ, "ਮੇਰਾ ਕੁਝ ਵੀ ਹੋਵੇ, ਬੱਸ, ਤੁਸੀਂ ਦਸਤਖ਼ਤ ਕਰ ਦਿਓ।"

"ਤੇਰਾ ਕੁਝ ਵੀ ਹੋਵੇ?" ਉਹ ਹੈਰਾਨ ਹੋਇਆ, "ਖੈਰ, ਮੈਂ ਇਹ ਸਭ ਕੁਝ ਤੈਨੂੰ ਫੈਸਲਾ ਬਦਲਾਉਣ ਵਾਸਤੇ ਬਿਲਕੁਲ ਨਹੀਂ ਆਖ ਰਿਹਾ। ਮੈਂ ਇਹ ਕਹਿਣਾ ਚਾਹੁੰਦਾ ਹਾਂ, ਤਲਾਕ ਤੂੰ ਤਦ ਲਵੇਂ ਜੇ ਮੈਂ ਤੁਹਾਡੇ ਪਿਛੇ ਪੁਲਿਸ ਲਾਉਣੀ ਹੋਵੇ। ਤੈਨੂੰ ਪਤਾ ਹੈ, ਅਜਿਹਾ ਕੋਈ ਕਦਮ ਚੁੱਕ ਕੇ ਮੈਂ ਆਪਣੇ ਹੀ ਸਿਰ 'ਚ ਸੁਆਹ ਨਹੀਂ ਪਾਉਣ ਲਗਿਆ। ਮੇਰਾ ਹੌਕਾ ਵੀ ਬਾਹਰ ਨਿਕਲਿਆ, ਤੇਰੇ ਅਖਬਾਰਾਂ-ਰਸਾਲਿਆਂ ਵਾਲੇ ਤੇ ਲੇਖਕ ਮੇਰੀ ਇੱਜ਼ਤ ਦੀਆਂ ਧੱਜੀਆਂ ਉਡਾ ਦੇਣਗੇ। ਮੈਂ ਸਿਰਫ਼ ਇਹ ਆਖ ਰਿਹਾ ਹਾਂ, ਤੂੰ ਇਸ ਘਰ ਦਾ ਬੂਹਾ ਬੰਦ ਕਰ ਕੇ ਨਾ ਜਾ। ਮੇਰੀ ਪਤਨੀ ਨਾ ਸਹੀ, ਤੂੰ ਮੇਰੇ ਬੱਚਿਆਂ ਦੀ ਮਾਂ ਹੈਂ ਜਿਸ ਦੀ ਉਨ੍ਹਾਂ ਨੂੰ ਲੋੜ ਹੈ।"

ਜਗਦੀਪ ਦੀ ਬਚੀ-ਖੁਚੀ ਜ਼ਮੀਰ ਵਾਸਤੇ ਹੋਰ ਸਹਿਣ ਕਰਨਾ ਮੁਸ਼ਕਿਲ ਹੋ ਗਿਆ। ਉਹ ਕਾਹਲੀ ਨਾਲ ਉਠੀ ਅਤੇ ਬਿਨਾਂ ਕੁਝ ਵੀ ਕਹੇ ਤੁਰ ਚੱਲੀ। ਗੁਰਮੁਖ ਸਿੰਘ ਨੇ ਕਿਹਾ, "ਹਾਂ, ਤੁਹਾਡੇ ਜਾਣ ਤੋਂ ਪਹਿਲਾਂ ਮੈਂ ਚਰਨਜੀਤ ਨੂੰ ਜ਼ਰੂਰ ਮਿਲਣਾ ਚਾਹਾਂਗਾ। ਉਸ ਨੂੰ ਹੁਣੇ ਬੁਲਾ ਦੇਣਾ।"

ਜਗਦੀਪ ਦਹਿਲੀਜ਼ ਕੋਲ ਰੁਕੀ ਅਤੇ ਡਰੀ ਹੋਈ ਆਵਾਜ਼ ਵਿਚ ਬੋਲੀ, "ਤੁਹਾਡਾ ਉਸ ਨਾਲ ਕੀ ਵਾਹ-ਵਾਸਤਾ? ਉਸ ਤੋਂ ਤੁਸੀਂ ਕੀ ਲੈਣਾ ਹੈ ਮਿਲ ਕੇ?"

ਗੁਰਮੁਖ ਸਿੰਘ ਵਿਹੁਲੀ ਹਾਸੀ ਹੱਸਿਆ, "ਕਮਾਲ ਹੈ, ਉਹ ਆਦਮੀ ਮੇਰੀ ਜ਼ਨਾਨੀ, ਮੇਰੇ ਬੱਚਿਆਂ ਦੀ ਮਾਂ ਉਧਾਲ ਕੇ ਲੈ ਚੱਲਿਆ, ਤੂੰ ਕਹਿੰਦੀ ਹੈਂ, ਉਸ ਨਾਲ ਮੇਰਾ ਕੀ ਵਾਹ-ਵਾਸਤਾ? ਖੈਰ...ਮੈਂ ਉਸ ਤੋਂ ਕੁਝ ਨਹੀਂ ਲੈਣਾ। ਤੇ ਦੇਣ ਨੂੰ ਉਸ ਬਿਚਾਰੇ ਕੋਲ ਹੈ ਵੀ ਕੀ? ਉਹ ਤਾਂ ਖੁਦ ਦੂਜਿਆਂ ਦੀਆਂ ਚੀਜ਼ਾਂ ਚੋਰੀ ਕਰਦਾ ਫਿਰਦਾ ਹੈ...ਤੂੰ ਬੇਫਿਕਰ ਰਹਿ। ਮੈਂ ਕੋਈ ਵੀ ਅਜਿਹੀ ਗੱਲ ਨਹੀਂ ਕਹਾਂਗਾ ਜੋ ਉਸ ਨੂੰ ਚੁਭੇ ਜਾਂ ਤੈਨੂੰ ਬੁਰੀ ਲੱਗੇ। ਮੈਨੂੰ ਇਹ ਅਹਿਸਾਸ ਹੈ ਕਿ ਉਸ ਨੂੰ ਕੁਝ ਕਹਿਣ ਦਾ ਮੈਨੂੰ ਕੋਈ ਅਧਿਕਾਰ ਨਹੀਂ। ਹਾਂ, ਤੈਨੂੰ ਕਹਿਣ ਦਾ ਜ਼ਰੂਰ ਹੈ। ਪਰ ਜਦੋਂ ਤੈਨੂੰ ਰੋਕਣ ਵਿਚ ਅਸਫ਼ਲ ਹਾਂ, ਉਸ ਨੂੰ ਕਿਸ ਹੱਕ ਨਾਲ ਕੁਝ ਕਹਿ ਸਕਦਾ ਹਾਂ? ਡਰ ਨਾ, ਮੈਂ ਤੁਹਾਡੇ ਪ੍ਰੋਗਰਾਮ ਵਿਚ ਕੋਈ ਵਿਘਨ ਨਹੀਂ ਪਾਉਣ ਲੱਗਿਆ। ਬੱਸ, ਉਸ ਨੂੰ ਆਖ, ਮੈਨੂੰ ਇਕ ਵਾਰ ਮਿਲ ਜਾਵੇ।"

ਚਰਨਜੀਤ ਆਇਆ ਤਾਂ ਗੁਰਮੁਖ ਸਿੰਘ ਆਰਾਮ ਕੁਰਸੀ ਉਤੇ ਬੇਆਰਾਮ ਲੇਟਿਆ ਹੋਇਆ ਸੀ। ਉਹਦਾ ਦਿਲ ਕੀਤਾ, ਕਹੇ, "ਭਾਪਾ ਜੀ, ਤੁਸੀਂ ਮੈਨੂੰ ਬੁਲਾਇਆ ਸੀ?" ਪਰ ਕੁਝ ਵੀ ਬੋਲਣ ਤੋਂ ਅਸਮਰੱਥ ਉਹ ਨਿਮਾਣਿਆਂ ਵਾਂਗ ਖਲੋ ਗਿਆ। ਆਹਟ ਨਾਲ ਗੁਰਮੁਖ ਸਿੰਘ ਬੈਠਾ ਹੋ ਗਿਆ ਅਤੇ ਦੂਜੀ ਕੁਰਸੀ ਵੱਲ ਇਸ਼ਾਰਾ ਕੀਤਾ।

ਉਹ ਚੁੱਪਚਾਪ ਬੈਠ ਗਿਆ ਤਾਂ ਗੁਰਮੁਖ ਸਿੰਘ ਬੋਲਿਆ, "ਤੁਹਾਨੂੰ ਜਗਦੀਪ ਨੇ ਸਾਡੇ ਵਿਚਕਾਰ ਹੋਈ ਗੱਲਬਾਤ ਦੱਸ ਹੀ ਦਿੱਤੀ ਹੋਵੇਗੀ। ਤੁਹਾਨੂੰ ਮੈਂ ਤੁਹਾਡਾ ਸੋਚਿਆ ਕਦਮ ਰੋਕਣ ਵਾਸਤੇ ਆਖਣ ਲਈ ਨਹੀਂ ਬੁਲਾਇਆ। ਜਦ ਮੈਂ ਜਗਦੀਪ ਨੂੰ, ਜੋ ਮੇਰੀ ਪਤਨੀ ਹੈ, ਮੇਰੇ ਦੋ ਬੱਚਿਆਂ ਦੀ ਮਾਂ ਹੈ, ਰੋਕਣ ਵਿਚ ਕਾਮਯਾਬ ਨਹੀਂ ਹੋ ਸਕਿਆ, ਤੁਹਾਨੂੰ ਮੈਂ ਕਿਸ ਹੱਕ ਨਾਲ ਰੋਕਣ ਬਾਰੇ ਸੋਚ ਸਕਦਾ ਹਾਂ, ਤਾਂ ਵੀ ਮੈਂ ਇਕ ਗੱਲ ਕਹਿਣੀ ਜ਼ਰੂਰੀ ਸਮਝਦਾ ਹਾਂ। ਮੇਰੇ ਨਾਲ ਇਸ ਬਾਰੇ ਤਾਂ ਜ਼ਰੂਰ ਸਹਿਮਤ ਹੋਵੇਗੇ ਕਿ ਤੁਸੀਂ ਜਗਦੀਪ ਨੂੰ ਕਿੰਨਾ ਵੀ ਜਾਣਦੇ ਹੋਵੋ, ਮੇਰੇ ਜਿੰਨਾ ਨਹੀਂ ਜਾਣਦੇ। ਬਹੁਤ ਜਜ਼ਬਾਤੀ, ਪਾਰੇ ਵਰਗਾ ਤਰਲ ਸੁਭਾਅ ਹੈ ਉਸ ਦਾ। ਤੁਸੀਂ ਵੀ ਕਲਾਕਾਰ ਹੋ। ਕਲਾਕਾਰ ਸਭ ਜਜ਼ਬਾਤੀ ਹੀ ਹੁੰਦੇ ਨੇ, ਜਿਨ੍ਹਾਂ ਦੀ ਬੁੱਧੀ ਦੀ ਨਕੇਲ ਵੀ ਜਜ਼ਬਿਆਂ ਦੇ ਹੱਥ ਹੁੰਦੀ ਹੈ। ਕਈ ਤਾਂ ਵਿਸ਼ਵਾਸਘਾਤੀ ਹੋਣ ਦੀ ਹੱਦ ਤੱਕ ਜਜ਼ਬਿਆਂ ਦੇ ਗੁਲਾਮ ਹੋ ਜਾਂਦੇ ਨੇ। ਖੈਰ, ਇਹ ਚਰਚਾ ਰਹਿਣ ਦੇਈਏ। ਮੈਂ ਤੁਹਾਨੂੰ ਸਿਰਫ਼ ਇਕ ਗੱਲ ਕਹਿਣੀ ਹੈ...।"


ਨੀਵੀਂ ਪਾਈਂ ਬੈਠੇ ਚਰਨਜੀਤ ਨੇ ਇਕ ਵਾਰ ਉਪਰ ਦੇਖਿਆ ਕਿ ਉਹਨੇ ਅਜਿਹੀ ਕੀ ਗੱਲ ਕਹਿਣੀ ਹੈ, ਪਰ ਸਿੱਧਾ ਨਾ ਦੇਖ ਸਕਣ ਕਰ ਕੇ ਫੇਰ ਨੀਵੀਂ ਪਾ ਲਈ।

ਗੁਰਮੁਖ ਸਿੰਘ ਨੇ ਗੱਲ ਮੁਕਾਈ, "ਜੇ ਕਦੀ...ਕਦੀ ਵੀ ਅਜਿਹੀ ਘੜੀ ਆ ਜਾਵੇ ਕਿ ਤੁਹਾਡੇ ਰਾਹ ਵੱਖ ਹੋ ਜਾਣ, ਇਹਨੂੰ ਬੇਮੁਰੱਵਤ ਦੁਨੀਆਂ ਵਿਚ ਇਕੱਲੀ ਖੜ੍ਹੀ ਛੱਡ ਕੇ ਕਿਧਰੇ ਤੁਰ ਨਾ ਜਾਣਾ। ਇਹ ਯਾਦ ਰੱਖਣਾ, ਇਹ ਇਕ ਪਤੀ ਦੀ ਪਤਨੀ ਨਾ ਸਹੀ, ਦੋ ਬੱਚਿਆਂ ਦੀ ਮਾਂ ਜ਼ਰੂਰ ਹੈ। ਰੱਬ ਕਰੇ, ਇਹ ਘੜੀ ਛੇਤੀ ਆਵੇ ਤੇ ਆਵੇਗੀ ਵੀ ਜ਼ਰੂਰ। ਮੈਨੂੰ ਆਪਣੀ ਪਰਵਾਹ ਨਹੀਂ, ਡਰ ਇਹ ਹੈ, ਸਮਾਜ ਨੇ ਕਿਸੇ ਨਾਲ ਉਧਲ ਗਈ ਮਾਂ ਦੇ ਬੱਚੇ ਆਖ ਕੇ ਦੋਵਾਂ ਮਾਸੂਮਾਂ ਦਾ ਜਿਉਣਾ ਹਰਾਮ ਕਰ ਦੇਣਾ ਹੈ। ਜਿਉਂ ਜਿਉਂ ਉਹ ਹੋਸ਼ ਸੰਭਾਲਣਗੇ, ਮਾਂ ਦੀਆਂ ਕਰਨੀਆਂ ਦੇ ਅਰਥ ਸਮਝ ਸਮਝ ਕੇ ਪਰੇਸ਼ਾਨ ਵੀ ਹੋਇਆ ਕਰਨਗੇ ਤੇ ਪਸ਼ੇਮਾਨ ਵੀ। ਮੈਂ ਜੇ ਸਖਤ ਰੀਐਕਸ਼ਨ ਨਹੀਂ ਦਿਖਾਉਂਦਾ, ਇਸ ਕਰ ਕੇ ਨਹੀਂ ਕਿ ਮੈਂ ਜਗਦੀਪ ਤੋਂ ਜਾਂ ਤੈਥੋਂ ਡਰਦਾ ਹਾਂ, ਸਿਰਫ਼ ਇਸ ਕਰ ਕੇ ਕਿ ਉਸ ਹਾਲਤ ਵਿਚ ਸਮਾਜ ਦੀ ਸਾਡੇ ਘਰ ਦੇ ਵਿਹੜੇ ਵਿਚ ਬੁੱਕਾਂ ਭਰ ਭਰ ਸੁੱਟੀ ਸੁਆਹ ਮੇਰੇ ਬੇਦੋਸ਼ੇ ਮਾਸੂਮ ਬੱਚਿਆਂ ਦੇ ਮੂੰਹ-ਸਿਰ ਉਤੇ ਪਵੇਗੀ।"

ਚਰਨਜੀਤ ਨੂੰ ਸੱਚ ਦੇ ਹਜ਼ੂਰ ਇਕ ਪਲ ਵੀ ਹੋਰ ਖਲੋਣਾ ਦੁੱਭਰ ਹੋ ਗਿਆ। ਉਹ ਹੰਭਲਾ ਮਾਰ ਕੇ ਮੁਸ਼ਕਿਲ ਨਾਲ ਉਠਿਆ ਤੇ ਪੈਰ ਘੜੀਸਦਾ, ਨੀਵੀਂ ਪਾਈਂ, ਕੁਝ ਵੀ ਬੋਲੇ ਬਿਨਾਂ ਕਮਰਿਉਂ ਬਾਹਰ ਤੁਰ ਪਿਆ।

ਜਦੋਂ ਬੰਬਈ ਜਾਣ ਦਾ ਫੈਸਲਾ ਹੋਇਆ, ਜਗਦੀਪ ਤੇ ਚਰਨਜੀਤ ਨੂੰ 'ਹਿਤੈਸ਼ੀ' ਦੀ ਬਹੁਤੀ ਚਿੰਤਾ ਨਹੀਂ ਸੀ। ਇਕ ਤਾਂ ਇਲਸਟਰੇਸ਼ਨਾਂ ਕੁਝ ਹੀ ਰਚਨਾਵਾਂ ਨਾਲ ਜਾਂਦੀਆਂ ਸਨ, ਸਾਰੀਆਂ ਨਾਲ ਨਹੀਂ। ਦੂਜੇ, ਹਿਤੈਸ਼ੀ ਜੀ ਦੇ ਕਈ ਚਿਤਰਕਾਰਾਂ ਨਾਲ ਸਬੰਧ ਸਨ ਅਤੇ ਉਨ੍ਹਾਂ ਨੂੰ ਨਿੱਜੀ ਧਿਆਨ ਦੇ ਕੇ ਕੰਮ ਕਰਾਉਣਾ ਵੀ ਆਉਂਦਾ ਸੀ। ਉਨ੍ਹਾਂ ਨੇ ਚਰਨਜੀਤ ਦੇ ਚਲੇ ਜਾਣ ਨਾਲ ਪਾਠਕਾਂ ਨੂੰ

*(ਅਗਲੇ ਸਫੇ 'ਤੇ ਜਾਰੀ)*




*ਗੁਰਬਚਨ ਭੁੱਲਰ ਦੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਦਾ ਪੁਸ਼ਾਕਾ।*

***ਉਹ ਨੀਵੀਂ ਪਾ ਕੇ ਬੈਠ ਗਈ ਤੇ ਚੁੰਨੀ ਦਾ ਕੋਣਾ ਉਂਗਲ ਉਤੇ ਵਾਰ ਵਾਰ ਲਪੇਟਣ ਤੇ ਉਧੇੜਨ ਲੱਗੀ। ਗੁਰਮੁਖ ਸਿੰਘ ਨੇ ਪੁੱਛਿਆ, "ਮੈਂ ਤਾਂ ਕਦੀ ਤੇਰੇ ਕਿਸੇ ਕੰਮ ਜਾਂ ਕਦਮ ਦਾ ਜ਼ਾਹਿਰਾ ਵਿਰੋਧ ਨਹੀਂ ਕੀਤਾ। ਮੈਂ ਤਾਂ ਤੇਰਾ ਦਿੱਤਾ ਜ਼ਹਿਰ ਦਾ ਹਰ ਘੁੱਟ ਸ਼ਿਵ ਜੀ ਵਾਂਗ ਆਪਣੇ ਗਲੇ ਵਿਚ ਸਾਂਭਦਾ ਰਿਹਾ ਹਾਂ, ਫੇਰ ਤੈਨੂੰ ਇਹ ਕਦਮ ਚੁੱਕਣ ਦੀ ਕੀ ਲੋੜ ਪੈ ਗਈ?"***

ਕੋਈ ਖਾਸ ਫਰਕ ਮਹਿਸੂਸ ਨਹੀਂ ਸੀ ਹੋਣ ਦੇਣਾ। ਇਹ ਵੀ ਚੰਗਾ ਹੋਇਆ, 'ਹਿਤੈਸ਼ੀ' ਦੀਆਂ ਅਗਲੇ ਮਹੀਨੇ ਦੀਆਂ ਫਾਈਲਾਂ ਅਜੇ ਆਈਆਂ ਨਹੀਂ ਸਨ। ਉਨ੍ਹਾਂ ਦੇ ਬੰਬਈ ਜਾਣ ਦੀ ਖਬਰ ਤਾਂ ਗੁਰਮੁਖ ਸਿੰਘ ਤੋਂ ਹਿਤੈਸ਼ੀ ਜੀ ਤੱਕ ਪਹੁੰਚ ਹੀ ਜਾਵੇਗੀ। ਅਸਲ ਪ੍ਰੇਸ਼ਾਨੀ ਚਰਨਜੀਤ ਲਈ 'ਚਿਰਾਗ' ਨੂੰ ਤਿੰਨ ਵਾਰ ਤਲਾਕ ਕਹਿਣ ਦੀ ਸੀ। ਅਨਵਰ ਸਾਹਿਬ ਨੇ ਸਜਾਵਟ ਦਾ ਸਾਰਾ ਕੰਮ ਉਸ ਉਤੇ ਛੱਡ ਰੱਖਿਆ ਸੀ ਅਤੇ ਉਹਦਾ ਅਚਾਨਕ ਜਾਣਾ ਉਨ੍ਹਾਂ ਲਈ ਯਕੀਨਨ ਮੁਸ਼ਕਿਲ ਖੜ੍ਹੀ ਕਰੇਗਾ। ਉਨ੍ਹਾਂ ਨੂੰ, ਜਿਨ੍ਹਾਂ ਨੇ ਉਸ ਦੀ ਏਨੀ ਕਦਰ ਕੀਤੀ ਸੀ, ਸਭ ਖੁੱਲ੍ਹਾਂ ਦੇ ਛੱਡੀਆਂ ਸਨ, ਪੱਤਰਕਾਰੀ ਦੀ ਦੁਨੀਆਂ ਵਿਚ ਪ੍ਰਸਿੱਧੀ ਦੁਆਈ ਸੀ ਅਤੇ ਹਰ ਗੱਲ, ਹਰ ਮੰਗ ਪੂਰੀ ਕੀਤੀ ਸੀ, ਉਹ ਇਹ ਖਬਰ ਕਿਵੇਂ ਦੇ ਸਕੇਗਾ। ਪਰ ਇਤਲਾਹ ਤਾਂ ਕਰਨੀ ਹੀ ਪੈਣੀ ਸੀ। ਉਨ੍ਹਾਂ ਵਰਗੇ ਇਨਸਾਨ ਨੂੰ ਦੱਸੇ ਬਿਨਾਂ ਵੀ ਤਾਂ ਨਹੀਂ ਸੀ ਜਾਇਆ ਜਾ ਸਕਦਾ ਅਤੇ ਹੋਰ ਕਿਤੋਂ ਉਨ੍ਹਾਂ ਨੂੰ ਖਬਰ ਮਿਲਣੀ ਨਹੀਂ ਸੀ।

ਜਦੋਂ ਚਰਨਜੀਤ 'ਚਿਰਾਗ' ਦੇ ਦਫਤਰ ਅਨਵਰ ਸਾਹਿਬ ਦਾ ਦਰਵਾਜ਼ਾ ਠਕੋਰ ਰਿਹਾ ਸੀ, ਜਗਦੀਪ ਦੇ ਚੇਤੇ ਦੇ ਬੰਬਈ ਮਾਹੌਲ ਵਿਚ ਸਾਹਿਰ ਸਾਹਿਬ ਆ ਪਰਗਟ ਹੋਏ। ਉਹਨੇ ਡਾਕ ਰਾਹੀਂ ਆਈ ਉਨ੍ਹਾਂ ਦੀ ਆਖਰੀ ਕਵਿਤਾ "ਚਲੋ ਇਕ ਬਾਰ ਫਿਰ ਸੇ, ਅਜਨਬੀ ਬਨ ਜਾਏਂ ਹਮ ਦੋਨੋਂ" ਕਾਹਲੀ ਕਾਹਲੀ ਪੜ੍ਹੀ ਅਤੇ ਇਕਦਮ ਮਨ ਵਿਚ ਜਾਗੀਆਂ ਸਤਰਾਂ ਲਿਖਣ ਲੱਗੀ:

ਇਉਂ ਨਾ ਤੂੰ ਫੇਰ ਅੱਖੀਆਂ
ਇਉਂ ਨਾ ਨਕਾਰ ਮੈਨੂੰ।
ਕਵਿਤਾ ਜ਼ਰਾ ਮੈਂ ਮੁਸ਼ਕਿਲ
ਫਿਰ ਤੋਂ ਵਿਚਾਰ ਮੈਨੂੰ।
ਕੋਈ ਹੋਰ ਪੜ੍ਹ ਨਾ ਸਕਦਾ
ਤਫ਼ਸੀਰ ਕਰ ਨਾ ਸਕਦਾ,
ਮੈਂ ਸਤਰ ਸਤਰ ਤੇਰੀ
ਤੂੰ ਹੀ ਉਚਾਰ ਮੈਨੂੰ।
ਕੁਝ ਹੋਰ ਗੂੜ੍ਹੀ ਹੋਵਾਂ
ਕੁਝ ਹੋਰ ਰੰਗ ਉਭਰਨ,
ਤੂੰ ਦਿਲ ਦੇ ਵਰਕਿਆਂ 'ਤੇ
ਏਦਾਂ ਉਤਾਰ ਮੈਨੂੰ।
ਜੇ ਕਹਿ ਦਏਂ ਤੂੰ ਮੈਨੂੰ
'ਮੈਂ ਕਰਦਾਂ ਪਿਆਰ ਤੈਨੂੰ',
ਕਰ ਦੇਣਗੇ ਮੁਕੰਮਲ
ਇਹ ਲਫ਼ਜ਼ ਚਾਰ ਮੈਨੂੰ।
ਤੈਥੋਂ ਜੇ ਮੁੱਖ ਮੈਂ ਮੋੜਾਂ
ਕੀਤਾ ਜੋ ਕੌਲ ਤੋੜਾਂ,
ਤੂੰ ਹਰਫ਼ ਹਰਫ਼ ਕਰ ਕੇ
ਦੇਵੀਂ ਖਿਲਾਰ ਮੈਨੂੰ।

ਅਨਵਰ ਸਾਹਿਬ ਦੇ ਸਾਹਮਣੇ ਬੈਠਦਿਆਂ ਚਰਨਜੀਤ ਨੇ ਹੱਥ ਜੋੜੇ, "ਮੁਝੇ ਮੁਆਫ਼ ਕਰ ਦੇਨਾ, ਅੱਬੂਜਾਨ, ਮੈਂ ਆਜ ਹੀ ਦਿੱਲੀ ਛੋੜ ਕਰ ਬੰਬਈ ਜਾ ਰਹਾ ਹੂੰ। ਇਸ ਸੇ ਜ਼ਿਆਦਾ ਕੁਛ ਮੈਂ ਆਪ ਕੋ ਬਤਾ ਨਹੀਂ ਪਾਊਂਗਾ।"

ਅਨਵਰ ਸਾਹਿਬ ਉਹਦੇ 'ਅੱਬੂਜਾਨ' ਕਹਿਣ ਤੋਂ ਹੀ ਮਾਮਲੇ ਦੀ ਸੰਜੀਦਗੀ ਸਮਝ ਗਏ। ਉਹ ਜਾਣ ਗਏ, ਚਰਨਜੀਤ ਇੰਟਰਵਿਊ ਵਾਲੇ ਦਿਨ ਕਹੀ ਗੱਲ 'ਔਰ ਅੱਬੂਜਾਨ ਤੁਮ ਕਹੋਗੇ ਨਹੀਂ' ਚੇਤੇ ਕਰ ਰਿਹਾ ਹੈ। ਬੋਲੇ, "ਬਰਖ਼ੁਰਦਾਰ, ਬਾਤ ਕੁਛ ਜ਼ਿਆਦਾ ਹੀ ਸੰਜੀਦਾ ਲਗਤੀ ਹੈ। ਤੋ ਮੈਂ ਤੁਮ ਸੇ ਕੁਛ ਪੂਛੂੰਗਾ ਭੀ ਨਹੀਂ ਔਰ ਤੁਮ੍ਹੇਂ ਰੋਕੂੰਗਾ ਭੀ ਨਹੀਂ। ਮਗਰ ਇਤਨਾ ਜ਼ਰੂਰ ਕਹੂੰਗਾ, ਮੁਝੇ ਔਰ 'ਚਿਰਾਗ' ਕੋ ਬਹੁਤ ਕਰਾਰੀ ਚੋਟ, ਬਹੁਤ ਗਹਿਰਾ ਜ਼ਖ਼ਮ ਦੇ ਕਰ ਜਾ ਰਹੇ ਹੋ, ਮੀਆਂ! ਅਬ ਉਨ੍ਹੀਂ ਆਰਟ ਐਂਡ ਆਰਟ ਵਾਲੇ ਨਾਮਾਕੂਲ ਮਰਦੂਦੋਂ ਕੇ ਪਾਸ ਜਾਨਾ ਹੋਗਾ ਔਰ ਅੰਜਾਮ ਭੀ ਭੁਗਤਨੇ ਹੋਂਗੇ।"

"ਆਪ ਮੁਝੇ ਮੁਆਫ ਜ਼ਰੂਰ ਕਰ ਦੀਜੀਏਗਾ। ਏਕ ਵਾਅਦਾ ਰਹਾ, ਅੱਲਾ ਨਾ ਕਰੇ, ਮੁਝੇ ਅਗਰ ਕਭੀ ਦਿੱਲੀ ਲੌਟਨਾ ਪੜਾ, ਆਪ ਕੇ ਦਰ ਪੇ ਹੀ ਆਵਾਜ਼ ਦੂੰਗਾ।"

ਅਨਵਰ ਸਾਹਿਬ ਨੇ ਕੁਰਸੀ ਤੋਂ ਉਠ ਕੇ ਉਹਦਾ ਹੱਥ ਫੜ ਲਿਆ ਅਤੇ ਭਾਰੀ ਆਵਾਜ਼ ਵਿਚ ਕਹਿਣ ਲੱਗੇ, "ਜਾਉ ਮੀਆਂ, ਮੇਰੀ ਤਰਫ਼ ਸੇ ਦਿਲ ਪੇ ਕੋਈ ਬੋਝ ਲੀਏ ਬਿਨਾਂ ਜਾਉ। ਜਿਤਨੇ ਗੁਜ਼ਰੇ, ਦਿਨ ਬਹੁਤ ਅੱਛੇ ਗੁਜ਼ਰੇ। ਯਹੀ ਬਹੁਤ ਹੈ। ਹਮੇਸ਼ਾ ਕਾ ਸਾਥ ਕੌਨ ਨਿਭਾਤਾ ਹੈ ਭਾਈ। ਵੁਹ ਅਪਨੇ ਕੈਫ਼ੀ ਸਾਹਿਬ ਕਹਿਤੇ ਹੈਂ ਨਾ, 'ਅਰੇ ਦੇਖੀ ਜ਼ਮਾਨੇ ਕੀ ਯਾਰੀ, ਬਿਛੜੇ ਸਭੀ ਬਾਰੀ ਬਾਰੀ!' ਭਈ, ਵੁਹ ਤੋ ਆਗੇ ਏਕ ਬਾਤ ਔਰ ਭੀ ਕਹਿਤੇ ਹੈਂ ਜੋ ਮੈਂ ਨਹੀਂ ਕਹਿਨਾ ਚਾਹੂੰਗਾ, 'ਮਤਲਬ ਕੀ ਦੁਨੀਆ ਹੈ ਸਾਰੀ!'... ਜਿਸ ਭੀ ਕਾਮ ਸੇ ਚਲੇ ਹੋ, ਪਰਵਰਦਿਗਾਰ ਤੁਮਹੇ ਕਾਮਯਾਬੀ ਦੇ!"

***

ਜਗਦੀਪ ਅਤੇ ਚਰਨਜੀਤ ਦੇ ਬੰਬਈ ਜਾਣ ਨਾਲ ਪੰਜਾਬੀ ਦੇ ਹੀ ਨਹੀਂ, ਹਿੰਦੀ ਅਤੇ ਉਰਦੂ ਦੇ ਸਾਹਿਤਕ ਹਲਕਿਆਂ ਵਿਚ ਵੀ ਤੂਫ਼ਾਨ ਆ ਗਿਆ। ਲੇਖਕਾਂ-ਲੇਖਿਕਾਵਾਂ ਵਿਚ ਤਾਂ ਚਬਾਚਬੀ ਹੋਣੀ ਹੀ ਸੀ, ਅਖਬਾਰਾਂ ਵਿਚ ਵੀ ਡੱਬੀਆਂ ਲਾ ਲਾ ਕੇ ਬੜੀ ਕੌੜੀ ਸੁਰ ਵਾਲੀਆਂ ਖਬਰਾਂ ਛਪੀਆਂ, "ਚਿਤਰਕਾਰ ਆਸ਼ਕ ਕਵਿਤਰੀ ਨੂੰ ਲੈ ਕੇ ਫਰਾਰ!", "ਆਸ਼ਕ ਨਾਲ ਉਧਲੀ ਪ੍ਰਸਿੱਧ ਕਵਿੱਤਰੀ!", "ਪਤੀ ਤੇ ਬੱਚੇ ਛੱਡ ਕੇ ਅਧੇੜ ਲੇਖਿਕਾ ਜਵਾਨ ਆਸ਼ਕ ਨਾਲ ਭੱਜੀ!" ਤੇ ਅਜਿਹੀਆਂ ਹੀ ਹੋਰ ਗਲਾਂ ਵਰਗੀਆਂ ਸੁਰਖੀਆਂ।

ਸਮੁੱਚ ਵਿਚ ਤਾਂ ਪੰਜਾਬੀ ਸਾਹਿਤਕਾਰਾਂ ਨੇ ਇਸ ਘਟਨਾ ਨਾਲ ਅਤੇ ਅਜਿਹੀਆਂ ਸੁਰਖੀਆਂ ਨਾਲ ਨਮੋਸ਼ੀ ਜਿਹੀ ਹੀ ਮੰਨੀ ਪਰ ਕੁਝ ਲੋਕ ਵੱਖਰਾ ਵੀ ਸੋਚਦੇ ਸਨ। ਕਈ ਲੇਖਕ ਚਰਨਜੀਤ ਨਾਲ ਰਸ਼ਕ ਕਰਦੇ, ਉਹ ਟੀਸੀ ਦਾ ਬੇਰ ਤੋੜ ਕੇ ਲੈ ਗਿਆ ਸੀ। ਕਈ ਲੇਖਿਕਾਵਾਂ ਜਗਦੀਪ ਨਾਲ ਰਸ਼ਕ ਕਰਦੀਆਂ, ਉਸ ਨੇ ਕਿਸੇ ਪੜੇ-ਪਰਿਵਾਰ ਜਾਂ ਸੜੇ-ਸਮਾਜ ਦੀ ਪਰਵਾਹ ਕੀਤੇ ਬਿਨਾਂ ਮਨਮਰਜ਼ੀ ਦਾ ਸਾਥ ਹਾਸਲ ਕਰ ਲਿਆ ਸੀ। ਉਹ ਪਹਿਲਾਂ ਹੀ ਕਸੈਲੇ ਰਿਸ਼ਤਿਆਂ ਵਾਲੇ ਪਤੀਆਂ ਵੱਲ ਹੋਰ ਕੌੜ ਨਜ਼ਰਾਂ ਨਾਲ ਦੇਖਦੀਆਂ, ਜਿਨ੍ਹਾਂ ਨੇ ਉਨ੍ਹਾਂ ਦਾ ਵੱਡੀਆਂ ਲੇਖਿਕਾਵਾਂ ਬਣਨ ਦਾ ਰਾਹ ਬੰਦ ਕਰ ਛੱਡਿਆ ਸੀ। ਉਨ੍ਹਾਂ ਦਾ ਮੱਤ ਸੀ ਕਿ ਉਨ੍ਹਾਂ ਕੋਲ ਪ੍ਰਸਿੱਧ ਹੋਣ ਵਾਸਤੇ ਜਗਦੀਪ ਵਾਲੀਆਂ ਸਭ ਖਾਸੀਅਤਾਂ ਹਨ, ਜੇ ਨਹੀਂ ਤਾਂ ਬੱਸ ਇਹ ਨਹੀਂ ਕਿ ਜਦੋਂ ਜਿਸ ਨਾਲ ਦਿਲ ਚਾਹੇ, ਇਸ਼ਕ ਕਰ ਸਕਣ। ਜੇ ਵੱਸ ਚਲਦਾ, ਕਈ ਤਾਂ ਅੱਜ ਹੀ ਪਤੀਆਂ ਨੂੰ ਤਿਆਗ ਕੇ ਆਸ਼ਕਾਂ ਨਾਲ ਬੰਬਈ ਦੀ ਰੇਲ ਚੜ੍ਹ ਜਾਂਦੀਆਂ।

ਅਖਬਾਰਾਂ ਦਾ ਪ੍ਰਤੀਕਰਮ ਬਹੁਤ ਉਲਾਰ ਸੀ। ਉਨ੍ਹਾਂ ਦੇ ਸੰਪਾਦਕਾਂ ਨੂੰ ਰਚਨਾਵਾਂ ਭੇਜਣ ਤੋਂ, ਇੰਟਰਵਿਊਆਂ ਦੇ ਬਹਾਨੇ ਮੁਲਾਕਾਤਾਂ ਦਾ ਮੌਕਾ ਦੇਣ ਤੋਂ ਜਗਦੀਪ ਦੇ ਇਨਕਾਰ ਦਾ ਬਦਲਾ ਲੈਣ ਦਾ ਮਸਾਂ ਮੌਕਾ ਮਿਲਿਆ ਸੀ। ਈਰਖਾ ਵਿਚ ਸੜੇ-ਭੁੱਜੇ ਲੋਕ ਉਸ ਤੱਕ ਆਪਣੀ ਅਪਹੁੰਚਤਾ ਦਾ ਗਿਣ ਗਿਣ ਕੇ ਬਦਲਾ ਲੈ ਰਹੇ ਸਨ। ਇਕ ਧਾਰਮਿਕ-ਰਾਜਨੀਤਕ ਪਾਰਟੀ ਨਾਲ ਜੁੜੇ ਹੋਏ ਅਖਬਾਰ ਨੇ ਤਾਂ ਪੂਰੀ ਮੁਹਿੰਮ ਹੀ ਛੇੜ ਦਿੱਤੀ। ਉਸ ਦਾ ਕਹਿਣਾ ਸੀ, ਗੁਰਸਿੱਖ ਪਰਿਵਾਰ ਵਿਚ ਜੰਮ-ਪਲ ਕੇ ਸਿਗਰਟ ਸ਼ਰਾਬ ਪੀਂਦੀ ਲੇਖਿਕਾ ਨੇ ਆਖਰੀ ਤਿਣਕੇ ਵਰਗੇ ਇਸ ਕਦਮ ਨਾਲ ਪੂਰੀ ਕੌਮ ਦੇ ਪੱਲੇ ਨਮੋਸ਼ੀ ਪਾਈ ਹੈ ਜਿਸ ਕਾਰਨ ਉਹਦਾ ਮੁਕੰਮਲ ਬਾਈਕਾਟ ਹੋਣਾ ਚਾਹੀਦਾ ਹੈ। ਇਕ ਅਖਬਾਰ ਨੇ ਤਾਂ ਉਹਨੂੰ ਗੈਰ-ਪੰਜਾਬਣ ਐਲਾਨੇ ਜਾਣ ਦੀ ਸੁਰਲੀ ਤੱਕ ਛੱਡ ਦਿੱਤੀ। ਸਕੂਲੀ-ਕਾਲਜੀ ਕੋਰਸਾਂ ਵਿਚੋਂ ਉਸ ਦੀਆਂ ਰਚਨਾਵਾਂ ਕੱਢੇ ਜਾਣ ਦੀ ਮੰਗ ਹੋਣ ਲੱਗੀ ਅਤੇ ਉਹਦੀਆਂ ਸਾਹਿਤਕ ਪੁਸਤਕਾਂ ਦੇ ਪੰਜਾਬ ਵਿਚ ਦਾਖਲੇ ਉਤੇ ਪਾਬੰਦੀ ਦੇ ਮਤੇ ਪਾਸ ਹੋਣ ਲੱਗੇ। ਕੁਝ ਛੋਟੇ-ਮੋਟੇ ਲੇਖਕਾਂ ਨੇ ਇਕ-ਦੋ ਥਾਂ ਉਹਦੀਆਂ ਕਿਤਾਬਾਂ ਵੀ ਸਾੜੀਆਂ।

**ਉਹ ਚੁੱਪਚਾਪ ਬੈਠ ਗਿਆ ਤਾਂ ਗੁਰਮੁਖ ਸਿੰਘ ਬੋਲਿਆ, "ਤੁਹਾਨੂੰ ਜਗਦੀਪ ਨੇ ਸਾਡੇ ਵਿਚਕਾਰ ਹੋਈ ਗੱਲਬਾਤ ਦੱਸ ਹੀ ਦਿੱਤੀ ਹੋਵੇਗੀ। ਤੁਹਾਨੂੰ ਮੈਂ ਤੁਹਾਡਾ ਸੋਚਿਆ ਕਦਮ ਰੋਕਣ ਵਾਸਤੇ ਆਖਣ ਲਈ ਨਹੀਂ ਬੁਲਾਇਆ। ਜਦ ਮੈਂ ਜਗਦੀਪ ਨੂੰ, ਜੋ ਮੇਰੀ ਪਤਨੀ ਹੈ, ਮੇਰੇ ਦੋ ਬੱਚਿਆਂ ਦੀ ਮਾਂ ਹੈ, ਰੋਕਣ ਵਿਚ ਕਾਮਯਾਬ ਨਹੀਂ ਹੋ ਸਕਿਆ, ਤੁਹਾਨੂੰ ਮੈਂ ਕਿਸ ਹੱਕ ਨਾਲ ਰੋਕਣ ਬਾਰੇ ਸੋਚ ਸਕਦਾ ਹਾਂ, ਤਾਂ ਵੀ ਮੈਂ ਇਕ ਗੱਲ ਕਹਿਣੀ ਜ਼ਰੂਰੀ ਸਮਝਦਾ ਹਾਂ। ਮੇਰੇ ਨਾਲ ਇਸ ਬਾਰੇ ਤਾਂ ਜ਼ਰੂਰ ਸਹਿਮਤ ਹੋਵੋਗੇ ਕਿ ਤੁਸੀਂ ਜਗਦੀਪ ਨੂੰ ਕਿੰਨਾ ਵੀ ਜਾਣਦੇ ਹੋਵੋ, ਮੇਰੇ ਜਿੰਨਾ ਨਹੀਂ ਜਾਣਦੇ। ਬਹੁਤ ਜਜ਼ਬਾਤੀ, ਪਾਰੇ ਵਰਗਾ ਤਰਲ ਸੁਭਾਅ ਹੈ ਉਸ ਦਾ। ਤੁਸੀਂ ਵੀ ਕਲਾਕਾਰ ਹੋ। ਕਲਾਕਾਰ ਸਭ ਜਜ਼ਬਾਤੀ ਹੀ ਹੁੰਦੇ ਨੇ, ਜਿਨ੍ਹਾਂ ਦੀ ਬੁੱਧੀ ਦੀ ਨਕੇਲ ਵੀ ਜਜ਼ਬਿਆਂ ਦੇ ਹੱਥ ਹੁੰਦੀ ਹੈ। ਕਈ ਤਾਂ ਵਿਸ਼ਵਾਸਘਾਤੀ ਹੋਣ ਦੀ ਹੱਦ ਤੱਕ ਜਜ਼ਬਿਆਂ ਦੇ ਗੁਲਾਮ ਹੋ ਜਾਂਦੇ ਨੇ। ਖੈਰ, ਇਹ ਚਰਚਾ ਰਹਿਣ ਦੇਈਏ। ਮੈਂ ਤੁਹਾਨੂੰ ਸਿਰਫ਼ ਇਕ ਗੱਲ ਕਹਿਣੀ ਹੈ..."**

ਇਕ ਹੋਰ ਅਖਬਾਰ ਦਾ ਸੰਪਾਦਕ ਇਸ ਤੋਂ ਵੀ ਅੱਗੇ ਲੰਘ ਗਿਆ। ਇਹ ਉਹੋ ਸੱਜਣ ਸੀ ਜਿਸ ਨੇ ਜਗਦੀਪ ਨੂੰ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਣ ਸਮੇਂ ਵਿਰੋਧ ਦਾ ਝੰਡਾ ਬੁਲੰਦ ਕੀਤਾ ਸੀ। ਉਸ ਸਮੇਂ ਉਹਨੇ ਇਨਾਮੀ ਪੁਸਤਕ 'ਪੌਣਾਂ ਹੱਥ ਸੰਦੇਸ਼' ਚੁੱਕੀ ਸੀ ਅਤੇ ਐਤਵਾਰ ਦੇ ਸਾਹਿਤਕ ਅੰਕ ਵਿਚ ਇਕ ਇਕ ਕਰ ਕੇ ਪਹਿਲੀ ਤੋਂ ਅੰਤਲੀ ਕਵਿਤਾ ਤੱਕ ਦੀ ਲੜੀਵਾਰ ਆਲੋਚਨਾ ਸ਼ੁਰੂ ਕਰ ਦਿੱਤੀ ਸੀ। ਆਲੋਚਨਾ ਕਾਹਦੀ ਸੀ, ਆਲੋਚਨਾ ਦੇ ਨਾਂ ਉਤੇ ਹਰ ਕਵਿਤਾ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਸਨ। ਕਿਸੇ ਰਚਨਾ ਦੀ ਨਿਰਪੱਖ ਨਿਰਖ-ਪਰਖ ਕਰਨ ਦੀ ਥਾਂ ਜਦੋਂ ਨਿੰਦਿਆ ਜਾਂ ਪ੍ਰਸ਼ੰਸਾ ਦਾ ਉਦੇਸ਼ ਪਹਿਲਾਂ ਹੀ ਮਿਥ ਲਿਆ ਜਾਵੇ, ਉਸ ਨਜ਼ਰੀਏ ਤੋਂ ਲਿਖਦੇ ਰਹਿਣਾ ਕੋਈ ਔਖਾ ਨਹੀਂ ਹੁੰਦਾ। ਜੇ ਕੋਈ ਚਾਹੇ, ਤਰਕ ਦਾ ਰਾਹ ਤਜ ਕੇ ਦੁਨੀਆ ਦੀ ਕਿਸੇ ਵੀ ਮਹਾਨ ਰਚਨਾ ਨੂੰ ਕੱਖੋਂ ਹੌਲੀ ਸਿੱਧ ਕਰ ਸਕਦਾ ਹੈ। ਮਿਸਾਲ ਵਜੋਂ, ਇਕ ਦਿਨ ਇਕ ਕਵਿਤਾ ਦੀਆਂ ਸਿਰਫ਼ ਇਹ ਦੋ ਸਤਰਾਂ ਲੈ ਕੇ ਪੂਰਾ ਲੇਖ ਲਿਖਿਆ ਹੋਇਆ ਸੀ:

ਤੇਰੇ ਰੰਗਲੇ ਇਸ਼ਕ ਦੀ ਮਹਿਕ ਮਿੱਠੀ,
ਸਾਡੇ ਸਾਹਾਂ ਦੀ ਲੜੀ ਨੂੰ ਤੋਰਦੀ ਏ।
ਸਾਨੂੰ ਖਾਣ ਤੇ ਪੀਣ ਦੀ ਸੁਧ ਕੋਈ ਨਾ,
ਘੁੱਟ ਭਰੀ ਦੀਦਾਰ ਦੇ ਲੋਰ ਦੀ ਏ।

ਉਹਦੀਆਂ ਦਲੀਲਾਂ ਨੇ ਇਹ ਰਾਹ ਫੜਿਆ: "ਇਸ਼ਕ ਨਿਰਾਕਾਰ ਹੁੰਦਾ ਹੈ। ਨਿਰਾਕਾਰ ਚੀਜ਼ ਵਿਚ ਕੇਹਾ ਰੰਗ, ਕੇਹੀ ਮਹਿਕ ਤੇ ਕੇਹਾ ਸੁਆਦ? ਉਸ ਨੂੰ ਰੰਗਲਾ ਕਹਿਣਾ ਜਾਂ ਉਸ ਵਿਚੋਂ ਮਹਿਕ ਆਉਂਦੀ ਕਹਿਣਾ ਜਾਂ ਉਸ ਦਾ ਮਿੱਠਾ ਸੁਆਦ ਕਹਿਣਾ ਸੁਧੀ ਮੂਰਖਤਾ ਹੈ। ਇਸ਼ਕ ਕੋਈ ਫੁੱਲ ਨਹੀਂ ਜਿਸ ਦਾ ਰੰਗ ਵੀ ਹੋਵੇ ਤੇ ਮਹਿਕ ਵੀ ਹੋਵੇ। ਮਿੱਠੀ ਤਾਂ ਖਾਣ ਵਾਲੀ ਚੀਜ਼ ਹੁੰਦੀ ਹੈ, ਜਿਵੇਂ ਗੁੜ-ਸ਼ੱਕਰ ਜਾਂ ਲੱਡੂ-ਬਰਫੀ। ਚੀਜ਼ ਦੇ ਮਿੱਠੀ ਹੋਣ ਦਾ ਪਤਾ ਮੂੰਹ ਵਿਚ ਪਾ ਕੇ ਲਗਦਾ ਹੈ। ਮਹਿਕ ਸੁੰਘਣ ਵਾਲੀ ਚੀਜ਼ ਹੈ। ਕਿਸੇ ਚੀਜ਼ ਨੂੰ ਸੁੰਘਿਆ ਨੱਕ ਰਾਹੀਂ ਜਾਂਦਾ ਹੈ। ਨੱਕ ਨੂੰ ਮਿੱਠੀ ਕੌੜੀ ਚੀਜ਼ ਦਾ ਪਤਾ ਨਹੀਂ ਲਗਦਾ, ਖੁਸ਼ਬੂ ਜਾਂ ਬਦਬੂ ਦਾ ਪਤਾ ਲਗਦਾ ਹੈ। ਇਸ਼ਕ ਕੋਈ ਮਿੱਠੀ ਮਹਿਕਦਾਰ ਚੀਜ਼ ਨਹੀਂ। ਇਸ਼ਕ ਤਾਂ ਜੱਫੀਆਂ ਤੇ ਚੁੰਮੀਆਂ ਦਾ ਅਤੇ ਹੋਰ ਅੱਗੇ ਦਾ ਰੂਪ ਧਾਰਦਾ ਹੈ। ਹਾਂ ਜੇ ਮਾਸ਼ੂਕ ਨੇ ਲਿਪਸਟਿਕ ਲਾਈ ਹੋਵੇ ਅਤੇ ਉਹ ਮਿੱਠੀ ਹੋਵੇ, ਉਸ ਸੂਰਤ ਵਿਚ ਇਸ਼ਕ ਨੂੰ ਮਿੱਠਾ ਜ਼ਰੂਰ ਕਿਹਾ ਜਾ ਸਕਦਾ ਹੈ! ਏਨੀ ਹੀ ਮੂਰਖਤਾ ਗੱਲ ਮਨੁੱਖ ਦੀ ਸਾਹਾਂ ਦੀ ਲੜੀ ਦਾ ਰੰਗਲੇ ਇਸ਼ਕ ਦੀ ਮਿੱਠੀ ਮਹਿਕ ਦੇ ਸਹਾਰੇ ਚੱਲਣਾ ਹੈ। ਸਾਹਾਂ ਦੀ ਲੜੀ ਰੋਟੀ-ਪਾਣੀ ਜਿਹੀਆਂ ਸਥੂਲ ਚੀਜ਼ਾਂ ਦੇ ਸਹਾਰੇ ਚਲਦੀ ਹੈ, ਰੰਗਾਂ ਅਤੇ ਮਹਿਕਾਂ ਜਿਹੀਆਂ ਫਜ਼ੂਲ ਚੀਜ਼ਾਂ ਦੇ ਸਹਾਰੇ ਨਹੀਂ। ਜੇ ਇਸ ਤੋਂ ਵੀ ਵੱਡੀ ਫਜ਼ੂਲੀਅਤ ਦੇ ਦਰਸ਼ਨ ਕਰਨੇ ਹੋਣ, ਦੀਦਾਰ ਦਾ ਲੋਰ ਪੜ੍ਹ ਲਵੋ। ਦੀਦਾਰ ਅੱਖਾਂ ਨਾਲ ਕੀਤਾ ਜਾਂਦਾ ਹੈ ਅਤੇ ਲੋਰ ਮੂੰਹ ਨਾਲ ਖਾਧੀ-ਪੀਤੀ ਕਿਸੇ ਨਸ਼ੇ ਵਾਲੀ ਵਸਤ ਦਾ ਚੜ੍ਹਦਾ ਹੈ। ਜਦੋਂ ਇਹ ਆਪੇ ਮਹਾਨ ਬਣੀ ਸਾਧਾਰਨ ਤੋਂ ਵੀ ਘਟੀਆ ਲਿਖਣ ਵਾਲੀ ਲੇਖਿਕਾ ਖੁਦ ਮੰਨਦੀ ਹੈ ਕਿ ਉਸ ਨੂੰ ਖਾਣ-ਪੀਣ ਦੀ ਕੋਈ ਸੁੱਧ ਹੀ ਨਹੀਂ, ਫੇਰ ਘੁੱਟ ਕਿਵੇਂ ਭਰ ਲਈ? ਦੀਦਾਰ ਅਤੇ ਲੋਰ ਦੋਵੇਂ ਨਿਰਾਕਾਰ ਵਸਤਾਂ ਹਨ, ਇਨ੍ਹਾਂ ਵਿਚੋਂ ਕਿਸੇ ਦੀ ਵੀ ਘੁੱਟ ਨਹੀਂ ਭਰੀ ਜਾ ਸਕਦੀ। ਇਸ ਮਹਾਨ ਕਵਿੱਤਰੀ ਨੂੰ ਮੇਰਾ ਚੈਲਿੰਜ ਹੈ ਕਿ ਖਾਣਾ-ਪੀਣਾ ਤਿਆਗ ਕੇ ਰੰਗਲੇ ਇਸ਼ਕ ਦੀ ਮਿੱਠੀ ਮਹਿਕ ਦੀਦਾਰ ਦੇ ਲੋਰ ਦੀ ਘੁੱਟ ਦੇ ਸਹਾਰੇ ਜਿਉਂ ਕੇ ਤਾਂ ਦਿਖਾਵੇ, ਜੇ ਦੋ ਦਿਨਾਂ ਵਿਚ ਨਾਨੀ ਯਾਦ ਨਾ ਆ ਜਾਵੇ।"

ਹੁਣ ਉਹਨੇ "ਪਾਠਕਾਂ ਦੀ ਜ਼ੋਰਦਾਰ ਮੰਗ ਕਾਰਨ" ਇਹ ਲੇਖ ਲੜੀ ਦੁਬਾਰਾ ਛਾਪਣੀ ਸ਼ੁਰੂ ਕਰ ਦਿੱਤੀ ਸੀ। ਇਸ ਲੀਹ ਉਤੇ ਉਹਦੇ ਵਿਚਾਰਾਂ ਦੀ ਰੇਲ ਦੁਬਾਰਾ ਹਰ ਐਤਵਾਰ ਮਾਰੋ-ਮਾਰ ਕਰਦੀ ਉਸੇ ਰਫਤਾਰ ਨਾਲ ਭੱਜਣ ਲੱਗੀ ਜਿਸ ਨਾਲ ਪੰਜਾਬ ਮੇਲ ਕਵਿੱਤਰੀ ਅਤੇ ਉਹਦੇ ਚਿਤਰਕਾਰ ਦੋਸਤ ਨੂੰ ਦਿੱਲੀ ਤੋਂ ਬੰਬਈ ਲੈ ਕੇ ਗਈ ਸੀ। ਉਹਨੇ ਇਸ ਲੇਖ ਲੜੀ ਦੀ ਸਮਾਪਤੀ ਮਗਰੋਂ ਇਕ ਨਵੀਂ ਲੇਖ ਲੜੀ ਸ਼ੁਰੂ ਕਰਨ ਦੀ ਜਾਣਕਾਰੀ ਵੀ ਦੇ ਦਿੱਤੀ।

ਉਹ ਲੜੀ ਜਗਦੀਪ ਦੇ ਇਸ਼ਕਾਂ ਦੇ ਕਿੱਸਿਆਂ ਦੀ ਹੋਣੀ ਸੀ। ਹਰ ਐਤਵਾਰ ਨਵਾਂ ਇਸ਼ਕ! ਇਸ ਵਿਚ ਮੋਹਨ ਸਿੰਘ ਅਤੇ ਸਾਹਿਰ ਵਰਗੇ ਮਘਦੇ ਰਿਸ਼ਤੇ ਤਾਂ ਹੋਣੇ ਹੀ ਸਨ, ਭਰਪੂਰ ਸਿੰਘ ਸ਼ਾਂਤ ਤੇ ਸਾਧੂ ਸਿੰਘ ਫੱਕਰ ਵਰਗੇ ਇਸ਼ਕ ਦੇ ਇਕਪਾਸੀ ਦਾਅਵੇਦਾਰਾਂ ਦੇ ਨਾਲ ਨਾਲ ਅਜਿਹੇ ਆਸ਼ਕ ਵੀ ਸ਼ਾਮਲ ਹੋਣੇ ਸਨ ਜਿਨ੍ਹਾਂ ਨੂੰ ਕਰੋਲ ਬਾਗ ਦੇ ਭੂਗੋਲ ਤੱਕ ਦਾ ਵੀ ਪਤਾ ਨਹੀਂ ਸੀ। ਸੰਪਾਦਕ ਨੇ ਇਹ ਐਲਾਨ ਵੀ ਕੀਤਾ ਸੀ ਕਿ ਉਹਦੇ ਜਿਹੜੇ ਇਸ਼ਕ ਅਜੇ ਤੱਕ ਲੋਕਾਂ ਦੀ ਜਾਣਕਾਰੀ ਤੋਂ ਛੁਪੇ ਰਹੇ ਹਨ, ਉਹ ਲੱਭਣ ਵਾਸਤੇ ਵੀ ਖੋਜੀ ਲਾ ਦਿੱਤੇ ਗਏ ਸਨ, ਤੇ ਇਸ ਲੜੀ ਦੀ ਟੀਸੀ ਹੋਣੀ ਸੀ ਚਰਨਜੀਤ ਦੇ ਇਸ਼ਕ ਦੀ ਕਥਾ-ਕਹਾਣੀ।

ਪੰਜਾਬ ਦੇ ਕਈ ਅਖਬਾਰਾਂ ਦਾ ਪੱਤਰਕਾਰੀ ਦੇ ਪਾਣੀਆਂ ਵਿਚ ਘੋਲਿਆ ਜਾ ਰਿਹਾ ਇਹ ਗਾਰਾ ਉਨ੍ਹਾਂ ਲੋਕਾਂ ਤੱਕ ਪੁੱਜ ਹੀ ਨਹੀਂ ਸੀ ਰਿਹਾ ਜੋ ਇਹਦੇ ਪਾਤਰ ਸਨ। ਗੁਰਮੁਖ ਸਿੰਘ ਕੋਲ ਇਹ ਅਖਬਾਰ ਆਉਂਦੇ ਹੀ ਨਹੀਂ ਸਨ। ਉਹਨੂੰ ਕੋਈ ਭੇਜਦਾ ਵੀ ਨਹੀਂ ਸੀ ਕਿਉਂਕਿ ਅਖਬਾਰਾਂ ਵਾਲਿਆਂ ਅਤੇ ਲੇਖਕਾਂ ਪਾਠਕਾਂ ਦੀ ਨਜ਼ਰ ਵਿਚ ਉਹ ਤਾਂ ਮਜ਼ਲੂਮ ਸੀ ਜਿਸ ਦੇ ਜ਼ਖਮਾਂ ਉਤੇ ਇਨ੍ਹਾਂ ਲਿਖਤਾਂ ਦਾ ਲੂਣ ਭੁੱਕਣਾ ਠੀਕ ਨਹੀਂ ਸੀ। ਹਿਤੈਸ਼ੀ ਜੀ ਵਰਗੇ ਲੋਕ ਵੀ, ਜਿਨ੍ਹਾਂ ਕੋਲ ਡਾਕ ਵਿਚ ਪੜ੍ਹਤ ਕੇ ਹੀ ਸਹੀ, ਅਜਿਹੇ ਅਖਬਾਰ ਰਸਾਲੇ ਪਹੁੰਚਦੇ ਸਨ, ਉਹਦੇ ਨਾਲ ਇਹ ਜ਼ਿਕਰ ਕਰਨਾ ਵਾਜਬ ਨਹੀਂ ਸਨ ਸਮਝਦੇ ਤੇ ਖਲਨਾਇਕੀ ਨਾਇਕ-ਨਾਇਕਾ ਤਾਂ ਉਨ੍ਹਾਂ ਦੀ ਮਾਰ ਤੋਂ ਬਹੁਤ ਦੂਰ ਸਮੁੰਦਰ ਕਿਨਾਰੇ ਬੈਠੇ ਚੜ੍ਹਦੀਆਂ ਲਹਿੰਦੀਆਂ ਲਹਿਰਾਂ ਗਿਣ ਰਹੇ ਸਨ!

# ਪੈਸੇ ਜਨਤਾ ਦੇ, ਤਸਵੀਰਾਂ ਵਿਚ ਨੇਤਾ ਲੋਕ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਰਾਜ ਸਰਕਾਰਾਂ ਆਪਣੇ ਕੀਤੇ ਕੰਮਾਂ ਦਾ ਵਿਗਿਆਪਨ ਦੇਣ ਵੇਲੇ ਸਬੰਧਤ ਮੰਤਰੀ ਤੇ ਮੁੱਖ ਮੰਤਰੀ ਦੇ ਨਾਲ ਦੇਸ਼ ਦੇ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਦੀ ਤਸਵੀਰ ਆਮ ਹੀ ਦੇਣ ਲਗ ਪਈਆਂ ਸਨ। ਸੁਪਰੀਮ ਕੋਰਟ ਨੇ ਅੱਗੇ ਤੋਂ ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਭਾਰਤ ਦੇ ਚੀਫ ਜਸਟਿਸ ਤੋਂ ਬਿਨਾ ਹੋਰ ਕਿਸੇ ਵੀ ਹਸਤੀ ਦੀ ਤਸਵੀਰ ਛਾਪਣ ਉਤੇ ਰੋਕ ਲਾ ਦਿੱਤੀ ਹੈ। ਇਹ ਠੀਕ ਹੈ ਕਿ ਬਹੁਤੀ ਵਾਰੀ ਸਿਆਸਤਦਾਨਾਂ ਦੀਆਂ ਤਸਵੀਰਾਂ ਪ੍ਰਚਾਰੇ ਜਾਣ ਵਾਲੇ ਨੁਕਤਿਆਂ ਨਾਲੋਂ ਵੀ ਵਧ ਥਾਂ ਲੈ ਜਾਂਦੀਆਂ ਸਨ। ਨਿਸ਼ਚੇ ਹੀ ਅਜਿਹੇ ਵਿਗਿਆਪਨਾਂ ਉਤੇ ਖਰਚ ਕੀਤੀ ਜਾਣ ਵਾਲੀ ਪੂੰਜੀ ਆਮ ਜਨਤਾ ਦੇ ਪੱਲਿਓਂ ਆਈ ਹੁੰਦੀ ਹੈ। ਕਿਸੇ ਵੀ ਨੇਤਾ ਨੂੰ ਇਹ ਪੈਸਾ ਆਪਣਾ ਬਿੰਬ ਬਣਾਉਣ ਲਈ ਵਰਤਣਾ ਭ੍ਰਿਸ਼ਟਾਚਾਰ ਦੀ ਸਿਖਰ ਹੈ। ਆਮ ਆਦਮੀ ਉਤੇ ਟੈਕਸ ਲਾ ਕੇ ਉਗਰਾਹੀ ਇਹ ਪੂੰਜੀ ਆਪਣਾ ਜੱਸ ਗਾਉਣ ਲਈ ਵਰਤਣ ਉਕਾ ਹੀ ਗਲਤ ਹੈ।

ਸਰਕਾਰਾਂ ਚੰਗੇ ਕੰਮ ਕਰਨ ਤਾਂ ਉਨ੍ਹਾਂ ਦੀ ਭੱਲ ਆਪਣੇ ਆਪ ਹੀ ਬਣ ਜਾਵੇਗੀ। ਭਾਰਤ ਉਤੇ ਦੋ ਸੌ ਸਾਲ ਰਾਜ ਕਰਨ ਵਾਲੀ ਤੇ ਆਮ ਲੋਕਾਂ ਦੀ ਭਾਸ਼ਾ ਵਿਚ ਲੋਟੂ ਗੋਰਿਆਂ ਦੀ ਸਰਕਾਰ ਵੀ ਆਮ ਜਨਤਾ ਲਈ ਸੜਕਾਂ ਬਣਾਉਣ, ਰੇਲ ਗੱਡੀਆਂ ਚਲਾਉਣ ਤੇ ਨਹਿਰਾਂ ਕੱਢ ਕੇ ਭੂਮੀ ਨੂੰ ਉਪਜਾਊ ਕਰਨ ਉਤੇ ਪੂੰਜੀ ਲਾਉਂਦੀ ਰਹੀ ਹੈ। ਆਪਾਂ ਉਨ੍ਹਾਂ ਤੋਂ ਹੀ ਸਬਕ ਸਿੱਖੀਏ।

ਹਾਂ ਜੇ ਵਿਗਿਆਪਨ ਦਾ ਮੂੰਹ ਮੱਥਾ ਬਣਾਉਣ ਲਈ ਕੋਈ ਨਾ ਕੋਈ ਤਸਵੀਰ ਦੇਣੀ ਹੀ ਹੈ ਤਾਂ ਕੇਵਲ ਉਨ੍ਹਾਂ ਹਸਤੀਆਂ ਦੀ ਦੇਣੀ ਚਾਹੀਦੀ ਹੈ ਜਿਹੜੇ ਕੇਵਲ ਸ਼ੋਭਾ ਵਾਲੀਆਂ ਪਦਵੀਆਂ 'ਤੇ ਬਿਰਾਜਮਾਨ ਹਨ। ਇਸ ਸ਼੍ਰੇਣੀ ਵਿਚ ਰਾਸ਼ਟਰਪਤੀ ਤੇ ਰਾਜਪਾਲ ਹੀ ਆਉਂਦੇ ਹਨ। ਪ੍ਰਧਾਨ ਮੰਤਰੀ ਤੇ ਚੀਫ ਜਸਟਿਸ ਵੀ ਨਹੀਂ। ਕੀ ਸੁਪਰੀਮ ਕੋਰਟ ਨੂੰ ਆਪਣੇ ਫੈਸਲੇ ਉਤੇ ਨਜ਼ਰਸਾਨੀ ਕਰਨ ਦੀ ਲੋੜ ਨਹੀਂ? ਸ਼ਾਇਦ ਹੈ।

**ਭੁਚਾਲ ਤੇ ਪੈਟਰੋਲ ਦੇ ਝਟਕੇ:** ਮਈ ਦਾ ਮਹੀਨਾ ਬੜਾ ਚੰਦਰਾ ਸੀ। ਨੇਪਾਲ ਤੇ ਇਸ ਦੀ ਸੀਮਾ ਨਾਲ ਲਗਦੇ ਭਾਰਤੀ ਖੇਤਰਾਂ ਵਿਚ ਭੂਚਾਲ ਦੇ ਝਟਕਿਆਂ ਨੇ ਆਮ ਲੁਕਾਈ ਨੂੰ ਸਾਹ ਨਹੀਂ ਲੈਣ ਦਿੱਤਾ। ਨੇਪਾਲ ਤੇ ਭਾਰਤ (ਬਿਹਾਰ) ਵਿਚ ਜਾਨੀ ਤੇ ਮਾਲੀ ਨੁਕਸਾਨ ਤੋਂ ਬਿਨਾ ਕਈ ਇਤਿਹਾਸਕ ਭਵਨ ਵੀ ਨਸ਼ਟ ਹੋ ਗਏ। ਮਹਾਤਮਾ ਬੁੱਧ ਦੀਆਂ ਉਹ ਮੂਰਤੀਆਂ ਵੀ ਜਿਹੜੀਆਂ ਅਹਿੰਸਾ ਦਾ ਦਾਨ ਮੰਗਦੀਆਂ ਸਨ। ਨੇਪਾਲ ਵਾਸੀਆਂ ਤੇ ਬਿਹਾਰੀਆਂ ਨੂੰ ਤਰਸ ਦੀ ਭਾਵਨਾ ਦਾ ਦਰਦ ਵੀ ਹੰਢਾਉਣਾ ਪਿਆ। ਪੀੜਤ ਮਨੁੱਖਤਾ ਨੇ ਇਹ ਦਰਦ ਉਪਰ ਵਾਲੇ ਰੱਬ ਦਾ ਭਾਣਾ ਮੰਨ ਕੇ ਹੰਢਾਇਆ।

ਇਸ ਮਹੀਨੇ ਇਕ ਉਹ ਦੁਖ ਵੀ ਹੈ ਜਿਹੜਾ ਭਾਰਤ ਵਾਸੀਆਂ ਨੂੰ ਉਪਰ ਵਾਲੇ ਨੇ ਨਹੀਂ ਦਿੱਤਾ, ਉਨ੍ਹਾਂ ਦੀ ਚੁਣੀ ਹੋਈ ਸਰਕਾਰ ਨੇ ਦਿੱਤਾ ਹੈ, ਪੈਟਰੋਲ ਦੀਆਂ ਕੀਮਤਾਂ ਦੇ ਭਰਮ ਭੁਲੇਖੇ ਪਾ ਕੇ।



ਮਈ ਮਹੀਨੇ ਦੇ ਪਹਿਲੇ ਅੱਧ ਵਿਚ ਹੀ ਪੈਟਰੋਲ 7 ਰੁਪਏ 9 ਪੈਸੇ ਲਿਟਰ ਮਹਿੰਗਾ ਕਰ ਦਿੱਤਾ ਤੇ ਡੀਜ਼ਲ ਪੰਜ ਰੁਪਏ 8 ਪੈਸੇ। ਇਸ ਵਾਧੇ ਦਾ ਅਸਰ ਆਵਾਜਾਈ ਦੇ ਵਸੀਲਿਆਂ ਤੇ ਖਾਣ ਪੀਣ ਦੀਆਂ ਵਸਤਾਂ ਉਤੇ ਪੈਣਾ ਨਿਸ਼ਚਿਤ ਹੈ। ਟਿੱਪਣੀਕਾਰ ਦਸਦੇ ਹਨ ਕਿ 2014 ਦੀ ਅਗਸਤ ਤੋਂ 2015 ਦੀ ਫਰਵਰੀ ਤੱਕ ਸਰਕਾਰ ਨੇ ਪੈਟਰੋਲ ਦੀ ਕੀਮਤ 10 ਵਾਰੀ ਤੇ ਡੀਜ਼ਲ ਦੀ ਛੇ ਵਾਰੀ ਘਟਾ ਕੇ ਜਿਹੜੇ ਸਬਜ਼ ਬਾਗ ਵਿਖਾਏ ਉਹ ਮਈ ਮਹੀਨੇ ਸਿਰਜੀ ਪਤਝੜ ਨੇ ਸੋਕੇ ਵਿਚ ਬਦਲ ਦਿੱਤੇ ਹਨ। ਭੁਚਾਲਾਂ ਦੀ ਕਰੋਪੀ ਨੂੰ ਬੰਦਾ ਰੱਬ ਦੇ ਨਾਂ ਲਾ ਕੇ ਪ੍ਰਵਾਨ ਕਰ ਲੈਂਦਾ ਹੈ, ਸਰਕਾਰਾਂ ਦੇ ਕੀਤੇ ਨੂੰ ਕੀ ਨਾਂ ਦੇਵੇ?

**ਕਾਲਕਾ ਸ਼ਿਮਲਾ ਕਮਿਊਨੀਕੇਸ਼ਨ:** ਮੈਂ ਕਿਸੇ ਕੰਮ ਦੇ ਸਬੰਧ ਵਿਚ 1951 ਦੇ ਅਪਰੈਲ ਤੇ ਮਈ ਮਹੀਨੇ ਸ਼ਿਮਲੇ ਰਿਹਾ ਸੀ। ਉਸ ਕੰਮ ਵਿਚ ਮੇਰੇ ਮਾਸੜ ਜੀ ਮੁਬਾਰਕਪੁਰ ਰਹਿ ਕੇ ਮੇਰਾ ਸਾਥ ਦੇ ਰਹੇ ਸਨ। ਇਕ ਐਤਵਾਰ ਮੇਰੇ ਬਾਪੂ ਜੀ ਹੁਸ਼ਿਆਰਪੁਰ ਤੋਂ ਮਾਸੜ ਕੋਲ ਆਏ ਤਾਂ ਮਾਸੜ ਜੀ ਨੇ ਉਨ੍ਹਾਂ ਦੀ ਮੇਰੇ ਨਾਲ ਗੱਲ ਕਰਵਾਉਣੀ ਚਾਹੀ। ਮੋਬਾਈਲ ਫੋਨ ਤਾਂ ਹੁੰਦੇ ਨਹੀਂ ਸਨ। ਉਨ੍ਹਾਂ ਨੇ ਮੁਬਾਰਕਪੁਰ ਤੋਂ ਕਾਲਕਾ ਜਾ ਕੇ ਸ਼ਿਮਲੇ ਦੀ ਕਾਲ ਬੁੱਕ ਕਰਵਾਈ। ਮੈਂ ਏਧਰ-ਉਧਰ ਘੁੰਮਣ ਫਿਰਨ ਜਾ ਹੋਣ ਕਾਰਨ ਉਨ੍ਹਾਂ ਨੂੰ ਸਵੇਰ ਦੇ 10 ਵਜੇ ਤੋਂ ਸ਼ਾਮ ਦੇ ਚਾਰ ਵਜੇ ਤੱਕ ਉਡੀਕਣਾ ਪਿਆ। ਹੁਣ ਚੌਸਠ ਸਾਲਾਂ ਪਿੱਛੋਂ ਮੈਂ ਬੜੋਗ ਦੇ ਪਾਈਨਵੁਡ ਰਿਜ਼ਾਰਟ 'ਤੇ ਬੈਠਾ ਚਾਹ ਪੀ ਰਿਹਾ ਸਾਂ ਤਾਂ ਮੇਰੇ ਮੋਬਾਈਲ ਦੀ ਘੰਟੀ ਵੱਜੀ। ਮੇਰੇ ਛੋਟੇ ਭਰਾ ਦੀ ਘਰ ਵਾਲੀ ਜਗਦੀਸ਼ ਕੌਰ ਮੇਰੇ ਜੱਦੀ ਪਿੰਡ ਸੁਨੀ, ਜ਼ਿਲਾ ਹੁਸ਼ਿਆਰਪੁਰ ਤੋਂ ਬੋਲ ਰਹੀ ਸੀ। ਉਸ ਨੇ ਇਹ ਦੱਸਣਾ ਸੀ ਕਿ ਉਹ ਕੈਨੇਡਾ ਤੋਂ ਪਿੰਡ ਪਹੁੰਚ ਗਈ ਹੈ ਤੇ 20 ਜੁਲਾਈ ਤੱਕ ਪਿੰਡ ਰਹੇਗੀ। ਮੇਰੀ ਗੱਲ ਖਤਮ ਨਹੀਂ ਸੀ ਹੋਈ ਤਾਂ ਮੇਰੀ ਭਤੀਜੀ ਭੁਪਿੰਦਰ ਪੱਡਾ ਦਾ ਮੋਬਾਈਲ ਬੋਲ ਪਿਆ। ਉਹਦਾ ਪਤੀ ਅਵਤਾਰ ਪੱਡਾ ਸੋਨਮਾਰਗ (ਕਸ਼ਮੀਰ) ਤੋਂ ਬੋਲ ਰਿਹਾ ਸੀ। ਆਪਣਾ ਹਾਲ ਦੱਸਣਾ ਚਾਹੁੰਦਾ ਸੀ। ਮੈਂ ਚਾਹ ਪੀਂਦੇ ਸਾਥੀਆਂ ਨੂੰ 1951 ਵਾਲੀ ਗੱਲ ਦੱਸੀ ਤਾਂ ਅਸੀਂ ਸਾਰੇ ਸਮਾਂ ਨਾਪਣ ਲਗ ਪਏ। ਇਹ ਗੱਲ ਵੀ ਹੋਈ ਕਿ ਕਾਲਕਾ ਤੋਂ ਸ਼ਿਮਲਾ ਨੂੰ ਜਾਣ ਵਾਲੀਆਂ ਬੱਸਾਂ ਕਿੰਨੀਆਂ ਸੁਰੰਗਾਂ ਵਿਚੋਂ ਲੰਘਦੀਆਂ ਸਨ ਅਤੇ ਕਿੰਨਾ ਸਮਾਂ ਦੂਜੇ ਪਾਸੇ ਤੋਂ ਆਉਣ ਵਾਲੀਆਂ ਬੱਸਾਂ ਨੂੰ ਲੰਘਾਉਣ ਲਈ ਉਡੀਕਣਾ ਪੈਂਦਾ ਸੀ। ਹੁਣ ਇਸ ਤਰ੍ਹਾਂ ਦਾ ਔਖਾ ਲਾਂਘਾ ਇੱਕ ਵੀ ਨਹੀਂ ਰਿਹਾ। ਹੈ ਕਿ ਨਹੀਂ ਉਨਤੀ ਦਾ ਕਮਾਲ?

**ਅੰਤਿਕਾ:** (ਅਹਿਮਦ ਫਰਾਜ਼)

ਸਿਲਸਿਲੇ ਤੋੜ ਗਿਆ ਵੁਹ ਸਭ ਜਾਤੇ ਜਾਤੇ।
ਵਰਨਾ ਇਤਨੇ ਤੁਅਲਕਾਤ ਥੇ ਕਿ ਆਤੇ ਜਾਤੇ।
ਕਿਤਨਾ ਆਸਾਂ ਥਾ ਤੇਰੇ ਹਿਜਰ ਮੇਂ ਮਰਨਾ ਜਾਨਾਂ,
ਫਿਰ ਭੀ ਇਕ ਉਮਰ ਲਗੀ ਜਾਨ ਸੇ ਜਾਤੇ ਜਾਤੇ।

## ਕਹਾਣੀ

# ਪ੍ਰੇਤ

***ਪੰਜਾਬੀ ਸਾਹਿਤ ਜਗਤ ਵਿਚ ਜਤਿੰਦਰ ਸਿੰਘ ਹਾਂਸ ਨਵੀਂ ਪੀੜ੍ਹੀ ਦਾ ਕਥਾਕਾਰ ਹੈ। ਮਾਨਵੀ ਰਿਸ਼ਤਿਆਂ ਬਾਰੇ ਉਹਨੇ ਬੜੀਆਂ ਖ਼ੂਬਸੂਰਤ ਕਹਾਣੀਆਂ ਜੋੜੀਆਂ ਹਨ। 'ਪ੍ਰੇਤ' ਨਾਂ ਦੀ ਇਸ ਕਹਾਣੀ ਵਿਚ ਵੀ ਉਹਨੇ ਸਮਾਜ ਦੀਆਂ ਛਿਲਤਰਾਂ ਵਿਚ ਫਸ ਕੇ ਲਹੂ-ਲੁਹਾਣ ਹੋਏ ਰਿਸ਼ਤਿਆਂ ਦੀ ਕਥਾ ਛੇੜੀ ਹੈ। ਉਪਰੋਂ ਸਮਤੋਲ ਅਤੇ ਸਾਵੇਂ ਦਿਸਦੇ ਇਨ੍ਹਾਂ ਰਿਸ਼ਤਿਆਂ ਦੀ ਤਹਿ ਅੰਦਰ ਕਿੰਨੀ ਹਲਚਲ ਤੇ ਬੇਚੈਨੀ ਹੈ, ਇਹ ਪਤਾ ਇਸ ਕਹਾਣੀ ਨੂੰ ਪੜ੍ਹ ਕੇ ਹੀ ਲਗਦਾ ਹੈ। ਇਸ ਹਿਸਾਬ ਨਾਲ ਸਾਰਾ ਤਾਣਾ-ਬਾਣਾ ਮਾਨੋ ਸਿਰ ਭਾਰ ਹੋ ਗਿਆ ਲਗਦਾ ਹੈ। -ਸੰਪਾਦਕ***

**ਜਤਿੰਦਰ ਸਿੰਘ ਹਾਂਸ**

ਮੈਨੂੰ ਪੂਰਾ ਯਕੀਨ ਹੋ ਗਿਆ ਸੀ ਕਿ ਸੌ ਵਾਰੀ ਬੋਲਿਆ ਝੂਠ ਸੱਚ ਹੀ ਲੱਗਣ ਲਗਦਾ। ਪ੍ਰੀਤੋ ਦੇ ਮੁੱਕਣ ਦੀ ਇਹੋ ਕਹਾਣੀ ਲੱਗਣ ਲੱਗੀ ਸੀ। ਪਰ ਅੱਜ ਇਹ ਭਰਮ ਵੀ ਟੁੱਟ ਗਿਆ।

ਕਹਿੰਦੇ ਨੇ ਦੁੱਖ ਸਾਂਝਾ ਕਰਨ ਨਾਲ ਦਿਲ ਦਾ ਭਾਰ ਹਲਕਾ ਹੋ ਜਾਂਦਾ ਏ, ਪਰ ਮੈਂ ਕਿਸੇ ਕੋਲ ਦਿਲ ਵੀ ਨਹੀਂ ਫੋਲ ਸਕਦੀ। ਕਿਸ ਨੂੰ ਕਲੇਜਾ ਚੀਰ ਕੇ ਦਿਖਾਵਾਂ ਕਿ ਮੈਂ ਉਹ ਮਾਂ ਹਾਂ ਜਿਸਨੇ ਆਪਣੀ ਅੰਦਰ ਦੇ ਟੁਕੜੇ ਨੂੰ ਮੌਤ ਮੂੰਹੋਂ ਨਹੀਂ ਬਚਾਇਆ, ਸਗੋਂ ਦੇਖਦੀ ਰਹੀ ਸਾਂ, ਤਮਾਸ਼ਬੀਨ ਵਾਂਗ।

ਲੋਕ ਮੇਰੇ ਨਾਲ ਹਮਦਰਦੀ ਪ੍ਰਗਟ ਕਰਨ ਆਉਂਦੇ ਨੇ। ਗਲ ਲੱਗ ਰੋਂਦੇ ਨੇ, ਧਰਵਾਸਾ ਦਿੰਦੇ ਨੇ, "ਲਿਖਤਕਾਰ ਨੀ ਮਿਟਦੀ ਭਾਈ...ਬੱਸ ਉਹਦਾ ਭਾਣਾ।" ਕੋਈ ਪੁੱਛ ਲੈਂਦਾ ਇਹ ਭਾਣਾ ਕਿਵੇਂ ਵਾਪਰਿਆ? ਮੈਂ ਤੋਤੇ ਵਾਂਗ ਰਟੀ ਉਹੀ ਕਹਾਣੀ ਦੁਹਰਾ ਦਿੰਦੀ ਹਾਂ, ਸਫੈਦ ਝੂਠ।

ਅੱਜ ਥੋੜ੍ਹੀ ਦੇਰ ਪਹਿਲਾਂ ਹੀ ਮੈਂ ਇਹੋ ਝੂਠ ਬੋਲ ਕੇ ਹਟੀ ਆਂ। ਅੱਜ ਰਾਮੋ-ਮਾਈ ਅਤੇ ਕਰਨੈਲ ਕੁਰ ਅਫਸੋਸ ਕਰਨ ਆਈਆਂ। ਥੋੜ੍ਹੀ ਦੇਰ ਬਾਅਦ ਚਾਰ ਕੁ ਦੂਰ ਦੇ ਰਿਸ਼ਤੇਦਾਰ ਅਫਸੋਸ ਕਰਨ ਆ ਗਏ। ਕਾਕੋ ਨਾਇਣ ਨੇ ਰਿਸ਼ਤੇਦਾਰਾਂ ਨੂੰ ਤੂਤ ਦੀ ਛਾਵੇਂ ਪੱਲੀ ਵਿਛਾ ਦਿੱਤੀ। ਗਲ਼ ਲੱਗ ਰੋਣ ਤੋਂ ਬਾਅਦ ਚਾਰ ਗੱਲਾਂ ਹੋਈਆਂ। ਮੈਂ ਨੱਕ ਸਾਫ਼ ਕੀਤਾ, ਓਹੀ ਕਹਾਣੀ ਸ਼ੁਰੂ ਕਰ ਲੈਂਦੀ ਹਾਂ।

"ਉਹਦੇ ਸਿਰ 'ਤੇ ਭੈਣ ਜੀ ਮੈਨੂੰ ਘਰ ਦਾ ਭੋਰਾ ਫਿਕਰ ਨਹੀਂ ਸੀ। ਦਸ ਜਮਾਤਾਂ ਉਹਨੇ ਪਤਾ ਨਹੀਂ ਕਦੋਂ ਪਾਸ ਕਰ ਲਈਆਂ, ਕਦੇ ਫੇਲ੍ਹ ਨਹੀਂ ਸੀ ਹੋਈ। ਆਪਣੇ ਮੂੰਹੋਂ ਤਾਂ ਤਾਰੀਫ਼ ਹੋ ਜਾਂਦੀ ਆ, ਮਰ ਜਾਣੀ ਨੂੰ ਰੂਪ ਬਥੇਰਾ ਚੜ੍ਹਿਆ ਸੀ। ਜਿਵੇਂ ਮਰਨ ਮਿੱਟੀ ਚੜ੍ਹੀ ਹੁੰਦੀ ਆ। ਉਹਦਾ ਤਾਇਆ ਥੋੜ੍ਹਾ ਜਿਹਾ ਬੀਮਾਰ ਹੋ ਕੇ ਤੁਰਦਾ ਬਣਿਆ। ਉਹਦੇ ਨਾਲ ਬਹੁਤਾ ਮੋਹ ਕਰਦੀ ਸੀ। ਉਹਦੇ ਮੁੱਕੇ 'ਤੇ ਪਤਾ ਨੀ ਕੀ ਹੋ ਗਿਆ ਕੁੜੀ ਦੇ ਜਾਣੀ 'ਓਸਾਣ ਈ ਮਾਰੇ ਗਏ।' ਮੈਂ ਬਥੇਰਾ ਸਮਝਾਉਣਾ, ਧੀਏ! ਮਰ ਗਿਆਂ ਨਾਲ ਕਿਤੇ ਮਰ ਹੁੰਦਾ। ਕਈ ਡਾਕਟਰਾਂ ਨੂੰ ਦਿਖਾਇਆ। ਪਰ ਕੋਈ ਫਰਕ ਨਾ ਪਿਆ। ਪੰਡਤ ਨੂੰ ਪੁੱਛਿਆ, ਉਹ ਕਹਿੰਦਾ ਇਹਦੇ ਤਾਏ ਦੇ ਪ੍ਰੇਤ ਦੀ ਗਤਿਆ (ਗਤੀ) ਕਰਵਾਓ। ਪ੍ਰੀਤੋ ਦਾ ਬਾਪੂ ਜਾ ਕੇ ਗਤੀ ਕਰਵਾ ਆਇਆ ਪਰ ਕੁੜੀ ਨੂੰ ਭੋਰਾ ਫਰਕ ਨਾ ਪਿਆ। ਫਿਰ ਸਾਡੀ ਗੁਆਂਢਣ ਨੇ ਦੱਸਿਆ ਕਿ ਇਹਨੂੰ ਹਰੀਪੁਰ ਲੈ ਜਾਓ, ਉਹਦੀ ਨੂੰਹ ਦੀ ਗੋਦ ਪੰਜ ਸਾਲਾਂ ਬਾਅਦ ਹਰੀਪੁਰੀਏ ਸੰਤਾਂ ਦੇ ਅਸ਼ੀਰਵਾਦ ਨਾਲ ਹਰੀ ਹੋਈ ਆ। ਆਸ਼ਰਮ ਜਾ ਕੇ ਕੁੜੀ ਠੀਕ ਹੋ ਜਾਇਆ ਕਰੇ, ਘਰ ਆ ਕੇ ਫਿਰ ਉਹੀ ਹਾਲ। ਸੰਤ ਕਹਿੰਦੇ ਇਹਨੂੰ ਆਸ਼ਰਮ ਛੱਡ ਜਾਓ, ਠੀਕ ਹੋ ਜਾਊ! ਪ੍ਰੀਤੋ ਦਾ ਬਾਪੂ ਕਹਿੰਦਾ ਛੱਡ ਆ। ਮੈਂ ਸੋਚਿਆ ਮਨਾ ਭਾਵੇਂ ਉਹ ਸੰਤਾਂ ਦਾ ਆਸ਼ਰਮ ਆ ਪਰ ਲੋਕਾਂ ਦੀਆਂ ਜੀਭਾਂ ਕੌਣ ਫੜੂ, ਲੋਕਾਂ ਤਾਂ ਸੀਤਾ ਵਰਗੀ ਦੇਵੀ ਨੀ ਬਖ਼ਸ਼ੀ, ਅਸੀਂ ਕੀਹਦੇ ਵਿਚਾਰੇ ਆਂ। ਜਵਾਨ ਧੀ ਨੂੰ ਇਕੱਲਿਆਂ ਛੱਡਣ ਨੂੰ ਮੇਰਾ ਦਿਲ ਨਾ ਮੰਨਿਆ। ਮੈਂ ਭਰਜਾਈ ਨੂੰ ਘਰੇ ਛੱਡ ਕੇ ਪ੍ਰੀਤੋ ਨੂੰ ਲੈ ਕੇ ਆਸ਼ਰਮ ਚਲੀ ਗਈ। ਸੱਤ ਕੁ ਦਿਨਾਂ 'ਚ ਕੁੜੀ ਠੀਕ ਹੋ ਗਈ। ਫਿਰ ਅਸੀਂ ਮਹੀਨੇ ਬਾਅਦ ਚੌਕੀ ਭਰ ਆਉਂਦੇ। ਹੁਣ ਉਹ ਚੰਗੀ ਭਲੀ ਸੀ। ਘਰ ਦਾ ਸਾਰਾ ਕੰਮ ਉਹੀ ਕਰਦੀ। ਮੈਂ ਕਹਿਣਾ, ਗੁਰਪ੍ਰੀਤ ਭਾਂਡੇ ਨਾ ਮਾਂਜਿਆ ਕਰ ਸੁਆਹ ਨਾਲ ਤੇਰੇ ਹੱਥ ਖ਼ਰਾਬ ਹੋ ਜਾਣਗੇ, ਕੱਲ੍ਹ-ਕੱਲ੍ਹਾਂ ਨੂੰ ਤੈਨੂੰ ਦੇਖਣ ਵਾਲੇ ਆਉਣਗੇ ਤਾਂ ਕੀ ਕਹਿਣਗੇ? ਉਸਨੇ ਹੱਸ ਛੱਡਣਾ। ਕੀ ਪਤਾ ਸੀ...! ਮੇਰਾ ਗੱਚ ਭਰ ਆਇਆ।

ਉਸ ਦਿਨ ਮੈਂ ਸ਼ਹਿਰੋਂ ਆਈ ਸੀ, ਸੋਨੂੰ ਲਈ ਸਕੂਲ ਦੀ ਵਰਦੀ ਦਾ ਕੱਪੜਾ ਅਤੇ ਪ੍ਰੀਤੋ ਲਈ ਸੂਟ ਲਿਆਈ ਸੀ। ਥੱਕੀ ਹੋਈ ਸੀ। ਮੰਜੇ ਉਤੇ ਢੂਹੀ ਸਿੱਧੀ ਕਰਨ ਪੈ ਗਈ, ਮੇਰੀ ਅੱਖ ਲੱਗ ਗਈ। ਔਹ ਸਾਹਮਣੇ ਵਰਾਂਡੇ 'ਚ ਉਹ ਕੱਪੜਿਆਂ ਨੂੰ ਪ੍ਰੈਸ ਕਰਨ ਲੱਗੀ। ਚੀਕ ਸੁਣ ਕੇ ਮੇਰੀ ਜਾਗ ਖੁੱਲ੍ਹੀ। ਕੁੜੀ ਮੂਧੀ ਡਿੱਗੀ ਪਈ ਸੀ। ਮੈਂ ਫੜ ਕੇ ਖਿੱਚਿਆ। ਮੈਨੂੰ ਕਰੰਟ ਨੇ ਪਰ੍ਹੇ ਸੁੱਟ ਦਿੱਤਾ। ਮੇਰੇ ਨਪੈਥਰ ਦੇ ਏਨੀ ਦਿਮਾਗ 'ਚ ਨਾ ਆਈ ਕਿ ਤਾਰ ਕੱਢ ਦਿਆਂ। ਪ੍ਰੀਤੋ ਦਾ ਬਾਪੂ ਮੇਰੀਆਂ ਚੀਕਾਂ ਸੁਣ ਕੇ ਭੱਜਾ ਆਇਆ। ਉਹ ਪਸ਼ੂਆਂ ਨੂੰ ਅੰਦਰ ਬੰਨ੍ਹ ਰਿਹਾ ਸੀ। ਉਹਨੇ ਆ ਕੇ ਤਾਰ ਕੱਢੀ। ਡਾਕਟਰ ਨੂੰ ਲੈਣ ਭੱਜ ਗਿਆ। ਆਂਢ-ਗੁਆਂਢ ਦੇ ਲੋਕ ਆ ਗਏ, ਉਨ੍ਹਾਂ ਪ੍ਰੀਤੋ ਨੂੰ ਦੱਬਿਆ ਘੁੱਟਿਆ। ਡਾਕਟਰ ਨੇ ਟੂਟੀਆਂ ਜਿਹੀਆਂ ਲਾ ਕੇ ਨਾਂਹ 'ਚ ਸਿਰ ਮਾਰ 'ਤਾ। ਮੇਰਾ ਦਿਲ ਨਾ ਖੜ੍ਹੇ, ਮੈਂ ਕਿਹਾ ਇਹਨੂੰ ਸ਼ਹਿਰ ਲੈ ਚਲੋ। ਇਕ ਦੋ ਸਿਆਣੇ ਮੈਨੂੰ ਸਮਝਾਉਣ ਲੱਗੇ, ਜੋ ਭਾਣਾ ਵਰਤਣਾ ਸੀ ਵਰਤ ਗਿਆ, ਡਾਕਟਰਾਂ ਨੇ ਕੁੜੀ 'ਚ ਕੁਝ ਨਹੀਂ ਛੱਡਣਾ, ਕਾਹਨੂੰ ਇਹਦੀ ਮਿੱਟੀ ਖ਼ਰਾਬ ਕਰਨੀ ਆ, ਬੱਸ ਸੱਚੇ ਪਾਤਸ਼ਾਹ ਦਾ ਭਾਣਾ ਮੰਨੋ।

ਮੇਰੀ ਹੰਝੂਆਂ-ਹਉਕਿਆਂ ਭਰੀ ਕਹਾਣੀ ਸੁਣ ਕੇ ਰਿਸ਼ਤੇਦਾਰ ਬੁੜ੍ਹੀਆਂ ਨੇ ਆਪਣੇ ਹੰਝੂ ਚਿੱਟੀਆਂ ਚੁੰਨੀਆਂ ਨਾਲ ਸਾਫ ਕਰਦਿਆਂ ਹਾਅ ਦੇ ਨਾਅਰੇ ਮਾਰੇ ਸੀ।

"ਜਿਹੜੀ ਲਿਖਤਕਾਰ ਆ ਭਾਈ, ਨਾ ਤਿਲ ਵਧੇ ਨਾ ਮਾਸਾ ਘਟੇ।"

"ਵਾਹਿਗੁਰੂ ਕਿਸੇ ਬੱਚੇ ਨੂੰ ਮਾਂ-ਬਾਪ ਦੀਆਂ ਅੱਖਾਂ ਤੋਂ ਉਹਲੇ ਨਾ ਕਰੀਂ।"

"ਭੈਣ ਜੀ ਇਨ੍ਹਾਂ ਨੇ ਤਾਂ ਕੁੜੀ-ਮੁੰਡਿਆਂ ਨਾਲੋਂ ਵੱਧ ਰੱਖੀ ਹੋਈ ਸੀ, ਇਕ ਵਾਰ...।" ਕਾਕੋ ਨਾਇਣ ਨੇ ਰਸੋਈ ਦੇ ਦਰਵਾਜ਼ੇ ਕੋਲ ਖੜ੍ਹ ਕੇ ਮੈਨੂੰ ਹੱਥ ਦੇ ਇਸ਼ਾਰੇ ਨਾਲ ਬੁਲਾਇਆ। ਰਸੋਈ ਦੇ ਪਿਛਵਾੜੇ ਛਾਵੇਂ ਬੈਠੀਆਂ ਰਾਮੋ ਮਾਈ ਅਤੇ ਕਰਨੈਲ ਕੁਰ ਗੱਲਾਂ ਵਿਚ ਰੁਝੀਆਂ ਹੋਈਆਂ ਸਨ। ਮੈਂ ਕਾਕੋ ਨੂੰ ਪੁੱਛਿਆ, "ਚਾਹ 'ਚ ਦੁੱਧ ਪਾ ਲਿਆ?" ਉਹਨੇ ਮੈਨੂੰ ਚੁੱਪ ਰਹਿਣ ਦਾ ਇਸ਼ਾਰਾ ਕਰਦੀ ਨੇ ਤਾਕੀ ਕੋਲ ਲਿਆ ਕੇ ਖੜ੍ਹਾ ਦਿੱਤਾ। ਮੂੰਹ ਜੋੜੀ ਗੱਲਾਂ ਕਰ ਰਹੀਆਂ ਰਾਮੋ ਮਾਈ ਅਤੇ ਕਰਨੈਲ ਕੁਰ ਦੀਆਂ ਗੱਲਾਂ ਮੇਰੇ ਕੰਨੀਂ ਪਈਆਂ,

"ਜਿਨ੍ਹਾਂ ਦੇ ਜੁਆਨ ਧੀ ਪੁੱਤ ਮੁੱਕ ਜਾਂਦੇ ਨੇ ਉਨ੍ਹਾਂ ਮਾਵਾਂ ਦਾ ਜਹਾਨ ਲੁੱਟਿਆ ਜਾਂਦਾ, ਲੱਕ ਟੁੱਟ ਜਾਂਦਾ। ਸੁਰਜੀਤੋ ਦੇ ਤਾਂ ਜਿਵੇਂ ਚਿੱਤ ਚੇਤੇ ਵੀ ਨੀਂ ਹੁੰਦਾ। ਮਗਰਮੱਛ ਵਾਂਗ ਚਾਰ ਹੰਝੂ ਕੇਰ ਦਿੰਦੀ ਆ। ਤੁਰਦੀ ਦੇਖਿਆ ਕਿਵੇਂ ਆ ਜਿਵੇਂ ਨਵੀਂ ਮੁਕਲਾਵੇ ਆਈ ਹੁੰਦੀ ਆ।" ਰਾਮੋ ਮੇਰੇ ਵਿਰੁਧ ਜ਼ਹਿਰ ਉਗਲ ਰਹੀ ਸੀ। "ਹਾਏ! ਅੰਮਾ ਜੀ, ਜੇ ਵੇਲ ਨਾਲੋਂ ਪੱਤਾ ਵੀ ਟੁੱਟਦਾ, ਉਹਦਾ ਪਾਣੀ ਸਿੰਮਦਾ, ਇਹ ਤਾਂ ਢਿੱਡੋਂ ਜਾਈ ਸੀ।" ਫਿਰ ਆਲ਼ਾ-ਦੁਆਲ਼ਾ ਦੇਖਿਆ ਪਰ ਕੰਧਾਂ ਦੇ ਕੰਨ ਨਾ ਦੇਖ ਸਕੀ। "ਅੰਮਾ ਜੀ ਕਿਤੇ ਲੋਕਾਂ ਦੀ ਗੱਲ ਸੱਚ ਤਾਂ ਨਹੀਂ?" ਜਰਨੈਲ ਕੁਰ ਰਾਮੋ ਦੇ ਮੂੰਹ ਨੇੜੇ ਮੂੰਹ ਲੈ ਗਈ ਸੀ। "ਸੱਚ ਦੱਸਾਂ, ਇਨ੍ਹਾਂ ਦਾ ਖ਼ਾਨਦਾਨ ਏ ਇਹੋ ਜਿਹਾ। ਭਜਨੇ ਦੀ ਮਾਂ ਨੇ ਚਾਰ ਕੁੜੀਆਂ ਜੰਮਦਿਆਂ ਹੀ ਮਾਰ ਦਿੱਤੀਆਂ ਸੀ। ਇਹ ਭਜਨਾ ਤੇ ਪਾਖਰ ਤਾਂ ਬਾਅਦ 'ਚ ਜੰਮੇ ਨੇ। ਨੀ ਉਹ ਬੁੜ੍ਹੀ ਆਪ ਵੀ ਤਾਂ ਕਿਹੜੇ ਲਹੂਰੀਂ ਮਰੀ ਆ। ਤਾਹੀਓਂ ਇਨ੍ਹਾਂ ਨੂੰ ਮਿੱਡਿਆਂ ਦਾ ਲਾਣਾ ਕਹਿੰਦੇ ਨੇ। ਹੋਰ ਕਿਤੇ ਇਨ੍ਹਾਂ ਦੇ ਨੱਕ ਮਿਡੇ ਨੇ, ਜਿਨ੍ਹਾਂ ਨੂੰ ਆਪਣੀ ਇੱਜ਼ਤ-ਆਬਰੂ ਦੀ ਨਾ ਹੋਵੇ, ਸਾਕ-ਸ਼ਰੀਕੇ 'ਚ ਨੱਕ ਨਾ ਰੱਖਣ ਉਹ ਮਿੱਡੇ ਹੀ ਹੁੰਦੇ ਨੇ। ਆਹ! ਭਜਨੇ ਦੀਆਂ ਦੋਵੇਂ ਭੂਆ ਵੇਚੀਆਂ ਹੋਈਆਂ ਸੀ। ਘੁਡਾਣੀ ਵਾਲੀ ਚਰਨੋ ਤਾਂ ਮੁੜ ਕਦੇ ਮਿਲਣ ਵੀ ਨਹੀਂ ਆਈ। ਕਹਿੰਦੇ ਨੇ ਚਰਨੋ ਨੇ ਸਹੁਰਿਆਂ ਤੋਂ ਲਏ ਪੈਸੇ ਰੱਖਦਾ ਬਾਪ ਦੇਖ ਲਿਆ। ਜਾਣ ਲੱਗੀ ਪੈਸੇ ਚੁੱਕ ਕੇ ਲੈ ਗਈ। ਮੁੜ ਏਥੇ ਬੱਤੀ ਨੀ ਬਾਹੀ...।"

ਰਾਮੋ ਦੀਆਂ ਗੱਲਾਂ ਸੁਣ ਕੇ ਮੇਰੇ ਸੱਤੀਂ ਕੱਪੜੀਂ ਅੱਗ ਲੱਗ ਗਈ। ਮੇਰਾ ਦਿਲ ਕੀਤਾ ਰਾਮੋ ਦੀ ਖੂੰਡੀ ਚੁੱਕ ਕੇ ਉਹਦੇ ਸਿਰ 'ਚ ਮਾਰਾਂ ਅਤੇ ਉਹਦੇ ਸਾਰੇ ਖਾਨਦਾਨ ਦਾ ਕੱਚਾ ਚਿੱਠਾ ਉਹਦੇ ਅੱਗੇ ਖੋਲ੍ਹ ਦਿਆਂ। ਕਮਜ਼ਾਤ ਬੁੱਢੀ, ਲੋਕਾਂ ਦੀਆਂ ਹੱਥ 'ਚ ਆਪਣੀਆਂ ਕੱਛ 'ਚ। ਪਰ ਰਿਸ਼ਤੇਦਾਰਾਂ ਨੂੰ ਬੈਠਾ ਦੇਖ ਕੇ ਚੁੱਪ ਕਰ ਗਈ ਸਾਂ। ਜਦੋਂ ਮੈਂ ਕੋਲ ਜਾ ਖੜ੍ਹੀ ਰਾਮੋ ਨੇ ਮੇਰੀ ਬਿੜਕ ਸੁਣ ਕੇ ਗੱਲ ਪਰਤ ਲਈ, "ਕੁੜੀ ਦੀ ਤਾਂ ਕੋਈ ਸੌਂਹ ਨੀ ਖਾ ਸਕਦਾ। ਨਿਆਣੇ ਆਪਣੇ ਮਾਂ-ਬਾਪ 'ਤੇ ਈ ਜਾਂਦੇ ਨੇ...।" ਮੈਂ ਰਿਸ਼ਤੇਦਾਰਾਂ ਕੋਲ ਜਾ ਬੈਠੀ ਸਾਂ।

ਅੱਜ ਵੀ ਲੋਕ ਅਫਸੋਸ ਕਰਕੇ ਚਲੇ ਗਏ ਨੇ। ਸੋਨੂੰ ਸਕੂਲ ਦਾ ਕੰਮ ਕਰ ਰਿਹਾ। ਉਹਦੇ ਚਿਹਰੇ 'ਤੇ ਅਜੀਬ ਕਿਸਮ ਦਾ ਸਹਿਮ ਹੈ। ਇਹ ਪ੍ਰੀਤੋ ਤੋਂ ਤੇਰ੍ਹਾਂ ਸਾਲ ਬਾਅਦ ਲੱਖਾਂ ਸੁੱਖਾਂ ਨਾਲ ਹੋਇਆ ਏ। ਕੱਲ੍ਹ ਮੈਨੂੰ ਕਹਿਣ ਲੱਗਾ, "ਮੰਮੀ ਹੁਣ ਮੈਂ ਨਾ ਤਾਂ ਕਦੇ ਨਾਨਕੀਂ ਜਾਣਾ ਨਾ ਸਕੂਲ।"

"ਕਿਉਂ ਮੇਰੇ ਰਾਜੇ ਪੁੱਤ?" ਮੈਂ ਇਹਨੂੰ ਬੁੱਕਲ 'ਚ ਲੈ ਲਿਆ ਸੀ।



"ਜਦੋਂ ਮੈਂ ਨਾਨਕੀ ਗਿਆ ਸੀ, ਰੱਬ ਤਾਏ ਨੂੰ ਲੈ ਗਿਆ। ਜਦੋਂ ਸਕੂਲ ਗਿਆ ਤਾਂ ਭੈਣ ਨੂੰ ਲੈ ਗਿਆ। ਜੇ ਤੈਨੂੰ ਲੈ ਗਿਆ ਫਿਰ ਮੈਂ ਕੀਹਦੇ ਨਾਲ ਪਿਆਰ ਕਰੂੰ।" ਉਹਦਾ ਮਾਸੂਮ ਚਿਹਰਾ ਡਰਿਆ ਹੋਇਆ ਸੀ। ਮੈਂ ਉਹਨੂੰ ਛਾਤੀ ਨਾਲ ਘੁੱਟ ਲਿਆ, "ਰੱਬ ਚੰਗੇ ਬੰਦਿਆਂ ਨੂੰ ਬੁਲਾ ਲੈਂਦਾ, ਮੇਰੇ ਵਰਗੀ ਮਾੜੇ ਕਰਮਾਂ ਵਾਲੀ ਉਹਨੇ ਕੀ ਕਰਨੀ ਆਂ!"

ਘਰ ਕਿੰਨਾ ਸੁੰਨਾ-ਸੁੰਨਾ ਏ। ਭਰੇ ਭਰਾਏ ਘਰ ਵਿਚੋਂ ਦੋ ਜੀਅ ਤੁਰ ਗਏ ਨੇ, ਜਦੋਂ ਇਕੱਲੀ ਹੋਵਾਂ ਘਰੋਂ ਡਰ ਲੱਗਣ ਲੱਗਦਾ। ਇਕ ਦਿਨ ਪੇਟੀ ਖੋਹਲੀ, ਖੜ੍ਹੀ ਨੂੰ ਧੱਕਾ ਜਿਹਾ ਲੱਗਿਆ, ਮੇਰਾ ਦਿਲ ਕੰਬ ਗਿਆ। ਮੈਨੂੰ ਲੱਗਿਆ ਸੀ ਜਿਵੇਂ ਪਾਖਰ ਦਾ ਪ੍ਰੇਤ ਮੈਨੂੰ ਪੇਟੀ ਵਿਚ ਸੁੱਟ ਰਿਹਾ ਹੋਵੇ, ਮੇਰੀਆਂ ਚੀਕਾਂ ਨਿਕਲ ਗਈਆਂ। ਸੁੱਤੀ ਪਈ ਨੂੰ ਕਈ ਵਾਰ ਦਬਾਅ ਪੈ ਜਾਂਦਾ। ਜਦੋਂ ਇੱਕਲੀ ਹੋਵਾਂ ਅਜੀਬ-ਅਜੀਬ ਖ਼ਿਆਲ ਮੇਰੇ ਮਨ 'ਚ ਆਉਂਦੇ ਰਹਿੰਦੇ ਨੇ, ਡਰਾਉਣੇ ਸੁਪਨੇ ਜਾਗਦਿਆਂ ਹੀ ਦਿੱਸਦੇ ਰਹਿੰਦੇ ਨੇ। ਸ਼ਾਇਦ ਇਹ ਪਾਖਰ ਦਾ ਪ੍ਰੇਤ ਹੈ ਜੋ ਤੰਗ ਕਰ ਰਿਹੈ ਜਾਂ ਸ਼ਾਇਦ ਉਨ੍ਹਾਂ ਗੱਲਾਂ ਦਾ ਦਿਲ ਉਤੇ ਵਜ਼ਨ ਹੈ ਜਿਹੜੀਆਂ ਮੈਂ ਕਿਸੇ ਨਾਲ ਸਾਂਝੀਆਂ ਨਹੀਂ ਕਰ ਸਕਦੀ। ਪਰ...ਪਰ ਇਹ ਲੋਕ ਤਾਂ ਸਭ ਕੁਝ ਜਾਣਦੇ ਨੇ, ਰਾਮੋ ਮਾਈ ਅਤੇ ਕਰਨੈਲ ਕੁਰ ਦੀਆਂ ਗੱਲਾਂ ਨੇ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ ਨੇ।

ਮੇਰਾ ਦਿਲ ਕਰਦਾ ਏ ਕਿ ਮੈਂ ਹਰ ਹਮਦਰਦੀ ਪ੍ਰਗਟ ਕਰਨ ਆਏ ਨੂੰ ਸੱਚ ਦੱਸ ਕੇ ਦਿਲ ਹਲਕਾ ਕਰਾਂ, ਆਖਾਂ, "ਪ੍ਰੀਤੋ ਦਾ ਤਾਇਆ ਪਾਖਰ ਅਮਲੀ ਸੀ। ਪ੍ਰੀਤੋ ਦਾ ਬਾਪੂ ਉਹਦੇ ਨਿੱਤ ਪੈਸੇ ਮੰਗਣ ਤੋਂ ਤੰਗ ਸੀ। ਲੜਾਈ ਉਦੋਂ ਸ਼ੁਰੂ ਹੋਈ ਜਦੋਂ ਮੋਟਰ ਤੋਂ ਪਾਖਰ ਦਾ ਪਾਇਆ ਲਾਹਣ ਦਾ ਘੜਾ ਫੜਿਆ ਗਿਆ ਸੀ। ਪੰਦਰਾਂ ਹਜ਼ਾਰ ਠਾਣੇਦਾਰ ਨੂੰ ਦੇ ਕੇ ਮਸਾਂ ਮਾਮਲਾ ਰਫਾ-ਦਫਾ ਕਰਵਾਇਆ। ਪਾਖਰ ਨੇ ਅਫ਼ੀਮ ਲਈ ਪੈਸੇ ਮੰਗੇ, ਦੋਵਾਂ ਭਰਾਵਾਂ ਦੀ ਖੜਕ ਪਈ।"

"ਖੇਤੀ 'ਚੋਂ ਕਿਹੜੇ ਪੌਂਡ ਬਚਦੇ ਨੇ, ਜਿਹੜੇ ਨਿੱਤ ਤੈਨੂੰ ਬਿੱਲੀ ਦੇ ਕੰਨਾਂ ਵਰਗੇ ਨੋਟ ਦੇਵਾਂ। ਪੰਦਰਾਂ ਹਜ਼ਾਰ ਤੇਰੇ ਪਤਿਉਰਿਆਂ ਨੂੰ ਕੱਲ੍ਹ ਦੇ ਕੇ ਆਇਆਂ," ਪ੍ਰੀਤੋ ਦਾ ਬਾਪੂ ਸਤਿਆ ਹੋਇਆ ਬੋਲਿਆ ਸੀ।

"ਨਾ ਜਿਹੜਾ ਮੈਂ ਸਾਰਾ ਦਿਨ ਮਿੱਟੀ ਨਾਲ ਮਿੱਟੀ ਹੁੰਨਾ ਉਹਦਾ ਕੋਈ ਮੁੱਲ ਨੀ। ਫਿਰ ਮੇਰੀ ਤਿੰਨ ਕੀਲੇ ਜ਼ਮੀਨ ਆ। ਮੇਰਾ 'ਕੱਲਾ ਢਿੱਡ ਆ ਤੁਸੀਂ ਚਾਰ ਜਣੇ ਓ ਖਾਣ ਵਾਲੇ...ਮੈਨੂੰ ਅੱਡ ਕਰ ਦੋ, ਹਾਂ।" ਪਾਖਰ ਦੀਆਂ ਰਗਾਂ 'ਚ ਅਫ਼ੀਮ ਅਤੇ ਬੋਲਾਂ 'ਚ ਕੋਈ ਸ਼ਰੀਕ ਬੋਲ ਰਿਹਾ ਸੀ। ਅੱਡ ਹੋਣ ਦੀ ਗੱਲ 'ਤੇ ਪ੍ਰੀਤੋ ਦਾ ਬਾਪੂ ਅੱਗ ਬਬੂਲਾ ਹੋ ਉਠਿਆ, "ਸਾਲ਼ਿਆ ਅਸੀਂ ਚਾਰ ਢਿੱਡ ਅਫੀਮਾਂ ਖਾਨੇ ਆਂ। ਨਾਲੇ ਜੇ ਮੈਂ ਇਹਦੇ ਨਾਲ ਚਾਰ ਲਾਵਾਂ ਲੈ ਲਈਆਂ, ਇਹ ਮੇਰੀ ਤੀਵੀਂ ਹੋਗੀ। ਜੁਆਕ ਸਾਲ਼ਿਆ ਤੇਰੇ ਨੇ ਦੋਵੇਂ, ਹੁਣੇ ਅੱਡ ਹੋ ਜਾ ਤਿੰਨਾਂ ਨੂੰ ਲੈ ਕੇ।" ਉਹ ਅੱਗ ਉਗਲ ਰਿਹਾ ਸੀ।

ਮੈਂ ਦੋਵਾਂ ਅੱਗੇ ਹੱਥ ਜੋੜੇ ਅਜਿਹੀਆਂ ਗੱਲਾਂ ਨਾ ਕਰੋ, ਜੁਆਨ ਧੀ ਕੋਲ ਖੜ੍ਹੀ ਏ। ਦੋਵੇਂ ਇਕ ਦੂਜੇ ਨੂੰ ਬੋਲਦੇ ਗਾਲ੍ਹਾਂ ਕੱਢਦੇ ਰਹੇ। ਪ੍ਰੀਤੋ ਦੇ ਬਾਪੂ ਨੇ ਗੰਡਾਸੀ ਚੁੱਕ ਲਈ। ਪਾਖਰ ਗਾਲ੍ਹਾਂ ਕੱਢਦਾ ਬਾਹਰ ਭੱਜ ਗਿਆ। ਪੰਜਵੇਂ ਦਿਨ ਪਤਾ ਲੱਗਾ, ਉਹ ਭੂਆ ਦੇ ਜਾ ਵੜਿਆ ਸੀ।

ਪ੍ਰੀਤੋ ਦੇ ਬਾਪੂ ਨੂੰ ਫ਼ਿਕਰ ਹੋਇਆ, ਭੂਆ ਦਾ ਮੁੰਡਾ ਵੈਲੀ ਕਿਸਮ ਦਾ ਆਦਮੀ ਸੀ। ਹੋਰ ਨਾ ਕਿਤੇ ਪਾਖਰ ਤੋਂ ਜ਼ਮੀਨ ਆਪਣੇ ਨਾਂ ਕਰਵਾ ਲਵੇ। ਉਹਦਾ ਸ਼ੱਕ ਸਹੀ ਨਿਕਲਿਆ। ਪਟਵਾਰੀ ਤੋਂ ਪੁੱਛਣ 'ਤੇ ਪਤਾ ਲੱਗਾ ਪਾਖਰ ਜ਼ਮੀਨ ਦੇ ਨੰਬਰ ਲੈ ਗਿਆ ਸੀ। ਰਿਸ਼ਤੇਦਾਰਾਂ ਨੂੰ ਵਿਚ ਪਾ ਕੇ ਪਾਖਰ ਘਰੇ ਮੋੜ ਲਿਆਂਦਾ। ਸ਼ਾਮ ਨੂੰ ਸ਼ਰਾਬੀ ਹੋਇਆ ਪਾਖਰ ਕਹਿ ਰਿਹਾ ਸੀ, "ਪੁੱਤ ਪ੍ਰੀਤੋ ਮੈਨੂੰ ਥੋਡਾ ਮੋਹ ਮੋੜ ਲਿਆਇਆ ਮੈਂ ਤਾਂ ਇਸ ਘਰ ਪੈਰ ਵੀ ਨਹੀਂ ਪਾਉਣਾ ਸੀ।"

ਇਸ ਵਾਰ ਹਾੜ੍ਹੀ ਦਾ ਹਿਸਾਬ ਕਰਨ 'ਤੇ ਆੜ੍ਹਤੀਆਂ ਦੇ 65 ਹਜ਼ਾਰ ਸਾਡੇ ਵੱਲ ਵਧੇ। ਉਸੇ ਸ਼ਾਮ ਦੋਵੇਂ ਭਰਾ ਸ਼ਰਾਬ ਪੀ ਰਹੇ ਸੀ। ਪ੍ਰੀਤੋ ਦਾ ਬਾਪੂ ਪਾਖਰ ਨੂੰ ਸਮਝਾ ਰਿਹਾ ਸੀ, "ਦੇਖ ਪਾਖਰ ਘਰ ਦੀ ਹਾਲਤ ਤਾਂ ਤੂੰ ਜਾਣਦਾ ਈ ਏਂ। ਆਪਾਂ ਕੋਈ ਟਾਟੇ ਬਿਰਲੇ ਤਾਂ ਹੈ ਨੀ। ਆੜ੍ਹਤੀਆ ਸਾਲ਼ਾ ਪੈਸੇ ਦੇਣੋਂ ਨਾਂਹ ਕਰ ਗਿਐ, ਕਹਿੰਦਾ ਪਹਿਲਾਂ ਪਿਛਲੇ ਪੂਰੇ ਕਰੋ। ਕੋਠੇ ਜਿੱਡੀ ਕੁੜੀ ਘਰ ਬੈਠੀ ਆ। ਹੁਣ ਤੂੰ ਇਸ ਕੋਹੜ ਤੋਂ ਖਹਿੜਾ ਛੁਡਾ।"

ਸ਼ਰਾਬੀ ਪਾਖਰ ਉਹਦੀ ਹਾਂ 'ਚ ਹਾਂ ਮਿਲਾ ਰਿਹਾ ਸੀ, "ਤੂੰ ਕੀ ਸਮਝਦੈਂ ਮੈਨੂੰ ਪ੍ਰੀਤੋ ਦਾ ਫ਼ਿਕਰ ਨੀ। ਇਹਦੇ ਫ਼ਿਕਰ 'ਚ ਤਾਂ ਮੈਨੂੰ ਨੀਂਦ ਨੀ ਆਉਂਦੀ। ਤਾਹੀਓਂ ਦਿਲ ਖੜ੍ਹਾਉਣ ਨੂੰ ਮਾਵਾ ਛਕ ਲੈਨਾਂ...ਤੂੰ ਕੀ ਸਮਝਦੈਂ, ਮੈਂ ਨਸ਼ਾ-ਪੱਤਾ ਛੱਡ ਨੀ ਸਕਦਾ। ਬੱਸ ਅੱਜ ਤੋਂ ਛੱਡੀ।" ਉਹਨੇ ਅਫੀਮ ਨਾਲ ਲਿਬੜਿਆ ਕਾਗਜ਼ ਖੀਸੇ 'ਚੋਂ ਕੱਢ ਕੇ ਸੁੱਟਿਆ। ਫਿਰ ਚੁੱਕ ਕੇ ਉਸ ਨਾਲੋਂ ਅਫੀਮ ਚੱਟਣ ਲੱਗਿਆ। "ਮੈਂ ਕਿਹਾ ਕਾਹਨੂੰ ਖਰਾਬ ਕਰਨੀ ਆਂ ਸਿਉਨੇ ਦੇ ਭਾਅ ਤਾਂ ਆਉਂਦੀ ਆ। ਬੱਸ ਹੁਣ ਖਾ ਲਈ ਮੁੜ ਮੂੰਹ 'ਤੇ ਨੀ ਧਰਨੀ।"

ਮੇਰਾ ਹਾਸਾ ਨਿੱਕਲ ਗਿਆ। ਉਹ ਇਸ ਤਰ੍ਹਾਂ ਕਿੰਨੀ ਵਾਰ ਹੀ ਛੱਡ ਚੁੱਕਾ ਸੀ। ਮੈਂ ਰਸੋਈ ਵਿਚ ਰੋਟੀਆਂ ਪਕਾਣ ਜਾ ਲੱਗੀ ਸਾਂ। ਪਤਾ ਨਹੀਂ ਦੋਵੇਂ ਕਿਹੜੇ ਵੇਲੇ ਲੜਨ ਲੱਗ ਪਏ। ਇਕ ਦੂਜੇ ਨੂੰ ਮਾਵਾਂ-ਭੈਣਾਂ ਦੀਆਂ ਗਾਲ੍ਹਾਂ ਕੱਢਣ ਲੱਗ ਪਏ। ਪਾਖਰ ਨੇ ਗੰਡਾਸੀ ਜਾ ਚੁੱਕੀ। ਪ੍ਰੀਤੋ ਦੇ ਬਾਪੂ ਨੇ ਜੱਫਾ ਮਾਰ ਕੇ ਸੁੱਟ ਲਿਆ, ਗੰਡਾਸੀ ਖੋਹ ਲਈ। ਪਾਖਰ ਹਮੇਸ਼ਾ ਵਾਂਗ ਬਾਹਰ ਨੂੰ ਭੱਜਿਆ। ਪ੍ਰੀਤੋ ਦੇ ਬਾਪੂ ਨੇ ਗੰਡਾਸੀ ਉਹਦੇ ਸਿਰ 'ਚ ਮਾਰੀ। ਉਹ ਲੋਟਣੀ ਖਾ ਕੇ ਡਿੱਗਿਆ। ਮੈਂ ਤੇ ਪ੍ਰੀਤੋ ਉਹਨੂੰ ਚੁੱਕਣ ਭੱਜੀਆਂ।

"ਖ਼ਬਰਦਾਰ ਜੇ ਇਹਨੂੰ ਹੱਥ ਲਾਇਆ...।" ਪ੍ਰੀਤੋ ਦੇ ਬਾਪੂ ਨੇ ਸਾਨੂੰ ਗੰਡਾਸੀ ਤਾਣ ਲਈ। ਪਾਖਰ ਨੇ ਥੋੜ੍ਹੀ ਹਿੱਲਜੁਲ ਕੀਤੀ ਫਿਰ ਪਾਸਾ ਵੀ ਨਾ ਪਰਤਿਆ। ਅਸੀਂ ਮਾਂ-ਧੀ ਕਦੇ ਉਸ ਵੱਲ ਦੇਖ ਲੈਂਦੀਆਂ ਕਦੇ ਗੰਡਾਸੀ ਵਾਲੇ ਜੱਲਾਦ ਵੱਲ। ਜਦੋਂ ਉਹ ਘੁਰਾੜੇ ਮਾਰਨ ਲੱਗਿਆ ਤਾਂ ਅਸੀਂ ਪਾਣੀ ਲੈ ਕੇ ਪਾਖਰ ਕੋਲ ਗਈਆਂ। ਉਹਦੇ ਕੰਨ, ਨੱਕ ਅਤੇ ਮੂੰਹ 'ਚ ਖ਼ੂਨ ਦਾ ਛੱਪੜ ਲੱਗਿਆ ਹੋਇਆ ਸੀ। ਉਹ ਠੰਢਾ ਹੋਇਆ ਪਿਆ ਸੀ। "ਉਹ ਤਾਂ ਮਰ ਗਿਆ।" ਮੈਂ ਪ੍ਰੀਤੋ ਦੇ ਬਾਪੂ ਨੂੰ ਹਲੂਣਿਆ। ਮੈਨੂੰ ਤੇ ਪ੍ਰੀਤੋ ਨੂੰ ਉਹਨੇ ਝਿੜਕ ਕੇ ਰੋਣ ਤੋਂ ਰੋਕਿਆ। ਉਹਦੀ ਸ਼ਰਾਬ ਜਿਵੇਂ ਉਤਰ ਗਈ। ਉਹ ਸਰਪੰਚ ਨਾਲ ਗਿਆ ਠਾਣੇਦਾਰ ਨੂੰ ਪੈਸੇ ਦੇ ਆਇਆ। ਸਵੇਰ ਹੁੰਦਿਆਂ ਹੀ ਪਾਖਰ ਦਾ ਸਿਵਾ ਬਾਲ਼ ਦਿੱਤਾ।

ਕਈ ਦਿਨਾਂ ਬਾਅਦ ਜ਼ਮੀਨ ਦਾ ਅੱਧਾ ਕੀਲਾ ਸਰਪੰਚ ਨੂੰ ਵੇਚ ਦਿੱਤਾ ਸੀ। ਏਥੋਂ ਹੀ ਮੇਰੀ ਪ੍ਰੀਤੋ ਦੀ ਦੁੱਖ ਭਰੀ ਕਹਾਣੀ ਸ਼ੁਰੂ ਹੁੰਦੀ ਏ। ਪਾਖਰ ਦੀ ਮੌਤ ਤੋਂ ਬਾਅਦ ਉਹ ਡੌਰ ਭੌਰ ਹੀ ਹੋ ਗਈ। ਉਹਨੂੰ ਨਾ ਖਾਣ ਦੀ ਸੁੱਧ ਸੀ ਨਾ ਪੀਣ ਦੀ। ਉਹ ਪਾਗ਼ਲਾਂ ਵਾਂਗ ਇਕ ਟਿਕ ਦੇਖਦੀ ਰਹਿੰਦੀ। ਦਿਨ 'ਚ ਕਈ ਵਾਰ ਉਹਨੂੰ ਦੰਦਲ ਪੈ ਜਾਂਦੀ। ਡਾਕਟਰ ਦੀ ਦਵਾਈ ਨਾਲ ਉਹ ਸੌਂ ਜਾਂਦੀ। ਜਾਗਦੀ ਤਾਂ ਪਹਿਲਾਂ ਵਾਲੀ ਹਾਲਤ ਵਿਚ ਆ ਜਾਂਦੀ। ਆਪਣੇ ਬਾਪ ਨੂੰ ਦੇਖ ਕੇ ਡਰ ਜਾਂਦੀ। ਕਮਰੇ 'ਚ ਜਾ ਵੜਦੀ। ਹਰੀਪੁਰ ਸੰਤਾਂ ਦੇ ਆਸ਼ਰਮ ਜਾ ਕੇ ਕੁਝ ਠੀਕ ਹੋ ਜਾਂਦੀ। ਘਰ ਆ ਕੇ ਫਿਰ ਉਹੀ ਹਾਲਤ। ਸੰਤਾਂ ਨੇ ਦੱਸਿਆ ਪ੍ਰੇਤ ਆਤਮਾ ਹੱਥ ਧੋ ਕੇ ਕੁੜੀ ਪਿੱਛੇ ਪਈ ਹੋਈ ਏ, ਇਹਨੂੰ ਆਸ਼ਰਮ ਛੱਡ ਜਾਓ ਠੀਕ ਹੋ ਜਾਵੇਗੀ। ਮੈਂ ਪ੍ਰੀਤੋ ਦੇ ਬਾਪੂ ਨਾਲ ਸਲਾਹ ਕਰਕੇ ਆਸ਼ਰਮ ਲੈ ਗਈ ਸਾਂ। ਉਥੇ ਹੋਰ ਵੀ ਬਹੁਤ ਸੰਗਤ ਰਹਿੰਦੀ ਏ।

ਸੰਤ ਜੀ ਸਾਡੇ ਵੱਲ ਕੁਝ ਜ਼ਿਆਦਾ ਹੀ ਮਿਹਰਬਾਨ ਸਨ। ਉਨ੍ਹਾਂ ਪ੍ਰੀਤੋ ਦੇ ਸਿਰ 'ਤੇ ਹੱਥ ਫੇਰਦਿਆਂ ਕਿਹਾ ਸੀ, "ਬੇਟੀ ਕਾ ਫ਼ਿਕਰ ਨਾ ਕਰੋ, ਆਜ ਸੇ ਇਹ ਹਮਾਰੀ ਜ਼ਿੰਮੇਵਾਰੀ ਹੈ।" ਫਿਰ ਉਨ੍ਹਾਂ ਪ੍ਰੀਤੋ ਲਈ ਚੰਗਾ ਜਿਹਾ ਵਰ ਲੱਭਣ ਦੀ ਗੱਲ ਵੀ ਕਹੀ ਸੀ। ਮੈਂ ਪ੍ਰੀਤੋ ਵੱਲ ਦੇਖਿਆ, ਉਹਦੇ ਬੁੱਲ੍ਹਾਂ 'ਤੇ ਮਿੱਠੀ ਜਿਹੀ ਮੁਸਕਾਨ ਆਈ ਸੀ। ਮੈਂ ਸੰਤਾਂ ਨੂੰ ਕਿਹਾ ਸੀ, "ਬਾਬਾ ਜੀ ਸਾਡੇ ਗ਼ਰੀਬਾਂ ਕੋਲ ਦੇਣ ਲਈ ਕੁਝ ਨਹੀਂ ਬੱਸ ਗਰੀਬੋ-ਗਰੀਬੀ...।" ਸੰਤਾਂ ਕਿਹਾ ਸੀ, "ਸੋਨੇ ਜੈਸੀ ਬੇਟੀ ਹੈ ਔਰ ਕਿਆ ਚਾਹੀਏ ਕਿਸੀ ਕੋ।" ਮੇਰੇ ਜਿਵੇਂ ਮਨ ਦਾ ਬੋਝ ਲਹਿ ਗਿਆ ਸੀ।

ਦੋ ਕੁ ਦਿਨ ਮੈਂ ਆਸ਼ਰਮ ਰਹੀ ਸਾਂ। ਫਿਰ ਸਾਡੀ ਗੁਆਂਢਣ ਦੀ ਨੂੰਹ, ਜਿਹੜੀ ਬਾਬਾ ਜੀ ਦੇ ਅਸ਼ੀਰਵਾਦ ਨਾਲ ਜਿਊਂਦਿਆਂ 'ਚ ਹੋਈ ਸੀ, ਆ ਗਈ। ਜਦੋਂ ਮੈਂ ਉਹਨੂੰ ਘਰੇ ਕੰਮ ਦਾ ਔਖਾ ਦੱਸਿਆ ਤਾਂ ਕਹਿਣ ਲੱਗੀ, "ਕੋਈ ਗੱਲ ਨੀ ਚਾਚੀ ਜੀ ਮੈਂ ਹਫ਼ਤਾ ਏਥੇ ਸੇਵਾ ਕਰਾਂਗੀ। ਤੁਸੀਂ ਪ੍ਰੀਤੋ ਨੂੰ ਮੇਰੇ ਕੋਲ ਛੱਡ ਜਾਓ।"

ਹਫ਼ਤਾ ਕੁ ਉਥੇ ਰਹਿ ਕੇ ਪ੍ਰੀਤੋ ਆ ਗਈ। ਸੰਤਾਂ ਦੇ ਕਹਿਣ ਅਨੁਸਾਰ ਉਹਨੂੰ ਇਕ ਡਾਕਟਰ ਤੋਂ ਦਵਾਈ ਵੀ ਸ਼ੁਰੂ ਕਰਵਾ ਦਿੱਤੀ ਸੀ। ਫਿਰ ਅਸੀਂ ਮਹੀਨਾ ਵੀਹ ਦਿਨ ਬਾਅਦ ਜਾ ਕੇ ਚੌਂਕੀ ਭਰ ਆਉਂਦੇ। ਪ੍ਰੀਤੋ ਹੁਣ ਨੌਂ ਬਰ ਨੌਂ ਸੀ। ਭਾਵੇਂ ਬਾਪ ਨੂੰ ਵੇਖ ਕੇ ਸਹਿਮ ਜਾਂਦੀ, ਕੋਈ ਗੱਲ ਨਾ ਕਰਦੀ। ਉਹਨੇ ਸਾਰਾ ਘਰ ਕੰਮ ਸੰਭਾਲ ਲਿਆ ਸੀ। ਉਹ ਪਹਿਲਾਂ ਨਾਲੋਂ ਤਕੜੀ ਹੋ ਗਈ ਸੀ। ਇਕ ਦਿਨ ਮੈਂ ਧਿਆਨ ਨਾਲ ਦੇਖਿਆ, ਉਹਦੇ ਸਰੀਰ 'ਚ ਅਜਿਹੀ ਤਬਦੀਲੀ ਆਉਣ ਲੱਗੀ ਸੀ ਜਿਹੜੀ ਕੁਆਰੀਆਂ ਕੁੜੀਆਂ ਦੇ ਨਹੀਂ ਹੋਣੀ ਚਾਹੀਦੀ। ਮੈਂ ਉਹਨੂੰ ਪੁੱਛਿਆ ਸੀ, "ਕੁੜੇ ਪ੍ਰੀਤੋ ਮਹੀਨੇ ਦੇ ਦਿਨ ਯਾਦ ਨੇ?" ਉਹਦੇ ਚਿਹਰੇ 'ਤੇ ਲਾਲੀ ਦੌੜ ਗਈ, ਉਹਦੀਆਂ ਨਜ਼ਰਾਂ ਧਰਤੀ 'ਚ

(ਬਾਕੀ ਅਗਲੇ ਸਫੇ 'ਤੇ)

# ਫਿਲਮ ਬਣਨ ਨਾਲ ਫਿਰ ਯਾਦ ਆਇਆ ਪ੍ਰਿਥੀਪਾਲ



ਪ੍ਰਿੰ. ਸਰਵਣ ਸਿੰਘ

20 ਮਈ 2015 ਨੂੰ ਪ੍ਰਿਥੀਪਾਲ ਸਿੰਘ ਦੀ 32ਵੀਂ ਬਰਸੀ ਸੀ। 18 ਮਈ ਨੂੰ ਮੈਂ ਉਹਦੇ ਬਾਰੇ ਬਣੀ ਫਿਲਮ ਬਰੈਂਪਟਨ, ਟੋਰਾਂਟੋ ਦੇ ਅੰਤਰਰਾਸ਼ਟਰੀ ਫਿਲਮ ਫੈਸਟੀਵਲ ਵਿਚ ਵੇਖੀ।

ਪ੍ਰਿਥੀਪਾਲ ਸਿੰਘ ਹਾਕੀ ਦਾ ਹੀਰਾ ਸੀ। ਉਸ ਨੂੰ ਵਿਸ਼ਵ ਦਾ ਬਿਹਤਰੀਨ ਫੁੱਲ ਬੈਕ ਖਿਡਾਰੀ ਤੇ ਪੈਨਲਟੀ ਕਾਰਨਰ ਦਾ ਬਾਦਸ਼ਾਹ ਕਿਹਾ ਜਾਂਦਾ ਸੀ। ਉਹ ਤਿੰਨ ਓਲੰਪਿਕਸ ਖੇਡਿਆ ਤੇ ਤਿੰਨੇ ਵਾਰ ਸਭ ਤੋਂ ਬਹੁਤੇ ਗੋਲ ਕੀਤੇ। ਉਸ ਦੀ ਜ਼ੋਰਦਾਰ ਹਿੱਟ ਮੂਹਰੇ ਗੋਲਕੀਪਰਾਂ ਦੀ ਕੋਈ ਪੇਸ਼ ਨਹੀਂ ਸੀ ਜਾਂਦੀ। ਉਸ ਦੀ ਖ਼ਤਰਨਾਕ ਹਿੱਟ 'ਤੇ ਕਾਬੂ ਪਾਉਣ ਲਈ ਐਫ. ਆਈ. ਐਚ. ਨੂੰ ਪੈਨਲਟੀ ਕਾਰਨਰ ਲਾਉਣ ਦੇ ਨਿਯਮ ਬਦਲਣੇ ਪਏ ਸਨ!

ਪਹਿਲਾਂ ਪੈਨਲਟੀ ਕਾਰਨਰ ਦੀ ਹਿੱਟ ਸਿੱਧੀ ਗੋਲ ਪੋਸਟ ਦੇ ਨੈਟ ਵਿਚ ਵੀ ਜਾ ਲੱਗੇ ਤਾਂ ਗੋਲ ਗਿਣਿਆ ਜਾਂਦਾ ਸੀ। ਫਿਰ ਨਿਯਮ ਬਣ ਗਿਆ ਕਿ ਪੈਨਲਟੀ ਕਾਰਨਰ ਦੀ ਹਿੱਟ ਜੇਕਰ ਗੋਲ ਪੋਸਟ ਦੇ ਫੱਟੇ ਵਿਚ ਵੱਜੇ ਤਦ ਹੀ ਗੋਲ ਗਿਣਿਆ ਜਾਵੇਗਾ ਵਰਨਾ ਹਿੱਟ ਅੰਡਰ ਕੱਟ ਕਰਾਰ ਦੇ ਦਿੱਤੀ ਜਾਵੇਗੀ। ਜਦੋਂ ਇਹ ਨਿਯਮ ਬਣਿਆ ਤਾਂ ਅਖ਼ਬਾਰਾਂ 'ਚ ਚਰਚਾ ਸੀ ਕਿ ਪ੍ਰਿਥੀਪਾਲ ਸਿੰਘ ਦੀ ਹਿੱਟ ਤੋਂ ਡਰਦਿਆਂ ਖੇਡ ਦਾ ਨਿਯਮ ਬਦਲਿਆ ਗਿਆ ਹੈ! ਨਿਊਜ਼ੀਲੈਂਡ ਦੇ ਇਕ ਅਖ਼ਬਾਰ ਨੇ ਤਾਂ ਪ੍ਰਿਥੀਪਾਲ ਸਿੰਘ ਨੂੰ ਭਾਰਤੀ ਹਾਕੀ ਟੀਮ ਦਾ ਬੰਬ ਲਿਖ ਦਿੱਤਾ ਸੀ। ਉਸ ਨੇ ਗੋਲਕੀਪਰਾਂ ਨੂੰ ਸਲਾਹ ਦਿੱਤੀ, ਉਸ ਦੀ ਹਿੱਟ ਰੋਕਣ ਤੇ ਆਪਣੀ ਜਾਨ ਖ਼ਤਰੇ ਵਿਚ ਪਾਉਣ ਦੀ ਥਾਂ ਬਿਹਤਰ ਹੋਊ ਉਹ ਗੋਲ ਹੀ ਖਾਲੀ ਛੱਡ ਦੇਣ। ਇਹੋ ਜਿਹੀ ਸੀ ਪ੍ਰਿਥੀਪਾਲ ਸਿੰਘ ਦੀ ਦਹਿਸ਼ਤ!

ਟੋਕੀਓ ਦੀਆਂ ਓਲੰਪਿਕ ਖੇਡਾਂ-1964 ਦੇ ਫਾਈਨਲ ਮੈਚ ਵਿਚ ਭਾਰਤ ਨੇ ਪਾਕਿਸਤਾਨ ਸਿਰ ਗੋਲ ਕਰ ਦਿੱਤਾ ਸੀ। ਪਾਕਿਸਤਾਨ ਦਾ ਫੁੱਲ ਬੈਕ ਤਨਵੀਰ ਆਪਣੇ ਫਾਰਵਰਡ ਖਿਡਾਰੀ ਬੋਲੇ ਨੂੰ ਕਹਿੰਦਾ, "ਬੋਲਿਆ ਮਰ 'ਗਾਂਹ ਤੇ ਗੋਲ ਉਤਾਰ।" ਬੋਲਾ ਪ੍ਰਿਥੀਪਾਲ ਵੱਲ ਹੱਥ ਕਰ ਕੇ ਬੋਲਿਆ, "ਗਾਂਹ ਤੇਰਾ ਪਿਓ ਖੜ੍ਹਾ, ਇਹ ਨ੍ਹੀਂ ਲੰਘਣ ਦਿੰਦਾ ਹੁਣ। ਬਹੁਤਾ ਔਖੈਂ ਤਾਂ ਆਪ 'ਗਾਂਹ ਹੋ ਕੇ ਦੇਖ ਲੈ।"

1966 ਵਿਚ ਮੈਂ ਉਹਦੇ ਬਾਰੇ ਪਹਿਲਾ ਲੇਖ ਲਿਖਿਆ ਤਾਂ ਉਸ ਦਾ ਨਾਂ 'ਗੁਰੂ ਨਾਨਕ ਦਾ ਗਰਾਂਈਂ' ਰੱਖਿਆ। ਉਹ ਨਨਕਾਣਾ ਸਾਹਿਬ ਦਾ ਜੰਮਪਲ ਸੀ ਜਿਥੇ ਉਸ ਦਾ ਜਨਮ 28 ਫਰਵਰੀ 1932 ਨੂੰ ਹੋਇਆ। ਉਥੇ ਗੁਰੂ ਨਾਨਕ ਖ਼ਾਲਸਾ ਸਕੂਲ ਵਿਚ ਉਸ ਦੇ ਪਿਤਾ ਸ. ਵਧਾਵਾ ਸਿੰਘ ਮਾਸਟਰ ਸਨ। ਪ੍ਰਿਥੀਪਾਲ ਦਾ ਖੇਡ ਕੈਰੀਅਰ ਉਸ ਸਕੂਲ ਦੇ ਖੇਡ ਮੈਦਾਨਾਂ 'ਚੋਂ ਹੀ ਸ਼ੁਰੂ ਹੋਇਆ ਸੀ। ਪਹਿਲਾਂ ਉਹ ਫੁਟਬਾਲ ਖੇਡਣ ਲੱਗਾ ਸੀ।

1950-51 ਵਿਚ ਖੇਤੀਬਾੜੀ ਕਾਲਜ ਲੁਧਿਆਣੇ ਨੇ ਹਾਕੀ ਦੀ ਟੀਮ ਬਣਾਈ ਤਾਂ ਇਕ ਖਿਡਾਰੀ ਘਟਦਾ ਸੀ। ਪ੍ਰਿਥੀਪਾਲ ਨੂੰ ਹੁੰਦੜਹੇਲ ਵੇਖ ਕੇ ਫੁੱਲ ਬੈਕ ਦੀ ਜਗ੍ਹਾ ਖੜ੍ਹਾ ਲਿਆ ਗਿਆ। ਉਸ ਜਗ੍ਹਾ ਉਹ ਐਸਾ ਜੰਮਿਆ ਕਿ ਬਾਅਦ ਵਿਚ ਦਸ ਸਾਲ ਵਿਸ਼ਵ ਦਾ ਸਭ ਤੋਂ ਤਕੜਾ ਫੁੱਲ ਬੈਕ ਸਾਬਤ ਹੋਇਆ। ਉਸ ਦਾ ਕੱਦ 5 ਫੁੱਟ 9 ਇੰਚ ਸੀ। ਨੱਕ ਤਿੱਖਾ, ਮੁੱਛਾਂ ਨਿੱਕੀਆਂ, ਬੁੱਲ੍ਹ ਢਾਲੂ ਤੇ ਬਾਹਾਂ ਨਿੱਗਰ ਸਨ। ਹੱਥ ਉਸ ਤੋਂ ਵੀ ਨਿੱਗਰ ਤੇ ਉਂਗਲਾਂ ਮੋਟੀਆਂ। ਜਦ ਉਹ ਦੌੜਦਾ ਤਾਂ ਉਹਦੀ ਗਿੱਚੀ 'ਤੇ ਲਟਕਦੇ ਵਾਲ ਛਾਲਾਂ ਮਾਰਦੇ ਲੱਗਦੇ। ਮੈਦਾਨ 'ਚ ਖੜ੍ਹਾ ਉਹ ਲੋਹੜੇ ਦਾ ਸਜਦਾ।

ਉਸ ਨੇ ਰੋਮ ਦੀਆਂ ਓਲੰਪਿਕ ਖੇਡਾਂ-1960 ਵਿਚ ਦੋ ਹੈਟ ਟ੍ਰਿਕ ਮਾਰੇ ਤੇ ਸਭ ਤੋਂ ਵੱਧ ਗੋਲ ਕਰ ਕੇ ਚਾਂਦੀ ਦਾ ਤਮਗ਼ਾ ਜਿੱਤਿਆ। ਟੋਕੀਓ-64 ਵਿਚ ਸੋਨੇ ਤੇ ਮੈਕਸੀਕੋ-68 ਵਿਚ ਤਾਂਬੇ ਦੇ ਤਮਗ਼ੇ ਜਿੱਤੇ। ਉਥੇ ਉਹ ਭਾਰਤੀ ਟੀਮ ਦਾ ਕਪਤਾਨ ਸੀ। ਜਕਾਰਤਾ-62 ਦੀਆਂ ਏਸ਼ਿਆਈ ਖੇਡਾਂ ਵਿਚ ਸਿਲਵਰ ਮੈਡਲ ਤੇ ਬੈਂਕਾਕ-66 ਦੀਆਂ ਏਸ਼ਿਆਈ ਖੇਡਾਂ ਵਿਚ ਗੋਲਡ ਮੈਡਲ ਜਿੱਤਿਆ। ਸਾਰੇ ਮੈਡਲ ਤਾਂ ਦਰਜਨ ਤੋਂ ਵੀ ਵੱਧ ਸਨ।

ਹਾਕੀ ਖਿਡਾਰੀਆਂ ਵਿਚੋਂ ਪ੍ਰਿਥੀਪਾਲ ਨੂੰ ਸਭ ਤੋਂ ਪਹਿਲਾਂ ਅਰਜਨ ਅਵਾਰਡ ਮਿਲਿਆ ਤੇ ਪਦਮਸ਼੍ਰੀ ਦੀ ਉਪਾਧੀ ਨਾਲ ਸਨਮਾਨਿਆ ਗਿਆ। ਫਿਰ ਤਾਂ ਮਾਨਾਂ-ਸਨਮਾਨਾਂ ਦਾ ਲੇਖਾ ਹੀ ਨਾ ਰਿਹਾ। ਉਹ ਮੌਂਟਰੀਅਲ ਓਲੰਪਿਕ-76 ਲਈ ਭਾਰਤੀ ਟੀਮ ਦੀ ਚੋਣ ਕਮੇਟੀ ਦਾ ਚੇਅਰਮੈਨ ਵੀ ਬਣਿਆ।

1969 ਵਿਚ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਸਮੇਂ ਮੈਂ ਨਨਕਾਣਾ ਸਾਹਿਬ ਗਿਆ ਤਾਂ ਪ੍ਰਿਥੀਪਾਲ ਦੀ ਇੱਛਾ ਅਨੁਸਾਰ ਉਹਦੇ ਖੇਡਣ ਵਾਲਾ ਪਹਿਲਾ ਖੇਡ ਮੈਦਾਨ ਵੇਖ ਕੇ ਆਇਆ। ਮੁੜ ਕੇ ਲੁਧਿਆਣੇ ਜ਼ਰਾਇਤੀ ਯੂਨੀਵਰਸਿਟੀ ਵਿਚ ਪ੍ਰਿਥੀਪਾਲ ਨੂੰ ਉਨ੍ਹਾਂ ਦੇ ਪੁਰਾਣੇ ਪਿੰਡ, ਸਕੂਲ ਤੇ ਹੱਟੀਆਂ ਭੱਠੀਆਂ ਦਾ ਹਾਲ ਚਾਲ ਦੱਸਿਆ ਕਿ ਉਨ੍ਹਾਂ ਦੇ ਘਰ ਵਿਚ ਹੁਣ ਨਕੋਦਰ ਦੇ ਜੁਲਾਹੇ ਰਹਿੰਦੇ ਹਨ। ਉਨ੍ਹਾਂ ਸਲਾਮ ਭੇਜੀ ਹੈ। ਉਸ ਹੱਟੀ ਦਾ ਜ਼ਿਕਰ ਵੀ ਛਿੜਿਆ ਜਿਹੜੀ ਸ਼ਰਾਰਤੀ ਖਿਡਾਰੀਆਂ ਨੇ ਰਲ ਕੇ ਰਾਤ ਦੇ ਹਨ੍ਹੇਰੇ ਵਿਚ ਭੰਨੀ ਸੀ ਤੇ ਖਾਣ ਪੀਣ ਵਾਲੀਆਂ ਵਸਤਾਂ ਖਾ ਪੀ ਲਈਆਂ ਸਨ।

ਨਨਕਾਣਾ ਸਾਹਿਬ ਦੀਆਂ ਗੱਲਾਂ ਸੁਣਦਿਆਂ ਪ੍ਰਿਥੀਪਾਲ ਸਿੰਘ ਦੀਆਂ ਅੱਖਾਂ ਵਿਚ ਹੰਝੂ ਤੈਰ ਆਏ ਸਨ। ਪੁਰਾਣੀਆਂ ਯਾਦਾਂ ਵੀ ਕਿਆ ਯਾਦਾਂ ਹੁੰਦੀਆਂ ਨੇ!




ਪ੍ਰਿਥੀਪਾਲ ਸਿੰਘ 'ਤੇ ਬਣੀ ਫਿਲਮ ਦਾ ਪੋਸਟਰ

ਪ੍ਰਿਥੀਪਾਲ ਸਿੰਘ ਨੂੰ ਪਹਿਲੀ ਵਾਰ ਮੈਂ ਦਿੱਲੀ ਸ਼ਿਵਾ ਜੀ ਸਟੇਡੀਅਮ ਵਿਚ ਮਿਲਿਆ ਸਾਂ ਤੇ ਫਿਰ ਖੇਤੀਬਾੜੀ ਯੂਨੀਵਰਸਿਟੀ ਦੇ ਹਿਸਾਰ ਕੈਂਪਸ ਵਿਚ ਉਸ ਕੋਲ ਇਕ ਦਿਨ ਤੇ ਰਾਤ ਰਿਹਾ ਸਾਂ। ਜਦੋਂ ਉਹ ਲੁਧਿਆਣੇ ਆ ਗਿਆ ਤਾਂ ਅਕਸਰ ਹੀ ਮੇਲ ਮਿਲਾਪ ਹੋਣ ਲੱਗਾ। ਉਹ ਮੇਰੇ ਪਿੰਡ ਚਕਰ ਤੇ ਸਾਡੇ ਕਾਲਜ ਢੁੱਡੀਕੇ ਜਾ ਆਇਆ ਸੀ ਪਰ ਮੈਂ ਉਸ ਦਾ ਦੇਸ਼ ਵੰਡ ਤੋਂ ਬਾਅਦ ਦਾ ਪਿੰਡ ਭੱਟ ਮਾਜਰਾ ਉਹਦੇ ਜੀਂਦੇ ਜੀਅ ਨਹੀਂ ਸਾਂ ਵੇਖ ਸਕਿਆ। 1947 ਦੀ ਵੰਡ ਪਿੱਛੋਂ ਪ੍ਰਿਥੀਪਾਲ ਦਾ ਪਰਿਵਾਰ ਨਨਕਾਣਾ ਸਹਿਬ ਤੋਂ ਉਜੜ ਕੇ ਬਹਾਦਰਗੜ੍ਹ ਨੇੜੇ ਅਲਾਟ ਹੋਈ ਪੱਚੀ ਏਕੜ ਜ਼ਮੀਨ ਉਤੇ ਪਿੰਡ ਭੱਟ ਮਾਜਰੇ ਆ ਬੈਠਾ ਸੀ।

ਪ੍ਰਿਥੀਪਾਲ ਸਿੰਘ ਲੁਧਿਆਣੇ ਦੇ ਖੇਤੀਬਾੜੀ ਕਾਲਜ ਤੇ ਯੂਨੀਵਰਸਿਟੀ ਵਿਚ 1950 ਤੋਂ 56 ਤਕ ਪੜ੍ਹਿਆ, ਖੇਡਿਆ ਤੇ ਐਗਰੀਕਲਚਰ ਦੀ ਐਮ. ਐਸ ਸੀ. ਕਰਨ ਪਿੱਛੋਂ ਉਸ ਨੂੰ ਹਾਕੀ ਖਿਡਾਉਣ ਲਈ ਅਸ਼ਵਨੀ ਕੁਮਾਰ ਨੇ ਪੰਜਾਬ ਪੁਲਿਸ ਵਿਚ ਠਾਣੇਦਾਰ ਭਰਤੀ ਕਰ ਲਿਆ। ਫਿਰ ਅਸ਼ਵਨੀ ਕੁਮਾਰ ਨਾਲ ਅਣਬਣ ਹੋ ਜਾਣ ਪਿੱਛੋਂ 1963 ਵਿਚ ਉਹ ਰੇਲਵੇ ਪੁਲਿਸ ਵਿਚ ਚਲਾ ਗਿਆ। ਕੁਝ ਮਹੀਨੇ ਬਾਅਦ ਉਹ ਖੇਤੀ ਯੂਨੀਵਰਸਿਟੀ ਲੁਧਿਆਣਾ ਦੇ ਹਿਸਾਰ ਕੈਂਪਸ ਵਿਚ ਸਟੂਡੈਂਟਸ ਵੈਲਫੇਅਰ ਵਿਭਾਗ ਦਾ ਡਿਪਟੀ ਡਾਇਰੈਕਟਰ ਤੇ ਫਿਰ ਲੁਧਿਆਣਾ ਕੈਂਪਸ ਦਾ ਡਾਇਰੈਕਟਰ ਬਣ ਗਿਆ। ਉਸ ਦੀ ਡਾਇਰੈਕਟਰੀ ਜੋਬਨ ਉਤੇ ਸੀ ਜਦੋਂ ਯੂਨੀਵਰਸਿਟੀ ਕੈਂਪਸ ਵਿਚ ਵਿਦਿਆਰਥੀ ਗੁੱਟਾਂ ਦੇ ਝਗੜੇ ਸੁਲਝਾਉਂਦਿਆਂ ਉਸ ਦਾ ਕਤਲ ਹੋ ਗਿਆ। ਪਿੱਛੇ ਉਸ ਦੀ ਵਿਧਵਾ, ਗੋਦ ਲਈ ਬੱਚੀ ਤੇ ਵੱਡੇ ਭਰਾ ਦੇ ਬੱਚੇ ਰਹਿ ਗਏ। ਪ੍ਰਿਥੀਪਾਲ ਜੋੜੇ ਦਾ ਆਪਣਾ ਕੋਈ ਬੱਚਾ ਨਹੀਂ ਸੀ। ਉਸ ਦੇ ਵੱਡੇ ਭਰਾ ਦਾ ਪਹਿਲਾਂ ਹੀ ਇਕ ਹਾਦਸੇ ਵਿਚ ਦਿਹਾਂਤ ਹੋ ਗਿਆ ਸੀ।

> **ਹਾਕੀ ਖਿਡਾਰੀਆਂ ਵਿਚੋਂ ਪ੍ਰਿਥੀਪਾਲ ਨੂੰ ਸਭ ਤੋਂ ਪਹਿਲਾਂ ਅਰਜਨ ਅਵਾਰਡ ਮਿਲਿਆ ਤੇ ਪਦਮਸ਼੍ਰੀ ਦੀ ਉਪਾਧੀ ਨਾਲ ਸਨਮਾਨਿਆ ਗਿਆ। ਫਿਰ ਤਾਂ ਮਾਨਾਂ-ਸਨਮਾਨਾਂ ਦਾ ਲੇਖਾ ਹੀ ਨਾ ਰਿਹਾ। ਉਹ ਮੌਂਟਰੀਅਲ ਓਲੰਪਿਕ-76 ਲਈ ਭਾਰਤੀ ਹਾਕੀ ਟੀਮ ਦੀ ਚੋਣ ਕਮੇਟੀ ਦਾ ਚੇਅਰਮੈਨ ਵੀ ਬਣਿਆ।**


ਪ੍ਰਿਥੀਪਾਲ ਸਿੰਘ

ਯੂਨੀਵਰਸਿਟੀ ਵਿਚ ਉਸ ਦੇ ਸ਼ਰਧਾਂਜਲੀ ਸਮਾਗਮ ਮੌਕੇ ਵੱਡਾ ਇਕੱਠ ਹੋਇਆ ਸੀ। ਕਾਤਲਾਂ ਲਈ ਸਖ਼ਤ ਸਜ਼ਾਵਾਂ ਦੀ ਮੰਗ ਕੀਤੀ ਗਈ ਸੀ। ਬਾਅਦ ਵਿਚ ਉਸ ਦੀ ਯਾਦ ਵਿਚ ਪ੍ਰਿਥੀਪਾਲ ਸਿੰਘ ਸਪੋਰਟਸ ਕੰਪਲੈਕਸ ਬਣਾਇਆ ਗਿਆ ਜਿਥੇ ਹਾਕੀ ਦਾ ਆਸਟ੍ਰੋ ਟਰਫ਼ ਲਾਇਆ ਗਿਆ ਤੇ ਉਸ ਦੀ ਯਾਦ 'ਚ ਹਾਕੀ ਦੇ ਟੂਰਨਾਮੈਂਟ ਹੋਣ ਲੱਗੇ।

1982 ਵਿਚ ਨਵੀਂ ਦਿੱਲੀ ਦੀਆਂ ਏਸ਼ਿਆਈ ਖੇਡਾਂ ਤੋਂ ਬਾਅਦ ਪ੍ਰਿਥੀਪਾਲ ਨਾਲ ਲੁਧਿਆਣੇ ਹੋਈ ਮੁਲਾਕਾਤ ਮੁੜ-ਮੁੜ ਯਾਦ ਆ ਜਾਂਦੀ ਹੈ। ਉਸ ਨੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਲਿਖੇ ਪੱਤਰ ਦੀ ਇਕ ਕਾਪੀ ਮੈਨੂੰ ਦਿੱਤੀ ਸੀ। ਉਸ ਵਿਚ ਲਿਖਿਆ ਸੀ ਕਿ ਏਸ਼ੀਆਡ ਦੇ ਅਧਿਕਾਰੀਆਂ ਨੇ ਭਾਰਤ ਲਈ ਓਲੰਪਿਕ ਖੇਡਾਂ ਦੇ ਗੋਲਡ ਮੈਡਲ ਜਿੱਤਣ ਵਾਲਿਆਂ ਨੂੰ ਵੀ ਸੱਦਾ ਪੱਤਰ ਨਹੀਂ ਸਨ ਭੇਜੇ। ਪ੍ਰਿਥੀਪਾਲ ਸਿੰਘ ਨੂੰ ਕੋਈ ਸੱਦਾ ਪੱਤਰ ਨਹੀਂ ਸੀ ਪੁੱਜਾ। ਪਾਕਿਸਤਾਨ ਦੇ ਇਕ ਹਾਕੀ ਖਿਡਾਰੀ ਨੇ ਲੁਧਿਆਣੇ ਵਿਚ ਦੀ ਲੰਘਦਿਆਂ ਉਸ ਨੂੰ ਕਿਹਾ ਸੀ ਕਿ ਉਹ ਉਸ ਨਾਲ ਦਿੱਲੀ ਚੱਲਿਆ ਚੱਲੇ ਤੇ ਉਹਦੇ ਪਾਸ ਉਤੇ ਖੇਡਾਂ ਵੇਖ ਲਵੇ!

ਲੁਧਿਆਣੇ ਅਸੀਂ ਉਸ ਦੇ ਦਫਤਰ ਵਿਚ ਬੈਠੇ ਸਾਂ ਤੇ ਭਾਰਤ ਦੇ ਖੇਡਾਂ ਵਿਚ ਮੰਦੇ ਹਾਲ ਦੀ ਚਰਚਾ ਚੱਲ ਰਹੀ ਸੀ। 1964 ਦੀਆਂ ਓਲੰਪਿਕ ਖੇਡਾਂ ਦੇ ਹਾਕੀ ਜੇਤੂਆਂ ਨੂੰ ਪੰਜਾਬ ਦੇ ਤੱਤਕਾਲੀ ਮੁੱਖ ਮੰਤਰੀ ਪਰਤਾਪ ਸਿੰਘ ਕੈਰੋਂ ਵੱਲੋਂ ਚੰਡੀਗੜ੍ਹ ਵਿਚ ਕਨਾਲ ਕਨਾਲ ਦੇ ਪਲਾਟ ਅਲਾਟ ਕੀਤੇ ਜਾਣ ਦੀ ਗੱਲ ਛਿੜ ਪਈ। ਮੈਂ ਪੁੱਛਿਆ, "ਉਨ੍ਹਾਂ ਪਲਾਟਾਂ ਦਾ ਕੀ ਬਣਿਆ?" ਪ੍ਰਿਥੀਪਾਲ ਸਿੰਘ ਨੇ ਦੱਸਿਆ ਕਿ ਅਜਿਹੇ ਐਲਾਨ ਸਿਰਫ ਐਲਾਨ ਈ ਹੁੰਦੇ ਨੇ। ਅਮਲ ਇਨ੍ਹਾਂ ਉਤੇ ਕੋਈ ਭੜੂਆ ਨਹੀਂ ਕਰਦਾ!

ਉਥੇ ਹੀ ਪ੍ਰਿਥੀਪਾਲ ਸਿੰਘ ਨੇ ਪੇਸ਼ਕਸ਼ ਕੀਤੀ, "ਆਹ ਹੁਣ 82 ਦੀਆਂ ਏਸ਼ੀਅਨ ਖੇਡਾਂ ਦੇ ਗੋਲਡ ਮੈਡਲਿਸਟਾਂ ਨੂੰ ਵੀ ਜੇ ਪੰਜਾਬ ਸਰਕਾਰ ਆਪਣੇ ਵੱਲੋਂ ਐਲਾਨ ਕੀਤੇ ਇਨਾਮ ਦੇ ਦੇਵੇ ਤਾਂ ਮੈਂ ਆਪਣਾ ਓਲੰਪਿਕ ਖੇਡਾਂ ਦਾ ਗੋਲਡ ਮੈਡਲ ਮੁੱਖ ਮੰਤਰੀ ਨੂੰ ਦੇ ਦਊਂ।" ਉਨ੍ਹਾਂ ਦਿਨਾਂ ਵਿਚ ਉਸ ਗੋਲਡ ਮੈਡਲ ਦੀ ਤਸਵੀਰ ਨਾਲ ਮੈਂ ਇਕ ਲੇਖ 'ਪੰਜਾਬੀ ਟ੍ਰਿਬਿਊਨ' ਵਿਚ ਛਪਵਾਇਆ ਸੀ ਕਿ ਵੇਖਦੇ ਆਂ ਪੰਜਾਬ ਦਾ ਮੁੱਖ ਮੰਤਰੀ ਪ੍ਰਿਥੀਪਾਲ ਸਿੰਘ ਵਾਲਾ ਗੋਲਡ ਮੈਡਲ ਜਿੱਤ ਸਕਦੈ ਕਿ ਨਹੀਂ?

ਆਮ ਲੋਕ ਇਹ ਸਮਝ ਬਹਿੰਦੇ ਹਨ ਕਿ ਐਲਾਨੀ ਹੋਈ ਰਕਮ ਜਾਂ ਪਲਾਟ ਮੁਫ਼ਤ ਮਿਲ ਜਾਣ ਨਾਲ ਖਿਡਾਰੀ ਬਹੁਤ ਅਮੀਰ ਹੋ ਜਾਂਦੇ ਹੋਣਗੇ। ਬਹੁਤ ਸਾਰੇ ਸਰਕਾਰੀ ਐਲਾਨ ਮਹਿਜ਼ ਫੋਕੇ ਐਲਾਨ ਹੀ ਰਹਿ ਜਾਂਦੇ ਨੇ। ਪੁਰਾਣੇ ਜੇਤੂਆਂ ਨੂੰ ਐਲਾਨੇ ਹੋਏ ਪਲਾਟ ਨਹੀਂ ਸੀ ਮਿਲੇ ਤੇ ਏਸ਼ੀਆਡ ਦੇ ਜੇਤੂ ਵੀ ਲੱਖ-ਲੱਖ ਦੇ ਇਨਾਮ ਉਡੀਕਦੇ ਰਹੇ!

ਕੁਝ ਸਾਲ ਪਹਿਲਾਂ ਮੈਂ ਕੈਨੇਡਾ ਤੋਂ ਪੰਜਾਬ ਗਿਆ ਹੋਇਆ ਸਾਂ ਕਿ ਇਕ ਦਿਨ ਪ੍ਰਿਥੀਪਾਲ ਸਿੰਘ ਦੇ ਭਤੀਜੇ ਤਰਲੋਚਨ ਸਿੰਘ ਦਾ ਫੋਨ ਆਇਆ। ਉਹਦੇ ਨਾਲ ਉਹਦੇ ਚਾਚੇ ਦੀਆਂ ਯਾਦਾਂ ਫਿਰ ਸੱਜਰੀਆਂ ਹੋ ਗਈਆਂ। ਤਰਲੋਚਨ ਸਿੰਘ ਦਾ ਸੱਦਾ ਸੀ ਕਿ ਮੈਂ ਉਨ੍ਹਾਂ ਦੇ ਪਿੰਡ ਆਵਾਂ ਤੇ ਆਪਣੇ ਮਿੱਤਰ ਦਾ ਘਰ ਵੇਖਾਂ। ਉਨ੍ਹਾਂ ਨੇ ਆਪਣੇ ਪਿੰਡ ਭੱਟ ਮਾਜਰੇ ਵਿਚ ਪਬਲਿਕ ਸਕੂਲ ਖੋਲ੍ਹਿਆ ਸੀ ਅਤੇ ਪ੍ਰਿਥੀਪਾਲ ਸਿੰਘ ਸਪੋਰਟਸ ਤੇ ਕਲਚਰਲ ਕਲੱਬ ਬਣਾਇਆ ਸੀ। ਉਨ੍ਹਾਂ ਨੇ ਪ੍ਰਿਥੀਪਾਲ ਸਿੰਘ ਦੀ ਯਾਦ ਵਿਚ ਖੇਡ ਮੇਲਾ ਵੀ ਕਰਾਇਆ ਸੀ।

ਫੱਗਣ 2006 ਦੀ ਸੰਗਰਾਂਦ ਆਈ ਤਾਂ ਮੈਨੂੰ ਪ੍ਰਿਥੀਪਾਲ ਸਿੰਘ ਦੇ ਪਿੰਡ ਦੀ ਯਾਤਰਾ ਕਰਨੀ ਨਸੀਬ ਹੋਈ। ਮੈਂ ਮਿਥੇ ਸਮੇਂ ਪਟਿਆਲੇ ਪੁੱਜ ਗਿਆ। ਉਥੋਂ ਅਸੀਂ ਬਹਾਦਰਗੜ੍ਹ ਵਿਚ ਦੀ ਭੱਟ ਮਾਜਰੇ ਗਏ ਜੋ ਪੰਜਾਬੀ ਯੂਨੀਵਰਸਿਟੀ ਤੋਂ ਦਸ ਕੁ ਕਿਲੋਮੀਟਰ ਦੂਰ ਹੈ।

ਸੰਗਰਾਂਦ ਹੋਣ ਕਰਕੇ ਗੁਰਦਵਾਰੇ ਵਿਚ ਸੰਗਤ ਜੁੜੀ ਹੋਈ ਸੀ। ਪ੍ਰਿਥੀਪਾਲ ਸਿੰਘ ਪਬਲਿਕ ਸਕੂਲ ਦੇ ਬੱਚੇ ਸਵਾਗਤ ਲਈ ਖੜ੍ਹੇ ਸਨ ਜਿਨ੍ਹਾਂ ਦੇ ਭੋਲੇ-ਭਾਲੇ ਚਿਹਰਿਆਂ ਤੋਂ ਮੈਂ ਪ੍ਰਿਥੀਪਾਲ ਦੇ ਨਕਸ਼ ਤਲਾਸ਼ਣ ਲੱਗਾ। ਮੈਂ ਉਸ ਪਿੰਡ ਦੀ ਮਿੱਟੀ ਨੂੰ ਸਿਜਦਾ ਕੀਤਾ ਜਿਥੇ ਹਾਕੀ ਦੇ ਮਹਾਨ ਖਿਡਾਰੀ ਦੀਆਂ ਪੈੜਾਂ ਸਨ। ਗੁਰਦਵਾਰੇ ਦੇ ਸਮਾਗਮ ਪਿੱਛੋਂ ਮੈਂ ਪ੍ਰਿਥੀਪਾਲ ਸਿੰਘ ਦਾ ਘਰ ਵੇਖਣਾ ਚਾਹਿਆ। ਮੇਰੇ ਮਨ ਵਿਚ ਉਹਦੀ ਤੀਰਥ ਯਾਤਰਾ ਕਰਨ ਵਰਗਾ ਸੰਕਲਪ ਸੀ। ਉਸ ਦੇ ਸਕੇ ਸੋਧਰੇ ਮੈਨੂੰ ਉਸ ਜਿਹੇ ਹੀ ਲੱਗ ਰਹੇ ਸਨ!

ਅਸੀਂ ਘਰ ਵਿਚ ਦਾਖਲ ਹੋਏ ਤਾਂ ਸਾਹਮਣੇ ਨਿੰਮ ਕੋਲ ਮੱਝਾਂ ਬੱਝੀਆਂ ਹੋਈਆਂ ਸਨ। ਸਾਧਾਰਨ ਕਿਸਾਨਾਂ ਵਰਗਾ ਕੱਚਾ ਪੱਕਾ ਘਰ ਸੀ। ਪ੍ਰਿਥੀਪਾਲ ਸਿੰਘ ਦੀ ਭੈਣ ਤੇ ਭਤੀਜੇ ਮੌਜੂਦ ਸਨ। ਪ੍ਰਿਥੀਪਾਲ ਦੀ ਬੈਠਕ ਜਿਥੇ ਓਲੰਪੀਅਨ ਖਿਡਾਰੀ ਤੇ ਅਫਸਰ ਆਉਂਦੇ ਜਾਂਦੇ ਰਹੇ ਸਨ ਹੁਣ ਵੀਰਾਨ ਪਈ ਸੀ। ਉਹਦੇ ਵਿਚ ਕੁਝ ਖੇਡ ਨਿਸ਼ਾਨੀਆਂ ਜ਼ਰੂਰ ਪਈਆਂ ਸਨ ਜੋ ਚੇਤਾ ਕਰਉਂਦੀਆਂ ਸਨ ਕਿ ਇਹ ਪੈਨਲਟੀ ਕਾਰਨਰ ਦੇ ਬਾਦਸ਼ਾਹ ਦੀ ਬੈਠਕ ਸੀ!

ਤਰਲੋਚਨ ਸਿੰਘ ਨੇ ਦੱਸਿਆ ਕਦੇ ਇਹ ਬੈਠਕ ਕੱਪਾਂ, ਸ਼ੀਲਡਾਂ ਤੇ ਓਲੰਪਿਕ ਖੇਡਾਂ ਦੀਆਂ ਨਿਸ਼ਾਨੀਆਂ ਨਾਲ ਨੱਕੋ-ਨੱਕ ਭਰੀ ਹੁੰਦੀ ਸੀ ਪਰ ਹੁਣ ਖਾਲੀ ਵਰਗੀ ਹੈ। ਸਾਹਮਣੇ ਭਤੀਜਿਆਂ ਦਾ ਮਕਾਨ ਸੀ ਜਿਨ੍ਹਾਂ ਦੇ ਪਿਤਾ ਹਾਦਸੇ ਵਿਚ ਗੁਜ਼ਰ ਗਏ ਸਨ। ਉਦੋਂ ਭਤੀਜੇ-ਭਤੀਜੀਆਂ ਦੇ ਸਿਰ ਉਤੇ ਹੱਥ ਪ੍ਰਿਥੀਪਾਲ ਸਿੰਘ ਨੇ ਹੀ ਰੱਖਿਆ ਸੀ।

ਸਾਡੇ ਲੋਕਾਂ ਵਿਚ ਅਜੇ ਇਹ ਰੀਤ ਨਹੀਂ ਤੁਰੀ ਕਿ ਅਸੀਂ ਆਪਣੇ ਮਹਾਨ ਖਿਡਾਰੀਆਂ ਦੀਆਂ ਨਿਸ਼ਾਨੀਆਂ ਸਾਂਭ ਰੱਖੀਏ। ਉਨ੍ਹਾਂ ਦੇ ਨਾਵਾਂ ਉਤੇ ਮੇਲੇ ਲਾਈਏ, ਅਵਾਰਡ ਰੱਖੀਏ ਤੇ ਉਨ੍ਹਾਂ ਦੀ ਮਹਾਨਤਾ ਦੀਆਂ ਵਾਰਾਂ ਗਾਈਏ ਤੇ ਫਿਲਮਾਂ ਬਣਾਈਏ। ਬ੍ਰਾਜ਼ੀਲ ਦੇ ਪੇਲੇ ਦੀਆਂ ਜਰਸੀਆਂ ਤੇ ਬੂਟ ਉਹਦੇ ਜੀਂਦੇ ਜੀਅ ਹੀ ਲੱਖਾਂ 'ਚ ਵਿਕਦੇ ਹਨ। ਸਾਡਾ ਪ੍ਰਿਥੀਪਾਲ ਸਿੰਘ ਵੀ ਤਾਂ ਹਾਕੀ ਦਾ ਪੇਲੇ ਹੀ ਸੀ। ਅਸੀਂ ਤਾਂ ਉਹਦੀ ਉਹ ਹਾਕੀ ਵੀ ਨਹੀਂ ਸੰਭਾਲੀ ਜੀਹਦੇ ਨਾਲ ਉਹਨੇ ਓਲੰਪਿਕ ਖੇਡਾਂ ਵਿਚ ਸਭ ਤੋਂ ਬਹੁਤੇ ਗੋਲ ਕੀਤੇ ਸਨ।

ਸ਼ੁਭ ਸ਼ਗਨ ਹੈ ਕਿ ਪਹਿਲਾਂ ਪਾਨ ਸਿੰਘ, ਮਿਲਖਾ ਸਿੰਘ, ਮੈਰੀ ਕੌਮ ਤੇ ਹੁਣ ਪ੍ਰਿਥੀਪਾਲ ਸਿੰਘ ਬਾਰੇ ਫਿਲਮਾਂ ਬਣੀਆਂ ਹਨ। ਪ੍ਰਿਥੀਪਾਲ ਦਾ ਰੋਲ ਵਿਕਾਸ ਕੁਮਾਰ ਨੇ ਕੀਤਾ ਹੈ ਤੇ ਅੰਜਲੀ ਪਾਟਿਲ ਇਸ ਦੀ ਰੂਹੇਰਵਾਂ ਹੈ। ਦੀਪਕ ਸੰਧੂ, ਬਲਵਿੰਦਰਜੀਤ ਬੰਨੀ ਤੇ ਕਪਿਲ ਕਲਿਆਣ ਨੇ ਰਲ ਮਿਲ ਕੇ ਛੋਟੇ ਬਜਟ ਦੀ ਕਲਾਤਮਕ ਫਿਲਮ ਬਣਾਈ ਹੈ। ਕਮੀਆਂ ਪੇਸ਼ੀਆਂ ਤਾਂ ਰਹਿ ਹੀ ਜਾਂਦੀਆਂ ਹਨ ਪਰ ਇਹ ਸਲਾਹੁਣਯੋਗ ਯਤਨ ਹੈ। ਇਸ ਫਿਲਮ ਨੇ ਪ੍ਰਿਥੀਪਾਲ ਸਿੰਘ ਨੂੰ ਮੁੜ ਜੀਵਤ ਕਰ ਦਿੱਤੈ। ਉਮੀਦ ਹੈ ਆਈਕੋਨਿਕ ਓਲੰਪੀਅਨ ਬਲਬੀਰ ਸਿੰਘ, ਫੁੱਟਬਾਲਰ ਜਰਨੈਲ ਸਿੰਘ, ਬਾਬਾ ਫੌਜਾ ਸਿੰਘ ਤੇ ਭਾਰਤ ਦੇ ਹੋਰ ਮਹਾਨ ਖਿਡਾਰੀਆਂ ਬਾਰੇ ਵੀ ਫਿਲਮਾਂ ਬਣਨਗੀਆਂ।

---

# ਪ੍ਰੇਤ

(ਪਿਛਲੇ ਸਫੇ ਦੀ ਬਾਕੀ)

ਧਸ ਗਈਆਂ ਅਤੇ ਚਿਹਰਾ ਛਾਤੀ 'ਚ ਫਿਰ ਉਹਦੇ ਅੱਖਾਂ ਦੇ ਕੋਇਆ 'ਚ ਪਾਣੀ ਵਗ ਤੁਰਿਆ ਸੀ। ਮੇਰੇ ਉਤੇ ਜਿਵੇਂ ਪਹਾੜ ਟੁੱਟ ਪਿਆ 'ਬਦਕਾਰੇ' ਕਹਿ ਕੇ ਮੈਂ ਕੁੜੀ ਨੂੰ ਭੰਨ ਸੁੱਟਿਆ ਸੀ। ਦੱਸ ਕਿੱਥੇ ਖੇਹ ਖਾਧੀ ਆ?"

ਰੋਂਦੀ ਕੁੜੀ ਨੇ ਹਰੀਪੁਰੀਏ ਸੰਤ ਦਾ ਨਾਂ ਲਿਆ। ਸੰਤਾਂ 'ਤੇ ਅਜਿਹਾ ਇਲਜ਼ਾਮ ਸੁਣ ਕੇ ਉਹ ਮੇਰੇ ਕੋਲੋਂ ਹੋਰ ਕੁੱਟੀ ਗਈ ਸੀ, "ਕਮਜ਼ਾਤੇ ਤੈਨੂੰ ਬਾਪ ਦੀ ਇਜ਼ੱਤ ਦਾ ਭੋਰਾ ਖ਼ਿਆਲ ਨਾ ਆਇਆ? ਦੱਸ ਹੁਣ ਲੋਕਾਂ ਨੂੰ ਕੀ ਮੂੰਹ ਦਿਖਾਵਾਂਗੇ? ਕੀ ਨੱਕ ਰਹੂ ਸ਼ਰੀਕੇ 'ਚ?" ਮੈਂ ਉਹਨੂੰ ਕੁਟਦੀ ਪਤਾ ਨਹੀਂ ਕੀ ਕੁਝ ਬੋਲੀ ਗਈ ਸਾਂ। ਹੁਣ ਮੈਨੂੰ ਉਹਦੀ ਗੱਲ ਦਾ ਯਕੀਨ ਆਇਆ ਜਦੋਂ ਗੁਆਂਢਣ ਦੇ ਪੋਤੇ 'ਚੋਂ ਮੈਂ ਸੰਤਾਂ ਦੇ ਨੈਣ-ਨਕਸ਼ ਪਛਾਣੇ।

ਪਹਿਲਾਂ ਮੈਂ ਆਪਣੇ ਮਨ ਨਾਲ ਪ੍ਰਕਾਸ਼ੋ ਦਾਈ ਨੂੰ ਬੁਲਾਣ ਦੀ ਸਲਾਹ ਬਣਾਈ ਸੀ। ਅਜਿਹੀਆਂ ਤੀਵੀਆਂ ਸੌ ਉਹੜ-ਪੋਹੜ ਜਾਣਦੀਆਂ ਹੁੰਦੀਆਂ ਨੇ ਪਰ ਉਸ ਚੁਗ਼ਲਖੋਰ ਨੇ ਸਾਰੇ ਪਿੰਡ 'ਚ ਮਿੱਟੀ ਪੁੱਟ ਸੁੱਟਣੀ ਸੀ। ਇਕ ਦਿਨ ਪ੍ਰੀਤੋ ਨੂੰ ਉਹਦੇ ਬਾਪ ਤੋਂ ਚੋਰੀ ਸ਼ਹਿਰ ਲੈ ਗਈ ਸਾਂ। ਨਰਸ ਨੂੰ ਦਿਖਾਇਆ ਪਰ ਨਰਸ ਨੂੰ ਦੇਣ ਲਈ ਮੇਰੇ ਕੋਲ ਪੈਸੇ ਨਹੀਂ ਸਨ। ਮੈਂ ਪ੍ਰੀਤੋ ਨੂੰ ਉਹਦੇ ਬਾਪ ਸਾਹਮਣੇ ਜਾਣ ਤੋਂ ਵਰਜ ਦਿੱਤਾ ਸੀ। ਘਰੋਂ ਤਾਂ ਉਹ ਪਹਿਲਾਂ ਹੀ ਨਹੀਂ ਨਿਕਲਦੀ ਸੀ। ਮੈਂ ਪੈਸਿਆਂ ਦਾ ਇੰਤਜ਼ਾਮ ਕਰਨ 'ਚ ਰੁੱਝ ਗਈ ਸਾਂ। ਪੇਕੀਂ ਗਈ ਮਾਂ ਕੋਲੋਂ ਸੱਚ-ਝੂਠ ਬੋਲ ਕੇ ਪੈਸੇ ਲੈ ਆਈ। ਹੁਣ ਪ੍ਰੀਤੋ ਦੇ ਬਾਪ ਕੋਲ ਬਹਾਨਾ ਬਣਾ ਕੇ ਸ਼ਹਿਰ ਜਾਣ ਬਾਰੇ ਸੋਚ ਰਹੀ ਸਾਂ।

ਘਾਹ ਫੂਸ ਹੇਠਾਂ ਅੱਗ ਕਿਤੇ ਲੁਕਦੀ ਏ। ਆਖ਼ਿਰ ਉਹ ਹੀ ਹੋਇਆ ਜਿਸ ਦਾ ਡਰ ਸੀ। ਪ੍ਰੀਤੋ ਦੇ ਬਾਪੂ ਨੇ ਮੈਨੂੰ ਪੁੱਛਿਆ। ਮੈਂ ਉਹਦੇ ਪੈਰ ਫੜ ਲਏ। ਉਹ ਸੋਟੀ ਨਾਲ ਕੁੱਟਣ ਲੱਗਾ, "ਭੈਣ ਚੋ...ਤੁਸੀਂ ਮੈਨੂੰ ਕਿਤੇ ਖੜ੍ਹਨ ਜੋਗਾ ਨੀ ਛੱਡਿਆ।" ਮੈਂ ਕੁੱਟ ਖਾਂਦੀ ਉਚੀ ਵੀ ਨਹੀਂ ਰੋਈ ਸਾਂ। ਕਿਤੇ ਕੰਨਾਂ ਵਾਲੀਆਂ ਕੰਧਾਂ ਨਾ ਸੁਣ ਲੈਣ। ਪ੍ਰੀਤੋ ਡਰ ਕੇ ਕਮਰੇ 'ਚ ਜਾ ਵੜੀ। ਉਹ ਪ੍ਰੀਤੋ ਵੱਲ ਭੱਜਿਆ। ਉਹ ਸ਼ਾਇਦ ਸੋਟੀ ਲੱਗਣ ਤੋਂ ਪਹਿਲਾਂ ਹੀ ਬੇਹੋਸ਼ ਹੋ ਗਈ ਸੀ। ਉਹ ਇਸ ਤਰ੍ਹਾਂ ਕੁੱਟ ਰਿਹਾ ਸੀ ਜਿਵੇਂ ਮਿੱਟੀ ਨੂੰ ਕੁੱਟ ਰਿਹਾ ਹੋਵੇ। ਉਹਦੇ ਸਿਰ 'ਤੇ ਕੋਈ ਭੂਤ ਸਵਾਰ ਸੀ। ਉਹਨੇ ਤਾਰ ਪਲੱਗ 'ਚ ਲਾ ਕੇ ਕੁੜੀ ਨੂੰ ਲਾ ਦਿੱਤੀ। ਕੁੜੀ ਇਕਦਮ ਉਠੀ, ਫਿਰ ਡਿੱਗ ਪਈ। ਫਿਰ ਤਾਰ ਉਦੋਂ ਚੁੱਕੀ ਜਦੋਂ ਮਰ ਜਾਣ ਦਾ ਯਕੀਨ ਹੋ ਗਿਆ। ਮੈਂ ਬੱਸ ਵਿਹੰਦੀ ਰਹਿ ਗਈ।


ਇਹੋ ਦੁੱਖੜਾ ਇਕ ਰਾਤੇ ਜਦੋਂ ਮੈਂ ਅਤੇ ਮਾਂ ਪਈਆਂ ਸਾਂ, ਮੈਂ ਮਾਂ ਦੇ ਕੰਨ 'ਚ ਰੋਣ ਦੀ ਹਿੰਮਤ ਕਰਨ ਲੱਗੀ ਸਾਂ। ਮਾਂ ਦੀਆਂ ਅੱਖਾਂ 'ਚੋਂ ਪਾਣੀ ਆ ਗਿਆ। ਉਹਨੇ ਕਿਹਾ ਸੀ, "ਚੰਗਾ ਮੇਰੀ ਧੀ ਸੌਂ ਜਾਹ, ਹੋਰ ਝੱਲ ਬਲੱਲੀਆਂ ਨਾ ਮਾਰ।" ਫਿਰ ਹਉਕਾ ਭਰ ਕੇ ਕਿਹਾ, "ਤੇਰੇ ਵੀ ਕੀ ਵੱਸ ਏ ਜਵਾਨ ਧੀ ਦੇ ਤੁਰ ਜਾਣ ਦਾ ਸਦਮਾ ਕਿਤੇ ਥੋੜ੍ਹਾ ਹੁੰਦਾ!" ਉਹਦੇ ਮੱਥੇ 'ਤੇ ਚਿੰਤਾ ਦੀਆਂ ਰੇਖਾਵਾਂ ਉਭਰ ਆਈਆਂ, "ਕਿਤੇ ਤੈਨੂੰ ਵੀ ਪ੍ਰੇਤ ਦੀ ਛਾਇਆ ਤਾਂ ਨਹੀਂ ਹੋ ਗਈ? ਪਾਖਰ ਦੇ ਮਰਨ ਪਿਛੋਂ ਪ੍ਰੀਤੋ ਵੀ ਅਜਿਹੀਆਂ ਹੀ ਝੱਲ ਬਲੱਲੀਆਂ ਮਾਰਨ ਲੱਗੀ।" ਉਹ ਚੱਪਣ ਵਿਚ ਗੋਹੇ ਦੀ ਅੱਗ ਰੱਖ ਕੇ ਹਰੀਪੁਰੋਂ ਲਿਆਂਦੀ ਧੂਫ ਮੈਨੂੰ ਦੇਣ ਲੱਗੀ, "ਹੇ ਸੱਚੇ ਪਾਤਸ਼ਾਹ! ਮੇਰੀ ਧੀ ਨੂੰ ਪ੍ਰੇਤ ਤੋਂ ਬਚਾਈਂ।" ਪਤਾ ਨਹੀਂ ਮਾਂ ਮੈਨੂੰ ਕਿਸ ਪ੍ਰੇਤ ਤੋਂ ਬਚਾਉਣਾ ਚਾਹੁੰਦੀ ਸੀ। ਪਾਖਰ ਦੇ ਪ੍ਰੇਤ ਤੋਂ ਜਾਂ ਉਨ੍ਹਾਂ ਤੋਂ ਜਿਨ੍ਹਾਂ ਮੇਰੀ ਧੀ ਦੀ ਜਾਨ ਲਈ ਸੀ।

# ਕਾਨ ਫਿਲਮ ਮੇਲੇ ਵਿਚ 'ਮਸਾਣ'



ਫਿਲਮਸਾਜ਼ ਨੀਰਜ ਗੇਵਨ ਦੀ ਪਲੇਠੀ ਫਿਲਮ 'ਮਸਾਣ' ਨੇ ਸੰਸਾਰ ਭਰ ਵਿਚ ਪ੍ਰਸਿੱਧ ਕਾਨ ਫਿਲਮ ਮੇਲੇ ਵਿਚ ਇਨਾਮ ਹਾਸਲ ਕਰ ਕੇ ਇਤਿਹਾਸ ਬਣਾ ਦਿੱਤਾ ਹੈ। ਇਹ ਪਹਿਲੀ ਵਾਰ ਹੈ ਕਿ ਇਸ ਮੇਲੇ ਵਿਚ ਕਿਸੇ ਭਾਰਤੀ ਫਿਲਮ ਨੂੰ ਇਹ ਮਾਣ ਮਿਲਿਆ ਹੈ। ਐਤਕੀਂ ਭਾਰਤ ਤੋਂ ਦੋ ਫਿਲਮਾਂ- ਹਿੰਦੀ ਫਿਲਮ 'ਮਸਾਣ' ਤੇ ਪੰਜਾਬੀ ਫਿਲਮ 'ਚੌਥੀ ਕੂਟ', ਇਸ ਫਿਲਮ ਮੇਲੇ ਦੇ 'ਅਨ-ਸਰਟਿਨ ਰਿਗਾਰਡ ਸੈਕਸ਼ਨ' ਵਿਚ ਦਿਖਾਈਆਂ ਗਈਆਂ ਸਨ। 'ਮਸਾਣ' ਨੂੰ ਮੇਲੇ ਦਾ ਕ੍ਰੀਟੀਕਲ ਐਵਾਰਡ ਹਾਸਲ ਹੋਇਆ ਹੈ। ਇਹ ਫਿਲਮ ਦੀ ਪਿੱਠਭੂਮੀ ਵਾਰਾਣਸੀ (ਬਨਾਰਸ) ਦੀ ਹੈ। ਇਸ ਵਿਚ ਦਲਿਤਾਂ ਦਾ ਮਸਲਾ ਬਹੁਤ ਤਿੱਖੇ ਰੂਪ ਵਿਚ ਉਭਾਰਿਆ ਗਿਆ ਹੈ। ਫਿਲਮ ਵਿਚ ਰਿਚਾ ਚੱਢਾ, ਵਿੱਕੀ ਕੌਸ਼ਾਲ, ਵਿਨੀਤ ਕੁਮਾਰ, ਸ਼ਵੇਤਾ ਤ੍ਰਿਪਾਠੀ, ਪੰਕਜ ਤ੍ਰਿਪਾਠੀ, ਸੰਜੇ ਮਿਸ਼ਰਾ ਤੇ ਨਿਖਲ ਸਾਹਨੀ ਦੀਆਂ ਅਹਿਮ ਭੂਮਿਕਾਵਾਂ ਹਨ। ਇਸ ਫਿਲਮ ਵਿਚ ਦੋ ਕਹਾਣੀਆਂ ਨਾਲੋ-ਨਾਲ ਚੱਲਦੀਆਂ ਹਨ। ਇਕ ਕਹਾਣੀ ਦਲਿਤ ਲੜਕੇ ਨਾਲ ਸਬੰਧਤ ਹੈ ਜਿਹੜਾ ਉਚ ਜਾਤ ਦੀ ਕੁੜੀ ਨਾਲ ਪਿਆਰ ਕਰਦਾ ਹੈ ਅਤੇ ਦੂਜੀ ਕਹਾਣੀ ਉਚ ਜਾਤ ਦੀ ਕੁੜੀ ਅਤੇ ਉਸ ਦੇ ਪਿਤਾ ਨਾਲ ਸਬੰਧਤ ਹੈ। ਦੂਜੀ ਕਹਾਣੀ ਵਿਚ ਸੈਕਸ ਸਕੈਂਡਲ ਦਾ ਮਸਲਾ ਉਭਾਰਿਆ ਗਿਆ ਹੈ। ਫਿਲਮ ਵਿਚ ਲੇਖਕ ਨੇ ਛੋਟੇ ਸ਼ਹਿਰਾਂ ਦੇ ਸਮਾਜਕ ਅਤੇ ਰਵਾਇਤੀ ਸਰੋਕਾਰਾਂ ਨੂੰ ਬੁਲੰਦ ਆਵਾਜ਼ ਵਿਚ ਪੇਸ਼ ਕੀਤਾ ਹੈ। ਇਹ ਸਰੋਕਾਰ ਫਿਲਮ ਦੇ ਪਾਤਰਾਂ ਨਾਲ ਖਹਿ-ਖਹਿ ਕੇ ਚੰਗਿਆੜੇ ਛੱਡਦੇ ਨਜ਼ਰੀਂ ਪੈਂਦੇ ਹਨ। ਨੀਰਜ ਗੇਵਨ ਨੇ ਇਨ੍ਹਾਂ ਸਰੋਕਾਰਾਂ ਨੂੰ ਜਿਸ ਢੰਗ ਨਾਲ ਪਰਦੇ ਉਤੇ ਲਿਆਂਦਾ ਹੈ, ਉਹ ਆਪਣੀ ਮਿਸਾਲ ਆਪ ਹੈ।

## ਤਾੜੀਆਂ ਨਾਲ ਮਿਲੀ ਸਲਾਮੀ




ਕਾਨ ਫਿਲਮ ਮੇਲੇ ਵਿਚ ਦਿਖਾਈ ਹਿੰਦੀ ਫਿਲਮ 'ਮਸਾਣ' ਜਦੋਂ ਖ਼ਤਮ ਹੋਈ ਤਾਂ ਹਾਲ ਵਿਚ ਬੈਠੇ ਸਾਰੇ ਦਰਸ਼ਕਾਂ ਨੇ ਖੜ੍ਹੇ ਹੋ ਕੇ ਫਿਲਮ ਨੂੰ ਸਲਾਮੀ ਦਿੱਤੀ। ਦਰਸ਼ਕਾਂ ਦਾ ਹੁੰਗਾਰਾ ਇੰਨਾ ਬੁਲੰਦ ਸੀ ਕਿ ਉਹ ਖਲੋ ਕੇ ਪੰਜ ਮਿੰਟ ਤਾੜੀਆਂ ਮਾਰਦੇ ਰਹੇ। ਇਹ ਪਹਿਲੀ ਵਾਰ ਸੀ ਕਿ ਕਿਸੇ ਭਾਰਤੀ ਫਿਲਮ ਨੂੰ ਇਸ ਵੱਕਾਰੀ ਫਿਲਮ ਮੇਲੇ ਵਿਚ ਇੰਨਾ ਵੱਡਾ ਮਾਣ ਹਾਸਲ ਹੋਇਆ ਹੈ। ਫਿਲਮਸਾਜ਼ ਨੀਰਜ ਗੇਵਨ ਨੇ ਇਸ ਮਾਣ-ਤਾਣ ਨੂੰ ਕਲਾ ਅਤੇ ਸਰੋਕਾਰਾਂ ਦੀ ਜਿੱਤ ਕਰਾਰ ਦਿੱਤਾ ਹੈ। ਉਸ ਦਾ ਕਹਿਣਾ ਹੈ ਕਿ ਉਸ ਨੇ ਇਹ ਫਿਲਮ ਰੂਹ ਤੱਕ ਭਿੱਜ ਕੇ ਬਣਾਈ ਸੀ ਅਤੇ ਇਸ ਦਾ ਮੁੱਲ ਹੁਣ ਮੁੜ ਗਿਆ ਹੈ।

## ਐਤਕੀਂ ਲੱਗੀ ਅਸਲ ਹਾਜ਼ਰੀ

ਕੱਲ੍ਹ ਤੱਕ ਸੰਸਾਰ ਦੇ ਵੱਕਾਰੀ ਕਾਨ ਫਿਲਮ ਮੇਲੇ ਵਿਚ ਭਾਰਤ ਦੀ ਹਾਜ਼ਰੀ ਅਦਾਕਾਰਾ ਸੁੰਦਰੀਆਂ ਦੀਆਂ ਅਦਾਵਾਂ ਅਤੇ ਉਨ੍ਹਾਂ ਦੇ ਲਿਬਾਸਾਂ ਦੀ ਨੁਮਾਇਸ਼ ਨਾਲ ਲਗਦੀ ਰਹੀ ਹੈ। ਇਸ ਵਾਰ ਵੀ ਐਸ਼ਵਰਿਆ ਰਾਏ ਬੱਚਨ, ਸੋਨਮ ਕਪੂਰ ਅਤੇ ਕੈਟਰੀਨਾ ਕੈਫ਼ ਨੇ ਰੈੱਡ ਕਾਰਪੈੱਟ ਉਤੇ ਆਪੋ-ਆਪਣੇ ਜਲਵੇ ਦਿਖਾਏ, ਪਰ ਇਸ ਵਾਰ ਇਕ ਵਿਸ਼ੇਸ਼ ਵਰਗ ਵਿਚ ਸਕਰੀਨਿੰਗ ਲਈ ਭਾਰਤ ਦੀਆਂ ਦੋ ਫਿਲਮਾਂ ਰੱਖੀਆਂ ਗਈਆਂ ਸਨ- ਹਿੰਦੀ ਫਿਲਮ 'ਮਸਾਣ' ਅਤੇ ਪੰਜਾਬੀ ਫਿਲਮ 'ਚੌਥੀ ਕੂਟ'। ਇਸ ਵਾਰ ਵੀ ਆਲੋਚਕਾਂ ਅਤੇ ਸੰਜੀਦਾ ਦਰਸ਼ਕਾਂ ਦਾ ਖਦਸ਼ਾ ਸੀ ਕਿ ਇਨ੍ਹਾਂ ਅਦਾਕਾਰਾਵਾਂ ਦੀ ਅਦਾ ਵਿਚ ਹੀ 'ਮਸਾਣ' ਅਤੇ 'ਚੌਥੀ ਕੂਟ' ਦਾ ਸੁਨੇਹਾ ਕਿਤੇ ਰੁਲ ਨਾ ਜਾਵੇ, ਕਿਉਂਕਿ ਇਸ ਫਿਲਮ ਮੇਲੇ ਦਾ ਮੂੰਹ-ਮੱਥਾ ਹੁਣ ਰੈੱਡ ਕਾਰਪੈੱਟ ਨਾਲ ਬਹੁਤ ਡੂੰਘਾ ਜੁੜ ਗਿਆ ਹੈ ਅਤੇ ਸੰਸਾਰ ਭਰ ਦੇ ਮੀਡੀਆ ਦਾ ਸਭ ਤੋਂ ਵੱਧ ਧਿਆਨ ਰੈਡ ਕਾਰਪੈੱਟ ਅਤੇ ਇਸ ਉਤੇ ਮਟਕਦੀਆਂ ਸੁੰਦਰੀਆਂ ਵੱਲ ਹੀ ਹੁੰਦਾ ਹੈ। ਖੈਰ! 'ਮਸਾਣ' ਨੂੰ ਮਿਲੇ ਭਰਪੂਰ ਹੁੰਗਾਰੇ ਨੇ ਇਹ ਖਦਸ਼ਾ ਸੱਚ ਨਹੀਂ ਹੋਣ ਦਿੱਤਾ ਅਤੇ ਭਾਰਤੀ ਫਿਲਮਾਂ ਦੀ ਖੂਬ ਚਰਚਾ ਚੱਲੀ।



ਐਸ਼ਵਰਿਆ ਰਾਏ ਬੱਚਨ



ਸੋਨਮ ਕਪੂਰ


## ਇੰਜੀਨੀਅਰ ਤੋਂ ਫਿਲਮਾਂ ਤੱਕ

ਨੀਰਜ ਗੇਵਨ ਨੇ 2010 ਵਿਚ ਆਪਣੀ ਛੇ ਅੰਕਾਂ ਦੀ ਤਨਖਾਹ ਵਾਲੀ ਆਲ੍ਹਾ ਕਾਰਪੋਰੇਟ ਜੌਬ ਛੱਡ ਕੇ ਫਿਲਮੀ ਦੁਨੀਆਂ ਦੇ ਵਿਹੜੇ ਵਿਚ ਪ੍ਰਵੇਸ਼ ਕੀਤਾ ਸੀ। ਉਸ ਨੇ ਹੈਦਾਰਾਬਾਦ ਤੋਂ ਇਲੈਕਟ੍ਰੋਨਿਕਸ ਇੰਜਨੀਅਰਿੰਗ ਦੀ ਗ੍ਰੈਜਏਸ਼ਨ ਕੀਤੀ ਹੋਈ ਹੈ, ਪਰ ਉਹ ਉਦੋਂ ਵੀ 'ਪੈਸ਼ਨ ਫਾਰ ਸਿਨੇਮਾ' ਨਾਂ ਦੇ ਬਲਾਗ ਉਤੇ ਲਿਖਦਾ ਹੁੰਦਾ ਸੀ। ਇਸੇ ਬਲਾਗ ਉਤੇ ਫਿਲਮਸਾਜ਼ ਅਨੁਰਾਗ ਕਸ਼ਿਅਪ ਵੀ ਲਿਖਦਾ ਸੀ। ਕਸ਼ਿਅਪ ਨੇ ਜਦੋਂ ਆਪਣੀ ਫਿਲਮ 'ਗੈਂਗਸ ਆਫ ਵਾਸੇਪੁਰ' ਸ਼ੁਰੂ ਕੀਤੀ ਤਾਂ ਨੀਰਜ ਨੂੰ ਬਤੌਰ ਅਸਿਸਟੈਂਟ ਬੁਲਾ ਲਿਆ ਅਤੇ ਹੁਣ ਉਹ 'ਮਸਾਣ' ਵਰਗੀ ਤਕੜੀ ਫਿਲਮ ਲੈ ਕੇ ਆਣ ਹਾਜ਼ਰ ਹੋਇਆ ਹੈ।



## ਗੁਰਬਚਨ ਸਿੰਘ ਭੁੱਲਰ ਦੀ ਕਹਾਣੀ 'ਖ਼ੂਨ' ਬਣੀ ਫਿਲਮ

ਕੌਮਾਂਤਰੀ ਪੰਜਾਬੀ ਫਿਲਮ ਮੇਲੇ ਵਿਚ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਦੀ ਕਹਾਣੀ 'ਖ਼ੂਨ' ਉਤੇ ਅਮਰਦੀਪ ਸਿੰਘ ਗਿੱਲ ਵੱਲੋਂ ਇਸੇ ਨਾਂ 'ਤੇ ਬਣਾਈ ਫਿਲਮ ਦਿਖਾਈ ਗਈ। ਫਿਲਮ ਦੇ ਡਾਇਲਾਗ ਗੁਰਬਚਨ ਸਿੰਘ ਭੁੱਲਰ ਅਤੇ ਅਮਰਦੀਪ ਸਿੰਘ ਗਿੱਲ ਨੇ ਲਿਖੇ ਹਨ ਅਤੇ ਇਸ ਵਿਚ ਹਰਸ਼ਰਨ ਸਿੰਘ, ਕੁੱਲ ਸਿੱਧੂ, ਸੁੱਖੀ ਬੱਲ ਤੇ ਹੋਰ ਕਲਾਕਾਰਾਂ ਦੀਆਂ ਅਹਿਮ ਭੂਮਿਕਾਵਾਂ ਹਨ।




## 'ਕਿੱਸਾ ਪੰਜਾਬ' ਨੂੰ ਮਿਲਿਆ ਹੁੰਗਾਰਾ

ਕੈਨੇਡਾ ਦਾ ਕੌਮਾਂਤਰੀ ਪੰਜਾਬੀ ਫਿਲਮ ਮੇਲਾ ਹੁਣ ਆਪਣੀ ਮਟਕ ਚਾਲੇ ਤੁਰਨ ਲੱਗ ਗਿਆ ਪਿਆ ਹੈ। ਪੰਜ ਦਿਨ ਚੱਲੇ ਇਸ ਚੌਥੇ ਸਾਲਾਨਾ ਮੇਲੇ ਵਿਚ ਐਤਕੀਂ ਵੰਨਗੀਆਂ ਦੀ ਵੀ ਕੋਈ ਤੋਟ ਨਹੀਂ ਸੀ ਅਤੇ ਇਸ ਨੂੰ ਪਿਛਲੀ ਵਾਰ ਦੇ ਮੇਲਿਆਂ ਨਾਲੋਂ ਜ਼ਿਆਦਾ ਹੁੰਗਾਰਾ ਮਿਲਿਆ। ਹੁਣ ਸੰਜੀਦਾ ਸਿਨੇਮੇ ਨਾਲ ਜੁੜੇ ਪੰਜਾਬੀ ਅਤੇ ਪੰਜਾਬੀ ਕਲਾਕਾਰ ਇਸ ਮੇਲੇ ਨੂੰ ਉਡੀਕਣ ਲੱਗ ਪਏ ਹਨ। ਉਮੀਦ ਕੀਤੀ ਜਾ ਸਕਦੀ ਹੈ ਕਿ ਆਉਣ ਵਾਲੇ ਸਾਲਾਂ ਵਿਚ ਮੇਲੇ ਦਾ ਘੇਰਾ ਤਾਂ ਵਧੇਗਾ ਹੀ ਵੱਕਾਰ ਦੇ ਕੋਣ ਤੋਂ ਵੀ ਇਹ ਪੈੜਾਂ ਛੱਡੇਗਾ।


ਮੇਲੇ ਵਿਚ ਐਤਕੀਂ ਫਿਲਮਕਾਰ ਹੈਰੀ ਬਵੇਜਾ, ਜੀਤ ਮਠਾਰੂ, ਪੂਨਮ ਢਿੱਲੋਂ, ਸੁਖਵੰਤ ਢੱਡਾ, ਅਨੂਪ ਸਿੰਘ, ਅਨੂ ਬੈਂਸ, ਜਤਿੰਦਰ ਮੌਹਰ ਤੇ ਹੋਰ ਕਈ ਅਹਿਮ ਸ਼ਖਸੀਅਤਾਂ ਪੁੱਜੀਆਂ। ਟੋਰਾਂਟੋ ਦੇ ਆਸ-ਪਾਸ ਚਾਰ ਸ਼ਹਿਰਾਂ 'ਚ ਚੱਲੇ ਇਸ ਮੇਲੇ ਦੌਰਾਨ ਪੰਜਾਬੀ ਸਣੇ 11 ਭਾਸ਼ਾਵਾਂ ਦੀਆਂ 70 ਤੋਂ ਵੱਧ ਫੀਚਰ ਅਤੇ ਲਘੂ ਫਿਲਮਾਂ ਦਿਖਾਈਆਂ ਗਈਆਂ। ਨਿਰਮਾਤਾ ਅਨੂ ਬੈਂਸ ਤੇ ਫਿਲਮਸਾਜ਼ ਜਤਿੰਦਰ ਮੌਹਰ ਦੀ ਫਿਲਮ 'ਕਿੱਸਾ ਪੰਜਾਬ' ਮੇਲੇ ਦਾ ਹਾਸਲ ਹੋ ਨਿੱਬੜੀ। ਇਸ ਵਿਚ ਪੰਜਾਬ ਦੀ ਜਵਾਨੀ ਦੀ ਹਕੀਕਤ ਬਿਆਨ ਕੀਤੀ ਗਈ ਹੈ। ਫਿਲਮ ਵਿਚ ਛੇ ਕਹਾਣੀਆਂ ਹਨ ਜੋ ਆਪਸ ਵਿਚ ਪੀਡੀਆਂ ਗੁੰਦੀਆਂ ਹੋਈਆਂ ਹਨ।

ਮੇਲੇ ਵਿਚ ਸ਼ਾਰਟ ਫਿਲਮ (10 ਮਿੰਟ) ਮੁਕਾਬਲੇ ਵਿਚ 'ਬੌਂਜੁਰ ਜੀ' ਪਹਿਲੇ, 'ਚਾਸ਼ਣੀ' ਦੂਜੇ ਅਤੇ 'ਬਗਦਾਦ ਮੈਸੀ' ਤੀਜੇ ਥਾਂ 'ਤੇ ਆਈਆਂ। 'ਬਗਦਾਦ ਮੈਸੀ' ਲੱਤ ਗੁਆ ਚੁੱਕੇ ਫੁੱਟਬਾਲ ਦੇ ਫੈਨ ਇਰਾਕੀ ਬੱਚੇ (ਹਮਦੀ) ਦੀ ਕਹਾਣੀ ਹੈ। ਸਤਿੰਦਰ ਕੱਸੋਆਣਾ ਨੇ 'ਬੌਂਜੁਰ ਜੀ (ਹੈਲੋ ਜੀ) ਵਿਚ ਕੈਨੇਡਾ 'ਚ ਰਹਿੰਦੇ ਲੋਕਾਂ ਦੇ ਧਰਮ ਅਤੇ ਨਸਲ ਕਾਰਨ ਇਕ-ਦੂਜੇ ਨਾਲ ਨਫਰਤ ਵਾਲੇ ਵਿਹਾਰ ਦੀ ਤਸਵੀਰ ਵਿਖਾਈ ਹੈ। ਬਖਸ਼ਿੰਦਰ ਦੀ 'ਤੇਰੀ ਫਿਲਮ', ਅਮਰਦੀਪ ਗਿੱਲ ਦੀ 'ਖ਼ੂਨ' ਅਤੇ ਰਾਜੀਵ ਸ਼ਰਮਾ ਦੀ 'ਸਾਵੀ' ਨੇ ਵੀ ਦਰਸ਼ਕਾਂ ਦੇ ਮਨ ਟੁੰਬੇ। ਅਦਾਕਾਰਾ ਕੁਲ ਸਿੱਧੂ ਦੇ ਅਭਿਨੈ (ਕਿੱਸਾ ਪੰਜਾਬ ਅਤੇ ਖ਼ੂਨ) ਨੂੰ ਖ਼ੂਬ ਸਲਾਹਿਆ ਗਿਆ। ਮੇਲੇ 'ਚ ਨਿਰਮਾਤਾ ਹੈਰੀ ਬਵੇਜਾ ਦਾ ਸਨਮਾਨ ਕੀਤਾ ਗਿਆ ਅਤੇ ਆਖ਼ਰੀ ਦਿਨ ਹਾਕੀ ਸਿਤਾਰੇ 'ਪ੍ਰਿਥੀਪਾਲ ਸਿੰਘ' ਦੀ ਜੀਵਨੀ ਬਾਰੇ ਫਿਲਮ ਵੀ ਦਿਖਾਈ ਗਈ।

**ਕੌਮਾਂਤਰੀ ਪੰਜਾਬੀ ਫਿਲਮ ਮੇਲਾ**

**'ਬੌਂਜੁਰ ਜੀ' ਨੂੰ ਮਿਲਿਆ ਪਹਿਲਾ ਇਨਾਮ**





ਪੰਜਾਬੀ ਫਿਲਮ 'ਕਿੱਸਾ ਪੰਜਾਬ' ਦਾ ਡਾਇਰੈਕਟਰ ਜਤਿੰਦਰ ਮੌਹਰ ਜੋ 'ਪੰਜਾਬ ਟਾਈਮਜ਼' ਲਈ ਫਿਲਮ ਲੜੀ ਵੀ ਲਿਖਦਾ ਰਿਹਾ ਹੈ ਅਤੇ (ਸੱਜੇ) ਫਿਲਮ 'ਕਿੱਸਾ ਪੰਜਾਬ' ਦਾ ਹੀ ਇਕ ਦ੍ਰਿਸ਼।


GROW YOUR BUSINESS
WITH NEW TREND
FULL COLOR
LED
Digital Display
&
Message Board
LICENSED Contractor
GAS SIGNS
HOTEL/MOTEL SIGNS
DIESEL
CREDIT
We install anywhere in california
RF Remote
LCD Remote
ELECTRIC
SIGN
COMPANY
for more info: Call Sukhpal
1-661-586-1106
email: esigncompany@gmail.com


Surveillance Camera
Systems
2 Year Warranty
Vista
Full HD 1080P
Now Sell & Install
ONLY
UP GRADE YOUR SECURITY SYSTEM
HIGH DEFINITION
HIGH DEFINITION
HIGH DEFINITION
HIGH DEFINITION
HIGH DEFINITION
HIGH DEFINITION
Fully Trained Technical Staff.
Serving Since 1999.
We Install any where in California.
Commercial Grade Equipment.
Solution for Gas stations,Liquor Stores,
Hotel/Motel,warehouse & Homes
Call
Sukhpal
1-661-586-5080
Email: commvision@sbcglobal.net


ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ
Punjab Truck Wash & Repair 2301 Simpson Street, Kingsburg, CA 93631
ਫਰੀਵੇ ਦੇ ਬਹੁਤ ਨਜ਼ਦੀਕ- 99 ਨਾਰਥ ਤੋਂ ਐਗਜ਼ਿਟ 112, 99 ਸਾਊਥ ਤੋਂ ਐਗਜ਼ਿਟ 114
Truck Trailer Wash $55
*ਨਵੇਂ ਪੁਰਾਣੇ ਟਾਇਰ *ਬਰੇਕ
*ਆਇਲ ਚੇਂਜ *ਰੀਅਰਐਂਡ
*ਸਸਪੈਂਸ਼ਨ *ਇੰਸ਼ਪੈਕਸ਼ਨ
*ਕਲੱਚ *ਵੈਲਡਿੰਗ
Oil Change Special $179.99
Labour $55 per hour
All major and minor repairs.
ਤਸੱਲੀਬਖਸ਼ ਕੰਮ
ਵਾਜਬ ਰੇਟ
Free Parking
ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ
ਫੋਨ: 559-897-2323, ਸੈਲ: 209-923-1110
Stearing Tires
American
(set of two)
$799.99


BIGGEST SALE EVER ON PUNJABI TV
40% OFF PER MONTH
FOR 12 MONTHS ON PUNJABI MEGA PACK
GET DISH FOR THE BEST PUNJABI TV PROGRAMMING
PUNJABI MEGA PACK
$14.99 MO
FOR 12 MONTHS
$24.99 MO
REGULAR PRICE
jus punjabi
PTC PUNJABI
WILLOW HD
GLOBAL PUNJAB
9X TASHAN
jus 24x7
PTC NEWS
PTC chak de
Requires 24-month commitment, credit qualification and subscription to qualifying American programming. Early Termination Fee appplies. Cannot be combined with other International offers.
Order now and SAVE $120!
1-888-626-0801
Use Offer Code SAVEBIG
dish
International programming requires additional $10/mo. International Basic Package or any America's Top Package.
Important Terms and Conditions: $10/mo. Credit for 12 Months Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Must provide Offer Code at time of order. Receive a monthly credit of $10 for the first 12 months.
Promotional Offers: All prices, fees, charges, packages, programming, features, functionality and offers subject to change without notice. After any applicable promotional period, then-current everyday monthly price applies and is subject to change. ETF: If you cancel service during first 24 months, early termination fee of $20 for each month remaining applies.
Additional Requirements: Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply. Miscellaneous: Offers available for new and qualified former customers, and subject to terms of applicable Promotional and Residential Customer agreements. Taxes or reimbursement charges for state gross earnings taxes may apply. Additional restrictions and taxes may apply. Offer ends 8/13/15.
© 2015 DISH Network L.L.C. All rights reserved.
0801-Q2R2-PUNJABI BSE Promo MAY